# ਖੁਸ਼ਕ ਅੱਖ ਦਾ ਖ਼ਾਬ

# ਖੁਸ਼ਕ ਅੱਖ ਦਾ ਖ਼ਾਬ

( ਕਹਾਣੀ ਸੰਗ੍ਰਹਿ)

**ਅਜਮੇਰ ਸਿੱਧੂ**

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

**Khushak Aakh Da Khaab**
(Short Stories) By
**Ajmer Sidhu**

*Adress:*
33, Ranjit Nagar-1 Chandigarh Road,
Nawan Shahr-144514
Phone- 94630-63990
Email :- ajmersidhu2007@yahoo.co.in
ajmersidhu16@gmail.com
Web blog : http//:sidhuajmer.blogspot.co.uk

© ਲੇਖਕ
ਪਹਿਲੀ ਵਾਰ : 2013
ਦੂਜੀ ਵਾਰ : 2022

**ਪ੍ਰਕਾਸ਼ਕ:** **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ,
ਸਾਹਮਣੇ ਗਲੀ ਨੰਬਰ 8, ਬਰਨਾਲਾ-148101, ਪੰਜਾਬ
ਫੋਨ : 01679-233244
Email: tarkbharti01@gmail.com

**ਛਾਪਕ:** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

---

**© 2022 All rights reserved**
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਸਰਦਾਰਨੀ ਬਲਦੇਵ ਕੌਰ, ਹੈਡਮਾਸਟਰ ਦਰਸ਼ਨ ਸਿੰਘ ਅਟਵਾਲ,
ਸ੍ਰ ਬਲਦੇਵ ਸਿੰਘ ਚਾਵਲਾ, ਸ੍ਰ. ਦਿਲਬਾਗ ਸਿੰਘ, ਡਾ. ਮਹਿੰਦਰ ਸਿੰਘ
ਬਨਵੈਤ, ਪ੍ਰੋ. ਅਸ਼ਵਨੀ ਸ਼ਰਮਾ, ਪ੍ਰੋ. ਰਾਮ ਕਿਸ਼ਨ ਕਟਾਰੀਆ...
ਮੇਰੇ ਸਭ ਅਧਿਆਪਕਾਂ ਦੇ
ਨਾਂ

# ਇਸੇ ਕਲਮ ਤੋਂ

(1) **ਕਹਾਣੀ ਸੰਗ੍ਰਹਿ**

1. 'ਨਚੀਕੇਤਾ ਦੀ ਮੌਤ' (1998), ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
2. 'ਖੂਹ ਗਿੜਦਾ ਹੈ' (2004), ਚੇਤਨਾ ਪ੍ਰਕਾਸ਼ਨ, ਲੁਧਿਆਣਾ
3. 'ਖ਼ੁਸ਼ਕ ਅੱਖ ਦਾ ਖ਼ਾਬ'(2013), ਤਰਕਭਾਰਤੀ ਪ੍ਰਕਾਸ਼ਨ , ਬਰਨਾਲਾ
4. 'ਰੰਗ ਦੀ ਬਾਜ਼ੀ' (2018, 2019, 2020, 2021),
   ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ
   ਦੂਜਾ ਪ੍ਰਕਾਸ਼ਕ (2019), ਸਪਰੈਡ ਪਬਲੀਕੇਸ਼ਨ, ਪਟਿਆਲਾ

(2) **ਜੀਵਨੀਆਂ**

1. ਤੁਰਦੇ ਪੈਰਾਂ ਦੀ ਦਾਸਤਾਨ (2003), ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਚੰਡੀਗੜ੍ਹ
   (ਕ੍ਰਾਂਤੀਕਾਰੀ ਗੁਰੀਲੇ ਦਰਸ਼ਨ ਦੁਸਾਂਝ ਦੀ ਜੀਵਨ ਗਾਥਾ)
2. ਬਾਬਾ ਬੂਝਾ ਸਿੰਘ (ਗਦਰ ਤੋਂ ਨਕਸਲਬਾੜੀ ਤੱਕ) (2008,2017), ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ
   (.ਗਦਰੀ ਦੇਸਭਗਤ ਦੀ ਪੰਜਾਬੀ ਵਿੱਚ ਜੀਵਨੀ)

(3) **ਵਿਗਿਆਨ ਸੰਗ੍ਰਹਿ**

1. ਚਮਤਕਾਰਾਂ ਦੀ ਦੁਨੀਆਂ (2000), ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

(4) **ਸੰਪਾਦਨਾ:**

1. ਨਰਕ ਕੁੰਡ (ਕਹਾਣੀ ਸੰਗ੍ਰਹਿ) 1997, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
2. ਜੈਮਲ ਸਿੰਘ ਪੱਡਾ (ਜੀਵਨ ਤੇ ਚੋਣਵੀਂ ਰਚਨਾ) 2005, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
3. ਪਾਸ਼ ਦੀ ਚੋਣਵੀਂ ਕਵਿਤਾ(2010), ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ
4. ਸੰਤ ਰਾਮ ਉਦਾਸੀ (ਸਖ਼ਸੀਅਤ ਅਤੇ ਸਮੁੱਚੀ ਰਚਨਾ) 2014, ਚੇਤਨਾ ਪ੍ਰਕਾਸ਼ਨ, ਲੁਧਿਆਣਾ
5. ਕ੍ਰਾਂਤੀ ਲਈ ਬਲ਼ਦਾ ਕਣ-ਕਣ: ਸੰਤ ਰਾਮ ਉਦਾਸੀ (ਜੀਵਨੀ) 2018, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ
6. ਵਿਗਿਆਨ ਜੋਤ (ਦੋ-ਮਾਸਿਕ ਪਰਚਾ) ਮਾਰਚ-ਅਪ੍ਰੈਲ 1997 ਤੋਂ ਨਵੰਬਰ -

ਦਸੰਬਰ 2017

7. ਚੌ-ਮਾਸਿਕ ਸਾਹਿਤਕ ਮੈਗਜ਼ੀਨ 'ਰਾਗ' ਮਈ- ਅਗਸਤ 2017 ਤੋਂ ਮਈ-ਦਸੰਬਰ, 2020ਤੱਕ।

**(5) ਦੂਜੀਆਂ ਭਾਸ਼ਾਵਾਂ ਵਿੱਚ ਪੁਸਤਕਾਂ**

1. Baba Bujha Singh An Untold Story (2013)
   (ਗਦਰੀ ਦੇਸ਼ ਭਗਤ ਦੀ ਅੰਗਰੇਜ਼ੀ ਵਿੱਚ ਅਨੁਵਾਦ ਜੀਵਨੀ,
   ਅਨੁਵਾਦਕ: ਸਤਨਾਮ (ਜੰਗਲਨਾਮਾ)
   (2013), ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
2. ਖ਼ੁਸ਼ਕ ਆਂਖ ਕਾ ਖ਼ਾਬ, (ਹਿੰਦੀ 2019) ਅਨੁਵਾਦਕ: ਰਜਿੰਦਰ ਤਿਵਾੜੀ, ਆਧਾਰਸ਼ਿਲਾ, ਨੈਨੀਤਾਲ (ਉਤੱਰਾਖੰਡ)

**(6) ਲੇਖਕ 'ਤੇ ਹੋਰ ਪੁਸਤਕਾਂ:**

(1) ਡਾ. ਰਮਿੰਦਰ ਕੌਰ (ਸੰਪਾਦਕ), ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ (2016, 2017, 2019), ਗ੍ਰੇਸ਼ੀਅਸ ਬੁੱਕਸ, ਪਟਿਆਲਾ
(ਪਹਿਲੇ ਤਿੰਨ ਕਹਾਣੀ ਸੰਗ੍ਰਹਿ ਦੀਆਂ ਕੁੱਲ 24 ਕਹਾਣੀਆਂ)

(2) ਪ੍ਰੋ. ਬਲਵੀਰ ਕੌਰ ਰੀਹਲ (ਸੰਪਾਦਕ) 'ਅਜਮੇਰ ਸਿੱਧੂ ਦਾ ਕਥਾ ਸੰਸਾਰ ਆਲੋਚਨਾਤਮਿਕ
(ਚਿੰਤਨ-ਮੰਥਨ) (2018), ਪ੍ਰਕਾਸ਼ਕ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

(3) ਡਾ. ਜਸਵੀਰ ਕੌਰ 'ਅਜਮੇਰ ਸਿੱਧੂ ਦਾ ਕਥਾ-ਜਗਤ: ਇੱਕ ਸੰਵਾਦ (2018), ਪ੍ਰਕਾਸ਼ਕ ਤਾਲਿਫ਼ ਪ੍ਰਕਾਸ਼ਨ, ਬਰਨਾਲਾ

# ਵਰਤਮਾਨ ਸਮੇਂ ਦੀ ਨਬਜ਼ ਪਛਾਨਣ ਵਾਲਾ ਕਥਾਕਾਰ

**-ਅਮਰਜੀਤ ਸਿੰਘ ਗਰੇਵਾਲ***

ਉਹ ਲੋਕ ਹੀ ਇਹ ਆਖਦੇ ਹਨ ਕਿ ਵਰਤਮਾਨ ਸਮਿਆਂ ਵਿੱਚ ਸਾਹਿਤ ਦੀ ਕੋਈ ਸਮਾਜਿਕ-ਰਾਜਨੀਤਿਕ ਪ੍ਰਸੰਗਿਕਤਾ ਨਹੀਂ ਰਹੀ, ਜਿਹਨਾਂ ਨੇ ਅਜਮੇਰ ਸਿੱਧੂ ਦੀਆਂ ਕਹਾਣੀਆਂ ਨਹੀਂ ਪੜ੍ਹੀਆਂ। ਅਜਮੇਰ ਸਿੱਧੂ ਵਰਤਮਾਨ ਸਮਿਆਂ ਦੀ ਕੇਵਲ ਨਬਜ਼ ਹੀ ਨਹੀਂ ਪਛਾਣਦਾ, ਉਹਨਾਂ ਦੇ ਵਹਿਣ ਨੂੰ ਮੋੜਨ ਦੀ ਜੁਰਅਤ ਵੀ ਰੱਖਦਾ ਹੈ।

ਅਜਿਹਾ ਉਹ ਤਕਨੀਕ ਦੀ ਪੱਧਰ ਤੇ ਕਰਦਾ ਹੈ। ਉਸ ਦੀ ਇੱਕੋ ਕਹਾਣੀ ਵਿੱਚ ਦੋ ਕਹਾਣੀਆਂ ਹੁੰਦੀਆਂ ਹਨ। ਪਹਿਲੀ ਕਹਾਣੀ ਵਿੱਚ ਉਹ ਵਿਵਸਥਾ ਨੂੰ ਬਿਆਨ ਕਰਦਾ ਹੈ ਅਤੇ ਦੂਸਰੀ ਰਾਹੀਂ ਉਸੇ ਵਿਵਸਥਾ ਨੂੰ ਵਿਸਥਾਪਿਤ ਕਰਦਾ ਚਲਿਆ ਜਾਂਦਾ ਹੈ। 'ਸ਼ਾਇਦ ਰੰਮੀ ਮੰਨੇ ਜਾਏ' ਦੀ ਅਗਰਭੂਮੀ ਤੇ ਪਈ ਕਹਾਣੀ ਵਿੱਚ ਘਰ ਦੀਆਂ ਤੰਗੀਆਂ ਦੀ ਸਤਾਈ ਤਾਰੋ ਆਪਣੀ ਧੀ ਰੰਮੀ ਨੂੰ ਦੇਹ ਧੰਦੇ ਲਈ ਮਨਾਉਣ ਦੀ ਕੋਸ਼ਿਸ਼ ਕਰਦੀ ਹੈ। ਕਹਾਣੀਕਾਰ ਦੀ ਉਸਤਾਦੀ ਇਸ ਕਹਾਣੀ ਦੀ ਪੇਸ਼ਕਾਰੀ ਵਿੱਚ ਨਹੀਂ। ਉਸ ਵਿਧਾ ਵਿੱਚ ਹੈ, ਜਿਸ ਰਾਹੀਂ ਉਹ ਇਸ ਪੇਸ਼ਕਾਰੀ ਦੀਆਂ ਤੇੜਾਂ ਅੰਦਰ ਗੁਪਤ ਰੂਪ ਵਿੱਚ ਹੀ ਦੂਜੀ ਕਹਾਣੀ ਐਨਕੋਡ ਕਰ ਦਿੰਦਾ ਹੈ ਜਿਸ ਰਾਹੀਂ ਉਹ ਉਸ ਵਿਵਸਥਾ ਦੇ ਨਿਰਮਾਣ ਪਿੱਛੇ ਕੰਮ ਕਰ ਰਹੀ ਰਾਜਨੀਤੀ ਨੂੰ ਨੰਗਿਆਂ ਕਰਦਾ ਹੈ, ਜਿਹੜੀ ਵਿਵਸਥਾ ਤਾਰੋ ਨੂੰ ਆਪਣੀ ਧੀ ਤੋਂ ਧੰਦਾ ਕਰਵਾਉਣ ਲਈ ਮਜ਼ਬੂਰ ਕਰ ਰਹੀ ਸੀ।

ਦ੍ਰਿਸ਼ਟੀਗੋਚਰ ਕਹਾਣੀ ਵਿੱਚ, ਪੰਜਾਬ ਦੀ ਸਮਕਾਲੀ ਵਿਵਸਥਾ ਵਿੱਚ ਆ ਰਹੀਆਂ ਸਮਾਜਿਕ-ਸਭਿਆਚਾਰਿਕ ਤਬਦੀਲੀਆਂ, ਕ੍ਰਾਂਤੀਕਾਰੀ ਵਿਚਾਰਾਂ ਵਾਲੇ ਸੱਤੇ ਦੀ ਭੈਣ ਤਾਰੋ ਦਾ ਉਲਟ ਦਿਸ਼ਾ ਵਿੱਚ ਪੁਨਰਲੇਖਣ ਕਰ ਰਹੀਆਂ ਹਨ, ਪਰ ਲੇਖਕ ਦੁਆਰਾ ਪਹਿਲੀ ਕਹਾਣੀ ਵਿੱਚ ਐਨਕੋਡ ਕੀਤੀ ਗਈ ਦੂਜੀ ਕਹਾਣੀ, ਜੋ ਪਾਠਕਾਂ ਦੇ ਮਨਾਂ ਅੰਦਰ ਹੀ ਰੂਪ ਅਖਤਿਆਰ ਕਰਦੀ ਹੈ, ਵਿੱਚ ਤਾਰੋ ਇਹਨਾਂ ਤਬਦੀਲੀਆਂ ਪਿੱਛੋਂ ਕੰਮ ਕਰ ਰਹੀਆਂ ਆਰਥਿਕ-ਰਾਜਨੀਤਿਕ ਸ਼ਕਤੀਆਂ ਨੂੰ ਨੰਗਿਆਂ ਕਰਕੇ ਵਿਸਥਾਪਿਤ ਕਰ ਦਿੰਦੀ ਹੈ। ਜਿਹੜਾ ਸਮਾਜ ਤਾਰੋ ਨੂੰ ਕੰਸਟਰਕਟ ਕਰ ਰਿਹਾ ਸੀ, ਤਾਰੋ ਉਸੇ ਨੂੰ ਡੀਕੰਸਟਰਕਟ ਕਰਦੀ ਹੈ।

ਘਟਨਾਵਾਂ ਤਾਂ ਉਹੀ ਹਨ। ਪਰ ਉਹ ਇੱਕੋ ਕਹਾਣੀ ਅੰਦਰ ਮੌਜੂਦ ਦੋਨੋਂ ਕਹਾਣੀਆਂ ਵਿੱਚ ਤਰਕ ਵੱਖੋ-ਵੱਖਰੇ ਉਸਾਰਦੀਆਂ ਹਨ। ਹਰ ਘਟਨਾ ਦੋ ਵਿਰੋਧੀ ਅਰਥ-ਪ੍ਰਬੰਧ ਨਹੀਂ, ਦੋ ਵਿਰੋਧੀ ਤਰਕ-ਪ੍ਰਬੰਧ ਉਸਾਰਦੀ ਹੈ। ਦੋ ਵਿਰੋਧੀ ਤਰਕ ਪ੍ਰਬੰਧਾਂ ਨੂੰ ਇੱਕੋ ਬਿਰਤਾਂਤ ਵਿੱਚ ਗੁਨ੍ਹਣ ਦੀ ਇਸ ਜੁਗਤ ਕਾਰਨ ਹੀ ਉਸਦੀ ਕਹਾਣੀ-

---

* ਪ੍ਰਸਿੱਧ ਵਿਦਵਾਨ ਅਤੇ ਆਲੋਚਕ

ਕਲਾ ਸਮਾਜਿਕ ਪ੍ਰਸੰਗਿਕਤਾ ਹਾਸਲ ਕਰਦੀ ਹੈ। ਪਾਠਕਾਂ ਅੰਦਰ ਵਿਵਸਥਾ ਨਾਲ ਟਕਰਾਉਣ ਦੀ ਜੁਰਅਤ ਪੈਦਾ ਕਰਦੀ ਹੈ। ਉਸਦੀਆਂ ਕਹਾਣੀਆਂ ਰਾਜਨੀਤੀ ਨਹੀਂ ਸਿਖਾਉਂਦੀਆਂ। ਇਸ ਕਹਾਣੀ ਦੀ ਮੁੱਖ ਪਾਤਰ ਤਾਰੋ, ਪਾਠਕਾਂ ਦੀ ਨਿੱਜੀ ਖਪਤ ਲਈ, ਕਹਾਣੀਕਾਰ ਦੁਆਰਾ ਘੜ੍ਹਿਆ ਗਿਆ ਪੂਰਵ-ਨਿਸ਼ਚਿਤ ਖਿਡੌਣਾ-ਕਿਰਦਾਰ ਨਹੀਂ ਸਗੋਂ ਵਿਭਿੰਨ ਧਿਰਾਂ ਦੇ ਵਿਚਾਰਧਾਰਕ-ਰਾਜਨੀਤਿਕ ਸੰਘਰਸ਼ ਦਾ ਅਖਾੜਾ ਹੈ, ਜਿਸ ਵਿੱਚ ਪਾਠਕ ਇੱਕ ਯੋਧੇ ਵਾਂਗ ਸ਼ਾਮਲ ਹੁੰਦਾ ਹੈ।

ਬਿਮਲਾ ਦੀਆਂ ਕੁੜੀਆਂ ਰੱਜੂ ਅਤੇ ਲੱਭੂ ਵਿਵਸ਼ ਹੋ ਕੇ ਵਿਸ਼ਵ ਸਰਮਾਏ ਦੁਆਰਾ ਸਥਾਪਤ ਉਪਭੋਗਤਾਵਾਦੀ ਵਿਵਸਥਾ ਵਿੱਚ ਜਜ਼ਬ ਹੋ ਜਾਂਦੀਆਂ ਹਨ। ਲੱਖ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਰੰਮੀ ਅਜਿਹੀਆਂ ਕਦਰਾਂ-ਕੀਮਤਾਂ ਨੂੰ ਅਪਨਾਉਣ ਤੋਂ ਇਨਕਾਰੀ ਹੈ। ਤਾਰੋ ਜਾਣਦੀ ਹੈ ਕਿ ਮੱਝਾਂ ਦਾ ਦੁੱਧ ਵੇਚ ਕੇ ਘਰ ਦਾ ਗੁਜ਼ਾਰਾ ਨਹੀਂ ਚੱਲ ਸਕਦਾ। ਸੋਚਦੀ ਹੈ ਕਿ ਜਿੰਦਾ ਰਹਿਣ ਲਈ ਉਸਨੂੰ ਵੀ ਬਿਮਲਾ ਵਾਂਗ ਆਪਣੀ ਧੀ ਦੀ ਦੇਹ ਦਾ ਵਿਉਪਾਰ ਕਰਨਾ ਪਵੇਗਾ। ਆਪਣੇ ਭਰਾ ਸੱਤੇ ਦੀ ਯਾਦ ਉਸਨੂੰ ਅਜੇਹਾ ਕਰਨ ਤੋਂ ਵਰਜਦੀ ਹੈ। ਨਤੀਜੇ ਵਜੋਂ ਉਹ ਦੁੱਧ, ਦੇਹ ਵੇਚਣ ਦੇ ਰੂਪ ਵਿੱਚ ਦੋ ਵਿਪਰੀਤ ਕਦਰਾਂ-ਕੀਮਤਾਂ, ਸਭਿਆਚਾਰਿਕ ਰਵਾਇਤਾਂ ਅਤੇ ਵਿਚਾਰ-ਪ੍ਰਬੰਧਾਂ ਦੇ ਸੰਘਰਸ਼ ਦਾ ਅਖਾੜਾ ਬਣ ਜਾਂਦੀ ਹੈ। ਕਹਾਣੀ ਨੰਬਰ ਇੱਕ ਵਿੱਚ ਉਹ ਦੁੱਧ ਤੋਂ ਦੇਹ ਦੇ ਵਿਉਪਾਰ ਵੱਲ ਸਫਰ ਕਰਦੀ ਹੈ। ਦੂਸਰੀ ਕਹਾਣੀ, ਜੋ ਗੁਪਤ ਰੂਪ ਵਿੱਚ ਪਾਠਕ ਦੇ ਮਨ ਅੰਦਰ ਘਟਦੀ ਹੈ, ਪਾਠਕ ਨੂੰ ਇਸ ਤਬਦੀਲੀ ਵਿਰੁੱਧ ਇੱਕ ਯੋਧੇ ਵਾਂਗ ਡੱਟ ਜਾਣ ਲਈ ਤਿਆਰ ਕਰਦੀ ਹੈ। ਅਜਮੇਰ ਸਿੱਧੂ ਕੇਵਲ ਵਿਸ਼ਵ ਸਰਮਾਏ ਦੇ ਸਭਿਆਚਾਰਿਕ ਤਰਕ ਦਾ ਆਲੋਚਨਾਤਮਕ ਵਿਸ਼ਲੇਸ਼ਣ ਹੀ ਪੇਸ਼ ਨਹੀਂ ਕਰਦਾ, ਇਹ ਕੰਮ ਤਾਂ ਹੋਰ ਵੀ ਬਹੁਤ ਸਾਰੇ ਲੋਕ ਕਰਦੇ ਹੋਣਗੇ। ਅਜਮੇਰ ਸਿੱਧੂ ਹੋਣ ਦਾ ਮਹੱਤਵ ਅਜਿਹੇ ਤਰਕ ਵਿਰੁੱਧ ਸਿਆਸੀ ਉਪਦੇਸ਼ ਕਰਨ ਵਿੱਚ ਨਹੀਂ ਸਿਆਸੀ ਐਕਸ਼ਨ ਦੀ ਸਿਰਜਣਾ ਕਰਨ ਵਿੱਚ ਹੈ। ਉਸਦੀ ਕਹਾਣੀ ਕਲਾ ਦੀ ਇਹੋ ਪਹਿਚਾਣ ਅਤੇ ਵਿਲੱਖਣਤਾ ਹੈ।

ਇਹ ਬਿਮਲਾ ਅਤੇ ਤਾਰੋ, ਦੋ ਵਿਅਕਤੀਆਂ ਜਾਂ ਉਹਨਾਂ ਦੇ ਦੋ ਪਰਿਵਾਰਾਂ ਦੀ ਕਹਾਣੀ ਨਹੀਂ, ਵਿਸ਼ਵ ਸਰਮਾਏ ਦੇ ਪ੍ਰਭਾਵ ਅਧੀਨ ਤਬਦੀਲ ਹੋ ਰਹੇ ਪੰਜਾਬੀ ਸਭਿਆਚਾਰ-ਮੁੱਲ ਪ੍ਰਬੰਧ ਦੀ ਕਹਾਣੀ ਹੈ। ਕੇਵਲ ਖਾਣ-ਪੀਣ, ਪਹਿਨਣ, ਬੋਲ-ਚਾਲ ਅਤੇ ਜੀਣ-ਥੀਣ ਦੇ ਤੌਰ-ਤਰੀਕੇ ਹੀ ਨਹੀਂ ਬਦਲ ਰਹੇ, ਨਾਰੀ ਦੇਹ ਨੂੰ ਵੀ ਅਸੀਂ ਖਪਤ ਦੀ ਵਸਤੂ ਹੀ ਬਣਾ ਲਿਆ ਹੈ-

'ਛੋਟਾ ਗੇਟ ਖੁੱਲ੍ਹਾ ਸੀ। ਮੈਂ ਅੰਦਰ ਜਾ ਵੜੀ। ਡਰਾਇੰਗ ਰੂਮ ਦੇ ਨਾਲ ਵਾਲੇ ਕਮਰੇ ਵਿੱਚ ਸੀ. ਡੀ. ਪਲੇਅਰ ਚੱਲ ਰਿਹਾ ਸੀ। ਮੈਂ ਦਰਵਾਜ਼ਾ ਖੋਲ੍ਹਿਆ, ਲੱਭੂ (ਭੈਣ) ਅਤੇ ਰੂਪਾ (ਭਰਾ) ਗੀਤ 'ਤੇ ਨੱਚ ਰਹੇ ਸਨ। ਗੁਆਂਢੀਆਂ ਦੇ ਸੱਤ ਅੱਠ ਕੁ ਸਾਲ ਦੇ ਤਿੰਨ ਨਿਆਣੇ ਵੀ ਉਹਨਾਂ ਦੀ ਨਕਲ ਕਰ ਰਹੇ ਸਨ। ਪਹਿਲਾਂ ਤਾਂ ਮੈਨੂੰ ਕੁੜੀ ਦੇ ਕੱਪੜੇ ਦੇਖ ਕੇ ਤਰੇਲੀ ਆ ਗਈ। ਅੰਡਰ-ਸ਼ਰਟ ਵਰਗੀ ਝੱਗੀ ਜਿਹੀ ਪਾਈ ਸੀ। ਸਾਰਾ ਲੱਕ ਤੇ ਢਿੱਡ ਨੰਗਾ। ਦਾਦੇ ਮਗਾਣਾ ਮੋਹਰੇ ਕੱਟ...। ਤੋਬਾ-ਤੋਬਾ....। ਦੋਨੋਂ

ਛਾਤੀਆਂ ਬਾਹਰ ਡਿਗਣ ਨੂੰ ਫਿਰਨ।... ਉਹਨਾਂ ਦੇ ਐਕਸ਼ਨ ਦੇਖ-ਦੇਖ ਮੈਂ ਧਰਤੀ ਵਿੱਚ ਧੱਸਦੀ ਜਾਵਾਂ। ਹੈਂਅ! ਸਕੇ ਭੈਣ ਭਰਾ ਤੇ....ਉੱਤੋਂ ਹੋਰ ਸਿਤਮ ਉਹ ਨਿੱਕੇ-ਨਿੱਕੇ ਨਿਆਣੇ ਵੀ ਉਹਨਾਂ ਵਾਂਗ ਕਰਨ।"

ਹੈ ਪਰ ਜਿਸ ਤਰੀਕੇ ਸਾਨੂੰ ਆਪਣੀਆਂ ਧੀਆਂ ਦੇ ਦੇਹ ਵਿਉਪਾਰ ਤੋਂ ਵੀ ਸ਼ਰਮ ਆਉਣੀ ਹਟ ਗਈ ਹੈ, ਉਹ ਹੋਰ ਵੀ ਖਤਰਨਾਕ ਹੈ। ਜਦੋਂ ਤਾਰੋ ਨੂੰ ਕੁਲਜੀਤ ਤੋਂ ਪਤਾ ਚੱਲਦਾ ਹੈ, "ਇਹ ਗਿੱਧੇ, ਭੰਗੜੇ, ਆਰਕੈਸਟ੍ਰੇ ਸਭਿਆਚਾਰ ਪ੍ਰੋਗਰਾਮ ਤਾਂ ਬਹਾਨੇ ਐ। ਅਗਲੇ ਪਾਰਟੀ 'ਚੋਂ ਮੁੱਲ ਪਾ ਕੇ ਲੈ ਜਾਂਦੇ ਆ।" ਤਾਂ ਤਾਰੋ ਇਹ ਰਾਜ਼ ਬਿਮਲਾ ਨਾਲ ਸਾਂਝਾ ਕਰਦੀ ਹੈ ਕਿ ਉਸਦੀਆਂ ਧੀਆਂ ਪ੍ਰੋਗਰਾਮ ਨਹੀਂ, ਧੰਦਾ ਕਰਦੀਆਂ ਹਨ। "ਨੀ, ਤਾਰੋ ਛੱਡ ਪਰ੍ਹਾਂ। ਆਖ ਬਿਮਲਾ ਉਸਨੂੰ ਆਪਣੇ ਪਰਿਵਾਰ ਦੀ ਤਰੱਕੀ ਦੀਆਂ ਕਹਾਣੀਆਂ ਸੁਣਾਉਂਦੀ ਹੋਈ ਦੱਸਦੀ ਹੈ ਕਿ ਕਿਵੇਂ ਉਸਦੀਆਂ ਧੀਆਂ ਨੇ ਬਿਜ਼ਨਸ ਸੈੱਟ ਕੀਤਾ। ਫੇਰ ਉਹ ਸਾਰੇ ਗੁਰਮੰਤਰ ਤਾਰੋ ਨੂੰ ਦੱਸਦੀ ਹੈ। ਤੇ ਆਪਣੇ ਘਰ ਦੀ ਤਰੱਕੀ ਲਈ ਤਾਰੋ ਵੀ ਉਥੋਂ ਰੰਮੀ ਬਾਰੇ ਮਨ ਬਣਾ ਕੇ ਉੱਠਦੀ ਹੈ। ਉਪਭੋਗਤਾਵਾਦ ਨਾਲ ਜੁੜੀ ਤਰੱਕੀ ਦੀ ਧਾਰਨਾ ਹੀ ਵਿਸ਼ਵ ਸਰਮਾਏ ਦਾ ਸਭਿਆਚਾਰਿਕ ਤਰਕ ਹੈ। ਤਰੱਕੀ ਨੂੰ ਪ੍ਰਤੀ ਜੀਅ ਊਰਜਾ ਦੀ ਖਪਤ ਨਾਲ ਮਿਣਨਾ ਇਸਦੀ ਵਿਚਾਰਧਾਰਾ ਦਾ ਮੂਲ ਆਧਾਰ ਹੈ। ਵਿਸ਼ਵ ਸਰਮਾਏ ਦੀ ਇਸ ਕਹਾਣੀ ਦੀਆਂ ਤ੍ਰੇੜਾਂ ਵਿੱਚ ਉਸਦੇ ਸਭਿਆਚਾਰਿਕ ਤਰਕ ਨੂੰ ਨੰਗਿਆਂ ਕਰਕੇ ਵਿਸਥਾਪਿਤ ਕਰ ਦੇਣ ਲਈ ਦੂਜੀ ਕਹਾਣੀ ਐਨਕੋਡ ਕਰ ਦੇਣ ਦੀ ਕਲਾ ਅਜਮੇਰ ਸਿੱਧੂ ਕੋਲ ਹੀ ਹੈ।

'ਈਵਾਨ ਇਲੀਚ ਦੀ ਦੂਜੀ ਮੌਤ' ਦਾ ਪਾਤਰ ਹਰਸੇਵ ਆਪਣੇ ਮਾਂ-ਬਾਪ ਦਾ 'ਗਊ ਪੁੱਤ' ਸੀ। ਜਾਹ ਤਾਂ ਜੇ ਮੰਮੀ-ਡੈਡੀ ਦੇ ਕਹਿਣੇ ਤੋਂ ਰਤਾ ਏਧਰ-ਓਧਰ ਹੋ ਜਾਵੇ। ਜਿੱਥੇ ਬਿਠਾ ਦਿੱਤਾ, ਬਹਿ ਗਿਆ। ਉਸਨੂੰ ਪੜ੍ਹਾਈ ਦੀ ਮਸਤੀ ਸੀ ਜਾਂ ਮੰਮੀ-ਡੈਡੀ ਦੇ ਸੁਪਨਿਆਂ ਦੀ। ਕੁੜੀਆਂ ਵੱਲ ਤਾਂ ਉਹ ਫੁਟੀ ਅੱਖ ਨਹੀਂ ਸੀ ਭਾਉਂਦਾ।" ਕੰਪੀਟੀਸ਼ਨ ਦੀ ਮਾਰ ਵਿੱਚੋਂ ਲੰਘ ਕੇ ਮਾਅਰੀਨ ਇੰਜੀਨੀਅਰ ਬਣ ਜਾਂਦਾ ਹੈ। ਇੱਕ ਅਮਰੀਕਨ ਸ਼ਿਪਿਗ ਕੰਪਨੀ ਵਿੱਚ ਦਸ ਲੱਖ ਦਾ ਪੈਕੇਜ ਵੀ ਮਿਲ ਜਾਂਦਾ ਹੈ। ਜਦੋਂ ਸ਼ਿਪ ਬੰਦਰਗਾਹ ਤੇ ਲੱਗਦਾ ਤਾਂ ਉਸਦੇ ਸਾਥੀ ਆਪਣੀਆਂ ਰਾਤਾਂ ਰੰਗੀਨ ਬਨਾਉਣ ਲਈ ਪੱਬਾਂ-ਕਲੱਬਾਂ ਵੱਲ ਇਵੇਂ ਦੌੜਦੇ ਜਿਵੇਂ ਪਿੰਜਰੇ ਵਿੱਚੋਂ ਛੁੱਟੇ ਹੋਣ। ਹਰਸੇਵ ਉਹਨਾਂ ਨੂੰ ਮਰ ਰਹੇ ਵਿਅਕਤੀ ਦੀ ਖੌਫ਼ਨਾਕ ਪੇਸ਼ਕਾਰੀ ਕਰਨ ਵਾਲੇ ਟਾਲਸਆਏ ਦੇ ਨਾਵਲ 'ਈਵਾਨ ਇਲੀਚ ਦੀ ਮੌਤ' ਦੇ ਐਪੀਸੋਡ ਪੜ੍ਹ ਕੇ ਸੁਣਾਉਂਦਾ, ਪਰ ਉਹ ਇੱਕ ਨਾ ਸੁਣਦੇ। ਉਹ ਤਾਂ ਬੱਸ ਇਸ ਉਡੀਕ ਵਿੱਚ ਰਹਿੰਦੇ ਕਿ ਕਦੋਂ ਸ਼ਿਪ ਬੰਦਰਗਾਹ ਤੇ ਲੱਗੇ ਤਾਂ ਜੋ ਉਹ ਖਰੀਦੋ-ਫਰੋਖਤ ਅਤੇ ਮੌਜ-ਮਸਤੀ ਕਰ ਸਕਣ। ਦੂਸਰੇ ਪਾਸੇ ਹਰਸੇਵ ਨੂੰ ਤਾਂ ਕੇਵਲ ਅੱਗੇ ਵਧਣ ਦਾ ਨਸ਼ਾ ਸੀ ਜਾਂ ਕਹਿ ਲਉ ਪੈਸੇ ਕਮਾਉਣ ਦਾ। ਪਰ ਉਹ ਇਸ ਸੁਪਨਈ ਮਾਹੌਲ ਤੋਂ ਕਿੰਨੀ ਕੁ ਦੇਰ ਬਾਹਰ ਰਹਿ ਸਕਦਾ ਸੀ, ਆਖਰ ਉਹ ਵੀ ਉਸੇ ਮਾਹੌਲ ਵਿੱਚ ਰੰਗਿਆ ਗਿਆ। ਸਾਮਰਾਜ ਦੀ ਬਿਮਾਰੀ ਉਸ ਨੂੰ ਡੰਗ ਲੈਂਦੀ ਹੈ ਤੇ ਉਹ ਈਵਾਨ ਇਲੀਚ ਦੀ ਮੌਤੇ ਮਰਨਾ ਸ਼ੁਰੂ ਹੋ ਜਾਂਦਾ ਹੈ।

ਵਧੇਰੇ ਕਮਾਈ, ਉਪਭੋਗਤਾਵਾਦ ਅਤੇ ਅੱਯਾਸ਼ੀ ਵਿੱਚ ਉਲਝਾ ਕੇ ਸਾਮਰਾਜ

ਮਨੁੱਖ ਨੂੰ ਕਿਵੇਂ ਏਡਜ਼ ਦੀ ਬਿਮਾਰੀ ਵਾਂਗ ਭੈੜੀ ਮੌਤੇ ਮਾਰ ਰਿਹਾ ਹੈ, ਇਹ ਅਗਰਭੂਮੀ ਤੇ ਪਈ ਇਸ ਬਿਰਤਾਂਤ ਦੀ ਪਹਿਲੀ ਕਹਾਣੀ ਹੈ ਜੋ ਅਸੀਂ ਪੜ੍ਹਦੇ ਹਾਂ। ਪਰ ਹਰਸੇਵ (ਮਨੁੱਖ) ਦਾ ਦਰਦ, ਸਾਮਰਾਜ ਦੀ ਸਭਿਆਚਾਰਿਕ ਰਾਜਨੀਤੀ (ਏਡਜ਼) ਨੂੰ ਨੰਗਿਆਂ ਕਰਕੇ ਕਿਵੇਂ ਵਿਸਥਾਪਿਤ ਕਰਦਾ ਹੈ, ਇਹ ਉਹ ਗੁਪਤ ਕਹਾਣੀ ਹੈ, ਜੋ ਕਹਾਣੀਕਾਰ ਦੇ ਮਨ ਅੰਦਰ ਜਾਗਦੀ ਹੈ। ਪਹਿਲੀ ਕਹਾਣੀ ਗਿਆਨ ਦਿੰਦੀ ਹੈ, ਦੂਸਰੀ ਐਕਸਪੀਰੀਐਂਸ।

ਵਧੇਰੇ ਕਮਾਈ ਦੀ ਚਾਹਤ, ਉਪਭੋਗਵਾਦ, ਅੱਯਾਸ਼ੀ, ਆਦਿ ਸਭ ਵਸਤੂਕਰਣ ਦੀਆਂ ਅਲਾਮਤਾਂ ਹਨ। ਸਾਡਾ ਵਿਦਿਆ ਪ੍ਰਬੰਧ ਵੀ ਹੁਣ ਇੰਡਸਟਰੀ ਬਣ ਗਈ ਹੈ, ਜੋ ਗੁਣੀ ਮਨੁੱਖ ਪੈਦਾ ਕਰਨ ਦੀ ਥਾਂ, ਜੌਬ ਮਾਰਕੀਟ ਲਈ ਕਾਮਿਆਂ ਦੇ ਰੂਪ ਵਿੱਚ ਵਸਤੂਆਂ ਪੈਦਾ ਕਰਦਾ ਹੈ–"ਓਏ ਰੱਬਾ ਅਸੀਂ ਕਿਹੜੇ ਰਸਤੇ ਤੁਰ ਪਏ। ਅਸੀਂ ਬੱਚਿਆਂ ਨੂੰ ਬੱਚੇ ਨਹੀਂ ਰਹਿਣ ਦਿੱਤਾ, ਪ੍ਰੋਡਕਟ ਬਣਾ ਦਿੱਤਾ....ਤੇ ਮਾਰਕੀਟ ਵਿੱਚ ਲਾਂਚ ਕਰ ਦਿੱਤੇ। ਬਖਸ਼ੀ ਵਾਹਿਗੁਰੂ।" ਜੇ ਉਸ ਪਰੋਡਕਟ (ਬੱਚੇ) ਦਾ ਮਾਰਕੀਟ ਵਿੱਚ ਪੂਰਾ ਮੁੱਲ ਨਾ ਮਿਲੇ, ਤਾਂ ਸਾਨੂੰ ਉਸ ਪਰੋਡਕਟ ਉਪਰ ਆਈ ਲਾਗਤ ਸਤਾਉਣ ਲੱਗਦੀ ਹੈ। ਜਦੋਂ ਹਰਸੇਵ ਬਿਮਾਰ ਹੋ ਕੇ ਘਰ ਆ ਬੈਠਦਾ ਹੈ, ਤਾਂ ਕੁੱਝ ਅਰਸੇ ਬਾਅਦ ਉਸ ਨੂੰ ਭਈਏ ਵਾਲੇ ਕਮਰੇ ਵਿੱਚ ਸ਼ਿਫਟ ਕਰ ਦਿੱਤਾ ਜਾਂਦਾ ਹੈ। ਮਾਂ ਤਾਂ ਸਿਰੇ ਦੀ ਗੱਲ ਆਖ ਦਿੰਦੀ ਹੈ–"ਅਸੀਂ ਤੈਨੂੰ ਵਰਲਡ ਲੈਵਲ ਦਾ ਇੰਜੀਨੀਅਰ ਬਣਾਇਆ ਤੇ ਤੂੰ ਸਾਨੂੰ ਕੀ ਦਿੱਤਾ, ਓਏ....ਬਦਨਾਮੀ। ਸਾਡਾ ਲੋਕਾਂ ਵਿੱਚ ਜੀਣਾ ਹਰਾਮ ਕੀਤਾ, ਇਹਦੇ ਨਾਲੋਂ ਤਾਂ ਚੰਗਾ ਸੀ ਕੁਲੱਛਣਿਆ ਜੰਮਦਾ ਹੀ ਮਰ ਜਾਂਦਾ। ਸਬਰ ਕਰ ਲੈਂਦੇ।"

ਮੋਹ, ਮਮਤਾ, ਮੁਹੱਬਤ ਸਮੇਤ ਰਿਸ਼ਤਿਆਂ ਦਾ ਵੀ ਵਸਤੂਕਰਣ ਹੋ ਗਿਆ। ਸਚਿਆਚਾਰ ਹੁਣ ਸਮਾਜਿਕ ਪ੍ਰੈਕਟਿਸ ਨਹੀਂ, ਸਭਿਆਚਾਰਿਕ, ਕਲਾਤਮਿਕ, ਸਾਹਿਤਕ ਵਸਤੂਆਂ ਅਤੇ ਸੇਵਾਵਾਂ ਦਾ ਵਿਉਪਾਰ ਅਤੇ ਉਹਨਾਂ ਦੀ ਖਪਤ ਬਣ ਕੇ ਰਹਿ ਗਿਆ ਹੈ। ਕਲਚਰਲ ਇੰਡਸਟਰੀ, ਇਮੋਸ਼ਨਲ ਇੰਡਸਟਰੀ, ਬੇਬੀ ਬਿਜ਼ਨਸ, ਆਦਿ ਇਸ ਗੱਲ ਦੇ ਗਵਾਹ ਹਨ ਕਿ ਵਰਤਮਾਨ ਸੰਸਾਰ ਵਿੱਚ ਐਸਾ ਕੁੱਝ ਵੀ ਨਹੀਂ ਰਿਹਾ ਜਿਸਦਾ ਵਸਤੂਕਰਣ ਨਾ ਹੋਇਆ ਹੋਵੇ, ਸਭ ਧੰਦਾ ਹੈ ਅਤੇ ਸੰਸਾਰ ਇੱਕ ਮਸ਼ੀਨੀ ਢਾਂਚਾ। ਬੱਸ ਇੱਕ ਗਿਰਾਸੀਮ ਬਚਿਆ ਹੈ, ਜਿਸਦਾ ਭਾਵੇਂ ਵਰਤਮਾਨ ਸਮਾਜ ਦੀ ਕਹਾਣੀ ਦੇ ਨਿਰਮਾਣ ਵਿੱਚ ਕੋਈ ਸਥਾਨ, ਮੁੱਲ ਜਾਂ ਮਹੱਤਵ ਨਹੀਂ, ਪਰ ਉਹ ਵਰਤਮਾਨ ਸਮਾਜ ਨੂੰ ਵਿਸਥਾਪਿਤ ਕਰਕੇ, ਉਸ ਅੰਦਰ ਨਵੀਆਂ ਸੰਭਾਵਨਾਵਾਂ ਜਗਾਉਣ ਵਾਲੀ, ਇਸੇ ਕਹਾਣੀ ਅੰਦਰ ਗੁਪਤ ਰੂਪ ਵਿੱਚ ਪਲ ਰਹੀ ਦੂਜੀ ਗੁਪਤ ਕਹਾਣੀ, ਦਾ ਪਾਠਕਾਂ ਅੰਦਰ ਨਾਇਕ ਬਣਨ ਦੀ ਸਮਰੱਥਾ ਜ਼ਰੂਰ ਰੱਖਦਾ ਹੈ।

ਉਸਦੀ ਕਹਾਣੀ 'ਜਹਾਜ਼ ਵਾਲੀ ਟੈਂਕੀ', ਉਸ ਖੇਡ ਨੂੰ ਨੰਗਿਆਂ ਕਰਦੀ ਹੈ, ਜਿਸ ਖੇਡ ਰਾਹੀਂ, ਪੰਜਾਬੀ ਭਾਈਚਾਰਤਾ ਅਤੇ ਪੰਜਾਬੀ ਬੰਦੇ ਦੀ ਵਿਦੇਸ਼ ਜਾਣ ਦੀ ਚਾਹਤ, ਇੱਕ ਦੂਜੀ ਦਾ ਨਿਰਮਾਣ ਕਰਦੀਆਂ ਹਨ। ਇਸ ਚਾਹਤ ਨੂੰ ਉਹ ਉਸ ਕੰਮਜ਼ੋਰੀ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਜਿਸ ਕਮਜ਼ੋਰੀ ਵਿੱਚੋਂ ਬਾਜ਼ ਵਾਲੇ ਜ਼ੈਲਦਾਰ, ਜਹਾਜ਼ ਵਰਗੀ ਟੈਂਕੀ ਵਾਲੇ ਤਾਏ ਚਰਨ ਸੁੰਹ, ਸੰਤ ਬਾਬਿਆਂ ਅਤੇ ਏਜੰਟਾਂ ਸ਼ੇਰਗਿੱਲ

ਵਰਗੇ ਲੋਕਾਂ ਦਾ ਨੈਟਵਰਕ ਉੱਭਰਦਾ ਹੈ, ਜੋ ਪੰਜਾਬੀ ਪਰਿਵਾਰ ਅਤੇ ਭਾਈਚਾਰਕਤਾ ਨੂੰ ਪਲੀਤ ਕਰਨ ਦੇ ਨਾਲ-ਨਾਲ ਪੰਜਾਬੀ ਬੰਦੇ ਦਾ ਲਹੂ ਵੀ ਪੀਂਦਾ ਹੈ-"ਹੁਣ ਤਾਂ ਅੱਡੇ ਕੋਲ ਚਾਰ ਠੇਕੇ ਨੇ। ਮੈਂ ਬੋਤਲ ਲਈ ਆ।....ਅਹਾਤੇ ਵਿੱਚ ਆ ਗਿਆ ਹਾਂ। ਅੱਧੀ ਨਿਬੇੜ ਦਿੱਤੀ ਆ। ਹੁਣ ਸਾਰਾ ਅਹਾਤਾ ਉਹਨਾਂ ਦੁਖਿਆਰਿਆਂ ਨਾਲ ਭਰਿਆ ਲੱਗਦੈ, ਜਿਹਨਾਂ ਨੂੰ ਭੈਣ ਚੋ... ਗਿੱਲ ਰਗੜ ਗਿਆ ਏ। ਨਾਲ ਉਹ ਝੂਠੇ ਬਾਬੇ। ਮੈਨੂੰ ਤਾਂ ਲਗਦੈ ਸਾਰਿਆਂ ਦੀ ਮਿਲੀ ਭੁਗਤ ਆ। ਲੈ ਹੁਣ ਬਖਸ਼ਿੰਦਰ ਦੀ ਫਰਮਾਇਸ਼ ਚੇਤੇ ਆ ਗਈ। ਉਹ ਕਹਿੰਦੀ ਸੀ ਖਾਲੀ ਹੱਥ ਨਾ ਆਈਂ।....ਮੈਂ ਨਾਮਧਾਰੀ ਸੀਡ ਸਟੋਰ ਤੇ ਪੁੱਜਾ ਹਾਂ।"

'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਵਿੱਚ ਪਾਤਰ ਰਵੇਲ ਸਿੰਘ ਆਖਦਾ ਹੈ, "ਇੱਕ ਸਾਡੀ ਪੀੜ੍ਹੀ ਸੀ ਜੋ ਚੰਗੇਰੇ ਭਵਿੱਖ ਲਈ ਲੜ ਰਹੀ ਸੀ। ਇੱਕ ਆਹ ਨਵੀਂ ਪੀੜ੍ਹੀ ਆ ਜਿਹੜੀ ਨਿੱਜੀ ਜ਼ਿੰਦਗੀ ਦੀ ਦੌੜ ਵਿੱਚ ਸ਼ਾਮਲ ਹੋ ਗਈ ਹੈ।" ਇਹ ਗੱਲ ਤਾਂ ਠੀਕ ਹੈ ਕਿ ਆਰਥਿਕ ਉਦਾਰਵਾਦ ਦੇ ਪ੍ਰਭਾਵ ਅਧੀਨ ਨਵੀਂ ਪੀੜ੍ਹੀ ਦੇ ਸਰੋਕਾਰ ਸਮਾਜਿਕ ਜਾਂ ਪਰਿਵਾਰਕ ਨਹੀਂ ਰਹੇ, ਨਿੱਜੀ ਹੋ ਗਏ ਹਨ। ਪਰ ਸੁਆਲ ਪੈਦਾ ਹੁੰਦਾ ਹੈ ਕਿ ਇਹ ਹਕੀਕਤ-ਚੁਨੌਤੀ ਬੱਚਿਆਂ ਦੀ ਵੱਖੋ-ਵੱਖਰੀ ਮਾਨਸਿਕਤਾ ਕਿਵੇਂ ਪੈਦਾ ਕਰ ਰਹੀ ਹੈ। ਬਲਦੇਵ ਸਿੰਘ ਜੌਹਲ ਦਾ ਲੜਕਾ ਪਰਮਵੀਰ, ਜਿਸਨੂੰ ਉਹਨਾਂ ਨੇ ਸਾਧਾਂ, ਚੇਲਿਆਂ ਅਤੇ ਡਾਕਟਰਾਂ ਦੇ ਚੱਕਰ ਕੱਟ-ਕੱਟ ਕੇ ਮਸਾਂ ਪ੍ਰਾਪਤ ਕੀਤਾ ਸੀ, ਅੱਜ ਆਪਣੇ ਹੀ ਮਾਂ-ਬਾਪ ਨੂੰ ਮਾਰਨ ਤੇ ਉਤਾਰੂ ਹੈ, ਤਾਂ ਜੋ ਜ਼ਮੀਨ-ਜਾਇਦਾਦ ਹਾਸਲ ਕਰਕੇ ਮਨ ਆਈਆਂ ਕਰ ਸਕੇ। ਦੂਸਰੇ ਪਾਸੇ, ਖੇਤਾਂ ਵਿੱਚੋਂ ਮਿਲੀ ਨਵਜੰਮੀ ਲੜਕੀ ਜੋਧਿਕਾ, ਜਿਸਨੂੰ ਕੁਲਵਿੰਦਰ ਸਿੰਘ ਅਤੇ ਉਸਦੀ ਪਤਨੀ ਜਸਪਾਲ ਨੇ ਆਪਣੀ ਧੀ ਬਣਾ ਕੇ ਪਾਲਿਆ, ਆਪਣੇ ਮਾਂ-ਬਾਪ ਲਈ ਆਪਣੀ ਚਾਹਤ, ਕੈਰੀਅਰ ਆਦਿ ਹਰ ਕਿਸਮ ਦੀ ਕੁਰਬਾਨੀ ਕਰਦੀ ਹੈ।

ਇਹ ਕਹਾਣੀ ਉਹਨਾਂ ਜੀਵਨ ਗਾਥਾਵਾਂ ਦੀ ਨਿਸ਼ਾਨਦੇਹੀ ਕਰਦੀ ਹੈ, ਜੋ ਪਰਮਵੀਰ ਅਤੇ ਜੋਧਿਕਾ ਦੀ ਵੱਖੋ-ਵੱਖਰੀ ਮਾਨਸਿਕਤਾ ਦਾ ਨਿਰਮਾਣ ਕਰਦੀਆਂ ਹਨ। ਪਰਮਵੀਰ ਜਾਣਦਾ ਹੈ ਕਿ ਉਸਦਾ ਪਿਤਾ ਬਲਦੇਵ ਸਿੰਘ ਜੌਹਲ ਜ਼ਮੀਨ-ਜਾਇਦਾਦ ਵਾਲਾ ਆਦਮੀ ਹੈ, ਇਸ ਲਈ ਉਸਦਾ ਭਵਿੱਖ ਸੁਰੱਖਿਅਤ ਹੈ। ਕੋਈ ਜ਼ਿੰਮੇਵਾਰੀ ਨਹੀਂ। ਸਭ ਨਿਸ਼ਚਿਤ ਹੈ। ਕੇਵਲ ਇੱਕੋ ਗੱਲ ਨਿਸ਼ਚਿਤ ਨਹੀਂ, ਕਿ ਉਹ ਖੁਦ ਇਸ ਜ਼ਮੀਨ-ਜਾਇਦਾਦ ਦਾ ਮਾਲਕ ਕਦੋਂ ਬਣੇਗਾ। ਇਹ ਅਨਿਸ਼ਚਤਤਾ-ਸੋਚ ਹੀ ਉਸਦੀ ਮਾਨਸਿਕਤਾ ਦਾ ਨਿਰਮਾਣ ਕਰ ਰਹੀ ਹੈ। ਦੂਸਰੇ ਪਾਸੇ ਜੋਧਿਕਾ ਦਾ ਭਵਿੱਖ ਨਿਸ਼ਚਿਤ ਨਹੀਂ। ਲੜਕੀ ਹੋਣ ਦੇ ਨਾਤੇ ਵੀ ਉਸਨੇ ਕਿਹੜੇ ਪਰਿਵਾਰ ਵਿੱਚ ਜਾ ਕੇ ਕਿਵੇਂ ਅਡਜਸਟ ਹੋਣਾ ਹੈ, ਇਹ ਵੀ ਪਤਾ ਨਹੀਂ। ਉਸ ਨੂੰ ਗੈਰ-ਜ਼ਿੰਮੇਵਾਰ ਹੋਣਾ ਪੁੱਗਦਾ ਹੀ ਨਹੀਂ। ਇਸ ਅਨਿਸ਼ਚਤਤਾ ਵਿੱਚੋਂ ਨਿਸ਼ਚਿਤਤਾ ਦੀ ਭਾਲ ਹੀ ਉਸਨੂੰ ਪਰਿਵਾਰ ਅਤੇ ਸਮਾਜ ਨਾਲ ਜੋੜੀ ਰੱਖਦੀ ਹੈ। ਇਸੇ ਕਰਕੇ 'ਉਣੀਂਦੀ ਨਦੀ' ਕਹਾਣੀ ਵਿੱਚ ਉਤਰਾ ਨੂੰ ਮੁਹੱਬਤ ਅਤੇ ਮਮਤਾ ਦੀ ਤਲਾਸ਼ ਹੈ ਜਦੋਂ ਕਿ ਉਸਦੇ ਭਰਾਵਾਂ ਨੂੰ ਮੱਠ ਦੀ ਜ਼ਮੀਨ-ਜਾਇਦਾਦ ਉੱਪਰ ਅਧਿਕਾਰ ਦੀ।

ਜਿਹੜੇ ਲੋਕ ਮਨੁੱਖ ਦੇ ਖ਼ੂਬਸੂਰਤ ਭਵਿੱਖ ਨੂੰ ਵਿਗਿਆਨ ਅਤੇ ਤਕਨਾਲੋਜੀ ਵਿੱਚੋਂ ਤਲਾਸ਼ ਰਹੇ ਹਨ, 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਕਹਾਣੀ ਵਿੱਚ ਉਹ ਵਿਗਿਆਨ ਅਤੇ ਤਕਨਾਲੋਜੀ ਰਾਹੀਂ, ਮਨੁੱਖ ਦੀ ਆਪਣੀ ਨਿੱਜੀ ਹਵਸ ਦੀ ਪੂਰਤੀ ਲਈ, ਕੁਦਰਤ ਨੂੰ ਕੰਟਰੋਲ ਕਰਕੇ ਉਸਦੇ ਵਸੀਲਿਆਂ ਨੂੰ ਲੁੱਟਣ ਦੀ ਸਾਜ਼ਿਸ ਨੰਗੀ ਕਰ ਦਿੰਦਾ ਹੈ। ਯੋਗੇਸ਼ ਦੀ ਕਹਾਣੀ ਦੱਸਦੀ ਹੈ ਕਿ ਮਨੁੱਖ ਦੇ ਸਮਾਜਿਕ, ਨੈਤਿਕ-ਵਿਕਾਸ ਨਾਲ ਅਜਿਹੀ ਵਿਗਿਆਨਿਕ ਤਰੱਕੀ ਦਾ ਕੋਈ ਸੰਬੰਧ ਨਹੀਂ।

ਜੇਕਰ ਵਿਗਿਆਨ ਦਾ ਮਨੁੱਖ ਦੇ ਸਮਾਜਿਕ, ਨੈਤਿਕ-ਵਿਕਾਸ ਨਾਲ ਕੋਈ ਸੰਬੰਧ ਨਹੀਂ, ਤਾਂ ਸਾਹਿਤ ਅਤੇ ਕਲਾ ਦਾ ਕਿਵੇਂ ਹੋ ਸਕਦਾ ਹੈ? ਜਿੱਥੇ ਵਿਗਿਆਨ ਅਤੇ ਤਕਨਾਲੋਜੀ ਦੀ ਸੀਮਾ ਖਤਮ ਹੋ ਜਾਂਦੀ ਹੈ, ਉੱਥੋਂ ਸਾਹਿਤ ਅਤੇ ਕਲਾ ਦੀ ਟੈਰੇਟਰੀ ਸ਼ੁਰੂ ਹੁੰਦੀ ਹੈ। ਜੋ ਨਿਸ਼ਚਿਤ ਹੈ, ਲੌਜੀਕਲ ਹੈ, ਮੈਥੇਮੈਟੀਕਲ ਹੈ, ਐਲਗੋਰਿਦਮਿਕ ਹੈ, ਉਹ ਵਿਗਿਆਨ ਹੈ, ਸਿਧਾਂਤ ਹੈ। ਜੋ ਅਨਿਸ਼ਚਿਤ ਅਤੇ ਵਿਰੋਧਾਭਾਸ਼ੀ ਹੈ, ਉਹ ਸਾਹਿਤ ਹੈ, ਕਲਾ ਹੈ। ਜੋ ਉਲਝਣ ਹੱਲ ਹੋ ਗਈ, ਉਹ ਵਿਗਿਆਨ ਹੈ, ਸਿਧਾਂਤ ਹੈ, ਜੋ ਹੱਲ ਨਹੀਂ ਹੋਈ, ਜਿਸਦਾ ਹੱਲ ਹੋਣਾ ਹਾਲੇ ਬਾਕੀ ਹੈ, ਉਹ ਸਾਹਿਤ ਅਤੇ ਕਲਾ ਹੈ। 'ਬਲਦੇ ਚਿਰਾ.ਗ' ਕਹਾਣੀ ਦਾ ਰਿਆਜ਼ ਅਹਿਮਦ 47 ਵਿੱਚ ਦੰਗਿਆਂ ਤੋਂ ਉੱਜੜ ਕੇ ਪਾਕਿਸਤਾਨ ਜਾ ਵਸਿਆ ਸੀ। ਹੁਣ ਉਹ ਵੀਜ਼ਾ ਲੈ ਕੇ ਬੰਗੇ ਆਪਣੇ ਪੁਰਾਣੇ ਘਰ ਆਉਂਦਾ ਹੈ। ਉਸ ਘਰ, ਜਿੱਥੋਂ ਉਸਦੀ ਭੈਣ ਨੂੰ ਅਗਵਾ ਕਰ ਕੇ, ਉਸਦੀ ਅੰਮਾ ਅਤੇ ਭਰਾਵਾਂ ਦਾ ਕਤਲ ਕਰ ਦਿੱਤਾ ਗਿਆ ਸੀ ਪਰ ਨਾਲ-ਨਾਲ ਇਹ ਹੀ ਉਹ ਘਰ, ਗਲੀ ਮੁਹੱਲਾ ਹੈ, ਜਿੱਥੇ ਉਸਦੀ ਮੁਹੱਬਤ ਨਿਰਮਲਾ ਉਸਦੀ ਯਾਦ ਵਿੱਚ ਸਾਰੀ ਉਮਰ ਕੁਆਰੀ ਬੈਠੀ ਰਹੀ। ਇੱਕ ਪਾਸੇ ਸਿਖਰਾਂ ਦੀ ਹਿੰਸਾ ਹੈ, ਦੂਜੇ ਪਾਸੇ ਸਿਰੇ ਦੀ ਮੁਹੱਬਤ। ਰਿਆਜ਼ ਅਹਿਮਦ ਪੁੱਛਦਾ ਹੈ, "ਉਹ ਕੌਣ (ਹਿੰਦੂ ਸਿੱਖ) ਸਨ, ਜੋ ਮੇਰੀ ਭੈਣ ਆਫਸ਼ਾ ਨੂੰ ਲੈ ਗਏ, ਜਿਹਨਾਂ ਨੇ ਮੇਰੀ ਅੰਮਾ, ਮੇਰੇ ਭਰਾਵਾਂ ਦਾ ਕਤਲ ਕਰ ਦਿੱਤਾ।" ਰਿਆਜ਼ ਅਹਿਮਦ ਜਾਣਦਾ ਹੈ ਕਿ ਇਹ ਉਹੀ ਲੋਕ ਸਨ, ਜਿਹਨਾਂ ਦੀ ਧੀ ਨਿਰਮਲਾ ਸਾਰੀ ਉਮਰ ਉਸਦੀ ਉਡੀਕ ਵਿੱਚ ਕੁਆਰੀ ਬੈਠੀ ਰਹੀ। ਇਸੇ ਲਈ ਉਹ ਉਸ ਘਰ ਵਿੱਚ ਆਪਣੀ ਭੈਣ ਆਫ਼ਸ਼ਾਂ ਅਤੇ ਆਪਣੀ ਮੁਹੱਬਤ ਨਿਰਮਲਾ ਦੀ ਸਾਂਝੀ ਯਾਦ ਵਿੱਚ ਚਿਰਾ.ਗ ਬਾਲ਼ਦਾ ਹੈ। ਇਹ ਹਿੰਸਾ ਅਤੇ ਮੁੱਹਬਤ ਦੇ ਸੰਘਰਸ਼ ਵਿੱਚ ਬਲ਼ ਰਿਹਾ ਚਿਰਾ.ਗ ਹੀ ਸਾਹਿਤ ਹੈ, ਕਲਾ ਹੈ। ਇਹ ਸੰਘਰਸ਼ ਵਿਅਕਤੀਵਾਦ ਅਤੇ ਭਾਈਚਾਰਤਾ, ਸਮਾਜਿਕ ਨਿਆਂ ਅਤੇ ਆਜ਼ਾਦੀ, ਸਹਿਯੋਗ ਅਤੇ ਪ੍ਰਤੀਯੋਗ, ਕਾਮਨਾ ਅਤੇ ਸਬਰ-ਸੰਤੋਖ, ਉਪਭੋਗਤਾਵਾਦ ਅਤੇ ਤਿਆਗ, ਕਾਸੇ ਦਾ ਵੀ ਹੋ ਸਕਦਾ ਹੈ। ਜਦੋਂ ਇਹ ਸੰਘਰਸ਼ ਨਿਆਂ, ਬਰਾਬਰੀ ਅਤੇ ਆਜ਼ਾਦੀ ਵਰਗੀਆਂ ਕਦਰਾਂ-ਕੀਮਤਾਂ ਉੱਪਰ ਟਿਕੇ ਸਮਾਜ ਦੀ ਸਿਰਜਨਾ ਲਈ ਹੋਵੇ, ਤਾਂ ਅਜਮੇਰ ਸਿੱਧੂ ਦੀ ਕਹਾਣੀ ਕਲਾ ਜਨਮ ਲੈਂਦੀ ਹੈ।

# ਤਤਕਰਾ

1. ਸ਼ਾਇਦ ਰੰਮੀ ਮੰਨ ਜਾਏ
2. ਕਬਰ 'ਚ ਦਫ਼ਨ ਹਜ਼ਾਰ ਵਰ੍ਹੇ
3. ਜਹਾਜ਼ ਵਾਲੀ ਟੈਂਕੀ
4. ਪੁਨਰ ਜਨਮ
5. ਈਵਾਨ ਇਲੀਚ ਦੀ ਦੂਜੀ ਮੌਤ
6. ਉਣੀਂਦੀ ਨਦੀ
7. ਬਲ਼ਦੇ ਚਿਰਾਗ਼
8. ਖੁਸ਼ਕ ਅੱਖ ਦਾ ਖ਼ਾਬ

# ਸ਼ਾਇਦ ਰੰਮੀ ਮੰਨ ਜਾਏ

ਮੈਨੂੰ ਕੱਲ੍ਹ ਦਾ ਸੱਤੇ ਦੀਆਂ ਅੱਖਾਂ ਦੀ ਲਾਲੀ ਤੋਂ ਪਹਿਲਾਂ ਜਿਹਾ ਭੈਅ ਨਹੀਂ ਆਇਆ। ਮੈਨੂੰ ਤਾਂ ਡਾਂਸਰ ਕੁੜੀ ਦੀ ਖੁਮਾਰੀ ਚੜ੍ਹੀ ਹੋਈ ਆ। ਭਰ ਜਵਾਨ, ਗੋਰੀ-ਚਿੱਟੀ, ਤਿੱਖੇ ਤਰਾਸ਼ੇ ਹੋਏ ਨਕਸ਼ ਸਨ ਉਹਦੇ। ਮੋਟੀਆਂ-ਮੋਟੀਆਂ ਬਿੱਲੀਆਂ ਅੱਖਾਂ, ਜਿਨ੍ਹਾਂ ਵਿਚ ਅਚੰਭੇ ਦੀ ਛੁਹ ਸੀ। ਸਿੱਧੇ-ਸਾਦੇ ਗੁੰਦੇ ਹੋਏ ਵਾਲ, ਲੱਕ ਤੋਂ ਹਿਠਾਂਹ ਤੱਕ ਡਿੱਗਦੀ ਗੁੱਤ। ਵੇਖਣ ਨੂੰ ਭੋਲੀ-ਭਾਲੀ, ਹਸੂੰ-ਹਸੂੰ ਕਰਦਾ ਚਿਹਰਾ। ਸਟੇਜ ਉੱਤੇ ਤਾਂ ਉਹ ਪੈਲਾਂ ਪਾਉਂਦੀ ਫਿਰਦੀ ਸੀ। ਕੋਈ ਨੰਗ ਨਹੀਂ, ਕੋਈ ਅਸ਼ਲੀਲ ਹਰਕਤ ਨਹੀਂ। ਬੱਸ ਉਹਦੀ ਕਲਾ ਨੇ ਮੈਨੂੰ ਮੋਹ ਲਿਆ ਸੀ। ਜਦੋਂ ਉਸਦੇ ਗਰੁੱਪ ਨੇ 'ਬੂਹੇ ਬਾਰੀਆਂ' ਗੀਤ 'ਤੇ ਕੋਰਿਓਗ੍ਰਾਫ਼ੀ ਡਾਂਸ ਪੇਸ਼ ਕੀਤਾ, ਮੈਂ ਤਾਂ ਅੱਸ਼-ਅੱਸ਼ ਕਰ ਉੱਠੀ। ਉਹਦੀ ਕਲਾਕਾਰੀ ਨੇ ਜਿਵੇਂ ਮੇਰੇ 'ਤੇ ਟੂਣਾ ਕਰ ਦਿੱਤਾ ਹੋਵੇ। ਮੈਂ ਰੰਮੀ ਨਾਲ ਉਹਦੀਆਂ ਹੀ ਗੱਲਾਂ ਕਰਦੀ ਰਹੀ। ਵਾਰ-ਵਾਰ ਫ਼ਗਵਾੜੇ ਦੇ ਉਸ ਪੈਲੇਸ ਦਾ ਜ਼ਿਕਰ ਕਰਦੀ ਰਹੀ, ਜਿੱਥੇ ਵਿਆਹ ਵਾਲੀ ਪਾਰਟੀ ਤੇ ਮੈਂ ਉਸਨੂੰ ਵੇਖਿਆ ਸੀ। ਮੇਰਾ ਚਿੱਤ ਕਰੇ ਕਿ ਕੁਲਜੀਤ ਨੂੰ ਕਹਾਂ-ਸਾਰੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਆਖ਼ਰ ਸੁਹੱਪਣ ਵੀ ਕੋਈ ਚੀਜ਼ ਹੁੰਦੀ ਆ। ਕਲਾ ਵੀ ਮਨ 'ਤੇ ਪੂਰਨੇ ਪਾ ਸਕਦੀ ਆ।

ਇੱਕ ਪਾਸੇ ਉਹ ਟੂਣੇਹਾਰਨ, ਦੂਜੇ ਪਾਸੇ ਰੱਜੂ ਤੇ ਲੱਭੂ...ਤੀਜੀ ਮੇਰੀ ਧੀ ਰੰਮੀ। ਮੇਰੀ ਧੀ ਕਿਹੜਾ ਕਿਸੇ ਨਾਲੋਂ ਘੱਟ ਆ! ਸਾਰੀ ਦੀ ਸਾਰੀ ਦਿਲਕਸ਼ ਹੈ ਇਹ। ਕਾਲੇ ਸੰਘਣੇ ਵਾਲ ਹਨ। ਸਿੱਧੇ ਸਵਾਹਰੇ ਪਿੱਠ 'ਤੇ ਪੈਂਦੇ ਨੇ। ਰੰਗ ਸਾਂਵਲਾ ਆ। ਚਿਹਰੇ ਤੇ ਉਦਾਸੀ ਆ। ਅੱਖਾਂ ਮੋਟੀਆਂ ਤੇ ਸੁਰਮਈ, ਸਵਾਲਾਂ ਭਰੀਆਂ : ਆਪਣੇ ਮਾਮੇ ਸੱਤੇ ਦੀਆਂ ਅੱਖਾਂ ਵਰਗੀਆਂ। ਸੱਤਾ ਭਗਤ ਸਿੰਘ ਜਿੰਨਾ ਸੋਹਣਾ ਨਹੀਂ ਸੀ ਪਰ ਉਸਦੀਆਂ ਅੱਖਾਂ ਬਿਲਕੁੱਲ ਸੁਖਦੇਵ ਵਰਗੀਆਂ ਨੇ। ਰੰਮੀ ਨੂੰ ਅੱਖਾਂ ਤੇ ਮਾਣ ਵੀ ਬੜਾ ਏ। ਅਕਸਰ ਆਖੇਗੀ,

"ਜ਼ਿੰਦਗੀ ਤਾਂ ਉਹਨਾਂ ਦੀ ਹੁੰਦੀ ਏ, ਜੋ ਅੱਖਾਂ ਖੋਲ੍ਹ ਕੇ ਜਿਉਂਦੇ ਨੇ।"

ਮੈਂ ਹੁਣ ਰੰਮੀ ਦੀਆਂ ਇਨ੍ਹਾਂ ਗੱਲਾਂ ਨੂੰ ਭੁੱਲਣਾ ਚਾਹੁੰਦੀ ਹਾਂ। ਉਸ ਟੂਣੇਹਾਰਨ ਦੀ ਕਲਾ...ਉਹਦੇ ਅੰਗ-ਅੰਗ ਵਿਚ ਖੁਭੀ ਹੋਈ ਸੀ। ਉਹ ਸਾਰਿਆਂ ਵਿੱਚੋਂ ਅਲੱਗ ਹੀ ਦਿਸਦੀ ਸੀ। ਜਦੋਂ ਉਹ ਸਟੇਜ 'ਤੇ ਆਉਂਦੀ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਦਾ। ਉਹਦੇ ਟਾਇਮ 'ਤੇ ਮਸਤੀ ਕਰ ਰਹੇ ਸ਼ਰਾਬੀ ਬੀਬੇ ਬਣ ਜਾਂਦੇ।

ਉਸ ਟੂਣੇਹਾਰਨ ਨੇ ਮੇਰੇ ਅੰਦਰ ਦੇਰ ਤੋਂ ਪਈ ਦੋ-ਚਿੱਤੀ ਤੋੜ ਦਿੱਤੀ ਹੈ। ਨਹੀਂ ਤਾਂ ਮੈਂ ਕਈ ਮਹੀਨਿਆਂ ਤੋਂ ਆਪਣੇ ਆਪ ਨਾਲ ਘੁਲ਼ ਰਹੀ ਸਾਂ। ਇੱਕ ਪਾਸੇ ਸੱਤੇ ਦੀਆਂ ਅੱਖਾਂ ਦੀ ਲਾਲੀ ਦਾ ਭੈਅ ਤੇ ਦੂਜੇ ਪਾਸੇ ਬਿਮਲੇ ਦੇ ਚਿਹਰੇ ਦਾ ਨੂਰ। ਇਨ੍ਹਾਂ ਦੋਨਾਂ ਨੇ ਮੈਨੂੰ ਗਧੀ-ਗੇੜ ਵਿੱਚ ਪਾਇਆ ਹੋਇਆ ਸੀ। ਮੇਰੇ ਤੋਂ ਫ਼ੈਸਲਾ ਨਹੀਂ ਸੀ ਹੋ ਰਿਹਾ। ਹੁਣ ਮੈਂ ਸ਼ਾਇਦ ਸੱਤੇ ਦੀਆਂ ਅੱਖਾਂ ਦੀ ਘੂਰ ਝੱਲ ਲਵਾਂ। ਸ਼ਾਇਦ ਰੰਮੀ ਨੂੰ ਮਨਾ ਲਵਾਂ।

ਹੁਣ ਮੈਨੂੰ ਸਿਰਫ਼ ਬਿਮਲਾ ਦਿਸਦੀ ਆ। ਉਸ ਦੀਆਂ ਧੀਆਂ ਰੱਜੂ ਤੇ ਲੱਭੂ...ਕਾਰਾਂ ਕੋਠੀਆਂ। ਮੈਂ ਤਾਂ ਸੁੱਕੀ-ਸੁੱਕੀ, ਲਿੱਸੀ-ਲਿੱਸੀ, ਬੁਝੀ-ਬੁਝੀ...ਔੜਾਂ ਮਾਰੇ

ਇਲਾਕੇ ਦੀ ਤੀਵੀਂ ਮਾਨੀ। ਚਿੜੀ ਦੇ ਬੋਟ ਵਾਂਗ ਸਹਿਮੀ-ਸਹਿਮੀ ਤੇ ਨਿਆਸਰੀ, ਨੁਚੜੀ-ਨੁਚੜੀ ਜਿਹੀ ਲਗਦੀ ਹਾਂ। ਸਾਡੇ ਘਰ ਦਾ ਹਾਲ ਦੇਖ ਲਓ। ਤਿੰਨ-ਤਿੰਨ ਖਣ ਦੇ ਦੋ ਕਮਰੇ ਆ। ਤੀਜਾ ਪਸ਼ੂਆਂ ਵਾਲਾ। ਵਿਆਹ ਤੋਂ ਪਹਿਲਾਂ ਰੰਮੀ ਦੇ ਡੈਡੀ ਨੇ ਪਤਾ ਨਹੀਂ ਇਹ ਕਿੱਦਾਂ ਬਣਾ ਲਏ। ਜਿਸ ਦਿਨ ਦੀ ਮੈਂ ਇਸ ਘਰ ਵਿੱਚ ਵਿਆਹੀ ਆਈ ਹਾਂ, ਬਾਈ ਸਾਲਾਂ ਵਿਚ ਆਹ ਇੱਕ ਰਸੋਈ ਤੇ ਗੁਸਲਖਾਨਾ ਈ ਬਣਾਏ ਆ। ਨਹੀਂ ਤਾਂ ਮੰਜਾ ਖੜ੍ਹਾ ਕਰਕੇ ਨਹੌਣਾ ਪੈਂਦਾ ਸੀ।

ਮੱਝਾਂ ਅੜਿੰਗਣ ਲੱਗ ਪਈਆਂ ਨੇ।

ਪਹਿਲਾਂ ਤਾਂ ਇਹਨਾਂ ਨੂੰ ਪਾਣੀ ਪਿਲਾਵਾਂ। ਮਸ਼ੀਨ ਮੋਹਰੇ ਪੱਠੇ ਕੁਤਰੇ ਪਏ ਆ। ਉਹ ਇਹਨਾਂ ਨੂੰ ਪਾਵਾਂ। ਇਹਨਾਂ ਦੇ ਦੁੱਧ ਨਾਲ ਘਰ ਦਾ ਗੁਜ਼ਾਰਾ ਚੱਲਦਾ। ਰੰਮੀ ਨਾਲ ਤਾਂ ਬਾਅਦ ਚ ਗੱਲ ਕਰਾਂਗੀ। ਉਂਝ ਵੀ ਹੁਣ ਉਹ ਪੜ੍ਹਨ ਬੈਠ ਗਈ ਆ। ਇਹਦਾ ਚੌਥ ਨੂੰ ਹਿਸਟਰੀ ਦਾ ਪੇਪਰ ਆ। ਸਵੇਰ ਦੀ ਪੇਪਰ ਦੀ ਤਿਆਰੀ ਚ ਜੁਟੀ ਹੋਈ ਹੈ। ਮੁੰਡਾ ਵੀ ਆਉਣ ਵਾਲਾ। ਉਹਦੇ ਆਉਣ ਤੋਂ ਪਹਿਲਾਂ-ਪਹਿਲਾਂ ਪੜ੍ਹ ਲਏ। ਕਲੇਸ਼ ਦਾ ਕੀ ਪਤਾ...!

ਇਸ ਮੀਣੀ ਕਮਜਾਤ ਨੇ ਉਂਗਲੀ ਲਹੂ-ਲੁਹਾਣ ਕਰ ਦਿੱਤੀ। ਖੁਰਲੀ 'ਚ ਐਦਾਂ ਮੂੰਹ ਮਾਰਨ ਨੂੰ ਦੌੜੀ, ਜਿੱਦਾਂ ਪੱਠਿਆਂ ਦਾ ਟੋਕਰਾ ਮੈਂ ਨਾਲ ਹੀ ਲੈ ਜਾਣਾ ਹੁੰਦਾ। ਇਹਦੇ ਸੰਗਲ ਦੀਆਂ ਅੜੀਆਂ ਥਾਂ-ਥਾਂ ਤੋਂ ਟੁੱਟੀਆਂ ਹੋਈਆਂ।... ਉਂਗਲੀ ਮੂੰਹ ਨਾਲ ਚੂਸਦੀ ਆਂ। ਚਿੱਤ ਕਰਦਾ ਆ ਕਿ ਫਹੁੜੇ ਨਾਲ ਲੱਤਾਂ ਭੰਨ ਦੇਵਾਂ ਇਸ ਨਿਖਸਮੀ ਦੀਆਂ। ਰੋਜ਼ ਦਾ ਇਹੀ ਕੰਜਰਖਾਨਾ। ਮੈਨੂੰ ਤਾਂ ਮੌਤ ਵੀ ਨਹੀਂ ਆਉਂਦੀ। ਕਦੇ-ਕਦੇ ਤਾਂ ਚਿੱਤ ਕਰਦਾ ਏ, ਸਾਰੇ ਚੌਣੇ ਨੂੰ ਛੱਡ ਕੇ ਭੱਜ ਜਾਂ ਕਿਤੇ। ਫਿਰ ਸੋਚਦੀ ਹਾਂ, ਬਿਮਲਾ ਨੂੰ ਕਹਾਂ :-

"ਭਾਬੋ ਰਾਣੀਏਂ, ਆਪਣੇ ਘਰ ਰੱਖ ਲੈ। ਭਾਵੇਂ ਨੌਕਰਾਣੀ ਬਣਾ ਕੇ ਰੱਖ ਲੈ।"

ਅੱਠ-ਨੌਂ ਮਹੀਨੇ ਪਹਿਲਾਂ, ਇਸ ਘਰ ਦੇ ਖਲਜਗਣ ਤੋਂ ਅੱਕੀ ਮੈਂ ਰੰਮੀ ਦੇ ਨਾਨਕੀਂ ਭਾਰਟੀ ਚਲੇ ਵੀ ਗਈ ਸਾਂ। ਬੀਜੀ ਤੇ ਬਾਊ ਜੀ ਵੱਲ ਵੇਖ ਕੇ ਮਨ ਹੋਰ ਖ਼ਰਾਬ ਹੋਇਆ ਸੀ। ਉਹਨੀਂ ਪੈਰੀਂ ਮੁੜਨ ਲੱਗੀ ਸਾਂ। ਪਰ ਹੇਮੇ ਵੀਰ ਦੇ ਘਰ ਜਾ ਵੜੀ ਸਾਂ। ਮੈਨੂੰ ਦੇਖ ਕੇ ਬਿਮਲਾ ਭਾਬੀ ਦੀਆਂ ਵਾਛਾਂ ਖਿੜ ਗਈਆਂ:-

"ਆ ਜਾ ਨਣਾਨੇਂ। ਤਾਰੋ, ਕੋਈ ਕੋਲਡ ਡਰਿੰਕ ਪੀਣਾ ਜਾਂ...।"

ਮੈਂ ਉਹਦੀ ਜਾਂ ਤੋਂ ਡਰ ਗਈ ਸਾਂ। ਹੋਰ ਕਿਤੇ ਬਾਬਾ...।

ਕੋਕ ਪੀ ਕੇ ਸਾਹ ਆਇਆ ਸੀ। ਮੈਂ ਡਰਦੀ-ਡਰਦੀ ਨੇ ਕੁਲਜੀਤ ਦੀ ਦੱਸੀ ਹੋਈ ਲੱਭੂ ਤੇ ਰੱਜੂ ਵਾਲੀ ਗੱਲ ਛੇੜੀ। ਉਹ ਖਿੜ ਖਿੜਾ ਕੇ ਹੱਸ ਪਈ ਸੀ।

"ਕੁੜੇ ਤਾਰੋ, ਕਿਚਨ 'ਚ ਆਜਾ।"

ਲੱਭੂ ਤੇ ਰੱਜੂ ਵੀ ਉਸ ਮੌਕੇ ਘਰ ਆ ਵੜੀਆਂ ਸਨ। ਬਿਮਲਾ ਨੇ ਕੰਗਣੀ ਵਾਲੇ ਗਲਾਸ ਮੇਰੇ ਸਾਹਮਣੇ ਰੱਖੇ। ਦੁੱਧ ਦੇ ਭਰੇ। ਉਨ੍ਹਾਂ ਦੇ ਹੱਥਾਂ ਵਿੱਚ ਫ਼ੜਾ ਦਿੱਤੇ। ਉਹ ਪੀਈ ਜਾਣ। ਇਹ ਉਨ੍ਹਾਂ ਦੀ ਪਿੱਠ ਥਾਪੜੀ ਜਾਵੇ। ਉੱਥੋਂ ਮੈਂ ਦੂਜੇ ਦਿਨ ਆਪਣੇ ਘਰ ਮੁੜ ਆਈ।

ਪੱਠੇ-ਦੱਥੇ ਵਾਲਾ ਕੰਮ ਨਿਬੇੜ ਕੇ ਹੁਣ ਮੈਂ ਰਸੋਈ ਵਿੱਚ ਆ ਵੜੀ ਹਾਂ। ਸ਼ੈਲਫ਼ ਤੇ ਗਲਾਸ ਰੱਖ ਦਿੱਤਾ। ਸੋਚਦੀ ਆਂ ਪਹਿਲਾਂ ਰੰਮੀ ਨਾਲ ਗੱਲ ਕਰ ਲਵਾਂ।

ਗੱਲ ਵੀ ਕਿਸੇ ਤਰੀਕੇ ਨਾਲ ਕਰਨੀ ਪੈਣੀ ਆ। ਇਹਦਾ ਕਲਹਿਣੀ ਦਾ ਕੀ ਪਤਾ। ਨਾਲੇ ਸੱਤੇ ਦਾ...। ਕਿਸੇ ਭੈਅ ਨਾਲ ਕੰਬ ਗਈ ਆਂ। ਮੈਨੂੰ ਇੱਕ ਗੱਲ ਸਮਝ ਨਹੀਂ ਲਗਦੀ। ਮੈਂ ਹੁਣ ਕਿਉਂ ਸੱਤੇ ਤੋਂ ਡਰਦੀ ਆਂ? ਦੇਖ ਖਾਂ ਬਿਮਲਾ ਦੇ ਰੂਪੇ ਨੂੰ!

ਡੇਢ ਕੁ ਸਾਲ ਪਹਿਲਾਂ, ਮੇਰਾ ਛੋਟਾ ਅਲਜੀਤ ਮੋਬਾਈਲ ਲੈਣ ਦੀ ਅੜੀ ਕਰਨ ਲੱਗ ਪਿਆ। ਮੋਬਾਈਲ਼ ਖ਼ਰੀਦਣ ਦੀ ਮੇਰੇ ਕੋਲ ਹਿੰਮਤ ਨਹੀਂ ਸੀ। ਥੇਹ ਪੈਣੇ ਨੇ ਅੱਤ ਚੁੱਕ ਲਈ...।

"ਅੱਜ ਕਲ੍ਹ ਭਈਏ ਮੋਬਾਈਲ ਲਈ ਫਿਰਦੇ ਆ।...ਨਾ ਘਰ ਵਿਚ ਲੈਂਡ ਫੋਨ ਆ।...ਆਹ ਸਾਲਾ ਟੁੱਟਾ ਜਿਹਾ ਬਲੈਕ ਐਂਡ ਵਾਈਟ ਟੀ ਵੀ ਪਿਆ। ਭੁੱਖੇ ਨੰਗੇ ਕਿਤੋਂ ਦੇ। ਸਾਨੂੰ ਕਾਹਨੂੰ ਜਮਾਉਣਾ ਸੀ ਜੇ...?"

"ਤੂੰ ਪਟਿਆਲੇ ਵਾਲੇ ਮਹਾਰਾਜੇ ਦੇ ਘਰ ਜੰਮਿਆਂ? ਪਿਓ ਤੇਰੇ ਦਾ ਕੋਈ ਚੱਜ ਆਚਾਰ ਨਹੀਂ। ਦਿਹਾੜੀ ਲਾਉਂਦਾ। ਡੱਫਣ ਬਹਿ ਜਾਂਦਾ।"

ਮੈਂ ਬਥੇਰਾ ਕਲਪੀ ਸੀ। ਪਰ ਇਹ ਮੁੰਡਾ ਟੱਸ ਤੋਂ ਮੱਸ ਨਾ ਹੋਇਆ। ਇਹਦੇ ਵੀ ਪਿਓ ਵਾਲੇ ਚਾਲੇ ਐ। ਮੈਂ ਸੋਚਦੀ ਆ, ਪੜ੍ਹ ਜਾਵੇ। ਕੋਈ ਨੌਕਰੀ ਮਿਲ ਜਾਊਂਗੀ। ਰਵੇਲ ਸੂੰ ਦਾ ਭਾਣਜਾ ਪੁਲਸ ਵਿਚ ਕੋਈ ਵੱਡਾ ਅਫਸਰ ਆ। ਉਹ ਕਹਿੰਦਾ ਸੀ–ਭਰਤੀ ਕਰਵਾ ਦਊਂਗਾ। ਪਰ ਇਸ ਕੰਜਰ ਨੂੰ ਨਾ ਘਰ ਦੀ ਹਾਲਤ ਦਿਖਦੀ ਆ, ਨਾ ਮੈਂ ਭੱਸੜਾਂ ਭੰਨਾਉਂਦੀ। ਕਹਿੰਦਾ–ਪੜ੍ਹਨ ਤਾਂ ਜਾਣਾ, ਜੇ ਮੋਬਾਇਲ ਲੈ ਕੇ ਦਉਂਗੇ। ਮੈਂ ਇਹਦੇ ਪਿਉ ਨੂੰ ਮੋਬਾਇਲ ਲੈ ਕੇ ਦੇਣ ਲਈ ਕਿਹਾ। ਉਹ ਚਾਰੇ ਖੁਰ ਚੁੱਕ ਕੇ ਪੈ ਗਿਆ–

"ਤੇਰੇ ਬੁੜ੍ਹੇ ਨੇ ਮੈਨੂੰ ਨੋਟ ਦਿੱਤੇ ਸੀ? ਮੇਰੀ ਸਾਰੀ ਕਮਾਈ ਤਾਂ ਭਾਰਟੀ ਨੂੰ ਢੋਈ ਜਾਂਦੀ ਏ।...ਆਹ ਗੰਦੀ ਔਲਾਦ ਪਤਾ ਨਹੀਂ ਕਿੱਥੋਂ ਲੈ ਆਈ।"

ਉਹਨੇ ਹੋਰੇ ਪੁਆੜਾ ਪਾ ਲਿਆ ਸੀ। ਰੰਮੀ ਨੇ ਪਿਓ ਵੱਲ ਡੇਲੇ ਕੱਢ ਕੇ ਦੇਖਿਆ ਸੀ। ਪਤਾ ਨਹੀਂ ਕੁੜੀ ਨੂੰ ਹੋਰ ਕੀ–ਕੀ ਬੋਲਦਾ। ਸਵੇਰੇ ਘੁੱਟ ਲਾਈ ਬੈਠਾ ਸੀ। ਉਹਨੂੰ ਅਵਾ–ਤਵਾ ਬੋਲਦੇ ਨੂੰ ਛੱਡ ਕੇ ਮੈਂ ਭਾਰਟੀ ਨੂੰ ਤੁਰ ਪਈ। ਸੋਚਿਆ ਕਿ ਬਿਮਲਾ ਦੇ ਨਿਆਣਿਆਂ ਦਾ ਮਿੰਨਤ ਤਰਲਾ ਕਰਾਂ। ਉਹ ਤਾਂ ਸਾਰੇ ਜਣੇ ਦੋ–ਦੋ, ਤਿੰਨ–ਤਿੰਨ ਮੋਬਾਇਲ ਲਈ ਫਿਰਦੇ ਨੇ। ਕਿਸੇ ਨੇ ਇੱਕ ਕੰਨ ਨਾਲ ਲਾਇਆ ਹੁੰਦਾ ਤੇ ਦੂਜਾ ਗਲੇ 'ਚ ਲਟਕਾਇਆ ਹੁੰਦਾ। ਆਪਣੀ ਬੀਹੀ ਵੜੀ। ਬਿਮਲਾ ਉਪਰਲੀ ਮੰਜ਼ਿਲ 'ਤੇ ਟਹਿਲ ਰਹੀ ਸੀ। ਹੱਥ ਨਾਲ ਅੰਦਰ ਨੂੰ ਸੱਦੀ ਜਾਵੇ। ਫੋਨ ਸੁਨਣ ਵਿੱਚ ਖੁੱਭੀ ਪਈ ਸੀ। ਬਾਹਰੋਂ ਫੋਨ ਆਇਆ ਹੋਣਾ ਏ। ਉਹਦਾ ਵੱਡਾ ਮੁੰਡਾ ਕਿੰਦਾ ਇਟਲ਼ੀ ਆ। ਹੇਮਾ ਵੀਰ ਵੀ ਉਹਨੂੰ ਮਿਲਣ ਗਿਆ ਐ ਇਟਲੀ। ਉਹਨਾਂ ਦਾ ਹਊ ਜਾਂ...। ਹੁਣ ਇਨ੍ਹਾਂ ਦੇ ਬਥੇਰੇ ਨੇ ਬਾਹਰ।

ਛੋਟਾ ਗੇਟ ਖੁੱਲ੍ਹਾ ਸੀ। ਮੈਂ ਅੰਦਰ ਜਾ ਵੜੀ। ਡਰਾਇੰਗ ਰੂਮ ਦੇ ਨਾਲ ਦੇ ਕਮਰੇ ਵਿੱਚ ਸੀ. ਡੀ. ਪਲੇਅਰ ਚੱਲ ਰਿਹਾ ਸੀ। ਮੈਂ ਦਰਵਾਜ਼ਾ ਖੋਲ੍ਹਿਆ, ਲੱਭੂ ਤੇ ਰੂਪਾ ਗੀਤ 'ਤੇ ਨੱਚ ਰਹੇ ਸਨ। ਗੁਆਂਢੀਆਂ ਦੇ ਸੱਤ–ਅੱਠ ਕੁ ਸਾਲ ਦੇ ਤਿੰਨ ਨਿਆਣੇ ਵੀ ਉਨ੍ਹਾਂ ਦੀ ਨਕਲ ਕਰ ਰਹੇ ਸਨ। ਪਹਿਲਾਂ ਤਾਂ ਮੈਨੂੰ ਕੁੜੀ ਕੇ ਕੱਪੜੇ ਵੇਖ ਕੇ ਤਰੇਲੀ ਆ ਗਈ। ਅੰਡਰ ਸ਼ਰਟ ਵਰਗੀ ਝੱਗੀ ਜਿਹੀ ਪਾਈ ਸੀ। ਸਾਰਾ ਲੱਕ ਤੇ ਢਿੱਡ ਨੰਗਾ। ਦਾਦੇ ਮਗਾਣਾ ਮੋਹਰੇ ਕੱਟ...। ਤੋਬਾ–ਤੋਬਾ...। ਦੋਨੋਂ ਛਾਤੀਆਂ ਬਾਹਰ

ਡਿੱਗਣ ਨੂੰ ਫਿਰਨ। ਰੂਪਾ ਗੀਤ ਦੇ ਬੋਲਾਂ 'ਤੇ ਇਸ਼ਾਰੇ ਕਰੇ ਤਾਂ ਉਂਗਲੀ ਛਾਤੀ ਤੱਕ ਲੈ ਕੇ ਜਾਵੇ। ਜਦੋਂ ਸੰਗੀਤ ਦੀ ਧੁੰਨ ਵੱਜੇ, ਛਾਤੀਆਂ ਨੂੰ ਮੁੰਡੇ ਦੇ ਮੂਹਰੇ ਕਰਕੇ ਹਿਲਾਵੇ। ਜਿੱਦਾਂ ਸਟੇਜ ਤੇ ਡਾਂਸਰਾਂ ਹਿਲਾਉਂਦੀਆਂ ਹੁੰਦੀਆਂ। ਆਹ ਕੱਲ੍ਹ ਫਗਵਾੜੇ ਪੈਲੇਸ ਵਿਚ ਕੁੜੀ ਨੇ ਛਾਤੀ ਤੋਂ ਚੁੰਨੀ ਨਹੀਂ ਲਾਹੀ। ਬੰਦ ਗਲੇ ਦਾ ਸੂਟ ਪਾਇਆ ਸੀ। ਲੱਭੂ ਨੇ ਤਾਂ...। ਗੱਲ ਈ ਛੱਡੋ। ਧੁੰਨ ਤੇਜ਼ ਹੋਈ ਤਾਂ ਲੱਭੂ ਜ਼ਿਆਦਾ ਈ ਹਲੌਣ ਲੱਗ ਪਈ। ਲੱਭੂ ਦੀ ਬਰਾ ਦੀ ਹੁੱਕ ਖੁੱਲ੍ਹ ਗਈ। ਉਹਨਾਂ ਸੀ. ਡੀ. ਪਲੇਅਰ ਬੰਦ ਕਰ ਦਿੱਤਾ।

"ਭੂਆ ਜੀ, ਨਮਸਤੇ। ਬੈਠੋ...। ਅਸੀਂ ਰੀਹਰਸਲ ਕਰਦੇ ਪਏ ਆਂ।" ਰੁਮਾਲ ਨਾਲ ਪਸੀਨਾ ਪੂੰਝਦੀ ਲੱਭੂ ਨੇ ਮੈਨੂੰ ਗਲਵਕੜੀ ਪਾਈ।

"ਪੈਰੀਂ ਪੈਂਨਾ, ਭੂਆ ਜੀ।" ਰੂਪਾ ਮੱਥਾ ਟੇਕ ਕੇ ਕੁਰਸੀ ਚੁੱਕ ਲਿਆਇਆ।

"ਰੂਪੇ, ਪਹਿਲਾਂ ਮੇਰੀ ਹੁੱਕ ਲਾ।" ਲੱਭੂ ਨੇ ਝੱਗੀ ਜਿਹੀ ਦਾ ਪਿਛਲਾ ਪਾਸਾ ਚੁੱਕ ਦਿੱਤਾ ਸੀ।

ਰੂਪੇ ਨੇ ਦੋਨਾਂ ਹੱਥਾਂ ਨਾਲ ਬੈਲਟਾਂ ਫੜੀਆਂ ਤੇ ਹੁੱਕ ਲਾ ਦਿੱਤੀ। ਮੇਰਾ ਉਪਰਲਾ ਸਾਹ ਉੱਪਰ ਤੇ ਹੇਠਲਾ ਹੇਠਾਂ।...ਲੱਭੂ ਨੇ ਮੈਨੂੰ ਕੋਕ ਫੜਾਇਆ ਸੀ। ਸਵਿੱਚ ਔਨ ਕਰਕੇ ਫੇਰ ਰੀਹਰਸਲ ਕਰਨ ਲੱਗ ਪਏ ਸਨ। ਗੀਤ ਦੇ ਬੋਲ ਗੂੰਜੇ :-

'ਬਾਬਾ ਵੇ ਕਲਾ ਮਰੋੜ
ਨਿੱਕੀਏ ਨੀ ਲਾ ਦੇ ਜ਼ੋਰ।'

ਬੋਲਾਂ 'ਤੇ ਉਨ੍ਹਾਂ ਦੇ ਐਕਸ਼ਨ ਦੇਖ-ਦੇਖ ਕੇ ਮੈਂ ਧਰਤੀ ਵਿੱਚ ਧੱਸਦੀ ਜਾਵਾਂ। ਹੈਂਅ! ਸਕੇ ਭੈਣ ਭਰਾ ਤੇ...। ਉਤੋਂ ਹੋਰ ਸਿਤੱਮ ਉਹ ਨਿੱਕੇ-ਨਿੱਕੇ ਨਿਆਣੇ ਵੀ ਉਨ੍ਹਾਂ ਵਾਂਗ ਕਰਨ। ਮੈਂ ਉੱਠ ਕੇ ਤੁਰਨ ਲੱਗੀ ਸੀ। ਹਸੂੰ-ਹਸੂੰ ਕਰਦੀ ਬਿਮਲਾ ਅੰਦਰ ਆ ਵੜੀ। ਮੇਰਾ ਕਲਾਵਾ ਭਰ ਕੇ ਮੈਨੂੰ ਤੋਲ ਦਿੱਤਾ। ਉਹ ਮੈਨੂੰ ਡਰਾਇੰਗ ਰੂਮ 'ਚ ਸੋਫੇ 'ਤੇ ਲੈ ਕੇ ਬਹਿ ਗਈ। ਮੋਬਾਇਲ ਫੋਨ ਨੂੰ ਟੇਬਲ 'ਤੇ ਰੱਖ ਕੇ ਬੋਲੀ :-

"ਅਮਰੀਕਾ ਤੋਂ ਕੁੜੀਆਂ ਦੇ ਪ੍ਰਮੋਟਰਾਂ ਦਾ ਫੋਨ ਸੀ। ਰੱਜੂ ਨੂੰ ਛੇ ਮਹੀਨੇ ਲਈ ਅਮਰੀਕਾ ਲੈ ਕੇ ਜਾਣਾ। ਸੱਭਿਆਚਾਰਕ ਪ੍ਰੋਗਰਾਮ ਕਰਨੈ" ਉਹਦਾ ਚਿਹਰਾ ਦਗ-ਦਗ ਕਰ ਰਿਹਾ ਸੀ।

ਮੈਂ ਵਧਾਈਆਂ ਦੇ ਦਿੱਤੀਆਂ, ਪਰ ਮੈਂ ਅੰਦਰ ਵਾਲੇ ਦ੍ਰਿਸ਼ਾਂ ਨਾਲ ਦੋ ਚਾਰ ਹੋ ਰਹੀ ਸਾਂ। ਬਿਮਲਾ ਸੀਡੀਆਂ ਚੁੱਕ ਲਿਆਈ। ਕੰਪਿਊਟਰ 'ਤੇ ਲਾ ਕੇ ਵਿਖਾਉਣ ਲੱਗ ਪਈ। ਉਹ ਸੀਡੀਆਂ ਲੱਭੂ ਤੇ ਰੱਜੂ ਦੇ ਵੱਖ-ਵੱਖ ਸਟੇਜੀ ਪ੍ਰੋਗਰਾਮਾਂ ਦੀਆਂ ਸਨ। ਕਈ ਸੀਨ ਦੇਖ ਕੇ ਤਾਂ ਮੇਰਾ ਦਿਲ ਕਰਦਾ ਕਿ ਸਿਰ ਗੋਡਿਆਂ ਵਿੱਚ ਦੇ ਲਵਾਂ। ਬਿਮਲਾ ਖਿੜੀ ਪਈ ਸੀ। ਉਹ ਇਕੱਲੇ-ਇਕੱਲੇ ਪ੍ਰੋਗਰਾਮ ਬਾਰੇ ਦੱਸ ਰਹੀ ਸੀ। ਰੂਪਾ ਤੇ ਲੱਭੂ ਵੀ ਪਸੀਨੋ ਪਸੀਨਾ ਹੋਈ ਡਰਇੰਗ ਰੂਮ ਵਿੱਚ ਆ ਵੜੇ ਸਨ।

"ਪੁੱਤ, ਕਿਚਨ ਵਿੱਚ ਤੁਹਾਡਾ ਦੁੱਧ ਪਿਆ।" ਬਿਮਲਾ ਨੇ ਲੱਭੂ ਦੀਆਂ ਗੱਲ੍ਹਾਂ ਥਪਥਪਾਈਆਂ ਸਨ।

"ਓ ਨੋ ਮੰਮ...। ਚਿਲਡ ਬੀਅਰ...।" ਲੱਭੂ ਨੇ ਗਲਮਾ ਕੂਲਰ ਮੋਹਰੇ ਕੀਤਾ।

"ਦੇਖ ਲੈ ਨਣਾਨੇ। ਨਿਆਣਿਆਂ ਦੇ ਟੇਸਟ। ਅਸੀਂ ਪੰਜ ਕਿਲੋ ਦੁੱਧ ਲੈਂਦੇ ਆਂ। ਇਹ ਪੀਂਦੇ ਨਹੀਂ। ਕੁੱਤਿਆਂ ਬਿੱਲਿਆਂ ਦੇ ਮੂੰਹ ਲਗਦਾ।"

ਸਾਡੇ ਇਕ ਮੱਝ ਤਾਂ ਅਗਲੇ ਮਹੀਨੇ ਸੂਣ ਵਾਲੀ ਆ। ਦੂਜੀ ਸੁੱਖ ਨਾਲ ਪੰਜ ਕਿਲੋ ਦੁੱਧ ਦਿੰਦੀ ਆ। ਚਾਰ ਕਿਲੋ ਵੇਚ ਦੇਈਦਾ ਆ। ਕਿਲੋ ਨਾਲ ਗੁਜ਼ਾਰਾ ਕਰੀਦਾ ਆ। ਮੈਂ ਘਰ ਨੂੰ ਭੁੱਲਣਾ ਚਾਹੁੰਦੀ ਸੀ। ਪਰ ਘਰ...।

ਲੱਭੂ ਕੂਲਰ ਮੋਹਰ ਬਹਿ ਗਈ। ਰੂਪਾ ਠੋਡੀ ਉਹਦੇ ਮੋਢੇ ਉੱਤੇ ਰੱਖ ਕੇ ਬਹਿ ਗਿਆ। ਉਹਦੀ ਨੱਥ ਨਾਲ ਛੇੜਖਾਨੀ ਕਰਨ ਲੱਗ ਪਿਆ। ਮੈਂ ਕਦੇ ਰੂਪੇ ਵੱਲ ਦੇਖਾਂ ਤੇ ਕਦੇ ਲੱਭੂ ਵੱਲ। ਚਿਹਰੇ ਤੇ ਮੁਸਕਰਾਹਟ ਵੀ ਲਿਆਂਦੀ। ਮੇਰੇ ਅੰਦਰ ਖੌਰੂ ਪੈਣ ਲੱਗਾ। ਜੇ ਸੱਤਾ ਆ ਜਾਵੇ...?

ਸਾਡੀ ਗਲੀ ਵਿੱਚ ਨੰਜੋ ਦੇ ਭਰਾ ਕਾਲੇ ਦਾ ਵਿਆਹ ਸੀ। ਬਰਾਤ ਵਿਆਹੁਣ ਗਈ ਹੋਈ ਸੀ। ਨੰਜੋ ਮੇਰੇ ਨਾਲ ਸਕੂਲ 'ਚ ਦਸਵੀਂ ਤੱਕ ਪੜ੍ਹਦੀ ਰਹੀ ਆ। ਮੇਲਣਾਂ ਨੇ ਨੱਚ-ਨੱਚ ਵਿਹੜਾ ਨੀਵਾਂ ਕੀਤਾ ਪਿਆ ਸੀ। ਨੰਜੋ ਨੇ ਮੈਨੂੰ ਵੀ ਗਿੱਧੇ ਵਿੱਚ ਖਿੱਚ ਲਿਆ ਸੀ। ਮੈਂ ਸਿਰ 'ਤੇ ਚੁੰਨੀ ਦੀ ਪੱਗ ਬੰਨ੍ਹੀ।

'ਸਭਨਾਂ ਨੇ ਪੀਤੀ ਤਿਪਕਾ ਤਿਪਕਾ, ਕਾਲੇ ਨੇ ਪੀਤੀ ਬਾਟੇ ਨਾਲ।
ਚੜ੍ਹ ਗਈ ਓ ਛਰਾਟੇ ਨਾਲ, ਚੜ੍ਹ ਗਈ ਓ...।'

ਮੈਂ ਅਜੇ ਸ਼ਰਾਬੀ ਦਾ ਸਾਂਗ ਉਤਾਰਨ ਲਈ ਬੋਲੀ ਚੁੱਕੀ ਹੀ ਸੀ ਕਿ ਕਿਧਰੋਂ ਸੱਤਾ ਆ ਪਹੁੰਚਿਆ। ਲਾਲ ਅੱਖਾਂ...! ਅੱਖਾਂ ਵਿੱਚੋਂ ਅੰਗਿਆਰ ਡਿੱਗਣ। ਮੇਰਾ ਉਹਦੀਆਂ ਅੱਖਾਂ ਵੱਲ ਮੁੜ ਦੇਖਣ ਦਾ ਹੀਆ ਨਹੀਂ ਪਿਆ। ਘਰ ਨੂੰ ਨੰਗੇ ਪੈਰੀਂ ਭੱਜ ਆਈ। ਮੇਰੀ ਤਾਂ ਜੁੱਤੀ ਵੀ ਓਥੇ ਈ ਰਹਿ ਗਈ ਸੀ। ਭਰਾ ਤਾਂ ਉਹ ਮੇਰਾ ਸੀ। ਪਰ ਬੀਹੀ ਦੀਆਂ ਸਾਰੀਆਂ ਕੁੜੀਆਂ ਉਹਤੋਂ ਡਰਦੀਆਂ ਸਨ।

"ਜਾਹ, ਸ਼ਹਿਰੋਂ ਪਿਜ਼ਾ ਲਿਆ। ਦੋ ਕੁ ਬਰਗਰ ਵੀ ਫ਼ੜ ਲਿਆਈਂ। ਭੂਆ ਤੇਰੀ ਨੂੰ ਲੰਚ ਕਰਾਈਏ।" ਬਿਮਲਾ ਨੇ ਪੰਜ ਸੌ ਦਾ ਨੋਟ ਮੁੰਡੇ ਦੇ ਹੱਥ 'ਤੇ ਰੱਖਿਆ ਸੀ।

ਰੂਪਾ ਉਸੀ ਵੇਲੇ ਮੋਟਰ ਸਾਇਕਲ ਲੈ ਕੇ ਉੱਡ ਗਿਆ ਸੀ। ਲੱਭੂ ਰਸੋਈ 'ਚ ਗਈ ਤੇ ਮੂੰਹ ਪੂੰਝਦੀ ਹੋਈ ਸਾਡੇ ਕੋਲ ਆ ਕੇ ਬੈਠ ਗਈ। ਮੋਬਾਇਲ ਫ਼ੋਨ ਕੰਨਾਂ ਨੂੰ ਲਾ ਲਿਆ। ਟੂਣੇਹਾਰਨ ਵੀ ਇੱਦਾਂ ਹੀ ਕਰਦੀ ਹੋਊ? ਜੇ ਮੇਰੀ ਰੰਮੀ ਇੱਦਾਂ ਕਰੇ ਤਾਂ? ਸੱਤਾ? ਪਰ ਸੱਤਾ ਤਾਂ ਹੁਣ...। ਮੇਰੀਆਂ ਅੱਖਾਂ ਭਰ ਆਈਆਂ ਸਨ। ਪਰ ਮੈਂ ਉਹਨਾਂ ਨੂੰ ਪਤਾ ਨਾ ਲੱਗਣ ਦਿੱਤਾ। ਸਗੋਂ ਬਿਮਲਾ ਦੇ ਹਾਸਿਆਂ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੀ ਰਹੀ। ਉਹ ਗੁਸਲਖਾਨਾ ਦਿਖਾਉਣ ਲੈ ਤੁਰੀ ਸੀ।

"ਇਹ ਰੱਜੂ ਦਾ ਵਾਸ਼-ਰੂਮ ਆ। ਆਹ ਉਪਰੋਂ ਰੇਨਿੰਗ ਵਾਟਰ ਡਿੱਗਦਾ। ਸਾਈਡ ਤੋਂ ਮਸਾਜ਼ ਵਾਟਰ ਆ। ਆਹ...। ਆਹ...। ਬਾਕੀ ਤਿੰਨਾਂ ਦੇ ਵੀ ਇੱਦਾਂ ਦੇ ਬਣਾਉਣੇ ਆ।"

ਮੈਂ ਉਹਦੀ ਬੋਲੀ ਤੋਂ ਹੈਰਾਨ ਹੋਈ ਸੀ। ਪਿੰਡੋਂ ਇਕ ਵਾਰ ਬਾਬਾ ਬਾਲਕ ਨਾਥ ਦੇ ਸੰਗ ਗਿਆ ਸੀ। ਉਥੇ ਉਹਨੂੰ ਪੌਣਾਹਾਰੀ ਨਹੀਂ ਸੀ ਕਹਿਣਾ ਆਇਆ। ਹੇਮੇ ਵੀਰੇ ਨੇ ਸ਼ਾਹਤਲਾਈ ਵਿਚ ਪੌਣਾਹਾਰੀ ਕਹਾ-ਕਹਾ ਕੇ ਟਿੱਲ ਲਾ ਲਿਆ ਸੀ। ਭਾਈ, ਪੈਸਾ ਆਉਣ ਨਾਲ ਸੱਭ ਕੁਸ਼ ਆ ਜਾਂਦਾ। ਹੁਣ ਦੇਖ ਲਓ, ਅੱਧੀ ਅੰਗਰੇਜ਼ੀ ਬੋਲਦੀ ਏ ਤੇ ਅੱਧੀ ਪੰਜਾਬੀ। 'ਕੱਲੇ-'ਕੱਲੇ ਜੀਅ ਕੋਲ ਬੈੱਡ ਰੂਮ ਆ। ਦੋ ਤਾਂ ਕਾਰਾਂ ਖੜ੍ਹੀਆਂ।

"ਓ ਡੀਅਰ ਰੂਪ, ਆਈ ਐਮ ਹੰਗਰੀ...ਹਰੀ ਅੱਪ।" ਲੱਭੂ ਨੇ ਮੋਬਾਈਲ 'ਤੇ ਹੀ ਰੌਲਾ ਪਾ ਲਿਆ ਸੀ।

ਰੂਪਾ ਪਿਜ਼ਾ ਤੇ ਬਰਗਰ ਲੈ ਆਇਆ ਸੀ।...ਮੇਰੇ ਅੰਦਰ ਨਾ ਲੰਘਣ। ਰੇਸ਼ੇ ਜਿਹੇ...ਤਾਰਾਂ ਜਿਹੀਆਂ ਤੋਂ ਕਚਿਆਣ ਆਵੇ।

ਦੱਸ ਭਲਾ ਪਿਜ਼ੇ ਤੇ ਕੋਕ ਦਾ ਕੀ ਮੇਲ? ਚਾਹ ਜਾਂ ਗਰਮ ਦੁੱਧ ਨਾਲ ਤਾਂ ਇੱਦਾਂ ਦੀ ਚੀਜ਼ ਪਚਾਈ ਜਾ ਸਕਦੀ ਆ। ਮੈਂ ਕੋਕ ਪੀਣ ਤੋਂ ਡਰਾਂ। ਮੁੰਡਾ ਕੁੜੀ ਬੀਅਰ ਦੇ ਗਲਾਸ ਭਰ-ਭਰ ਪੀਣ ਲੱਗੇ ਹੋਏ। ਤਿੰਨੋਂ ਜਣੇ ਇੱਕ ਦੂਜੇ ਤੋਂ ਖੋਹ-ਖੋਹ ਕੇ ਖਾਣ। ਸੌਸ ਨਾਲ ਲਿਬੜੀਆਂ ਉਂਗਲੀਆਂ ਵੀ ਚੱਟੀ ਜਾਣ।

ਖਾਣ ਪੀਣ ਤੋਂ ਵਿਹਲੇ ਹੋਏ। ਮੈਂ ਅਸਲ ਮੁੱਦੇ 'ਤੇ ਆਈ। ਰੂਪਾ ਆਪਣੇ ਬੈੱਡ ਰੂਮ 'ਚ ਗਿਆ। ਮੋਬਾਇਲ ਲਿਆ ਕੇ ਮੇਰੇ ਹੱਥ 'ਤੇ ਰੱਖ ਦਿੱਤਾ।

"ਭੂਆ ਜੀ, ਇਹਦੀ ਸਿਮ ਪੈਣ ਵਾਲੀ ਆ। ਅਲਜੀਤ ਨੂੰ ਕਿਹੋ ਕਿ ਪੁਆ ਲਏ।"

ਸਾਰੇ ਟੱਬਰ ਨੂੰ ਅਸੀਸਾਂ ਦਿੰਦੀ, ਮੈਂ ਆਪਣੇ ਘਰ ਆ ਵੜੀ ਸੀ। ਬੀਜੀ ਨੇ ਰੋਟੀ ਲਾਹੀ ਹੋਈ ਸੀ। ਮੈਂ ਆਪ ਖਾਧੀ ਤੇ ਬਾਊ ਜੀ ਨੂੰ ਖੁਆ ਕੇ ਤੁਰ ਪਈ। ਸ਼ਾਮ ਨੂੰ ਖਟਕੜ ਕਲਾਂ ਪੁੱਜੀ ਸੀ। ਰੰਮੀ ਦਾ ਪਿਓ ਟੱਲੀ ਹੋਇਆ ਪਿਆ ਸੀ। ਅਲਜੀਤ ਮੋਬਾਇਲ ਲੈ ਕੇ ਸ਼ਹਿਰ ਜਾ ਵੜਿਆ। ਨ੍ਹੇਰੇ ਹੋਏ ਮੁੜਿਆ ਸੀ। ਅੱਧੀ ਰਾਤ ਤੱਕ ਫੋਨ ਤੇ ਪਤਾ ਨਈਂ ਕੀ ਟਿੱਕ-ਟਿੱਕ ਕਰਦਾ ਰਿਹਾ ਸੀ। ਕਿੱਥੇ ਜੰਮ ਪਈ ਇਸ ਘਰ ਬਾਂਦਰ ਔਲਾਦ। ਇਹ ਬਾਰ੍ਹਵੀਂ ਤਾਂ ਨਕਲ ਮਾਰ ਕੇ ਕਰ ਗਿਆ। ਕਾਲਜ ਜਾ ਕੇ ਫੂਕ ਨਿਕਲ ਗਈ। ਮੜੇ ਮੋਬੈਲਾਂ ਜੋਗਾ ਰਹਿ ਗਿਆ। ਦਿਨ ਹੋਵੇ ਰਾਤ ਹੋਵੇ, ਇਹਦੇ ਕੰਨਾਂ ਨੂੰ ਮੋਬਾਇਲ ਲੱਗਾ ਹੋਊ। ਰਵੇਲ ਸੂੰ ਦੇ ਭਾਣਜੇ ਤੋਂ ਭਰਤੀ ਵੀ ਨਹੀਂ ਕਰਾ ਹੋਇਆ। ਉਹ ਵੀ ਕੀ ਕਰੇ। ਕਿਹੜਾ ਕੋਈ ਨੌਕਰੀ ਨਿਕਲੀ ਆ? ਹਾਰ ਕੇ ਰੰਮੀ ਨੇ ਆਈ. ਟੀ. ਆਈ. ਕਰਨ ਲਾਇਆ।

ਕੁੜੀ ਮੇਰੀ ਬੀਬੀ ਆ। ਆਪਣੀ ਪੜ੍ਹਾਈ ਦਾ ਖ਼ਰਚਾ ਆਪ ਚੁੱਕਦੀ ਆ, ਟਿਊਸ਼ਨ ਪੜ੍ਹਾ ਕੇ। ਜਿਹੜੇ ਪੰਜ-ਸੱਤ ਨਿਆਣੇ ਕਨੇਡਾ ਅਮਰੀਕਾ ਵਾਲਿਆਂ ਦੇ ਆ। ਉਨ੍ਹਾਂ ਤੋਂ ਈ ਪੈਸੇ ਲੈਂਦੀ ਐ। ਗ਼ਰੀਬਾਂ ਦੇ ਨਿਆਣਿਆਂ ਨੂੰ ਮੁਫ਼ਤ ਪੜ੍ਹਾਉਂਦੀ ਆ। ਉਨ੍ਹਾਂ ਨੂੰ ਭਗਤ ਸਿੰਘ ਤੇ ਸੁਖਦੇਵ ਹੁਰਾਂ ਦੇ ਕਿਤਾਬਚੇ ਪੜ੍ਹਾਉਂਦੀ ਆ। ਇਹਨੇ ਐਤਕੀਂ ਬੀ ਏ ਕਰ ਜਾਣੀ ਆ। ਅਗਾਂਹ ਕੁੱਝ ਸੁੱਝਦਾ ਨਹੀਂ। ਕੀ ਕਰਾਈਏ?...ਸਰਕਾਰ ਕੋਈ ਨੌਕਰੀ ਵੀ ਨਹੀਂ ਦਿੰਦੀ। ਪ੍ਰਾਈਵੇਟ ਕੰਪਨੀਆਂ ਵਾਲੇ ਬਥੇਰੇ ਦਗੜ-ਦਗੜ ਕਰੀ ਫਿਰਦੇ ਆ। ਜਵਾਨ ਕੁੜੀਆਂ ਮੁੰਡਿਆਂ ਨੂੰ ਘਰਾਂ ਵਿਚ ਸਮਾਨ ਵੇਚਣ ਲਈ ਤੋਰ ਦਿੰਦੇ ਆ। ਬੰਦੇ ਦੀ ਜ਼ਿੰਦਗੀ ਦੀ ਕਮਾਈ ਲੱਗ ਜਾਂਦੀ ਆ, ਨਿਆਣਿਆਂ ਨੂੰ ਪੜ੍ਹਾਉਂਦਿਆਂ। ਇਹ ਮਰ ਜਾਣੇ...। ਦਫ਼ਤਰਾਂ ਵਿਚ ਹਜ਼ਾਰ ਦੋ ਹਜ਼ਾਰ ਰੁਪਇਆਂ 'ਤੇ ਰੱਖ ਲੈਂਦੇ ਆ। ਸਾਰਾ ਖ਼ੂਨ ਚੂਸ ਲੈਂਦੇ ਨੇ।

ਹੁਣ ਆਹ ਕੁੜੀ ਦਿਨ ਰਾਤ ਕਿਤਾਬਾਂ ਨਾਲ ਮੱਥਾ ਮਾਰਦੀ ਆ। ਇਹਦੀਆਂ ਜਮਾਤਾਂ ਖੂਹ 'ਚ ਈ ਪੈ ਜਾਣੀਆਂ। ਮੈਂ ਤਾਂ ਆਹ ਫ਼ਗਵਾੜੇ ਵਾਲੇ ਪ੍ਰੋਗਰਾਮ ਤੋਂ ਪਹਿਲਾਂ ਈ ਬਿਮਲਾ ਦੀ ਮੰਨ ਲਈ ਸੀ। ਮੈਂ ਵੀ ਧੀ ਨੂੰ ਕੈਨੇਡਾ, ਅਮਰੀਕਾ, ਇੰਗਲੈਂਡ ਭੇਜਣ ਦੇ ਸੁਫ਼ਨੇ ਲੈਣ ਲੱਗੀ ਹਾਂ।...ਫੇਰ ਇਹਨੂੰ ਪੜ੍ਹਾਉਣਾ ਜ਼ਰੂਰੀ ਆ? ਲੱਭੂ ਤੇ

ਰੱਜੂ ਦਸਵੀਂ ਨਹੀਂ ਟੱਪੀਆਂ। ਮੁੰਡੇ ਇੱਥੇ ਤੱਕ ਵੀ ਨਹੀਂ ਪਹੁੰਚੇ।...ਚੱਲ ਰੋਟੀ ਤਾਂ ਚੱਜਦੀ ਖਾਂਦੇ ਆ। ਚੰਗਾ ਪਹਿਨਦੇ ਆ। ਨਿਆਣੇ ਤਰਸਦੇ ਤਾਂ ਨਹੀਂ। ਜੇ ਰੰਮੀ ਮੰਨ ਜਾਵੇ। ਸਾਡੇ ਵੀ ਸਾਰੇ ਧੋਣੇ ਧੋਤੇ ਜਾਣ।

ਮੈਂ ਘਬਰਾਈ ਹੋਈ ਅੰਦਰ ਵੜੀ ਹਾਂ। ਚਿਹਰੇ 'ਤੇ ਮੁਸਕਰਾਹਟ ਲਿਆਉਂਦੀ ਆਂ। ਧੀ ਨੂੰ ਕਲਾਵੇ ਵਿੱਚ ਲੈ ਕੇ ਮੱਥਾ ਚੁੰਮਦੀ ਆਂ। ਇਹ ਮੇਰੇ ਵੱਲ ਹੈਰਾਨੀ ਨਾਲ ਦੇਖਣ ਲੱਗ ਪਈ ਹੈ। ਮੇਰੀਆਂ ਬਾਹਾਂ ਵਿੱਚ ਬਿਮਲਾ ਜਿੰਨੀ ਜਾਨ ਕਿੱਥੇ! ਮੈਂ ਇਹਦੇ ਨਾਨਕਿਆਂ ਦੀਆਂ ਗੱਲਾਂ ਛੇੜ ਕੇ ਬਹਿ ਗਈ ਹਾਂ।

ਭਾਰਟੀ ਵਿੱਚ ਸਾਡੇ ਪੰਜ ਘਰ ਸਨ। ਪਹਿਲਾਂ ਤਾਂ ਹੋ ਸਕਦੈ ਸਾਰੇ ਲਾਗੀ-ਥੱਥੀ ਹੋਣ। ਜਦ ਮੈਂ ਹੋਸ਼ ਸੰਭਾਲੀ, ਬੀਜੀ ਤੇ ਬਾਊ ਚਾਰ-ਪੰਜ ਘਰਾਂ ਦਾ ਖ਼ੁਸ਼ੀ-ਗਮੀਂ ਮੌਕੇ ਕੰਮ ਕਰ ਆਉਂਦੇ ਸੀ। ਬਾਊ ਜੀ ਕੰਮ ਵੀ ਸੁਨੇਹਾ ਦੇਣ ਦਾ ਕਰਦੇ। ਬੀਜੀ ਬੱਸ ਗੋਗਲੇ, ਸੀਰਨੀ, ਲੱਡੂ, ਭਾਜੀ ਵੰਡ ਆਉਂਦੀ ਸੀ। ਬਾਅਦ ਵਿੱਚ ਜਦ ਸੱਤੇ ਨੇ ਫ਼ੋਟੋਗਰਾਫ਼ਰ ਤੇ ਮੂਵੀ ਬਣੌਣ ਦੀ ਦੁਕਾਨ ਪਾ ਲਈ, ਉਹ ਕੰਮ ਵੀ ਛੱਡ ਦਿੱਤੇ। ਸ਼ਾਇਦ ਇਹ ਨਾ ਵੀ ਛੱਡਦੇ। ਪਰ ਸੱਤੇ ਦੀ ਅੜੀ ਅੱਗੇ ਕੀਹਦਾ ਜ਼ੋਰ? ਕਹਿੰਦਾ ਆਪਣਾ ਕਮਾਵਾਂਗੇ ਤੇ ਆਪਣਾ ਖਾਵਾਂਗੇ। ਬੀਜੀ ਨੇ ਕੁੱਛ ਕਹਿਣਾ ਤਾਂ ਅੱਗੋਂ ਬੋਲ ਪੈਣਾ :-

"ਤੁਹਾਨੂੰ ਕੰਮ ਕਰਨ ਦਾ ਕੁੱਸ਼ ਮਿਲਦਾ? ਜੂਠ ਤੇ ਉਤਾਰ...। ਏਹੋ ਗੱਲਾਂ ਸਾਨੂੰ ਸਾਰੀ ਉਮਰ ਉੱਠਣ ਨਹੀਂ ਦਿੰਦੀਆਂ। ਹੀਣ ਭਾਵਨਾ ਦਾ ਸ਼ਿਕਾਰ ਬਣਾਉਂਦੀਆਂ। ਇਨ੍ਹਾਂ ਗੱਲਾਂ ਕਰਕੇ ਅਸੀਂ ਅਗਲਿਆਂ ਦੇ ਬਰਾਬਰ ਨਹੀਂ ਖੜ੍ਹ ਸਕਦੇ। ਲੜਨਾ ਤਾਂ ਦੂਰ ਦੀ ਗੱਲ ਰਹੀ।"

ਉਹਨੂੰ ਬਹਿਸ ਵਿੱਚ ਕੌਣ ਜਿੱਤ ਸਕਦਾ ਸੀ? ਉਹਨੇ ਬੜਾ ਸੋਹਣਾ ਘਰ ਚਲਾ ਲਿਆ ਸੀ। ਮੇਰਾ ਵਿਆਹ ਕੀਤਾ। ਕਹਿੰਦਾ ਆਪਣਾ ਬਾਅਦ 'ਚ ਕਰਾਉਣਾ। ਤਾਂ ਕੀ ਹੋਇਆ, ਜੇ ਕੁੜੀ ਛੋਟੀ ਆ। ਬੱਸ ਇੱਕ ਗੱਲੋਂ ਧੋਖਾ ਖਾ ਗਿਆ। ਜਿਹੜਾ ਬਸਿਆਲੇ ਵਾਲੇ ਫੁੱਫੜ ਦੀਆਂ ਗੱਲਾਂ ਵਿੱਚ ਆ ਕੇ, ਮੈਨੂੰ ਸ਼ਰਾਬੀ ਦੇ ਗਲ ਲਾ ਦਿੱਤਾ। ਫੁੱਫੜ ਦੀ ਇੱਥੇ ਖਟਕੜ ਕਲਾਂ ਰਿਸ਼ਤੇਦਾਰੀ ਸੀ। ਰੰਮੀ ਦਾ ਡੈਡੀ ਦੋ ਸਾਲ ਕੁਵੈਤ ਲਾ ਕੇ ਆਇਆ ਸੀ। ਕਹਿੰਦੇ ਸੀ ਵਿਆਹ ਕਰਵਾ ਕੇ ਚਲੇ ਜਾਣਾ। ਮੁੜ ਅੱਜ ਜਾਂਦਾ। ਇੱਥੇ ਗਲੀਆਂ ਸੜਕਾਂ ਵਿੱਚ ਰੁਲਦਾ ਫਿਰਦਾ। ਝੂਠ ਦੀਆਂ ਪੰਡਾਂ। ਹੈ ਤਾਂ ਰਾਜ ਮਿਸਤਰੀ, ਪਰ ਠੇਕੇਦਾਰ ਕਹਾ ਕੇ ਬੜਾ ਹੁੱਬਦਾ।

ਰੰਮੀ ਚਿੜ ਗਈ ਆ। ਪਿਓ ਦਾ ਨਾਂ ਲੈ ਕੇ ਨਹੀਂ ਰਾਜ਼ੀ। ਭੁੱਖਾ ਮਰਦਾ ਮਰ ਜਾਏ। ਰੋਟੀ ਨਹੀਂ ਦਿੰਦੀ। ਕਦੇ ਪਾਣੀ ਦਾ ਗਲਾਸ ਨਹੀਂ ਫੜਾਉਂਦੀ। ਭਾਵੇਂ ਵਿਲਕਦਾ ਰਵ੍ਹੇ। ਆਖੂਗੀ :-

"ਜੇ ਸਾਡੇ ਨਾਲੋਂ ਸ਼ਰਾਬਾਂ ਚੰਗੀਆਂ, ਸਾਨੂੰ ਜੰਮਣ ਦੀ ਕੀ ਲੋੜ ਸੀ?"

ਇਹ ਤਾਂ ਕਲਿਹਣੀ ਭਰਾ ਦੇ ਕੱਪੜੇ ਨਹੀਂ ਧੋਂਦੀ। ਮੈਂ ਫਗਵਾੜੇ ਵਿਆਹ 'ਤੇ ਜਾਣ ਵੇਲੇ ਨਲਕੇ ਮੋਹਰੇ ਕੱਪੜੇ ਭੇਂਅ ਗਈ। ਇਹਨੂੰ ਧੋਣ ਲਈ ਕਹਿ ਗਈ ਸਾਂ। ਕੱਲ੍ਹ ਵਾਪਸ ਮੁੜੀ ਤਾਂ ਉਵੇਂ ਦੇ ਉਵੇਂ ਪਏ ਸੀ, ਜਿੱਦਾਂ ਰੱਖ ਕੇ ਗਈ ਸਾਂ। ਮੈਂ ਪੁੱਛਿਆ ਤਾਂ ਮੈਨੂੰ ਪੈ ਈ ਗਈ ਸੀ :-

"ਕੋਈ ਪੈਂਟ ਕਮੀਜ਼ ਹੈਗੀ, ਜਿਹਦੇ ਵਿੱਚੋਂ ਮੁਸ਼ਕ ਨਾ ਆਉਂਦਾ ਹੋਵੇ। ਇੱਕ

ਜੇਬ 'ਚ ਹੱਥ ਮਾਰੋ, ਤੰਬਾਕੂ ਨਿਕਲੂ। ਦੂਜੀ 'ਚ ਮਾਰੋ ਬੀੜੀਆਂ ਨਿਕਲੂ।"

ਇਹਨੇ ਤਾਂ ਟੂਣੇਹਾਰਨ ਦੇ ਡਾਂਸ ਦਾ ਸਵਾਦ ਮਾਰ ਦਿੱਤਾ ਸੀ। ਮੈਂ ਰੰਮੀ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਸੀ। ਇਹਨੂੰ ਕੌਣ ਮੱਤ ਦੇਵੇ? ਮੈਂ ਤਾਂ ਉਮਰ ਕੱਟ ਲਈ। ਇਹਦਾ ਕੀ ਬਣੂ? ਪਤਾ ਨਹੀਂ ਅੱਗਿਓਂ ਕਿੱਦਾਂ ਦੇ ਟੱਕਰਨੇ ਆ। ਇਹਦੀ ਜੂਨ ਸੁਧਾਰਨ ਲਈ ਵਾਰ ਵਾਰ ਬਿਮਲਾ ਦੀਆਂ ਗੱਲਾਂ ਸੁਣਾਉਂਦੀ ਆਂ। ਇਹ ਤੇ ਹੁਣ ਥੂੰਨ-ਵੱਟਾ ਬਣ ਕੇ ਬਹਿ ਗਈ ਆ। ਚਲੋ, ਹੁਣ ਮੈਂ ਇਹਦੇ ਪਿਓ ਤੇ ਅਲਜੀਤ ਦਾ ਨਾਂ ਨਹੀਂ ਲੈਂਦੀ। ਇਹਦੇ ਮਾਮੇ ਸੱਤੇ ਦੀਆਂ ਭਾਵੇਂ ਸਾਰਾ ਦਿਨ ਗੱਲਾਂ ਕਰੀ ਜਾਵੋ। ਫੇਰ ਨਹੀਂ ਥੱਕਦੀ। ਉਹਦੇ ਵਰਗੀਆਂ ਆਦਤਾਂ ਨੇ ਇਹਦੀਆਂ ਵੀ। ਕਹੂਗੀ :-

"ਪੜ੍ਹਾਂਗੇ ਤਾਂ ਕੁੱਛ ਕਰਾਂਗੇ...।"

"ਕੀ ਕਰੇਂਗੀ?"

ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫ਼ੋਟੋ ਵੱਲ ਉਂਗਲੀ ਕਰ ਦੇਵੇਗੀ।

ਬਾਹਰ ਚਮੇਲੀ ਦੇ ਫੁੱਲਾਂ ਦਾ ਬੂਟਾ ਲਾਇਆ ਹੋਇਆ। ਉੱਥੋਂ ਫੁੱਲ ਲੈ ਆਊ। ਸੁਖਦੇਵ ਦੀ ਫ਼ੋਟੋ ਮੋਹਰੇ ਰੱਖ ਦੇਂਦੀ ਹੈ।

"ਤੂੰ ਵੀ ਸਾਨੂੰ ਘੱਟ ਪਿਆਰਾ ਨਹੀਂ, ਵੀਰ ਸੁਖਦੇਵ।"

ਇਹ ਜਿੰਨੇ ਮੋਹ ਨਾਲ ਸੱਤੇ ਨੂੰ ਮਾਮਾ ਕਹਿੰਦੀ ਆ, ਉੱਨੇ ਮੋਹ ਨਾਲ ਸੁਖਦੇਵ ਨੂੰ ਵੀਰ ਕਹਿੰਦੀ ਆ। ਮੇਰਾ ਚਿੱਤ ਕਰਦਾ-ਇਹ ਸੁਖਦੇਵ ਨੂੰ ਵੀ ਮਾਮਾ ਕਹੇ। ਸੋਚ ਕੇ ਚੁੱਪ ਕਰ ਜਾਂਦੀ ਆਂ। ਇਹਦੀਆਂ ਇਨ੍ਹਾਂ ਗੱਲਾਂ ਤੋਂ ਤਾਂ ਡਰਦੀ ਆਂ। ਸੱਤਾ ਵੀਰ ਵੀ ਇਸ ਤਰ੍ਹਾਂ ਕਰਦਾ ਹੁੰਦਾ ਸੀ। ਪਰ ਬਣਿਆਂ ਕੀ? ਮੇਰਾ ਹਾਉਂਕਾ ਨਿਕਲ ਗਿਆ ਹੈ। ਇਹ ਮੈਨੂੰ ਟੁੱਟ ਕੇ ਪਈ ਹੈ। ਇਹਦੇ ਭਾਣੇਂ ਮੈਂ ਬਿਮਲਾ ਦੇ ਘਰ ਦੀ ਸਰੱਗੀ ਕਰਕੇ ਹਾਉਂਕਾ ਲਿਆ ਹੈ। ਲੈ ਉਨ੍ਹਾਂ ਦੀ ਸੁਣ ਲਵੋ।

ਮੈ ਨਿਆਣੀ ਸਾਂ ਉਦੋਂ, ਜਦੋਂ ਹੇਮੇ ਵੀਰ ਦਾ ਬਿਮਲਾ ਨਾਲ ਵਿਆਹ ਹੋਇਆ। ਸਾਡੀ ਉਨ੍ਹਾਂ ਨਾਲ ਕੰਧ ਸਾਂਝੀ ਸੀ। ਰਾਮੀ ਤਾਈ ਨੇ ਲੋਕਾਂ ਦੇ ਭਾਂਡੇ ਮਾਂਜਣੇ। ਸਾਧੂ ਤਾਏ ਨੇ ਬਾਲਣ ਲੈਣ ਤੁਰੇ ਰਹਿਣਾ। ਛੋਟੀ ਹੁੰਦੀ ਖੋਰੀ ਤਾਂ ਮੈਂ ਵੀ ਕਈ ਵਾਰ ਉਨ੍ਹਾਂ ਨਾਲ ਲੈ ਕੇ ਆਈ। ਵੱਡੀ ਹੋਈ ਤਾਂ ਸੱਤੇ ਦੀਆਂ ਅੱਖਾਂ ਲਾਲ ਹੋਣ ਲੱਗ ਪਈਆਂ ਸਨ। ਬਿਮਲਾ ਭਾਬੀ ਕਈ ਘਰਾਂ ਦਾ ਕੰਮ ਕਰਦੀ ਸੀ। ਇਹਦੇ ਹੱਥ ਕਾਲੇ ਪੀਲੇ ਹੁੰਦੇ। ਬਿਆਈਆਂ ਪਾਟੀਆਂ ਹੁੰਦੀਆਂ। ਕੰਮ ਨੇ ਕਮਲੀ ਕੀਤੀ ਹੁੰਦੀ। ਕੋਈ ਸੁੱਧ-ਬੁੱਧ ਨਾ ਹੁੰਦੀ। ਹੇਮਾ ਵੀਰਾ ਚਾਰ ਦਿਨ ਹਲਵਾਈ ਨਾਲ ਲਾ ਕੇ ਦੋ ਮਹੀਨੇ ਘਰ ਬੈਠਾ ਰਹਿੰਦਾ।

ਮੇਰੇ ਸਾਹਮਣੇ ਉਸ ਵੇਲੇ ਦੀ ਤੇ ਅੱਜ ਦੀ ਬਿਮਲਾ ਆ। ਇਨ੍ਹਾਂ ਕੋਲ ਇੱਕ ਕੋਠਾ ਈ ਤਾਂ ਹੁੰਦਾ ਸੀ। ਇਨ੍ਹਾਂ ਦਾ ਵਿਆਹ ਹੋਇਆ ਤਾਂ ਤਾਈ ਰਾਮੀ ਤੇ ਤਾਏ ਸਾਧੂ ਨੂੰ ਮੱਝ ਵਾਲੇ ਕਮਰੇ ਵਿੱਚ ਸੌਣਾ ਪੈ ਗਿਆ ਸੀ। ਇਨ੍ਹਾਂ ਦੇ ਘਰ ਮਸੀਂ ਇੱਕ ਡੰਗ ਦੀ ਰੋਟੀ ਪੱਕਦੀ ਹੋਣੀ ਆ। ਇਧਰੋ ਉਧਰੋਂ ਖਾ ਆਉਣੀ। ਬਿਮਲਾ ਭਾਬੀ ਦਾ ਦੁਪਹਿਰਾ ਸਾਡੇ ਘਰ ਹੁੰਦਾ ਸੀ। ਇਹਦੇ ਚਾਰ ਨਿਆਣੇ ਹੋਏ। ਪਹਿਲਾਂ ਲੱਭੂ ਹੋਈ। ਰੱਜੂ ਵੇਲੇ ਕੁੜੀਆਂ ਤੋਂ ਰੱਜ ਗਏ। ਫੇਰ ਕਿੰਦਾ ਤੇ ਰੂਪਾ ਹੋਏ। ਚਾਰੇ ਨਿਆਣੇ ਸਾਡੇ ਘਰ ਪਲੇ ਆ। ਤਾਈ ਤਾਇਆ ਛੇਤੀ ਮੁੱਕ ਗਏ ਸਨ। ਇਨ੍ਹਾਂ ਦੇ ਨਿਆਣੇ ਬੀਜੀ ਸਾਂਭਦੀ। ਇਹ ਆਪ ਘਰਾਂ ਵਿਚ ਕੰਮ ਕਰਨ ਚਲੇ ਜਾਂਦੀ। ਬਾਊ ਜੀ ਨੇ ਜਦ ਸ਼ਹਿਰ

ਤੋਂ ਮੁੜਨਾ ਤਾਂ ਇਨ੍ਹਾਂ ਦੇ ਖਾਣ ਲਈ ਕੋਈ ਨਾ ਕੋਈ ਚੀਜ਼ ਜ਼ਰੂਰ ਲੈ ਕੇ ਔਣੀ। ਬੀਜੀ ਨੇ ਘਰ ਦੇ ਕੰਮਾਂ ਵਿੱਚ ਜੁੱਟ ਜਾਣਾ। ਮੈਂ ਬੱਚੇ ਸਾਂਭ ਲੈਣੇ। ਵੱਡੇ ਤਿੰਨਾਂ ਨੂੰ ਬੈਠਣਾ, ਰੁੜਣਾ, ਤੁਰਨਾ...ਖੁਆਉਣਾ ਮੈਂ ਸਿਖਾਇਆ।

ਰੰਮੀ ਦਾ ਮੇਰੀਆਂ ਗੱਲਾਂ ਵੱਲ ਧਿਆਨ ਘੱਟ ਹੈ। ਹੂੰ ਹਾਂ ਕਰੀ ਜਾਂਦੀ ਆ। ਕਿਤਾਬ ਦੇ ਪੰਨੇ ਪਲਟਾਈ ਜਾਂਦੀ ਆ। ਜਾਂ ਤਾਂ ਇਹਨੂੰ ਮੇਰੀਆਂ ਗੱਲਾਂ ਦਾ ਯਕੀਨ ਨਹੀਂ। ਜਾਂ ਫੇਰ ਮੇਰੀ ਸਮਝ 'ਤੇ ਸੋਚਦੀ ਹੋਊ। ਆਖ਼ਰ ਸੱਤੇ ਦੀ ਭਾਣਜੀ ਆ। ਮੈਂ ਇਹਨੂੰ ਹੁਣ ਦੀ ਬਿਮਲਾ 'ਤੇ ਲੈ ਕੇ ਆਉਣਾ ਚਾਹੁੰਦੀ ਆਂ। ਇਹ ਸੱਤੇ ਦੇ ਕਤਲ ਨੂੰ ਲੈ ਕੇ ਬਹਿ ਗਈ ਆ।

"ਮੰਮਾ, ਉਸ ਰਾਤ ਕੀ-ਕੀ ਹੋਇਆ ਸੀ।"

ਮੈਂ ਇਹਨੂੰ ਇਹ ਘਟਨਾ ਕਿੰਨੀ ਵਾਰ ਦੱਸ ਚੁੱਕੀ ਆਂ। ਪਤਾ ਨਹੀਂ ਇਹ ਕਿਉਂ ਵਾਰ-ਵਾਰ ਪੁੱਛਦੀ ਆ। ਇਹਨੂੰ ਫੇਰ ਦੱਸਣਾ ਪੈਣਾ। ਇਹ ਕਿਹੜਾ ਖਹਿੜਾ ਛੱਡਣ ਵਾਲੀ ਆ।

'ਉਸ ਦਿਨ ਬਰਾਦਰੀ ਨੇ ਛੱਪੜ ਚ ਬੇੜਾ ਛੱਡਿਆ ਸੀ। ਰਾਤ ਨੂੰ ਸਾਲ਼ ਕਰਵਾਇਆ ਸੀ। ਜਿਸ ਪਾਸੇ ਕੁੜੀਆਂ ਬੁੜੀਆਂ ਬੈਠੀਆਂ ਸਨ। ਉਸ ਪਾਸੇ ਅਜੈਬ ਸੁੰਹ ਹੁੰਦਲ ਦਾ ਨਿੰਦੀ ਆਪਣੀ ਢਾਣੀ ਲੈ ਕੇ ਖੜ੍ਹ ਗਿਆ ਸੀ। ਸਾਰੇ ਦਾਰੂ ਨਾਲ ਰੱਜੇ ਪਏ ਸਨ। ਸੱਤਾ ਇਸ ਗੱਲੋਂ ਔਖਾ ਸੀ ਕਿ ਉਹ ਕੁੜੀਆਂ ਵਾਲੇ ਪਾਸੇ ਕਿਉਂ ਖੜ੍ਹੇ ਆ। ਫੇਰ ਉਹ ਨਚਾਰਾਂ ਨੂੰ ਸੱਦ-ਸੱਦ ਕੇ ਬੇਲਾਂ ਕਰਵਾਉਣ ਲੱਗ ਪਏ। ਪ੍ਰਬੰਧਕੀ ਕਮੇਟੀ ਨੇ ਇੱਕ-ਦੋ ਵਾਰ ਰੋਕੇ ਵੀ। ਉਹ ਕਿਤੇ ਮੰਨਣ ਵਾਲੀਆਂ ਜਿਨਸਾਂ ਸਨ? ਅਗਲੇ ਹੋਏ ਵੱਡਿਆਂ ਘਰਾਂ ਦੇ ਕਾਕੇ। ਉਨ੍ਹਾਂ ਸੱਤੇ ਨੂੰ ਗਾਲ੍ਹ ਕੱਢ ਦਿੱਤੀ ਸੀ।

ਸੱਤੇ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਸੀ। ਉਹਨੇ ਨਿੰਦੀ ਨੂੰ ਧੱਕਾ ਮਾਰਿਆ। ਨਿੰਦੀ ਦੇ ਨਾਲ ਦੇ ਨੇ ਸੱਤੇ ਦੇ ਸਿਰ ਵਿਚ ਗੰਡਾਸੀ...। ਰੌਲਾ ਪੈ ਗਿਆ ਸੀ। ਫੇਰ ਨਹੀਂ ਕੁੱਝ ਪਤਾ ਲੱਗਿਆ। ਹਸਪਤਾਲ ਤੀਏ ਦਿਨ...। ਉਹਨੇ ਬੱਚ ਜਾਣਾ ਸੀ ਪਰ ਡਾਕਟਰ ਵੀ ਉਨ੍ਹਾਂ ਨਾਲ...। ਉਹਨੇ ਆਖਰੀ ਸਾਹ ਲਿਆ, ਉਹਦੀਆਂ ਅੱਖਾਂ ਖੁੱਲ੍ਹੀਆਂ ਸਨ। ਸੁਰਖ ਲਾਲ...।'

ਮੇਰੇ ਸਰੀਰ ਵਿੱਚ ਭੋਰਾ ਜਾਨ ਨਹੀਂ ਰਹੀ। ਝੂਠਾ ਪੈਂਦਾ ਜਾਂਦਾ। ਜਿੱਦਣ ਦਾ ਉਹ ਮੁੱਕਿਆ, ਬੀਜੀ ਤੇ ਬਾਊ ਜੀ ਜਮ੍ਹਾਂ ਈ ਰਹਿ ਗਏ। ਮੈਂ ਪਤਾ ਨੀ ਕਿੱਦਾਂ ਤੁਰੀ ਫਿਰਦੀ ਆ। ਮੈਂ ਰੰਮੀ ਵੱਲ ਦੇਖਦੀ ਹਾਂ। ਇਹਦੀਆਂ ਅੱਖਾਂ ਵਿਚ ਲਾਲੀ ਆ, ਇਹ ਇੱਕ ਟੱਕ ਕੰਧ ਵੱਲ ਦੇਖ ਰਹੀ ਹੈ। ਸਾਹਮਣੇ ਕੰਧ 'ਤੇ ਭਗਤ ਸਿੰਘ, ਸਰਾਭੇ ਤੇ ਗ਼ਦਰੀਆਂ ਦੀਆਂ ਫੋਟੂਆਂ ਨੇ। ਦੱਸ ਭਲਾ ਇਹ ਇਨ੍ਹਾਂ ਦੀ ਰੀਸ ਕਰ ਲਊ? ਇਹ ਸਾਰੇ ਜ਼ਮੀਨਾਂ ਜਾਇਦਾਦਾਂ ਵਾਲੇ ਸਨ। ਅਸੀਂ ਕੰਮੀ-ਕਮੀਣਾਂ ਨੇ ਸਰਕਾਰ ਨਾਲ ਕੀ ਟੱਕਰ ਲੈਣੀ ਹੋਈ। ਰੱਜੂ ਤੇ ਲੱਭੂ ਹੁਣੀ ਵੀ ਕੁੜੀਆਂ ਆ। ਮੈਂ ਇਹਨੂੰ ਕਈ ਵਾਰ ਉਨ੍ਹਾਂ ਦੇ ਕਮਰੇ ਦਿਖਾ ਕੇ ਲਿਆਈ। ਐਸ਼ਵਰਿਆ ਰਾਏ, ਕਾਜੋਲ, ਕਰੀਨਾ...ਪਤਾ ਨਹੀਂ ਕਿਹਦੇ-ਕਿਹਦੇ ਪੋਸਟਰ ਲਾਈ ਫਿਰਦੀਆਂ ਹਨ। ਫੇਰ ਉਨ੍ਹਾਂ ਵਰਗੇ ਆਪਣੇ ਵੀ ਪੋਸਟਰ ਬਣਾਏ ਹੋਏ ਹਨ। ਮੋਹਰੋਂ ਬੱਟਨ ਖੁੱਲ੍ਹੇ ਹੋਏ ਤੇ...।

ਇਹ ਉਨ੍ਹਾਂ ਦੇ ਘਰ ਬੋਲੀ ਨਾ। ਆਪਣੇ ਨਾਨੀ ਨਾਨੇ ਕੋਲ ਜਾ ਕੇ ਲੱਗ ਪਈ ਭਾਸ਼ਣ ਕਰਨ। ਬਾਊ ਜੀ ਵੀ ਇਹਦੇ ਨਾਲ ਰਲ ਗਏ ਸਨ। ਉਹ ਪਹਿਲਾਂ ਹੀ

ਭਰੇ ਪੀਤੇ ਬੈਠੇ ਸਨ–

"ਮਾੜੀ ਮੋਟੀ ਸੱਤੇ ਵਾਲੀ ਅਣਖ ਕਿੰਦੇ ਵਿਚ ਸੀ। ਉਹ ਇਸ ਕੰਜਰਖਾਨੇ ਤੋਂ ਰੋਕਦਾ ਸੀ ਇਨ੍ਹਾਂ ਨੂੰ। ਉਹਨੂੰ ਇਟਲੀ ਭੇਜ ਕੇ ਉਹਦਾ ਫਾਹਾ ਵੱਢ ਦਿੱਤਾ।"

ਫੇਰ ਉਸ ਹੌਂਕਾ ਲਿਆ ਸੀ।

"ਸੱਤੇ ਨੂੰ ਨਿੰਦੀ ਹੁਰੀਂ ਇੱਕ ਵਾਰ ਮਾਰਿਆ ਸੀ ਪਰ ਇਹ ਟੱਬਰ ਉਹਨੂੰ ਰੋਜ਼ ਕਤਲ ਕਰਦਾ।"

ਮੈਂ ਭਾਰਟੀਂ ਜਾਂਦੀ ਜ਼ਰੂਰ ਆਂ। ਪਰ ਮੇਰੀ ਰੂਹ ਨਹੀਂ ਭਿੱਜਦੀ। ਉਸ ਪਿੰਡ ਵਿੱਚ ਸੱਤਾ ਨਹੀਂ ਦਿਸਦਾ। ਖੱਟਕੜ ਕਲਾਂ ਘੱਟੋ-ਘੱਟ ਸੱਤਾ ਮੌਜੂਦ ਤਾਂ ਰਹਿੰਦਾ ਏ। ਮੈਨੂੰ ਰੰਮੀ ਵੱਲ ਦੇਖ ਕੇ, ਕੰਧਾਂ ਤੇ ਲੱਗੀਆਂ ਫੋਟੋ ਦੇਖ ਕੇ ਲੱਗਦਾ ਸੱਤਾ ਮੋਇਆ ਨਹੀਂ। ਮੇਰੀ ਧੀ ਵਿੱਚ ਸੱਤੇ ਵਾਲੀ ਕਣੀ ਆ। ਵਿਹੜੇ ਵਿਚ ਲਾਏ ਚਮੇਲੀ ਦੇ ਫੁੱਲਾਂ ਦਾ ਪੂਰਾ ਧਿਆਨ ਰੱਖਦੀ ਹੈ। ਆਖੇਗੀ :-

"ਵੀਰ ਸੁਖਦੇਵ ਨੂੰ ਚਮੇਲੀ ਦੇ ਫੁੱਲ ਬਹੁਤ ਪਸੰਦ ਸਨ। ਇਹ ਸਦਾ ਬਹਾਰ ਫੁੱਲ ਹਨ। ਚੌਵੀ ਘੰਟੇ ਮਿੱਠੀ-ਮਿੱਠੀ ਵਾਸ਼ਨਾ ਛੱਡਦੇ ਆ। ਇਵੇਂ ਉਸਦੇ ਵਿਚਾਰ ਵੀ ਅੱਜ ਤੱਕ ਮਹਿਕਾਂ ਖਿੰਡਾ ਰਹੇ ਨੇ। ਜਿਵੇਂ ਫਾਂਸੀ ਲੱਗਣ ਤੋਂ ਬਾਅਦ ਵੀ ਸੁਖਦੇਵ ਵੀਰ ਦੀ ਵਿਚਾਰਧਾਰਾ ਸੁਗੰਧ ਫੈਲਾ ਰਹੀ ਐ।"

ਸੱਤੇ ਦੇ ਨਾਲ ਇੱਕ ਕੁਚ-ਦਾੜ੍ਹੀ ਵਾਲਾ ਭਾਈ ਇੱਥੇ ਸਾਡੇ ਘਰ ਆਉਂਦਾ ਹੁੰਦਾ ਸੀ। ਉਹਦੇ ਨਾਲ ਇੱਕ ਸੋਹਣੀ ਜਿਹੀ ਜ਼ਨਾਨੀ ਹੁੰਦੀ ਆ। ਉਹਦਾ ਨਾਂ ਚੇਤਨਾ ਹੈ। ਰੰਮੀ ਉਨ੍ਹਾਂ ਨਾਲ ਤੁਰੀ ਫਿਰਦੀ ਏ। ਸੱਤੇ ਦੇ ਕਤਲ ਤੋਂ ਬਾਅਦ ਮੈਂ ਟੁੱਟ ਗਈ ਸਾਂ। ਉਦੋਂ ਉਨ੍ਹਾਂ ਮੈਨੂੰ ਸਾਂਭਿਆਂ ਸੀ। ਉਹਨੀਂ ਮੈਨੂੰ ਬੜਾ ਦਿਲਾਸਾ ਦਿੱਤਾ ਸੀ। ਉਨ੍ਹਾਂ ਦੇ ਆਖੇ ਲੱਗ ਕੇ ਮੈਂ ਵੀ ਸੱਤੇ ਦੇ ਰਾਹ ਤੁਰਨ ਦਾ ਫ਼ੈਸਲਾ ਕੀਤਾ ਸੀ। ਮੈਂ ਪਿੰਡੋਂ ਸੱਤੇ ਦੀਆਂ ਕਿਤਾਬਾਂ ਚੁੱਕ ਲਿਆਈ ਸਾਂ। ਉਹ ਦੋਨੋਂ ਘਰ ਆਉਂਦੇ। ਪਰਚਾ ਦੇ ਜਾਂਦੇ ਤੇ ਹੋਰ ਕਿਤਾਬਾਂ ਵੀ। ਮੇਰੀ ਗਾਉਣ ਲਈ ਆਵਾਜ਼ ਅੱਛੀ ਹੈ। ਉਹਨੀਂ ਮੈਨੂੰ ਗੀਤ ਸੰਗੀਤ ਦੀ ਟ੍ਰੇਨਿੰਗ ਦੁਆਉਣੀ ਸ਼ੁਰੂ ਕੀਤੀ ਸੀ। ਉਹ ਮੈਨੂੰ ਨਾਟਕ ਵਾਲੀਆਂ ਸਟੇਜਾਂ 'ਤੇ ਗਾਉਣ ਲੈ ਜਾਂਦੇ। ਰੰਮੀ ਦੇ ਪਿਓ ਨੂੰ ਮਰਦ ਜਾਤ ਬਹੁਤੀ ਭਾਉਂਦੀ ਨਹੀਂ। ਮੇਰੇ 'ਤੇ ਕਈ ਰੋਕਾਂ ਲੱਗ ਗਈਆਂ ਸਨ। ਫੇਰ ਮੈਂ ਘਰ ਦੇ ਖਲਜਗਣ ਵਿੱਚ ਉਲਝ ਕੇ ਰਹਿ ਗਈ। ਹੁਣ ਰੰਮੀ ਉਨ੍ਹਾਂ ਨਾਲ ਧਰਨਿਆਂ ਮੁਜ਼ਾਹਰਿਆ ਤੇ ਜਾਂਦੀ ਏ। ਆਪਣੇ ਕਾਲਜ ਦੀ ਸਟੂਡੈਂਟ ਯੂਨੀਅਨ ਦੀ ਲੀਡਰ ਹੈ। ਪਿੰਡ ਬੁੱਤ 'ਤੇ ਸ਼ਹੀਦੀ ਦਿਨ ਮਨਾਉਣ ਲਈ ਮੋਹਰੇ ਹੁੰਦੀ ਏ। ਮਜ਼ਦੂਰਾਂ ਦੇ ਬਿਜਲੀ ਬਿੱਲ ਮੁਆਫ ਕਰਾਉਣ ਲਈ ਘੋਲ ਚੱਲ ਰਿਹਾ ਏ। ਉਥੇ ਤਾਂ ਮੈਨੂੰ ਵੀ ਲੈ ਜਾਂਦੀ ਏ। ਮੈਨੂੰ ਸੁਖਦੇਵ ਹੁਰਾਂ ਦੀ ਸਿਆਸਤ ਸਮਝਾਉਣ ਲੱਗ ਪੈਂਦੀ ਆ। ਮੈਂ ਸੋਚਦੀ ਰਹਿੰਦੀ ਆਂ ਕਿ ਉਹ ਰੱਜੂ ਤੇ ਲੱਭੂ ਵੀ ਕਿਸੇ ਦੀਆਂ ਕੁੜੀਆਂ ਆ।

ਸਾਡੇ ਪਿੰਡ ਵਾਲਾ ਰਵੇਲ ਸਿੰਘ ਸੰਧੂ ਦਾ ਪਰਿਵਾਰ ਮੁੰਡੇ ਦਾ ਵਿਆਹ ਕਰਨ ਇੰਗਲੈਂਡ ਤੋਂ ਆਇਆ ਹੋਇਆ ਸੀ। ਮੇਰੇ ਸਹੁਰੇ ਉਨ੍ਹਾਂ ਦੇ ਲਾਗੀ ਰਹੇ ਆ। ਵਿਆਹ 'ਤੇ ਸਾਨੂੰ ਵੀ ਸੱਦਾ ਸੀ। ਰੰਮੀ ਜਾਣ ਲਈ ਮੰਨੀ ਨਾ। ਮੈਂ ਪੈਲੇਸ ਵਿਚ ਪਾਰਟੀ ਖਾਣ ਚਲੀ ਗਈ। ਪੈਲੇਸ ਦੇ ਅੰਦਰ ਮੁੰਡੇ ਟਹਿਕੇ ਲਾਉਣ :-

"ਹਾਏ ਓਏ! ਰਾਜੀ ਰਾਜਦੀਪ ਤੇ ਪ੍ਰੀਤੀ ਲਵਪ੍ਰੀਤ ਨੂੰ ਲਿਆਓ।"

ਸਟੇਜ ਸਕੱਤਰ ਵੀ ਕੁੜੀਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੀਂ ਜਾਵੇ। ਨੰਤੀਆਂ ਪਾਈ ਖੜ੍ਹੇ ਮੁੰਡੇ ਸੀਟੀਆਂ ਮਾਰਨ ਲੱਗ ਪਏ। ਉਨ੍ਹਾਂ ਤੋਂ ਹੋਰ ਇੰਤਜ਼ਾਰ ਨਹੀਂ ਸੀ ਹੋ ਰਿਹਾ। ਉਹ ਸ਼ਰਾਬ ਦੇ ਗਲਾਸ ਉੱਪਰ ਨੂੰ ਚੁੱਕਦੇ, ਅਵਾਜ਼ਾਂ ਕੱਸਦੇ। ਸਟੇਜ ਸਕੱਤਰ ਨੇ ਝੱਟ ਚਾਰ ਕੁੜੀਆਂ ਸਟੇਜ ਤੇ ਲੈ ਆਂਦੀਆਂ। ਉਨ੍ਹਾਂ ਦੇ ਸਰੀਰ ਗੀਤ ਦੇ ਬੋਲਾਂ ਤੇ ਥਿਰਕਣ ਲੱਗ ਪਏ। ਮੁੰਡਿਆਂ ਦੀਆਂ ਸੀਟੀਆਂ ਤੇ ਮੱਘੇ ਹੋਰ ਉੱਚੇ ਹੋ ਗਏ। ਕੁੜੀਆਂ ਬੜਾ ਸ੍ਹੋਣਾ ਨੱਚ ਰਹੀਆਂ ਸਨ। ਸਾਰੇ ਹਾਲ ਵਿੱਚ ਧਮਾਲ ਪੈ ਰਹੀ ਸੀ। ਚਾਰੇ ਕੁੜੀਆਂ ਹਿਰਨੀਆਂ ਵਰਗੀਆਂ। ਮੋਟੀਆਂ-ਮੋਟੀਆਂ ਅੱਖਾਂ ਵਿਚਲੇ ਇਸ਼ਾਰਿਆਂ ਨੇ ਕੀ ਮੁੰਡੇ ਤੇ ਕੀ ਬੁੱਢੇ...ਸੱਭ ਕਮਲੇ ਕਰ ਦਿੱਤੇ ਸਨ। ਤਿੱਖੇ ਭਰਵੱਟੇ ਤੇ ਆਈ ਸ਼ੈਡੋ ਵਾਲੀਆਂ ਅੱਖਾਂ ’ਚੋਂ ਨਸ਼ਾ ਕਿਰਦਾ ਪਿਆ ਸੀ। ਵਾਲਾਂ ਦੇ ਸਟਾਈਲ ਤੋਂ ਉਨ੍ਹਾਂ ਨੱਢੀਆਂ ਦੀਆਂ ਸੂਰਤਾਂ ਪਛਾਣੀਆਂ ਨਹੀਂ ਸੀ ਜਾ ਰਹੀਆਂ।

ਉਨ੍ਹਾਂ ਵਿਚੋਂ ਜਿਹੜਾ ਚਿਹਰਾ ਜ਼ਿਆਦਾ ਖਿੱਚ ਪਾਉਂਦਾ। ਮੈਂ ਉਹਤੇ ਰੰਮੀ ਦਾ ਚਿਹਰਾ ਲਾ ਦਿੰਦੀ ਪਰ ਜਲਦੀ ਮੇਰਾ ਸੁਪਨਾ ਟੁੱਟ ਜਾਂਦਾ। ਮੇਰੀ ਕੁੜੀ ਇੰਨੇ ਜੋਗੀ ਕਿਥੋਂ। ਜਿੰਨਾ ਉਨ੍ਹਾਂ ਨੇ ਮੇਕਅੱਪ ਕੀਤਾ ਹੋਇਆ ਸੀ, ਇਹ ਕਰ ਲਊ? ਇਹਨੇ ਕਦੇ ਨੈਹ ਪਾਲਿਸ਼ ਨੀ ਲਾਇਆ। ਨੱਕ ਤਾਂ ਕੀ ਕੰਨ ਨਹੀਂ ਬਿੰਨਣ ਦਿੱਤੇ। ਕੋਈ ਛੱਲਾ, ਚੂੜੀ ਜਾਂ ਗਾਨੀ ਨਹੀਂ ਪਾਈ। ਬਿਊਟੀ ਪਾਰਲਰਾਂ ਨੂੰ ਨਫ਼ਰਤ ਕਰਦੀ ਆ। ਇਹਦੇ ਕੋਲੋਂ ਸੁਖਦੇਵ ਦੇ ਗੰਨੇ ਚੂਪਣ ਤੋਂ ਲੈ ਕੇ ਕੱਪੜਿਆਂ ਤੱਕ ਦਾ ਪੁੱਛ ਲਵੋਂ ਤਾ ਝੱਟ ਦੱਸ ਦੇਵੇਗੀ। ਇਨਕਲਾਬੀ ਦਲ ਦੇ ਮੈਂਬਰਾਂ ਦੀ ਡਰੈੱਸ ਪੁੱਛ ਲਓ, ਉਹ ਵੀ ਦੱਸ ਦੇਵੇਗੀ। ਇਹਦੇ ਅੰਦਰ ਤਾਂ ਕੁੱਚ ਦਾੜ੍ਹੀ ਵਾਲੇ ਦੇ ਨਾਲ ਦੀ ਚੇਤਨਾ ਵੜੀ ਹੋਈ ਆ।

ਚੋਹਾਂ ਕੁੜੀਆਂ ਦੀ ਖਿੱਚ ਮਨਮੋਹਨੀ ਸੀ। ਉਪਰਲਾ ਪੋਰਸ਼ਨ ਜ਼ਰੂਰ ਨੰਗਾ ਸੀ। ਉਹ ਹਰ ਗੀਤ ‘ਤੇ ਡਰੈੱਸ ਬਦਲਦੀਆਂ। ਮੁੰਡੇ ਬੁੱਢੇ ਸੱਭ ਝੂਮ ਰਹੇ ਸਨ। ਇੱਕ ਹੱਥ ਵਿੱਚ ਗਲਾਸੀ ਤੇ ਦੂਜੇ ਹੱਥ ਵਿੱਚ ਨੋਟ। ਨੋਟ ਤੇ ਨੋਟ ਬਾਰੀ ਜਾਣ। ਥੱਦੀਆਂ ਦੀਆਂ ਥੱਦੀਆਂ ਖਿਲਾਰੀ ਜਾਣ।

ਛੇ ਉੱਚੇ ਲੰਮੇ ਗੱਭਰੂ ਭੰਗੜੇ ਦੇ ਜੌਹਰ ਦਿਖਾ ਰਹੇ ਸਨ। ਪੱਗਾਂ ਦੇ ਤੁਰਲਿਆਂ ਤੇ ਦਾਹੜੀਆਂ ਦੀ ਸ਼ਾਨ ਵੱਖਰੀ ਸੀ। ਦੋ ਤਾਂ ਸੰਧੂਆਂ ਦੀ ਰਿਸ਼ਤੇਦਾਰੀ ਵਿਚੋਂ ਸੀ। ਕੁੜੀਆਂ ਮੁੰਡਿਆਂ ਦੇ ਕਰਤੱਵ ਦੇਖਣ ਵਾਲੇ ਸਨ। ਬੇ-ਪ੍ਰਵਾਹ...। ਬੇਹੱਦ ਸਲਾਹੁਣਯੋਗ ਅਦਾਕਾਰੀ। ਕਦੇ ਕੁੜੀਆਂ ਮੁੰਡੇ ਇਕ ਦੂਜੇ ਦੀਆਂ ਬਾਹਾਂ ਵਿੱਚ ਬਾਹਾਂ ਪਾ ਲਿਆ ਕਰਨ। ਕਦੇ ਕਲਾਵੇ ਵਿੱਚ ਵਿੱਚ ਲੈ ਲਿਆ ਕਰਨ। ਕਦੇ ਮੁੰਡੇ ਕੁੜੀਆਂ ਨੂੰ ਚੁੱਕ ਕੇ ਘਨੇੜੀ ਚੜ੍ਹਾ ਲਿਆ ਕਰਨ। ਮੇਰੇ ਕੋਲ ਕੁਲਜੀਤ ਆ ਬੈਠੀ ਸੀ। ਇਹ ਰਵੇਲ ਸੁੰਹ ਹੁਣਾਂ ਦੇ ਵਿਚੋਂ ਈ ਆ। ਪ੍ਰਾਹੁਣੇ ਨੇ ਛੱਡ ਦਿੱਤੀ ਸੀ। ਹੁਣ ਕਈ ਸਾਲਾਂ ਦੀ ਪੇਕੀ ਰਹਿੰਦੀ ਆ। ਮੈਨੂੰ ਕੁੜੀਆਂ ਮੁੰਡਿਆਂ ਵਿਚ ਖੁੱਭੀ ਦੇਖ ਬੋਲੀ :-

“ਤਾਰੋ, ਸਾਰੇ ਤਾਂ ਪੈਸੇ ਇਨ੍ਹਾਂ ਚੋਂਹ ਨੇ ਲੁੱਟ ਕੇ ਲਿਜਾਣੇ ਆ। ਛੇਆਂ ਮੁੰਡਿਆਂ ਦੇ ਪੱਲੇ ਤਾਂ ਆਹੀ ਹੱਥ ਹੁੱਥ ਲਾ ਲੈਣਾ ਈ ਪੈਣਾ ਆ।”

ਸਟੇਜ ਸਕੱਤਰ ਰਾਜੀ ਰਾਜਦੀਪ ਤੇ ਪ੍ਰੀਤੀ ਲਵਪ੍ਰੀਤ ਦੇ ਨਾਂ ਤੇ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕਢਾਈ ਜਾਂਦਾ ਸੀ। ਕੁੜੀਆਂ ਨੇ ਕੋਈ ਕਸਰ ਵੀ ਨਹੀਂ ਛੱਡੀ ਸੀ। ਮੈਨੂੰ ਇਦਾਂ ਲੱਗੇ ਜਿਦਾਂ ਕਿਤੇ ਦੇਖੀਆਂ ਹੋਈਆਂ ਹਨ। ਮੈਂ ਬਾਥਰੂਮ ਗਈ

ਹੋਈ ਪਰਦੇ ਪਿਛੇ ਝਾਤੀ ਮਾਰ ਬੈਠੀ। ਮੂੰਹ ਧੋ ਕੇ ਹਟੀਆਂ ਸਨ।

"ਫੋਅਟ ਗਦੂਤਾਂ ਦੇ। ਇਹ ਤਾਂ ਲੱਭੂ ਰੱਜੂ ਆ। ਲਗਦੀਆਂ ਰਾਜੀ ਰਾਜਦੀਪ ਤੇ ਪ੍ਰੀਤੀ ਲਵਪ੍ਰੀਤ ਦੀਆਂ।" ਮੇਰੇ ਮੂੰਹੋ ਗਾਲ੍ਹ ਨਿਕਲਦੀ-ਨਿਕਲਦੀ ਰਹਿ ਗਈ।

ਉਦਾਂ ਮੈਂ ਆਪਣੀਆਂ ਕੁੜੀਆਂ ਦੇਖ ਕੇ ਖੁਸ਼ ਵੀ ਹੋਈ ਸੀ। ਹੁੱਬ ਕੇ ਮਿਲੀ ਸੀ। ਇਨ੍ਹਾਂ ਤੇ ਹੁੰਦੀ ਰੁਪਇਆਂ ਦੀ ਵਰਖਾ ਦੇਖ ਕੇ ਸੜੀ ਵੀ ਬਹੁਤ ਸੀ। ਉਨ੍ਹਾਂ ਦੀ ਕੋਠੀ ਤੇ ਆਪਣੇ ਟੁੱਟੇ ਜਿਹੇ ਘਰ ਬਾਰੇ ਸੋਚ-ਸੋਚ ਕਮਲੀ ਹੋ ਗਈ ਸਾਂ। ਮੋਟੀ ਕੁਲਜੀਤ ਖਾਣ ਤੋਂ ਨਾ ਹਟੇ। ਕਦੇ ਚਿਕਨ ਤੇ ਕਦੇ ਮੱਛੀ ਵਾਲੇ ਪਕੌੜੇ, ਕਦੇ...। ਮੇਰੇ ਅੰਦਰ ਪਕੌੜੇ ਨਾ ਲੰਘਣ। ਅੰਦਰ ਜਾ ਕੇ ਫੁੱਲਣ ਲੱਗ ਪਏ।

ਮੈਂ ਇਹ ਗੱਲਾਂ ਰੰਮੀ ਨਾਲ ਕਰਨਾ ਚਾਹੁੰਦੀ ਆਂ। ਸ਼ਾਇਦ ਇਹ ਆਪਣਾ ਮਨ ਬਣਾ ਲਏ। ਕਿਤੇ ਸਾਡੇ ਵੀ ਪਾਰ ਉਤਾਰੇ ਹੋ ਜਾਣ। ਉਨ੍ਹਾਂ ਦੀ ਬੱਲੇ-ਬੱਲੇ ਦੀਆਂ ਗੱਲਾਂ ਛੇੜ ਕੇ ਬਹਿ ਗਈ ਹਾਂ।

ਦੋਨਾਂ ਕੁੜੀਆਂ ਨੇ ਮਿਹਨਤ ਵੀ ਬੜੀ ਕੀਤੀ ਆ। ਪੰਜ-ਛੇ ਸਾਲ ਤਾਂ ਆਰਕੈਸਟੇ ਵਾਲਿਆਂ ਨਾਲ ਈ ਰਹੀਆਂ ਨੇ। ਜਦੋਂ ਆਰਕੈਸਟੇ ਵਾਲਿਆਂ ਖਿਲਾਫ ਗੱਲਾਂ ਹੋਣ ਲੱਗੀਆਂ, ਫਿਰ ਇਨ੍ਹਾਂ ਕਲਚਰਲ ਗਰੁੱਪ ਬਣਾ ਲਿਆ। ਉਹ ਵੀ ਆਪਣਾ। ਇਨ੍ਹੀਂ ਸੱਭ ਕੁੱਝ ਕੀਤਾ। ਦਿਨ ਰਾਤ ਸਟੇਜਾਂ ਤੇ ਇੱਕ ਕੀਤਾ। ਆਪਣੇ ਸਰੀਰ ਨੂੰ ਤੋੜਿਆ। ਕਰਦੀਆਂ ਵੀ ਕੀ। ਹੁਣ ਕਿਹੜੇ ਕੰਮ ਰਹਿ ਗਏ? ਮੈਰਿਜ ਪੈਲੇਸ ਵਾਲਿਆਂ ਨੇ ਪਤਾ ਨਹੀਂ ਕਿੰਨਿਆਂ ਦੇ ਢਿੱਡ 'ਤੇ ਲੱਤ ਮਾਰੀ ਤੇ ਕਿੰਨਿਆਂ ਨੂੰ ਰੋਟੀ ਦਿੱਤੀ। ਅਗਲੀਆਂ ਨੇ ਡੱਟ ਕੇ ਮਿਹਨਤ ਕੀਤੀ। ਕਿੰਦੇ ਨੂੰ ਇਟਲੀ ਭੇਜਿਆ। ਰੂਪੇ ਨੂੰ ਅਡਜਸਟ ਕੀਤਾ। ਹੁਣ ਗਰੁੱਪ ਦਾ ਇੰਚਾਰਜ ਬਣਾਇਆ ਹੋਇਆ ਆ। ਕੋਠੀ ਬਣਾਈ। ਮਾਂ-ਬਾਪ ਨੂੰ ਰਾਜ ਬਿਠਾਇਆ। ਹੁਣ ਬਿਮਲਾ ਦੇ ਖਾਨਾਬਦੋਸ਼ੀ ਦੇ ਦਿਨ ਲੱਦ ਗਏ। ਇਦਾਂ ਦੀਆਂ ਧੀਆਂ ਤਾਂ ਰੱਬ ਸੱਭ ਨੂੰ ਦੇਵੇ।

"ਮੰਮੀ, ਆਪਣਾ ਪਿੰਡ ਭਗਤ ਸਿੰਘ ਤੇ ਚਾਚਾ ਅਜੀਤ ਸਿੰਘ ਹੁਰਾਂ ਵਾਲਾ ਏ। ਇਹਨਾਂ ਬਾਰੇ ਕੁਝ ਪਤਾ?"

ਲਓ, ਹੋਰ ਸੁਣ ਲਓ। ਮੈਂ ਇਹਦੇ ਨਾਲ ਕਿਹੜੀਆਂ ਗੱਲਾਂ ਕਰਨੀਆਂ ਚਾਹੁੰਦੀ ਆ ਤੇ ਇਹ...।

"ਇਨਕਲਾਬੀ ਦਲ ਨੇ ਲੋਟੂ ਰਾਜ ਪ੍ਰਬੰਧ ਦਾ ਖਾਤਮਾ ਕਰਕੇ, ਕਿਰਤੀਆਂ ਦਾ ਰਾਜ ਪ੍ਰਬੰਧ ਸਥਾਪਤ ਕਰਨ ਦਾ ਨਾਹਰਾ ਦਿੱਤਾ। ਧਰਮ ਨਿਰਪੱਖ ਰਾਜ ਜਿਹਦੇ ਵਿਚ ਜਾਤ ਪਾਤ ਨੂੰ ਕੋਈ ਥਾਂ ਨਹੀਂ।"

ਇਹ ਕੁੜੀ ਆਪਣੇ ਮਾਮੇ ਵਾਂਗੂੰ ਕਮਲੀਆਂ ਮਾਰੀ ਜਾਂਦੀ ਆ। ਇਹਨੂੰ ਆਪਣੇ ਘਰ ਦਾ ਨਰਕ ਨਹੀਂ ਦਿੱਸਦਾ। ਇਹਨੂੰ ਬੂਹਿਓਂ ਉਠਾਓਣ ਦੀ ਚਿੰਤਾ ਪਈ ਹੋਈ ਹੈ। ਮੁੰਡਿਆਂ ਵਾਲਿਆਂ ਪਤਾ ਕਿਡੇ-ਕਿਡੇ ਮੂੰਹ ਅੱਡੇ ਹੋਏ ਨੇ। ਜੇ ਇਹ ਮੰਨ ਜਾਵੇ। ਬਿਮਲਾ ਨੇ ਜ਼ਿੰਮੇਵਾਰੀ ਲਈ ਆ। ਉਹ ਵੀ ਤਾਂ ਮਾਂ ਆ। ਉਹਦਾ ਜਿਗਰਾ ਦੇਖੋ। ਇਕੱਲੀਆਂ ਕੁੜੀਆਂ ਨੂੰ ਰਾਤ ਬਿਰਾਤੇ ਪਤਾ ਨ੍ਹੀਂ ਕਿਥੇ-ਕਿਥੇ ਤੋਰੀ ਰੱਖਦੀ ਆ।

ਤੇ ਕੁਲਜੀਤ...।

ਉਹ ਵੀ ਜਾਂਦੀ ਆ। ਜ਼ਮੀਨਾਂ ਜਾਇਦਾਦਾਂ ਵਾਲਿਆਂ ਦੀ ਧੀ ਆ। ਮੇਰੇ ਨਾਲ ਹਰ ਗੱਲ ਕਰ ਲੈਂਦੀ ਆ। ਪਹਿਲਾਂ ਤਾਂ ਇੱਧਰ ਉੱਧਰ ਦੀਆਂ ਹੀ ਮਾਰਦੀ

ਰਹਿੰਦੀ ਸੀ। ਜਲਦੀ ਬੁਝਾਰਤਾਂ ਵਿਚੋਂ ਬਾਹਰ ਨਿਕਲ ਆਈ।

"ਤਾਰੋ, ਤੂੰ ਵੀ ਆਜਿਆ ਕਰ। ਚਾਰ ਪੈਸੇ ਬਣਦੇ ਆ। ਚਾਰ ਦਿਨ ਸੁੱਖ ਦੇ ਕੱਟ ਲਓ। ਕਾਹਨੂੰ ਛੋਟੀਆਂ-ਛੋਟੀਆਂ ਚੀਜ਼ਾਂ ਲਈ ਤਰਸੀ ਜਾਣਾ।"

ਮੈਂ ਉਸਦੀ ਪੂਰੀ ਗੱਲ ਸੁਣੀ ਨਹੀਂ ਸੀ। ਗਾਹੇ-ਬਿਗਾਹੇ ਮਿਲਣ ਲੱਗੀ। ਇਹ ਕੁੜੀਆਂ ਸਪਲਾਈ ਕਰਦੀ ਹੈ।

"ਤੇਰੇ ਮੇਰੇ ਵਰਗੀਆਂ ਅੱਧਖੜ੍ਹਾਂ ਦਾ ਤਾਂ ਦੋ-ਤਿੰਨ ਸੌ ਮਿਲਣਾ। ਲਵਪ੍ਰੀਤ ਤੇ ਰਾਜਦੀਪ ਵਰਗੀਆਂ ਤਾਂ ਨਾਈਟ ਦਾ ਦੋ-ਦੋ ਹਜ਼ਾਰ ਲੈਂਦੀਆਂ। ਜੇ ਬਾਹਰਲੀ ਸਾਮੀ ਮਿਲ ਜਾਏ। ਫੇਰ ਤਾਂ ਪੌਂ ਬਾਰਾਂ।"

ਲੱਭੂ ਤੇ ਰੱਜੂ ਦਾ ਸੁਣ ਕੇ ਮੇਰਾ ਮੂੰਹ ਖੁੱਲ੍ਹਾ ਰਹਿ ਗਿਆ। ਮੇਰਾ ਮਨ ਮੰਨਿਆਂ ਨਹੀਂ ਸੀ। ਐਨੀਆਂ ਸੋਹਣੀਆਂ ਕੁੜੀਆਂ। ਉੱਤੋਂ ਕਮਾਲ ਦੀਆਂ ਡਾਂਸਰਾਂ।

"ਢਕੀ ਰਹਿ। ਵਿਆਹ ਪਾਰਟੀਆਂ ਸਾਰਾ ਸਾਲ ਹੁੰਦੇ ਆ ਕਿਤੇ? ਤੁਹਾਨੂੰ ਬਾਂਦਰਾਂ ਨੂੰ ਕੌਣ ਅਕਲ ਦੇਵੇ। ਇਹ ਗਿੱਧੇ, ਭੰਗੜੇ, ਆਰਕੈਸਟ੍ਰੇ, ਸੱਭਿਆਚਾਰਕ ਪ੍ਰੋਗਰਾਮ ਤਾਂ ਬਹਾਨੇ ਐ। ਅਗਲੇ ਪਾਰਟੀ 'ਚੋਂ ਮੁੱਲ ਪਾ ਕੇ ਲੈ ਜਾਂਦੇ ਆ। ਹੁਣੇ ਕਰਾਂ ਫ਼ੋਨ?

ਕੁਲਜੀਤ ਨੇ ਝੱਟ ਮੋਬਾਇਲ ਫ਼ੋਨ ਕੱਢ ਕੇ ਰੱਜੂ ਨੂੰ ਲਾ ਲਿਆ ਸੀ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਵੀ ਮੈਨੂੰ ਚੈਨ ਨਹੀਂ ਆਇਆ ਸੀ। ਦੂਜਾ ਘਰੋਂ ਅੱਕੀ ਹੋਈ ਸੀ। ਭਾਰਟੀ ਜਾ ਕੇ ਸਾਹ ਲਿਆ ਸੀ। ਤੇ ਇਹੀ ਗੱਲ ਤਾਂ ਮੈਂ ਡਰਦੀ-ਡਰਦੀ ਨੇ ਉਦੋਂ ਬਿਮਲਾ ਨਾਲ ਕੀਤੀ, ਪਰ ਉਹ ਖਿੜਖਿੜਾ ਕੇ ਹੱਸਣ ਲੱਗ ਪਈ ਸੀ।

"ਨੀਂ, ਤਾਰੋ। ਛੱਡ ਪਰ੍ਹਾਂ।" ਉਹਨੇ ਮੇਰਾ ਹੱਥ ਪਲੋਸਿਆ ਸੀ

ਫੇਰ ਮੈਨੂੰ ਰਸੋਈ ਵਿੱਚ ਲੈ ਵੜੀ। ਦੋ ਗਲਾਸ ਚੁੱਕੇ। ਸਕਰੱਬਰ ਨਾਲ ਵਿਮ ਲਾਇਆ। ਲਿਸ਼ਕਾ ਕੇ ਮੇਰੇ ਮੋਹਰੇ ਰੱਖ ਦਿੱਤੇ। ਮੈਂ ਸਮਝੀ ਨਾ, ਮੇਰੇ ਹੱਥ ਫੜਾ ਦਿੱਤੇ।

"ਜਦੋਂ ਮੇਰੀਆਂ ਧੀਆਂ ਕੰਮ ਤੋਂ ਆਉਂਦੀਆਂ, ਮੈਂ ਇਹ ਕੰਗਣੀ ਵਾਲੇ ਗਲਾਸ ਦੁੱਧ ਦੇ ਭਰ ਕੇ ਪਿਲਾਂਦੀ ਆਂ। ਹੁਣ ਤਾਂ ਬੀਅਰ ਤੋਂ ਉਰੇ ਗੱਲ ਨਹੀਂ ਕਰਦੀਆਂ।"

ਰੱਜੂ ਤੇ ਲੱਭੂ ਵੀ ਆ ਗਈਆਂ ਸਨ। ਉਹ ਡੀਕ ਲਾ ਕੇ ਦੁੱਧ ਪੀ ਗਈਆਂ। ਮੈਂ ਰਾਤ ਮੁੜਨਾ ਚਾਹੁੰਦੀ ਸੀ। ਬਿਮਲਾ ਨੇ ਮੁੜਨ ਨਹੀਂ ਦਿੱਤਾ ਸੀ। ਰਾਤ ਵੀ ਆਪਣੇ ਕੋਲ ਪਾ ਲਿਆ। ਸਾਰੀ ਰਾਤ ਗੱਲਾਂ ਕਰਦੀਆਂ ਰਹੀਆਂ, ਕਿੱਦਾਂ ਕੁੜੀਆਂ ਨੇ ਬਿਜਨੈੱਸ ਸੈੱਟ ਕੀਤਾ। ਉਹ ਸਾਰੇ ਗੁਰਮੰਤਰ ਮੈਨੂੰ ਵੀ ਦੱਸਦੀ ਰਹੀ। ਰੰਮੀ ਬਾਰੇ ਮਨ ਬਣਾ ਕੇ ਹੀ ਉੱਥੋਂ ਤੁਰੀ ਸੀ। ਬੀਜੀ ਤੇ ਬਾਊ ਜੀ ਕੋਲ ਬਹੁਤਾ ਸਮਾਂ ਠਹਿਰੀ ਨਹੀਂ ਸੀ। ਸ਼ਹਿਰ ਤੱਕ ਮੇਰੇ ਅੰਦਰ ਉੱਥਲ-ਪੁੱਥਲ ਹੁੰਦੀ ਰਹੀ। ਗਲਾਸ ਲੈਣ ਬਾਜ਼ਾਰ ਵੀ ਚਲੀ ਗਈ। ਮੇਰੇ ਤੋਂ ਗਲਾਸ ਖਰੀਦ ਨਹੀਂ ਸੀ ਹੋਇਆ। ਮੈਂ ਦੁਬਿਧਾ ਵਿੱਚ ਫ਼ਸੀ ਘਰ ਨੂੰ ਮੁੜ ਆਈ ਸੀ।

ਉਸ ਦਿਨ ਤੋਂ ਮੈਂ ਮਾਹੌਲ ਬਣਾਉਣ ਵਿੱਚ ਲੱਗੀ ਹੋਈ ਆਂ। ਰੰਮੀ ਨੂੰ ਵਿਆਹ ਪਾਰਟੀਆਂ 'ਤੇ ਲਿਜਾਣ ਲਈ ਜ਼ੋਰ ਪਾਉਂਦੀ ਆਂ। ਇਹ ਨਹੀਂ ਜਾਂਦੀ। ਇਹਦੇ ਨਾਨੇ ਦੀ ਤਬੀਅਤ ਠੀਕ ਨਹੀਂ ਰਹਿੰਦੀ। ਮੈਂ ਇਹਨੂੰ ਇਹਦੇ ਨਾਨਕੇ ਲੈ ਕੇ ਤੁਰੀ ਰਹਿੰਦੀ ਆਂ। ਬਹਾਨਾ ਤਾਂ ਬਾਊ ਜੀ ਤੇ ਬੀਜੀ ਦੀ ਦਵਾਈ ਲੈਣ ਦਾ ਹੁੰਦਾ ਏ ਜਾਂ

ਸੱਤੇ ਨਾਲ ਜੁੜੀਆਂ ਚੀਜ਼ਾਂ ਦਿਖਾਉਣ ਦਾ। ਪਰ ਮੇਰਾ ਨਿਸ਼ਾਨਾ ਇਹਨੂੰ ਬਿਮਲਾ ਦੇ ਘਰ ਲਿਜਾਣਾ ਹੁੰਦਾ ਹੈ। ਉਹਦੀ ਕੋਠੀ...ਕਾਰਾਂ ਦਿਖਾਉਂਦੀ ਆਂ। ਰੇਨਿੰਗ ਵਾਟਰ ਤੇ ਮਸਾਜ਼ ਵਾਟਰ ਵਾਲੇ ਵਾਸ਼ਰੂਮਾਂ ਤੇ ਝਾਤੀ ਮਰਵਾਉਂਦੀ ਆਂ। ਬਿਮਲਾ ਇਹਨੂੰ ਜੱਫੀ 'ਚ ਲੈ ਕੇ ਬਹੁਤ ਲਾਡ ਕਰਦੀ ਆ। ਮੈਂ ਵਾਰ-ਵਾਰ ਉਸ ਘਰ ਦੀ ਚਕਾਚੌਂਧ ਇਹਨੂੰ ਦਿਖਾਉਂਦੀ ਆਂ। ਇਹ ਮੁਸਕਰਾ ਕੇ ਕਹਿੰਦੀ ਏ :-

"ਮਾਮੀ, ਬੜੀ ਤਰੱਕੀ ਕਰ ਲਈ।"

ਮੈਨੂੰ ਲੱਗਾ ਜਿਵੇਂ ਕਿਹਾ ਹੋਵੇ-ਇਹਨੂੰ ਤਰੱਕੀ ਕਹਿੰਦੇ ਆ? ਮੈਂ ਚਾਹੁੰਨੀ ਆਂ-ਇਹ ਵੱਧ ਤੋਂ ਵੱਧ ਸੰਗਤ ਰੱਜੂ ਤੇ ਲੱਭੂ ਦੀ ਕਰੇ। ਪਰ ਇਹ ਉਨ੍ਹਾਂ ਵਿੱਚ ਭਿੱਜਦੀ ਨਹੀਂ। ਰੂਪਾ ਇਹ ਦੇ ਨਾਲ ਬੜਾ ਤੇਅ ਕਰਦਾ। ਕਿਤੇ ਲਿਆਉਣਾ ਜਾਂ ਛੱਡਣਾ ਹੋਵੇ ਝੱਟ ਕਾਰ ਕੱਢ ਲੈਂਦੈ ਪਰ ਇਹ ਕੋਈ ਨਾ ਕੋਈ ਬਹਾਨਾ ਘੜ ਲੈਂਦੀ ਹੈ। ਉਹਦੇ ਨਾਲ ਕਾਰ ਵਿਚ ਵੀ ਨਹੀਂ ਬਹਿੰਦੀ। ਮੈਂ ਚਾਹੁੰਨੀ ਆਂ-ਇਹ ਕਿਸੇ ਨਾ ਕਿਸੇ ਤਰ੍ਹਾਂ ਲਾਈਨ 'ਤੇ ਆ ਜਾਵੇ।

ਫੇਰ ਸੋਚਿਆ, ਧੀ ਨੂੰ ਕਾਹਨੂੰ ਇਹਨਾਂ ਚੱਕਰਾਂ ਵਿੱਚ ਪਾਉਣਾ। ਇਹ ਕਿਹੜਾ ਟੂਣੇਹਾਰਨ ਆ, ਜਿਹੜੀ ਸਟੇਜ ਜਮਾ ਲਊਗੀ। ਬਿਗਾਨੇ ਛੱਡਦੇ ਆ ਕਿਤੇ। ਇਹ ਬਹੁਤੀ ਤਾਂ ਖੇਡ ਰਾਤਾਂ ਦੀ ਆ। ਦਿਨ ਨੂੰ ਵੀ ਕਿਹੜਾ ਆਰਾਮ ਕਰਨ ਦਿੰਦੇ ਆ? ਇੱਕ ਗੀਤ ਖ਼ਤਮ ਹੁੰਦਾ, ਨਾਲੇ ਦੂਜਾ ਸ਼ੁਰੂ। ਇਹਦੇ ਨਾਲੋਂ ਦਿਹਾੜੀ ਕਰਨੀ ਚੰਗੀ ਆ। ਉੱਥੇ ਬੰਦਾ ਸਾਹ ਲੈ ਸਕਦਾ। ਖਾਣ-ਪੀਣ ਦਾ ਟਾਇਮ ਹੁੰਦਾ। ਜਦੋਂ ਸਟੇਜ ਚੱਲ ਪਏ, ਫੇਰ ਕਿਤੇ ਕੁੱਛ ਸੁੱਝਦਾ ਹੋਣਾ। ਅਗਲੇ ਤਾਂ ਬਾਂਹ ਤੋਂ ਫ਼ੜ ਕੇ ਲੈ ਜਾਂਦੇ ਆ। ਨੋਟ ਵਾਰਨ ਦੇ ਬਹਾਨੇ 'ਚ ਪਤਾ ਨਹੀਂ ਕਿੱਥੇ-ਕਿੱਥੇ ਹੱਥ ਲਾਉਂਦੇ ਹੋਣੇ ਆ। ਮੈਂ ਤਾਂ ਸੰਧੂਆਂ ਦੇ ਵਿਆਹ 'ਚ ਈ ਦੇਖੇ ਸੀ। ਬਾਊ ਜੀ ਦੀ ਉਮਰ ਦੇ ਬੁੱਢੇ ਵੀ ਟੂੰਨ ਹੋਇਓ ਆ-ਆ ਕੁੜੀਆਂ ਨੂੰ ਚਿੰਬੜਦੇ ਪਏ ਸੀ।

ਰੰਮੀ ਬਾਰੇ ਇਹ ਸਾਰਾ ਸੋਚ ਕੇ ਹੀ ਮੈਂ ਪਿੱਛੇ ਹਟੀ ਸੀ। ਆਪ ਕੁਲਜੀਤ ਨਾਲ ਚਲੇ ਜਾਇਆ ਕਰੂੰਗੀ। ਜਾਣਾ ਤਾਂ ਮੈਂ ਵੀ ਨਹੀਂ ਸੀ। ਰੋਟੀ ਮਿਲੀ ਜਾਂਦੀ ਸੀ। ਉਹ ਤੇ ਰੰਮੀ ਦੇ ਡੈਡੀ ਨੇ ਜ਼ਿਆਦਾ ਪੀ ਲਈ। ਨ੍ਹੇਰਾ ਸੀ। ਟਰੱਕ ਵਾਲਾ ਸਾਈਕਲ ਨੂੰ ਫੇਟ ਮਾਰਕੇ ਸੁੱਟ ਗਿਆ। ਖੜ੍ਹੇ ਪੈਰ ਵੀਹ ਹਜ਼ਾਰ ਰੁਪਈਆ ਲੱਗਾ। ਰਵੇਲ ਸੁੰਹ ਦੇ ਭਰਾ ਤੋਂ ਫੜਿਆ। ਇੱਕ ਪਾਸੇ ਇਹਦਾ ਡੈਡੀ ਮੰਜੇ ਤੇ ਪਿਆ।...ਤੇ ਰੇਵਲ ਸੁੰਹ ਦੇ ਭਰਾ ਦੇ ਪੈਸੇ? ਮੱਝਾਂ ਦੇ ਦੁੱਧ ਨਾਲ ਵੀ ਗੁਜ਼ਾਰਾ ਨਹੀਂ ਹੁੰਦਾ।

ਮੈਂ ਸ਼ਹਿਰ ਕੁਲਜੀਤ ਨਾਲ ਚਲੇ ਗਈ ਸੀ। ਸੋਚਿਆ ਇੱਕ ਸਾਮੀ ਦਾ ਦੋ-ਤਿੰਨ ਸੌ ਰੁਪਈਆ ਦਿਹਾੜੀ ਨਾਲੋਂ ਚੰਗਾ। ਜਦੋਂ ਮੈਂ ਹੋਟਲ ਦੀਆਂ ਪੌੜੀਆਂ ਚੜ੍ਹਨ ਲੱਗੀ, ਆਪਣੇ ਪਿੱਛੇ ਪੈੜਚਾਲ ਜਿਹੀ ਸੁਣੀ। ਸੱਤੇ ਦੀ ਪੈੜ ਚਾਲ ਲੱਗੀ। ਮੇਰੇ ਤੋਂ ਅਗਾਂਹ ਨੂੰ ਪੈਰ ਨਾ ਪੁੱਟ ਹੋਣ। ਸਰੀਰ ਪਸੀਨੋ ਪਸੀਨਾ ਹੋ ਗਿਆ। ਮੈਂ ਪੀਲ ਪਾਵੇ ਨੂੰ ਫੜ ਲਿਆ। ਉਹਤੇ ਦੋ ਅੱਖਾਂ ਗੱਡੀਆਂ ਗਈਆਂ। ਲਾਲ...। ਮੈਂ ਪਿੱਛੇ ਨੂੰ ਭੱਜ ਲਈ ਸੀ। ਘਰ ਆ ਕੇ ਸਾਹ ਲਿਆ ਸੀ। ਰਾਤ ਨੂੰ ਕੁਲਜੀਤ ਨੇ ਆ ਕੇ ਹੌਂਸਲਾ ਦਿੱਤਾ ਸੀ।

"ਤੇਰੇ ਅੰਦਰ ਲੱਗਦੈ ਤੇਰੇ ਭਰਾ ਦਾ ਡਰ ਬੈਠਾ ਹੋਇਆ। ਇਹਨੂੰ ਕੱਢ ਦੇ। ਨਾਲੇ ਇਹ ਕੰਮ ਤੇਰੇ ਤੋਂ ਨਹੀਂ ਹੋਣਾ। ਉਸਦੀਆਂ ਅੱਖਾਂ ਤੇਰਾ ਪਿੱਛਾ ਨਹੀਂ ਛੱਡਣ

ਲੱਗੀਆਂ। ਰੰਮੀ ਤੋਂ...।"

ਇਸ ਤਰ੍ਹਾਂ ਦੀ ਹੀ ਸਲਾਹ ਮੈਨੂੰ ਬਿਮਲਾ ਨੇ ਦਿੱਤੀ ਸੀ। ਮੈਂ ਕਦੇ ਵੀ ਰੰਮੀ ਬਾਰੇ ਇਕ ਟੁੱਕ ਫ਼ੈਸਲਾ ਨਾ ਕਰ ਸਕੀ। ਪਰ ਕੱਲ੍ਹ ਫਗਵਾੜੇ ਵਾਲੀ ਪਾਰਟੀ ਨੇ ਗੱਲ ਇੱਕ ਬੰਨੇ ਲਾ ਦਿੱਤੀ। ਉਹ ਟੂਣੇਹਾਰਨ ਮੇਰੇ ਮਨ ਤੇ ਛਾਈ ਪਈ ਆ। ਮੈਂ ਉੱਥੋਂ ਫ਼ੈਸਲਾ ਕਰ ਕੇ ਤੁਰੀ ਸੀ। ਫ਼ੈਸਲਾ ਕੀ ਕਰਨਾ, ਕੰਗਣੀ ਵਾਲਾ ਗਲਾਸ ਫਗਵਾੜੇ ਤੋਂ ਖਰੀਦ ਕੇ ਹੀ ਘਰ ਮੁੜੀ ਸਾਂ।

ਕੱਲ੍ਹ ਦਾ ਗਲਾਸ ਰਸੋਈ ਵਿੱਚ ਰੱਖ ਕੇ ਬੈਠੀ ਹਾਂ। ਰਾਤੀਂ ਗਲਾਸ 'ਚ ਦੁੱਧ ਪਾਉਣਾ ਚਾਹਿਆ ਪਰ ਲੱਗਿਆ ਕਿ...। ਬੱਸ ਦੇ ਨਾ ਹੋਇਆ। ਪਿਉ ਵੀ ਰੱਜਿਆ ਸੀ ਤੇ ਪੁੱਤ ਵੀ। ਦੋਨਾਂ ਨੇ ਖੌਰੂ ਪਾਈ ਰੱਖਿਆ। ਸਵੇਰ ਦੀ ਕੰਮ ਨੇ ਮੱਤ ਮਾਰੀ ਹੋਈ ਆ। ਕੰਮ ਤੋਂ ਵਿਹਲੀ ਹੋਈ ਆਂ। ਦੁਪਹਿਰਾ ਚੜ੍ਹ ਆਇਆ ਹੈ। ਰੰਮੀ ਮਗਰ ਲੱਗੀ ਨੂੰ ਦੋ ਘੰਟੇ ਹੋ ਗਏ ਹਨ। ਜਦੋਂ ਮੈਂ ਅਸਲ ਗੱਲ 'ਤੇ ਪੁੱਜਦੀ ਆਂ, ਇਹ ਹੋਰ ਰਸਤੇ ਤੁਰ ਪੈਂਦੀ ਹੈ। ਬਿਮਲਾ ਨੇ ਸਾਰੇ ਢੰਗ ਤਰੀਕੇ ਦੱਸੇ ਵੀ ਸਨ।

ਮੈਂ ਰੰਮੀ ਨੂੰ ਇੱਕ ਪਾਰਟੀ 'ਤੇ ਲੈ ਗਈ। ਸੋਚਿਆ ਕਿ ਲੱਭੂ ਤੇ ਰੱਜੂ ਦੇ ਜੌਹਰ ਦਿਖਾਵਾਂ। ਹੌਲੀ-ਹੌਲੀ ਪ੍ਰਭਾਵ ਕਬੂਲੂਗੀ। ਸਟੇਜ ਸ਼ੁਰੂ ਹੋ ਗਈ। ਜਦੋਂ ਪ੍ਰੋਗਰਾਮ ਪੂਰੇ ਜੋਬਨ 'ਤੇ ਪੁੱਜਾ, ਇਹ ਵੀ ਸਟੇਜ ਤੇ ਚੜ੍ਹ ਗਈ।

"ਬੰਦ ਕਰੋ ਇਹ ਕੰਜਰਖਾਨਾ। ਜਿਹਨੇ ਨੱਚਣਾ, ਆਉ ਮੇਰੇ ਨਾਲ ਨੱਚੋ। ਆਪਣੀਆਂ ਧੀਆਂ ਭੈਣਾਂ ਨਾਲ ਨੱਚੋ। ਮੈਂ ਬੋਲੀ ਪਾਉਂਦੀ ਆਂ।"

ਇਹ ਰਾਤ ਮੈਨੂੰ ਸੁਪਨਾ ਆਇਆ ਸੀ। ਮੈਨੂੰ ਸਮਝ ਨਹੀਂ ਲੱਗੀ, ਇਹ ਸੁਪਨਾ ਮੈਨੂੰ ਕਿਉਂ ਆਇਆ। ਸੁਣਨ ਵਿੱਚ ਆਇਆ ਕਿ ਇਹਦੇ ਨਾਲ ਦੀ ਚੇਤਨਾ ਨੇ ਇਕ ਵਿਆਹ ਵਿੱਚ ਇੱਦਾਂ ਕੀਤੀ ਸੀ। ਉਹਦੇ ਕੋਲ ਤਾਂ ਰੋਟੀ ਖਾਣ ਜੋਗੇ ਸਿਆੜ ਹੈਗੇ ਆ। ਘਰ ਵਾਲਾ ਵੀ ਨੌਕਰੀ ਕਰਦਾ। ਤੇ ਇਹ...।

ਮੈਂ ਰਸੋਈ ਵਿੱਚ ਆਈ ਹਾਂ। ਗਲਾਸ ਨੂੰ ਚੰਗੀ ਤਰਾਂ ਸਵਾਹ ਨਾਲ ਮਾਂਜਿਆ ਹੈ। ਉਬਾਲ ਕੇ ਦੁੱਧ ਪਾਇਆ ਹੈ। ਮੈਂ ਗਲਾਸ ਲੈ ਕੇ ਕਮਰੇ ਅੰਦਰ ਆਈ ਹਾਂ।

ਰੰਮੀ ਦੀ ਮੇਰੇ ਵੱਲ ਪਿੱਠ ਐ। ਉਹ ਕੰਧ ਤੇ ਲੱਗੀਆਂ ਫੋਟੋ ਸਾਫ ਕਰ ਰਹੀ ਹੈ। ਸੁਖਦੇਵ ਦੀ ਫੋਟੋ ਤੇ ਚਮੇਲੀ ਦਾ ਫੁੱਲ ਟੰਗ ਰਹੀ ਹੈ। ਨਾ ਚਾਹੁੰਦੇ ਹੋਏ ਵੀ ਮੇਰੀ ਨਜ਼ਰ ਮੱਲੋ ਮੱਲੀ ਸੱਤੇ ਦੀ ਫੋਟੋ ਨਾਲ ਜਾ ਟਕਰਾਈ ਏ।

ਹੈਂਅ! ਇਹ ਕੀ? ਸੱਤੇ ਦੀਆਂ ਅੱਖਾਂ ਤਾਂ ਅੰਗਿਆਰ ਵਾਂਗੂ ਦਗ ਰਹੀਆਂ ਨੇ।

ਮੈਂ ਡਰ ਕੇ ਨੀਵੀਂ ਪਾ ਲਈ ਏ।

ਹੁਣ ਮੇਰੇ ਕੰਨਾਂ ਵਿੱਚ ਉਸਦੇ ਬੋਲ ਗੂੰਜ ਰਹੇ ਨੇ, "ਜੇ ਭੁੱਖੇ ਮਰਦੇ ਆਂ। ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ? ਸਾਲਿਓ! ਸ਼ਰਮ ਕਰੋ।"

ਮੈਂ ਧੁਰ ਅੰਦਰ ਤੱਕ ਕੰਬ ਗਈ ਹਾਂ।

ਮੇਰਾ ਹੱਥ ਜ਼ੋਰ-ਜ਼ੋਰ ਦੀ ਕੰਬਣ ਲੱਗ ਪਿਆ ਏ।

ਹੱਥੋਂ ਗਲਾਸ ਡਿਗ ਪਿਆ ਏ। ਜਿਸਦੇ ਡਿੱਗਣ ਦੀ ਲੰਮੀ ਗੂੰਜ ਨੇ ਕੰਨਾਂ ਦੇ ਪਰਦੇ ਵਿੰਨ੍ਹ ਦਿੱਤੇ ਹਨ।

(ਲਿਖਣ ਵਰ੍ਹਾ : 2007)

# ਕਬਰ ’ਚ ਦਫ਼ਨ ਹਜ਼ਾਰ ਵਰ੍ਹੇ

ਮੈਂ ਲੈਬ ਵਿੱਚ ਬੈਠਾ ਐਸ.ਪੀ. ਸ਼ੁਕਲਾ ਦੇ ਫ਼ੋਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹਾਂ। ਉਨ੍ਹਾਂ ਕੋਲ ਮੇਰੇ ਲਈ ਬਹੁਤ ਵੱਡੀ ਖ਼ਬਰ ਹੈ। ਬਲਾਤਕਾਰੀ ਦਾ ਡੀ.ਐਨ.ਏ. ਤੇਤੀ ਨੰਬਰ ਵਾਲੇ ਦੋਸ਼ੀ ਨਾਲ ਮੈਚ ਕਰ ਗਿਆ ਸੀ। ਉਸ ਦੀ ਰਿਪੋਰਟ ਪੁਲੀਸ ਵਿਭਾਗ ਦੇ ਸਪੁਰਦ ਕੀਤੀ ਨੂੰ ਪੰਜ ਘੰਟੇ ਬੀਤ ਗਏ ਹਨ। ਰਿਪੋਰਟ ਦੇਣ ਪਿਛੋਂ ਮੈਂ ਸਿੱਧਾ ਲੈਬ ਵਿੱਚ ਆ ਗਿਆ ਸੀ। ਇਥੇ ਆ ਕੇ ਮੈਂ ਇਸ ਰਿਪੋਰਟ ਬਾਰੇ ਐਸ.ਪੀ. ਸਾਹਿਬ ਨਾਲ ਫ਼ੋਨ ’ਤੇ ਗੱਲ ਸਾਂਝੀ ਕੀਤੀ। ਮੈਂ ਉਨ੍ਹਾਂ ਤੋਂ ਉਸ ਕੁਕਰਮੀ ਦਾ ਨਾਂ ਵੀ ਪੁੱਛਿਆ। ਉਨ੍ਹਾਂ ਨੇ ‘ਕੁੱਝ ਮਿੰਟ ਠਹਿਰ ਕੇ ਦੱਸਦਾਂ’ ਕਹਿ ਕੇ ਫ਼ੋਨ ਕੱਟ ਦਿੱਤਾ। ਮੈਂ ਪੁਲੀਸ ਨੂੰ ਰਿਪੋਰਟ ਦੇਣ ਵੇਲੇ ਤਾਂ ਉਤਸ਼ਾਹ ਵਿੱਚ ਸੀ। ਹੁਣ ਜਦ ਐਸ.ਪੀ. ਸਾਹਿਬ ਦੀ ਵਾਪਸੀ ਕਾਲ ਵੀ ਨਹੀਂ ਆਈ। ਉਦਾਸ ਹੋ ਗਿਆ ਹਾਂ।

ਮੈਂ ਇਸ ਉਦਾਸੀ ’ਚੋਂ ਨਿਕਲਣ ਲਈ ਆਪਣਾ ਧਿਆਨ ਆਰਸੀ ਜਾਂ ਆਪਣੀ ਖੋਜ ਵੱਲ ਡਾਇਵਰਟ ਕਰਨ ਲੱਗਾ ਹਾਂ ।

ਮੈਂ ਅੱਠ ਸਾਲ ਪਹਿਲਾਂ ਬਰਕਲੇ ਯੂਨੀਵਰਸਿਟੀ ਦਾ ਸਟੂਡੈਂਟ ਸੀ। ਆਖ਼ਰੀ ਸਮੈਸਟਰ ਵੇਲੇ ਉਥੇ ਇਕ ਸੈਮੀਨਾਰ ਹੋਇਆ। ਸੈਮੀਨਾਰ ਦਾ ਵਿਸ਼ਾ ਸੀ ‘ਕੀ ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਹੋ ਸਕਦੀ ਹੈ?’ ਇਸ ਸੈਮੀਨਾਰ ਵਿਚ ਦੁਨੀਆਂ ਭਰ ਦੇ ਵਿਗਿਆਨੀਆਂ ਨੇ ਹਿੱਸਾ ਲਿਆ ਸੀ। ਮੈਨੂੰ ਵੀ ਯੂਨੀਵਰਸਿਟੀ ਨੇ ਇਸ ਸੈਮੀਨਾਰ ਲਈ ਡੈਲੀਗੇਟ ਚੁਣਿਆ ਸੀ। ਸੈਮੀਨਾਰ ਵਿੱਚ ਇਹ ਤੱਤ ਉੱਭਰ ਕੇ ਸਾਹਮਣੇ ਆਇਆ ਸੀ ਕਿ ਆਦਮੀ ਦੀ ਉਮਰ ਲੰਮੀ ਕਰਨ ਦਾ ਫ਼ਾਰਮੂਲਾ ਲੈਬ ਵਿਚੋਂ ਹੀ ਨਿਕਲ ਸਕਦਾ ਹੈ।

ਇਸ ਬਾਰੇ ਮੇਨ ਆਈਡੀਆ ਬ੍ਰਾਇਓਗੇ੍ਨੋਲਾਜਿਸਟ ਡਾਕਟਰ ਸਟੀਫ਼ਨ ਦਾ ਹੀ ਉੱਭਰਿਆ ਸੀ। ਦੋ ਵਰ੍ਹੇ ਪਹਿਲਾਂ ਵੀ ਉਨ੍ਹਾਂ ਉਮਰ ਵਧਾਉਣ ਦੇ ਫ਼ਾਰਮੂਲੇ ਦਾ ਸੰਕੇਤ ‘ਮਾਲੀਕਿਊਲਰ ਸਿਸਟਮਜ਼’ ਸਾਇੰਸ ਮੈਗਜ਼ੀਨ ਦੇ ਸੰਪਾਦਕ ਹੁੰਦਿਆਂ ਦਿੱਤਾ ਸੀ। ਸੈਮੀਨਾਰ ਦੇ ਆਖ਼ਰੀ ਦਿਨ ਮੈਂ ਇਹ ਖੋਜ ਕਰਨ ਦੀ ਆਗਿਆ ਡਾਕਟਰ ਸਾਹਿਬ ਤੋਂ ਮੰਗੀ ਸੀ। ਉਨ੍ਹਾਂ ਮੇਰੀ ਪਿੱਠ ਥਾਪੜ ਕੇ ਸਹਿਮਤੀ ਦੇ ਨਾਲ ਨਾਲ ਇਸ ਖੋਜ ਦੇ ਦਸਤਾਵੇਜ਼ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ ਸੀ।

ਉਂਝ ਤਾਂ ਮੈਂ ਅਮਰੀਕਾ ਵਿੱਚ ਰਹਿ ਕੇ ਹੀ ਇਹ ਖੋਜ ਕਰਨ ਦੀ ਇੱਛਾ ਰੱਖਦਾ ਸੀ ਪਰ ਉਥੋਂ ਕੋਈ ਰਿਸਪੌਂਸ ਨਹੀਂ ਸੀ ਮਿਲਿਆ। ਸ਼ਾਇਦ ਅੱਜ ਕੱਲ੍ਹ ਅਮਰੀਕਾ ਸਰਕਾਰ ਨੇ ਵੀ ਅਜਿਹੀਆਂ ਖੋਜਾਂ ਤੋਂ ਹੱਥ ਖਿੱਚੇ ਹੋਏ ਹਨ। ਉਨ੍ਹਾਂ ਦਾ ਜ਼ੋਰ ਮੰਡੀਆਂ ਵਿੱਚ ਬਾਜ਼ਾਰ ਵਿਕਸਤ ਕਰਨ ’ਤੇ ਲੱਗਾ ਹੋਇਆ ਹੈ।

ਮੈਂ ਭਾਰਤ ਆ ਗਿਆ। ਮੇਰੀ ਮਾਂ ਸਿਹਤ ਵਿਭਾਗ ਦੀ ਡਾਇਰੈਕਟਰ ਹੁੰਦੀ ਸੀ। ਉਨ੍ਹਾਂ ਦਿਨਾਂ ਵਿੱਚ ਉਹ ਅਗਾਊਂ ਸੇਵਾਮੁਕਤੀ ਲੈ ਚੁੱਕੀ ਸੀ। ਡੈਡ ਨੇ ਉਨ੍ਹਾਂ ਲਈ ਮੇਰੇ ਦਾਦਾ ਜੀ ਪੰਡਿਤ ਖੇਮ ਚੰਦ ਜੀ ਦੀ ਯਾਦ ਵਿਚ ਕੇ ਸੀ ਨਰਸਿੰਗ ਇੰਸਟੀਚਿਊਟ’ ਖੋਲ੍ਹ ਦਿੱਤਾ ਸੀ। ਪਹਿਲਾਂ ਮੇਰਾ ਇਰਾਦਾ ਉਨ੍ਹਾਂ ਦੇ ਕਾਲਜ ਵਿੱਚ ਲੈਬ ਬਣਾਉਣ ਦਾ ਸੀ। ਡੈਡ ਦਿੱਲੀ ਵਿੱਚ ਸੈਂਟਰ ਦੇ ਆਈ.ਏ.ਐਸ. ਅਧਿਕਾਰੀ ਹਨ ਪਰ

ਉਨ੍ਹਾਂ ਨੇ ਇਥੋਂ ਦੇ ਨੈਸ਼ਨਲ ਇੰਸਟੀਚਿਊਟ ਆਫ਼ ਕ੍ਰਿਮੀਨੋਲੌਜੀ ਐਂਡ ਫ਼ੋਰੈਂਸਿਕ ਸਾਇੰਸ ਵਿੱਚ ਮੈਨੂੰ ਜੌਬ ਦੁਆ ਦਿੱਤੀ। ਇਸ ਜੌਬ ਦੇ ਨਾਲ ਨਾਲ ਮੈਂ ਆਪਣੀ ਪ੍ਰਾਈਵੇਟ ਲੈਬ ਵਿੱਚ ਜਵਾਨੀ ਵਾਲੇ ਹਾਰਮੋਨਜ਼ ਵਿੱਚ ਵਾਧਾ ਕਰਨ ਦੇ ਫ਼ਾਰਮੂਲੇ 'ਤੇ ਰਿਸਰਚ ਸ਼ੁਰੂ ਕਰ ਦਿੱਤੀ।

ਦਿੱਲੀ ਵਰਗੇ ਸ਼ਹਿਰ ਵਿੱਚ ਲੈਬ ਬਣਾਉਣਾ ਕਿਹੜਾ ਸੌਖਾ ਕੰਮ ਏ। ਡੈਡ ਨੇ ਮੈਨੂੰ ਦਿੱਲੀ ਦਾ ਲਗਭਗ ਹਰ ਏਰੀਆ ਦਿਖਾਇਆ। ਪੌਸ਼ ਏਰੀਏ 'ਚ ਵੀ ਲੈ ਕੇ ਗਏ। ਲੈਬ ਵਾਸਤੇ ਤਾਂ ਸ਼ਾਂਤ ਵਾਤਾਵਰਨ ਚਾਹੀਦਾ ਹੁੰਦੈ। ਫੇਰ ਯਮੁਨਾ ਪਾਰ ਤੋਂ ਖ਼ਾਸਾ ਦੂਰ ਆਹ ਜਗ੍ਹਾ ਪਸੰਦ ਆਈ ਸੀ। ਵਾਹਨਾਂ ਦੇ ਪ੍ਰੈਸ਼ਰ ਹਾਰਨਾਂ ਅਤੇ ਲੋਕਾਂ ਦੀ ਕਾਵਾਂ ਰੌਲੀ ਤੋਂ ਦੂਰ। ਸ਼ਹਿਰ ਦੇ ਭੀੜ ਭੜੱਕੇ ਤੋਂ ਤਾਂ ਕੋਹਾਂ ਦੂਰ। ਮੁੱਖ ਸੜਕ ਤੋਂ ਹੱਟ ਕੇ ਲਿੰਕ ਰੋਡ 'ਤੇ ਜਾਂਦਿਆਂ ਇੱਕ ਨਿੱਕੀ ਜਿਹੀ ਪਹਾੜੀ ਦੇ ਪੈਰਾਂ ਵਿੱਚ ਇਹ ਨਿਵੇਕਲੀ ਜਿਹੀ ਥਾਂ ਹੈ।

ਇਹਦੇ ਸੱਜੇ ਪਾਸੇ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਨਹਿਰ ਹੈ। ਇਥੋਂ ਦੀ ਸੜਕ ਅਵਾਜ਼ ਦੀ ਤਰੰਗ ਵਾਂਗ ਕਿਤੇ ਉੱਚੀ ਤੇ ਕਿਤੇ ਨੀਵੀਂ ਹੈ। ਇਸ ਘੱਟ ਚੌੜੀ ਸੜਕ ਦੇ ਆਲੇ ਦੁਆਲੇ ਟਾਂਵੀਆਂ ਟਾਂਵੀਆਂ ਕੋਠੀਆਂ ਹਨ। ਉਹ ਵੀ ਦੂਰ ਦੂਰ। ਚਾਰੇ ਪਾਸੇ ਲੱਗੇ ਦਰਖ਼ੱਤਾਂ ਵਿੱਚ ਲੁਕੀਆਂ ਹੋਈਆਂ। ਧਰਤੀ 'ਤੇ ਹਰਿਆਵਲ ਹੀ ਹਰਿਆਵਲ। ਬਿਲਕੁਲ ਸ਼ਾਂਤ ਏਰੀਆ। ਕਿਸੇ ਪੰਛੀ ਦੀ ਚਹਿਚਹਾਟ ਇਥੇ ਪਸਰੀ ਸ਼ਾਂਤੀ 'ਚ ਥਰਥਰਾਹਟ ਜ਼ਰੂਰ ਪੈਦਾ ਕਰਦੀ ਹੈ।

ਮੈਂ ਡੈਡ ਨੂੰ ਇਸ ਕੋਠੀ ਲਈ ਹਾਂ ਕਰ ਦਿੱਤੀ। ਉਨ੍ਹਾਂ ਕਿਰਾਏ 'ਤੇ ਲੈ ਦਿੱਤੀ। ਮੈਂ ਸੁਰੱਖਿਆ ਵਾਲੇ ਪੱਖ ਤੋਂ ਇਹਨੂੰ ਸਕਿਉਰਿਟੀ ਅਲਾਰਮ ਨਾਲ ਜੋੜ ਦਿੱਤਾ। ਇਸ ਦੇ ਵੱਡੇ ਹਾਲ ਵਿੱਚ ਲੈਬ ਸਥਾਪਤ ਕਰ ਲਈ ਤੇ ਬਾਕੀ ਰੂਮ ਰਿਹਾਇਸ਼ ਲਈ ਰੱਖ ਲਏ।

ਇਸ ਲੈਬ ਦੇ ਸਭ ਤੋਂ ਨੇੜੇ ਜਸਟਿਸ ਇਰਫ਼ਾਨ ਅਲੀ ਦੀ ਕੋਠੀ ਹੈ। ਜਿਸ ਦੀਆਂ ਖਿੜਕੀਆਂ 'ਚੋਂ ਹਲਕਾ ਹਲਕਾ ਪ੍ਰਕਾਸ਼ ਬਾਹਰ ਆਉਂਦਾ ਦਿਖਾਈ ਦਿੰਦਾ ਰਹਿੰਦਾ ਹੈ। ਇਥੇ ਕੋਈ ਇੱਕ ਦੂਜੇ ਨੂੰ ਜਾਣਦਾ ਨਹੀਂ। ਇਸ ਲੈਬ ਵਿੱਚ ਮੇਰਾ ਨਿੱਜੀ ਸਟਾਫ਼ ਹੁੰਦਾ ਹੈ। ਮੇਰੀ ਸਹਾਇਕ ਵਜੋਂ ਡਾਕਟਰ ਰਾਧਿਕਾ ਹੁੰਦੀ ਹੈ ਜਾਂ ਫਿਰ ਮੇਰਾ ਨੌਕਰ ਯੋਗੇਸ਼। ਡਾਕਟਰ ਰਾਧਿਕਾ ਕੰਮ ਪ੍ਰਤੀ ਸਮਰਪਿਤ ਭਾਵਨਾ ਰੱਖਣ ਵਾਲੀ ਕੁੜੀ ਏ। ਇਹ ਸਿਰਫ਼ ਡਿਊਟੀ 'ਤੇ ਆਉਂਦੀ ਹੈ ਤੇ ਸ਼ਾਮ ਨੂੰ ਵਰਕ ਰਿਪੋਰਟ ਦੇ ਕੇ ਚਲੀ ਜਾਂਦੀ ਹੈ। ਇਸ ਸਮੇਂ ਸਟਾਫ਼ ਦੇ ਘਰੋਂ ਘਰੀਂ ਪਰਤਣ ਮਗਰੋਂ ਵੀ ਯੋਗੇਸ਼ ਲੈਬ ਵਿੱਚ ਹੀ ਰਹਿੰਦਾ।

ਮੇਰੇ ਵਰਗਾ ਵਿਗਿਆਨੀ ਰੱਬ ਦੀ ਹੋਂਦ ਤੋਂ ਮੁਨਕਰ ਹੈ ਪਰ ਯੋਗੇਸ਼ ਰਾਮ ਭਗਤ ਹੈ। ਇਨ੍ਹੇ ਸਰਵੈਂਟ ਰੂਮ ਨੂੰ ਮੰਦਿਰ 'ਚ ਬਦਲਿਆ ਹੋਇਆ ਹੈ। ਮੂਰਤੀਆਂ ਦੀ ਪੂਜਾ ਕੀਤੇ ਬਗੈਰ ਕਿਸੇ ਕੰਮ ਨੂੰ ਹੱਥ ਨਹੀਂ ਲਾਉਂਦਾ। ਬੱਤੀ ਸਾਲਾਂ ਦਾ ਹੋ ਗਿਆ ਹੈ। ਮੇਰੇ ਵਾਂਗ ਕੱਲਮ 'ਕੱਲਾ। ਯਤੀਮੀ ਤੇ ਗ਼ਰੀਬੀ ਨੇ ਇਹਦਾ ਵਿਆਹ ਨਹੀਂ ਹੋਣ ਦਿੱਤਾ। ਇਹ ਪੰਜ ਸਾਲ ਦਾ ਹੀ ਸੀ, ਜਦੋਂ ਦੰਗੇ ਫ਼ਸਾਦਾਂ ਵਿਚ ਏਦੇ ਮਾਂ-ਬਾਪ ਮਾਰ ਦਿੱਤੇ ਗਏ ਸਨ। ਇਹ ਦਰ-ਦਰ ਦੀਆਂ ਠੋਕਰਾਂ ਖਾ ਕੇ ਪਲਿਆ ਹੈ। ਉਂਝ ਇਹ ਚਿੱਟੇ ਕੁੜਤੇ ਪਜਾਮੇ ਵਿੱਚ ਸ਼ਾਂਤ ਚਿੱਤ ਦਿਖਾਈ ਦੇਵੇਗਾ। ਮੱਥੇ ਦੇ ਤਿਲਕ ਤੋਂ ਇਹ ਕੋਈ

ਤਪੱਸਵੀ ਲੱਗਦਾ ਹੈ। ਇਖਲਾਕ ਦਾ ਵੀ ਵਧੀਆ ਲੱਗਦਾ। ਇਹਨੇ ਕਦੇ ਰਾਧਿਕਾ ਨੂੰ ਮਾੜੀ ਨਜ਼ਰ ਨਾਲ ਨਹੀਂ ਵੇਖਿਆ। ਸਗੋਂ ਕਹੇਗਾ-ਇਹ ਤਾਂ ਸਾਡੀ ਕੁੜੀ ਆ। ਇਹਨੇ ਕਦੇ ਬਿਗਾਨੀ ਆਰਸੀ ਨੂੰ ਵੀ ਨਹੀਂ ਸੀ ਸਮਝਿਆ। ਉਹਨੂੰ ਤਾਂ ਦੇਖ ਕੇ ਖਿੜ ਜਾਂਦਾ ਹੁੰਦਾ ਸੀ। ਡਾਕਟਰ ਰਾਧਿਕਾ ਤੋਂ ਪਹਿਲਾਂ ਡਾਕਟਰ ਜਾਵੇਦ ਮੇਰਾ ਸਹਾਇਕ ਹੁੰਦਾ ਸੀ। ਯੋਗੇਸ਼ ਉਹਨੂੰ ਦੇਖ ਕੇ ਸੜ-ਬੁਝ ਜਾਂਦਾ। ਮੈਂ ਇਹਨੂੰ ਡਾਂਟਦਾ ਵੀ ਪਰ ਇਹ ਉਹਦਾ ਕਹਿਣਾ ਨਾ ਮੰਨਦਾ। ਅੱਜ-ਕੱਲ੍ਹ ਨੌਕਰ ਲੱਭਣੇ ਵੀ ਔਖੇ ਹਨ। ਇਸੇ ਕਾਰਨ ਮੈ ਸਖ਼ਤੀ ਨਾ ਕਰਦਾ। ਹਾਰ ਕੇ ਜਾਵੇਦ ਨੇ ਨੌਕਰੀ ਤੋਂ ਛੁੱਟੀ ਕਰ ਲਈ। ....ਖ਼ੈਰ ਮੈਨੂੰ ਡਾਕਟਰ ਰਾਧਿਕਾ ਉਹਦੇ ਨਾਲੋਂ ਵੀ ਸਿਨਸੀਅਰ ਕੁੜੀ ਮਿਲ ਗਈ। ਯੋਗੇਸ਼ ਇਹਦੇ ਨਾਲ ਪਰਚਿਆ ਰਹਿੰਦਾ ਹੈ।

ਚਾਣਚੱਕ, ਮੈਨੂੰ ਛੇ ਸਾਲ ਪੁਰਾਣੀ ਗੱਲ ਯਾਦ ਆ ਗਈ। ਮੈਂ ਉਸ ਦਿਨ ਫ਼ੋਰੈਂਸਿਕ ਸੈਂਟਰ ਦੀ ਜੌਬ ਤੋਂ ਖਿੱਝ ਗਿਆ ਸੀ। ਦਿਹਾੜੀ ਵਿੱਚ ਮਸਾਂ ਚਾਰ ਸੈਂਪਲਾਂ ਦੀ ਰਿਪੋਰਟ ਤਿਆਰ ਹੁੰਦੀ ਹੈ। ਉਥੇ ਸੱਤ-ਸੱਤ, ਅੱਠ ਅੱਠ ਸੈਂਪਲ ਮੂਹਰੇ ਰੱਖ ਦਿੰਦੇ ਨੇ। ਬੰਦਾ ਪਾਗ਼ਲ ਨਾ ਹੋਊ ਤਾਂ ਹੋਰ ਕੀ ਹੋਊ? ਸਵੇਰ ਤੋਂ ਸ਼ਾਮ ਤੱਕ ਫ਼ੋਰੈਂਸਿਕ ਸੈਂਟਰ ਫਸੇ ਰਹੋ। ਫਿਰ ਆਪਣੀ ਲੈਬ ਵਿੱਚ ਆ ਕੇ ਡਟਣਾ ਪੈਂਦਾ। ਵਿਗਿਆਨੀਆਂ ਦੀ ਵੀ ਕੋਈ ਜ਼ਿੰਦਗੀ ਹੁੰਦੀ ਹੈ?

ਉਸ ਦਿਨ ਫੋਰੈਂਸਿਕ ਸੈਂਟਰ ਤੋਂ ਤਾਂ ਜਲਦੀ ਤੁਰ ਪਿਆ ਸੀ ਪਰ ਮੈਂ ਦੇਰ ਤਕ ਯਮੁਨਾ ਪੁਲ ’ਤੇ ਲੱਗੇ ਟ੍ਰੈਫ਼ਿਕ ਜਾਮ ਵਿੱਚ ਫਸਿਆ ਰਿਹਾ। ਇਹੋ ਸੋਚਦਾ ਕਿ... ਮੈਂ, ਬੰਦੇ ਦੀ ਉਮਰ ਕੋਈ ਹਜ਼ਾਰ ਵਰ੍ਹੇ ਕਰਨ ਲੱਗਾ ਹੋਇਆਂ ਹਾਂ ਪਰ ਸਾਡੀਆਂ ਸਰਕਾਰਾਂ ਕੋਲੋਂ ਸੱਠ ਪੈਂਹਠ ਵਰ੍ਹਿਆਂ ਵਿੱਚ ਟ੍ਰੈਫ਼ਿਕ ਦੀ ਸਮੱਸਿਆ ਹੀ ਹੱਲ ਨਹੀਂ ਹੋਈ। ਕੀ ਨੇ ਭਾਰਤ ਦੀਆਂ ਅਸਲ ਸਮੱਸਿਆਵਾਂ ਤੇ ਕੀ ਹੈ ਮੇਰੀ ਖੋਜ? ਉਨ੍ਹਾਂ ਪਲਾਂ ’ਚ ਮੈਂ ਮਾਯੂਸ ਜਿਹਾ ਹੋ ਗਿਆ ਸੀ। ਭੀੜ ’ਚੋਂ ਨਿਕਲ ਕੇ ਕਾਰ ਸੁੰਨੀ ਸੜਕ ’ਤੇ ਪਈ ਤਾਂ ਸੁੱਖ ਦਾ ਸਾਹ ਲਿਆ। ਅਸਮਾਨ ’ਤੇ ਇੱਕ ਦਮ ਹਨੇਰਾ ਛਾ ਗਿਆ। ਦੇਖਦੇ-ਦੇਖਦੇ ਜ਼ੋਰ ਨਾਲ ਹਨੇਰੀ ਵੀ ਆ ਗਈ। ਅਚਾਨਕ ਕਾਰ ਦੀ ਛੱਤ ’ਤੇ ਮੋਟੀਆਂ ਮੋਟੀਆਂ ਬੂੰਦਾਂ ਡਿੱਗਣ ਲੱਗੀਆਂ। ਜ਼ੋਰ ਦਾ ਮੀਂਹ ਉਤਰ ਆਇਆ। ਇਉਂ ਲੱਗ ਰਿਹਾ ਸੀ ਜਿਵੇਂ ਸਾਰੇ ਬੱਦਲ ਧਰਤੀ ਦੇ ਇਸ ਕੋਨੇ ’ਤੇ ਇਕੱਠੇ ਹੋ ਕੇ ਵਰ੍ਹ ਰਹੇ ਹੋਣ। ਸੜਕ ’ਤੇ ਪਾਣੀ ਭਰ ਜਾਣ ਨਾਲ ਕਾਰ ਦਾ ਚਲਣਾ ਔਖਾ ਹੋ ਗਿਆ ਸੀ। ਮੈਂ ਬੜੀ ਮੁਸ਼ਕਲ ਨਾਲ ਲੈਬ ਤੱਕ ਪਹੁੰਚਿਆ।

ਮੈਂ ਕੱਪੜੇ ਬਦਲੇ। ਨੌਕਰ ਨੂੰ ਚਾਹ ਬਣਾਉਣ ਨੂੰ ਕਿਹਾ। ਬਾਹਰ ਮੀਂਹ ਤੇ ਹਨੇਰੀ ਅਪਣਾ ਵਿਕਰਾਲ ਰੂਪ ਦਿਖਾਉਣ ਲੱਗੇ ਹੋਏ ਸਨ। ਮੈਂ ਖਿੜਕੀ ਵਿੱਚੋਂ ਪਾਣੀ ਦੀਆਂ ਧਰਾਲਾਂ ਪੈਂਦੀਆਂ ਦੇਖਣ ਲੱਗ ਪਿਆ। ਬਾਹਰ ਤਾਂ ਇਵੇਂ ਲੱਗ ਰਿਹਾ ਸੀ, ਜਿਵੇਂ ਤੂਫ਼ਾਨ ਆ ਗਿਆ ਹੋਵੇ। ਮੈਂ ਸੱਜੇ ਪਾਸੇ ਜਸਟਿਸ ਇਰਫ਼ਾਨ ਅਲੀ ਦੀ ਕੋਠੀ ਵੱਲ ਨਿਗ੍ਹਾ ਮਾਰੀ। ਹਨੇਰੇ ਕਾਰਨ ਕੋਠੀ ਝਾਉਲੀ ਝਾਉਲੀ ਨਜ਼ਰ ਆ ਰਹੀ ਸੀ। ਵਿੱਚ ਵਿੱਚ ਲਿਸ਼ਕ ਰਹੀ ਬਿਜਲੀ ਕਾਰਨ ਬੰਦ ਗੇਟ ਦਾ ਜਿੰਦਾ ਚਮਕ ਪੈਂਦਾ।

ਖੋਜ ਕਾਰਜ ਤੋਂ ਜਦੋਂ ਵੀ ਵਿਹਲ ਮਿਲਦੀ, ਮੈਂ ਤਰੋਤਾਜ਼ਾ ਹੋਣ ਲਈ ਜਸਟਿਸ ਸਾਹਿਬ ਦੀ ਕੋਠੀ ਵੱਲ ਜ਼ਰੂਰ ਦੇਖਦਾ। ਕੋਠੀ ਦੇ ਪਾਰਕ ਵਿਚਲੇ ਘਾਹ, ਗ਼ੁਲਾਬ ਅਤੇ ਕਲੀਆਂ ਨੂੰ ਦੇਖ ਕੇ ਮਨ ਅੱਸ਼ ਅੱਸ਼ ਕਰ ਉੱਠਦਾ। ਨਾਲ ਹੀ ਉਹਦਾ

ਕਲੀਆਂ ਜਿਹਾ ਰੂਪ ਮੇਰੇ ਸਾਹਮਣੇ ਸਾਕਾਰ ਹੋ ਜਾਂਦਾ। ਉਹ ਟਹਿਲਦੀ ਹੋਈ ਪਾਰਕ ਵਿੱਚ ਆਣ ਬਹਿੰਦੀ।

ਮੀਂਹ ਦੀ ਛਮਛਮ 'ਚੋਂ ਅਚਾਨਕ ਦਰਵਾਜ਼ਾ ਖੜਕਣ ਦੀ ਆਵਾਜ਼ ਸੁਣਾਈ ਦਿੱਤੀ। ਦਰਵਾਜ਼ੇ ਦੇ ਮੋਟੇ ਹੈਂਡਲ ਨਾਲ ਫਿੰਗਰ ਪ੍ਰਿੰਟ ਸੈਂਸਰ ਲੱਗਾ ਹੋਇਆ। ਕੋਈ ਵਿਅਕਤੀ ਬਿਨਾਂ ਆਗਿਆ ਅੰਦਰ ਨਹੀਂ ਆ ਸਕਦਾ। ਕੰਪਿਊਟਰ ਵਿੱਚ ਉਨ੍ਹਾਂ ਲੋਕਾਂ ਨੂੰ ਪਛਾਣਨ ਦਾ ਖ਼ਾਸ ਪ੍ਰੋਗਰਾਮ ਹੈ, ਜਿਹੜੇ ਪ੍ਰਯੋਗਸ਼ਾਲਾ ਵਿੱਚ ਅਕਸਰ ਆਉਂਦੇ ਰਹਿੰਦੇ ਹਨ। ਕੰਪਿਊਟਰ ਉਨ੍ਹਾਂ ਦੇ ਨਾਮ ਦੀ ਆਵਾਜ਼ ਦਿੰਦਾ ਤੇ ਸਕਰੀਨ 'ਤੇ ਤਸਵੀਰ ਵੀ ਆ ਜਾਂਦੀ। ਇਹ ਆਵਾਜ਼ ਬੇਨਾਮੀ ਸੀ। ਫਿਰ ਸਕਰੀਨ 'ਤੇ ਫ਼ੋਟੋ ਕਿਸ ਦੀ ਆਉਣੀ ਸੀ? ਨਾ ਚਾਹੁੰਦੇ ਹੋਏ ਵੀ ਮੈਂ ਦਰਵਾਜ਼ਾ ਖੋਲ੍ਹ ਦਿੱਤਾ ਸੀ। ਹੈਂਅ... ਇਰਫ਼ਾਨ ਅਲੀ ਦੇ ਬਾਗ਼ ਦਾ ਫੁੱਲ?

"ਸਰ, ਮੈਂ ਅੰਦਰ ਆ ਸਕਦੀ ਆਂ?" ਉਸ ਨੇ ਲੰਮੇ ਵਾਲਾਂ ਨੂੰ ਥੋੜ੍ਹਾ ਝਟਕਦਿਆਂ ਦਰਵਾਜ਼ਾ ਪੂਰਾ ਖੋਲ੍ਹ ਲਿਆ ਸੀ।

"ਹਾਂ... ਹਾਂ। ਕਿਉਂ ਨਹੀਂ?"

ਮੈਂ ਉਸ ਦੇ ਵਾਲਾਂ ਤੋਂ ਝੜ ਰਹੀਆਂ ਚਾਂਦੀ ਦੀਆਂ ਗੋਲੀਆਂ ਨੂੰ ਫ਼ਰਸ਼ 'ਤੇ ਬੇਅਵਾਜ਼ ਡਿੱਗ ਡਿੱਗ ਟੁੱਟਦਿਆਂ ਦੇਖਣ ਲੱਗਾ। ਇਕ ਅਨੋਖੀ ਜਿਹੀ ਸੁਗੰਧ ਨਾਲ ਕਮਰਾ ਭਰ ਗਿਆ ਸੀ। ਜਿਉਂ ਉਹ ਪਰੀਆਂ ਦੇ ਝੁੰਡ ਵਿਚੋਂ ਵਿਛੜ ਕੇ ਆਈ ਹੋਵੇ।

"ਸਰ, ਮੈਂ ਆਰਸੀ ਸ਼ਾਹ। ਤੁਸੀਂ ਆਰਸੀ ਕਹਿ ਸਕਦੇ ਹੋ। ਤੁਹਾਡੇ ਗੁਆਂਢ ਤੋਂ ਆਂ। ਡੈਡ ਤੇ ਨੌਕਰ ਘਰ ਨਈਂ। ਕਾਰ ਵਿੱਚੋਂ ਚਾਬੀ ਲੱਭੀ ਨਈਂ। ਸ਼ਾਇਦ ਕਿਤੇ....। ਕੀ ਡੈਡ ਦੇ ਆਉਣ ਤਕ ਇਥੇ ਰੁਕ ਸਕਦੀ ਆਂ?" ਉਹ ਇਹ ਸਭ ਕੁੱਝ ਇਕੋ ਸਾਹੇ ਬੋਲ ਗਈ ਸੀ।

ਮੈਂ ਉਹਨੂੰ ਜੀ ਆਇਆਂ ਕਿਹਾ। ਸਧਾਰਨ ਜਿਹੀ ਸਜਾਵਟ ਵਾਲਾ ਇਹ ਮੇਰਾ ਰੂਮ ਮੇਰੇ ਵਾਂਗ ਹੀ ਉੱਘੜਾ-ਦੁੱਗੜਾ ਹੈ। ਮੇਰੇ ਵਾਂਗ ਹੀ ਅੱਖੜ ਜਿਹਾ ਤੇ ਟੁੱਟ ਭੱਜ ਵਾਲਾ। ਉਸ ਸਾਹਵੇਂ ਹੋਰ ਵੀ ਊਣਾ-ਊਣਾ ਲੱਗਣ ਲੱਗ ਪਿਆ ਸੀ। ਥੋੜ੍ਹੀ ਦੇਰ ਬਾਅਦ ਨੌਕਰ ਦੋ ਕੱਪ ਚਾਹ, ਖਾਣ ਪੀਣ ਦਾ ਸਾਮਾਨ ਅਤੇ ਤੌਲੀਆ ਲੈ ਕੇ ਆ ਗਿਆ। ਪਹਿਲਾਂ ਆਰਸੀ ਨੇ ਤੌਲੀਏ ਨਾਲ ਸਿਰ ਦੇ ਵਾਲ ਸੁਕਾਏ। ਮੂੰਹ ਪੂੰਝਿਆ। ਟਾਪ ਤੇ ਜੀਨ ਵੀ ਨਿਚੋੜੇ। ਫੇਰ ਬਿਟਰ ਬਿਟਰ ਤੱਕ ਰਹੇ ਯੋਗੇਸ਼ ਦੇ ਹੱਥ ਤੌਲੀਆ ਫੜਾ ਕੇ ਹੱਸ ਪਈ।

"ਸਰ, ਤੁਸੀਂ ਇਥੇ ਇਕੱਲੇ ਰਹਿੰਦੇ ਓ?" ਚਾਹ ਦਾ ਘੁੱਟ ਭਰਦੇ ਹੋਏ ਉਸ ਨੇ ਗੱਲਬਾਤ ਸ਼ੁਰੂ ਕਰਨ ਦੇ ਉਦੇਸ਼ ਨਾਲ ਪੁੱਛਿਆ।

"ਇਕੱਲਾ ਈ ਆਂ।"

"ਪਿੱਛੋਂ ਅਸੀਂ ਜੰਮੂ-ਕਸ਼ਮੀਰ ਤੋਂ ਆਂ। ਡੈਡ ਹਾਈਕੋਰਟ 'ਚ ਜੱਜ ਨੇ। ਮੈਂ ਨਵੀਂ ਦਿੱਲੀ ਯੂਨੀਵਰਸਿਟੀ 'ਚ ਕੈਮਿਸਟਰੀ ਦੀ ਲੈਕਚਰਾਰ ਹਾਂ। ਤੁਸੀਂ?" ਉਸ ਨੇ ਅਪਣੇ ਬਾਰੇ ਜਾਣ-ਪਛਾਣ ਕਰਵਾਈ ਸੀ।

ਮੈਂ ਉਹਨੂੰ ਅਪਣੇ ਬਾਰੇ ਵੀ ਦੱਸ ਦਿੱਤਾ। ਮੈਨੂੰ ਉਸ ਨਾਲ ਗੱਲਾਂ ਕਰ ਕੇ ਆਨੰਦ ਆਉਣ ਲੱਗਾ।

"ਤੁਸੀਂ ਕਿਹੜੀ ਖੋਜ ਕਰ ਰਹੇ ਹੋ?" ਉਸ ਨੇ ਸਿਰ ਦੇ ਵਾਲਾਂ ਨੂੰ ਛੰਡਿਆ

ਸੀ।

ਮੈਂ ਉਸ ਦੇ ਸਵਾਲ ਦਾ ਕੋਈ ਸਪੱਸ਼ਟ ਜਵਾਬ ਨਹੀਂ ਸੀ ਦਿੱਤਾ। ਨੌਕਰ ਟਰੇਅ ਵਿੱਚ ਖ਼ਾਲੀ ਕੱਪ ਚੁੱਕ ਕੇ ਲੈ ਗਿਆ ਸੀ। ਹੋਰ ਨਿੱਕੀਆਂ ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ। ਤਕਰੀਬਨ ਡੇਢ ਕੁ ਘੰਟੇ ਬਾਅਦ ਮੀਂਹ ਵੀ ਰੁਕ ਗਿਆ ਸੀ। ਬਾਹਰ ਨਿਕਲ ਕੇ ਦੇਖਿਆ ਤਾਂ ਅਸਮਾਨ ਸਾਫ਼ ਹੋ ਗਿਆ ਸੀ। ਉਨ੍ਹਾਂ ਦੀ ਕੋਠੀ ਵਿੱਚ ਵੀ ਰੌਸ਼ਨੀ ਜਗਮਗਾਉਣ ਲੱਗੀ ਸੀ।

ਉਹ ਕਮਰੇ ਵਿੱਚੋਂ ਨਿੱਕੇ ਨਿੱਕੇ ਕਦਮ ਪੁੱਟਦੀ ਬਾਹਰ ਨਿਕਲੀ ਤੇ ਕਾਰ ਵਿੱਚ ਜਾ ਬੈਠੀ। ਸਟੇਅਰਿੰਗ ਘੁੰਮਾਉਂਦੀ ਹੋਈ ਨੇ ਵਿੰਡ ਸਕਰੀਨ ਤੋਂ ਬਾਹਰ ਦੇਖਿਆ। ਸਾਫ਼ ਆਕਾਸ਼ ਵਿੱਚ ਚੰਦਰਮਾ ਵਿਖਾਈ ਦੇਣ ਲੱਗਾ ਸੀ। ਮੈਂ ਪਹਿਲਾਂ ਉਹਦੇ ਵੱਲ ਵੇਖ ਕੇ ਮੁਸਕਰਾਇਆ ਤੇ ਫਿਰ ਚੰਦਰਮਾ ਵੱਲ। ਉਹਨੇ ਕਈ ਵਾਰ ਅੱਖਾਂ ਝਪਕੀਆਂ। ਕਾਰ ਸਟਾਰਟ ਕੀਤੀ ਤਾਂ ਰੌਸ਼ਨੀ ਫ਼ੈਲ ਗਈ। ਉਹ ਬਹੁਤ ਹੀ ਹੌਲੀ ਆਵਾਜ਼ ਵਿੱਚ 'ਸੀ ਯੂ...' ਬੋਲੀ। ਕਾਰ ਲੈ ਕੇ ਅਪਣੀ ਕੋਠੀ ਅੰਦਰ ਚਲੀ ਗਈ ਸੀ।

ਆਰਸੀ ਨੂੰ ਜਿਸ ਕੁਰਸੀ 'ਤੇ ਬਿਠਾਇਆ ਗਿਆ ਸੀ, ਉਸ ਉਤੇ ਬੈਠਣ ਵਾਲੇ ਦੇ ਲੈਬ ਦੇ ਕੈਮਰੇ ਅਪਣੇ ਆਪ ਫ਼ੋਟੋ ਖਿੱਚ ਲੈਂਦੇ ਹਨ। ਕੁਰਸੀ ਦੀਆਂ ਬਾਹਾਂ ਨਾਲ ਹੱਥਾਂ ਦਾ ਸਪਰਸ਼ ਹੁੰਦਿਆਂ ਹੀ ਫਿੰਗਰ ਪ੍ਰਿੰਟ ਲੈ ਲਏ ਜਾਂਦੇ ਹਨ। ਦੀਵਾਰ ਵਾਲੀ ਮਸ਼ੀਨ ਉਸ ਦੇ ਜੇਬ ਵਿਚਲੇ ਸੈੱਲ ਫੋਨ ਦਾ ਨੰਬਰ ਅਤੇ ਡਰਾਈਵਿੰਗ ਲਾਇਸੈਂਸ ਵਰਗੇ ਡਾਕੂਮੈਂਟਸ ਤੋਂ ਐਡਰੈੱਸ ਸੇਵ ਕਰ ਲੈਂਦੀ ਹੈ। ਸਭ ਤੋਂ ਪਹਿਲਾਂ ਮੈਂ ਉਹਦਾ ਨਾਂ ਤੇ ਫੋਟੋ ਫਿੰਗਰ ਪ੍ਰਿੰਟ ਸੈਂਸਰ ਵਿੱਚ ਐਡ ਕੀਤੇ। ਫਿਰ ਤਾਂ ਜਿਵੇਂ ਉਹ ਮੇਰੇ ਸਾਹਾਂ ਵਿੱਚ ਹੀ ਐਡ ਹੋ ਗਈ ਹੋਵੇ।

ਐਨੀ ਸੁੰਦਰ ਤੇ ਜ਼ਹੀਨ ਕੁੜੀ....। ਬੱਸ ਮੈਂ ਦੇਖਦਾ ਰਹਿ ਗਿਆ। ਮੈਂ ਜੌਬ ਅਤੇ ਕੰਮ ਤੋਂ ਅੱਕਿਆ ਪਿਆ ਸਾਂ। ਮੈਨੂੰ ਲੱਗਾ ਕਿ ਇਹ ਕੁੜੀ ਸੁੱਖ ਦੇ ਸਕਦੀ ਹੈ। ਹੁਣ ਹੋਟਲਾਂ ਵਿੱਚ ਭੱਜਣ ਦੀ ਲੋੜ ਨਹੀਂ ਰਹਿਣੀ। ਇਸੇ ਲਈ ਦਿਨ ਰਾਤ ਉਹਦਾ ਫ਼ੁੱਲਾਂ ਜਿਹਾ ਰੂਪ ਮੇਰੇ ਸਾਹਮਣੇ ਆਉਣ ਲੱਗਾ। ਕੁਰਸੀ 'ਤੇ ਬੈਠੀ ਜਦੋਂ ਚਾਹ ਪੀ ਰਹੀ ਸੀ ਤਾਂ ਸੁਰਾਹੀਦਾਰ ਗਰਦਨ 'ਚੋਂ ਚਾਹ ਦਾ ਘੁੱਟ ਲੰਘਦਾ ਵੀ ਦਿਸਦਾ ਸੀ। ਗੋਰੇ ਚਿੱਟੇ ਨਿਛੋਹ ਬਦਨ ਉਤੇ ਨੀਲੀਆਂ-ਨੀਲੀਆਂ ਨਾੜਾਂ ਇਵੇਂ ਲੱਗੀਆਂ ਜਿਵੇਂ ਕੁਦਰਤ ਰਾਣੀ ਨੇ ਉਹਨੂੰ ਸ਼ਿੰਗਾਰਨ ਲਈ ਬੂਟੀਆਂ ਪਾਈਆਂ ਹੋਣ। ਉਹਦੀਆਂ ਅੱਖਾਂ ਦਾ ਬਲੌਰੀਪਨ ਪਾਗ਼ਲ ਜਿਹਾ ਕਰ ਗਿਆ ਸੀ।

ਮੈਂ ਆਰਸੀ ਨੂੰ ਹਜ਼ਾਰ ਵਰ੍ਹੇ ਤੱਕ ਅਮਰ ਕਰ ਦੇਣ ਦਾ ਫ਼ੈਸਲਾ ਕਰ ਲਿਆ ਸੀ। ਹੁਣ ਤਕ ਤਿੰਨ ਸੌ ਸੱਤਰ ਬੰਦਿਆਂ ਦੇ ਜੈਨੇਟਿਕ ਡਾਟੇ ਨੂੰ ਪਰਖ ਚੁੱਕਾ ਸੀ। ਮੈਂ ਅਪਣੀ ਖੋਜ ਦੀ ਮੇਨ ਸਟਰੀਮ ਆਰਸੀ ਨੂੰ ਬਣਾਉਣ ਦਾ ਮਨ ਬਣਾ ਲਿਆ ਸੀ। ਉਹਦੇ ਸਹਿਮਤ ਹੋ ਜਾਣ ਦੀ ਉਮੀਦ ਕਰਨ ਲੱਗਾ।

ਹਫ਼ਤੇ ਕੁ ਬਾਅਦ ਆਰਸੀ ਦਾ ਅਗਲੇ ਦਿਨ ਲੈਬ ਆਉਣ ਲਈ ਫ਼ੋਨ ਆ ਗਿਆ।

ਸਵੇਰੇ-ਸਵੇਰੇ ਸੂਰਜ ਦੀਆਂ ਕਿਰਨਾਂ ਮੇਰੇ 'ਤੇ ਪਈਆਂ। ਮੈਂ ਅੰਗੜਾਈ ਲੈ ਕੇ ਅੱਖਾਂ ਖੋਲ੍ਹੀਆਂ। ਆਕਾਸ਼ ਦਾ ਰੰਗ ਆਰਸੀ ਦੀਆਂ ਅੱਖਾਂ ਵਰਗਾ ਲੱਗਾ ਸੀ। ਮੈਨੂੰ ਆਰਸੀ ਦੇ ਆਉਣ ਦਾ ਚੇਤਾ ਆ ਗਿਆ ਸੀ। ਮੈਂ ਫਟਾਫਟ ਤਿਆਰ ਹੋਇਆ ਸੀ।

ਕੁੱਝ ਸਮੇਂ ਬਾਅਦ ਉਹਨੇ ਗੇਟ ਦੇ ਹੈਂਡਲ ਨੂੰ ਟੱਚ ਕੀਤਾ ਸੀ। ਕੰਪਿਊਟਰ ਨੇ ਉਸੇ ਵਕਤ ਉਹਦੇ ਨਾਂ ਦੀ ਆਵਾਜ਼ ਦੇ ਦਿੱਤੀ ਸੀ। ਸਕਰੀਨ ’ਤੇ ਉਹਦੀ ਤਸਵੀਰ ਦੇਖ ਕੇ ਮਨ ਬਾਗ਼ੋ ਬਾਗ਼ ਹੋ ਗਿਆ। ਸਾਰਾ ਦਿਨ ਫੋਰੈਂਸਿਕ ਸੈਂਟਰ ਦੇ ਕੰਮ ਨੇ ਕਮਲੇ ਕਰੀ ਰੱਖਿਆ ਸੀ, ਰਹਿੰਦਾ ਕੰਮ ਲੈਬ ਚੁੱਕ ਲਿਆਇਆ ਸਾਂ। ਅੱਧੀ ਰਾਤ ਤੱਕ ਉਸੇ ਕੰਮ ਵਿਚ ਉਲਝਿਆ ਰਿਹਾ ਸਾਂ। ਬੱਸ ਉਹਨੂੰ ਦੇਖ ਕੇ ਸਾਰੀ ਥਕਾਵਟ ਲਹਿ ਗਈ।

ਮੈਂ ਝੱਟ ਦਰਵਾਜ਼ਾ ਖੋਲ੍ਹਿਆ। ... ਤੇ ਉਹ ਠੁਮਕ ਠੁਮਕ ਤੁਰਦੀ ਮੇਰੇ ਸਾਹਮਣੇ ਵਾਲੀ ਕੁਰਸੀ ’ਤੇ ਆਣ ਬੈਠੀ। ਮੈਂ ਉਸ ’ਤੇ ਨਜ਼ਰ ਸੁੱਟੀ। ਅੱਜ ਉਹ ਹੋਰ ਵੀ ਸੁਹਣੀ ਲੱਗ ਰਹੀ ਸੀ। ਨੌਕਰ ਨਾਸ਼ਤਾ ਪਰੋਸਣ ਲੱਗਾ। ਉਦੋਂ ਤੱਕ ਡਾਕਟਰ ਰਾਧਿਕਾ ਵੀ ਆ ਗਈ ਸੀ। ਉਹ ਵੀ ਰਸੋਈ ਵਿੱਚ ਨੌਕਰ ਨਾਲ ਹੱਥ ਵਟਾਉਣ ਲੱਗੀ। ਮੇਰੇ ਸਾਹਮਣੇ ਅਖ਼ਬਾਰ ਫੈਲਿਆ ਹੋਇਆ ਸੀ। ਮੈਂ ਨਾਸ਼ਤੇ ਦੇ ਨਾਲ ਨਾਲ ਖ਼ਬਰਾਂ ਵੀ ਪੜ੍ਹਨ ਲੱਗਾ। ਉਹਦੇ ਵੱਲ ਵੀ ਵੇਖ ਲੈਂਦਾ। ਉਹ ਅੱਖਾਂ ਝਪਕਦੀ ਤਾਂ ਲਗਦਾ ਜਿਵੇਂ ਪਲਕਾਂ ਤੋਂ ਸਿਤਾਰੇ ਝੜ ਰਹੇ ਹੋਣ। ਮੈਂ ਉਹਨੂੰ ਅਪਣੀ ਖੋਜ ਬਾਰੇ ਦੱਸਣ ਦਾ ਮਨ ਬਣਾ ਚੁੱਕਾ ਸਾਂ। ਨਾਸ਼ਤਾ ਕਰਨ ਤੋਂ ਬਾਅਦ ਮੈਂ ਉਹਨੂੰ ਲੈਬ ਅੰਦਰ ਲੈ ਗਿਆ।

ਲੈਬ ਵਿੱਚ ਅਨੇਕ ਤਰ੍ਹਾਂ ਦੇ ਯੰਤਰ ਪਏ ਹਨ, ਜਿਨ੍ਹਾਂ ਦੀ ਉਹਨੂੰ ਸ਼ਾਇਦ ਬਹੁਤੀ ਜਾਣਕਾਰੀ ਨਹੀਂ ਸੀ। ਪੂਰਬੀ ਦੀਵਾਰ ਦੇ ਨਾਲ ਵੱਡਾ ਮੇਜ਼ ਲੱਗਾ ਹੋਇਆ। ਇਸ ਉਤੇ ਅਤੇ ਕੰਧ ’ਤੇ ਅਣਗਿਣਤ ਪੁਆਂਇਟ ਲੱਗੇ ਹੋਏ ਹਨ। ਆਮ ਦਫ਼ਤਰਾਂ ਵਿੱਚ ਵਰਤਣ ਵਾਲਾ ਮੇਜ਼ ਵੀ ਪਿਆ ਹੈ। ਇਸ ਉਤੇ ਖ਼ਾਸ ਪ੍ਰੋਗਰਾਮਿੰਗ ਵਾਲਾ ਕੰਪਿਊਟਰ ਅਤੇ ਤਿੰਨ ਚਾਰ ਛੋਟੇ ਵੱਡੇ ਬਕਸੇ ਪਏ ਹੋਏ ਹਨ। ਕਈ ਤਾਰਾਂ ਕੰਪਿਊਟਰ ਅਤੇ ਬਕਸਿਆਂ ਨੂੰ ਜੋੜ ਰਹੀਆਂ ਹਨ। ਮੇਜ਼ ਦੇ ਸਾਹਮਣੇ ਪਈ ਕੁਰਸੀ ’ਤੇ ਬੈਠ ਕੇ ਉਹ ਲੈਬ ਦਾ ਜਾਇਜ਼ਾ ਲੈਣ ਲੱਗੀ।

ਦੀਵਾਰਾਂ ’ਤੇ ਲੱਗੇ ਵਿਗਿਆਨੀਆਂ ਦੇ ਪੋਰਟਰੇਟਸ ਵੇਖਦਿਆਂ ਟੇਬਲ ’ਤੇ ਪਏ ਸ਼ੀਸ਼ੇ ਦੇ ਹੇਠ ਪਈ ਅੰਗਰੇਜ਼ੀ ਸਤਰ ਵਿੱਚ ਉਸ ਨੇ ਬੜੀ ਦਿਲਚਸਪੀ ਵਿਖਾਈ।

‘ਸਮੂਥ ਵੇਵਜ਼ ਨੈਵਰ ਪਰੋਡਿਊਸ ਸਕਿਲਡ ਸੇਲਰਜ਼।”

ਟੇਬਲ ’ਤੇ ਪਈ ਇਲੈਕਟ੍ਰੋਨਿਕ ਮਾਈਕਰੋਸਕੋਪ ਵਿੱਚੋਂ ਵੇਖਣ ਲਈ ਆਰਸੀ ਝੁਕੀ ਤਾਂ ਯੋਗੇਸ਼ ਦਾ ਧਿਆਨ ਉਹਦੇ ਵੱਲ ਹੋ ਗਿਆ ਸੀ। ਮੈਂ ਉਹਨੂੰ ਘੂਰਿਆ ਤਾਂ ਉਹ ਪਰ੍ਹੇ ਜਾ ਸੈਂਟਰੀਫਿਊਗਲ ਮਸ਼ੀਨ ਕੋਲ ਪਏ ਰੀਅਜੈਂਟਾਂ ਨੂੰ ਸ਼ੀਸ਼ੇ ਦੀ ਸੈਲਫ਼ ਉਤੇ ਟਿਕਾਣ ਲੱਗ ਪਿਆ। ਫਿਰ ਮੈਂ ਆਰਸੀ ਨੂੰ ਲੋਂਜੀਵਿਟੀ ਬਾਰੇ ਦੱਸਣ ਲੱਗ ਪਿਆ ਸਾਂ। ਪਹਿਲਾਂ ਤਾਂ ਉਹ ਹੱਸੀ ਜਾਵੇ। ਉਹਨੂੰ ਯਕੀਨ ਨਹੀਂ ਸੀ ਆ ਰਿਹਾ।

“ਹਾਂ, ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਹੋ ਸਕਦੀ ਆ।”

ਡਾਕਟਰ ਰਾਧਿਕਾ ਦੇ ਮੂੰਹੋਂ ਸੁਣ ਕੇ ਸ਼ਾਇਦ ਉਹਨੇ ਯਕੀਨ ਕਰ ਲਿਆ ਸੀ। ਉਸ ਸਮੇਂ ਰਾਧਿਕਾ ਟੈਸਟ ਟਿਊਬ ’ਚ ਪ੍ਰੋਟੀਨਾਂ ਨੂੰ ਨਿਖੇੜ ਰਹੀ ਸੀ। ਮੈਂ ਫੋਰੈਂਸਿਕ ਸੈਂਟਰ ਦੇ ਸੈਂਪਲ ਨੂੰ ਪਿਛਲੀ ਰਾਤ ਗਿਲਾਸ ਬੇਸ ਵਾਲੀ ਜੈਲ ਪਲੇਟ ’ਤੇ ਵਿਛਾ ਗਿਆ ਸੀ। ਵਿਛੇ ਹੋਏ ਸਟਾਰਸ ਦਾ ਕੋਈ ਰੀਐਕਸ਼ਨ ਨਈਂ ਸੀ ਹੋਇਆ। ਹੁਣ ਰਾਧਿਕਾ ਇਸ ਸੈਂਪਲ ਨੂੰ ਹਾਈ ਸਪੀਡ ਵਾਲੀ ਸੈਂਟਰੀਫਿਊਗਲ ਮਸ਼ੀਨ ’ਚ ਪਾਉਣ ਲਈ ਤਿਆਰ ਕਰ ਰਹੀ ਸੀ। ਸ਼ਾਇਦ ਆਰਸੀ ਨੂੰ ਉਹ ਕੋਈ ਗਹਿਰ ਗੰਭੀਰ ਵਿਗਿਆਨਣ ਲੱਗੀ ਹੋਏਗੀ। ਫੇਰ ਆਰਸੀ ਮੈਨੂੰ ਕਹਿਣ ਲੱਗੀ।

"ਡਾਕਟਰ ਸੁਵੀਰ ਜੀ, ਇਹ ਬੁਢਾਪਾ ਕੀ ਸ਼ੈਅ ਆ?" ਬੁਢਾਪੇ ਸਬੰਧੀ ਸਵਾਲ ਪੁੱਛ ਜਿਵੇਂ ਮੇਰੀ ਜਵਾਨੀ ਦਾ ਅੰਦਾਜ਼ਾ ਲਗਾਉਣ ਲੱਗੀ ਹੋਵੇ। ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਸ਼ਰਾਰਤੀ ਜਿਹਾ ਹਾਸਾ ਹੱਸਦੀ ਲੱਗੀ।

"ਮਿਟੋਚੋਡ੍ਰਿਆਲ ਫ੍ਰੀ ਰੈਡੀਕਲ ਥਿਊਰੀ ਆਫ਼ ਏਜਿੰਗ ਅਨੁਸਾਰ ਬੁਢਾਪਾ ਹੌਲੀ ਹੌਲੀ ਆਉਣ ਵਾਲੀ ਮੌਤ ਹੈ।"

"…. ਐਂ ਦੱਸੋ, ਤੁਸੀਂ ਬੁਢਾਪਾ ਖ਼ਤਮ ਕਿਵੇਂ ਕਰੋਗੇ?" ਉਸ ਨੇ ਅਗਲਾ ਸਵਾਲ ਪੁੱਛ ਲਿਆ ਸੀ।

"ਮਨੁੱਖੀ ਸਰੀਰ ਵਿੱਚ ਮਾਈਕਰੋ ਆਰਗੇਨਿਜ਼ਮ ਦਾ ਜੈਨੇਟਿਕ ਮੈਟੀਰੀਅਲ ਜੋੜ ਦਿੱਤਾ ਜਾਵੇਗਾ। ਜਿਸ ਨਾਲ ਉਹ ਬੁਢਾਪੇ ਨਾਲ ਮਰਨ ਵਾਲੇ ਸੈੱਲਾਂ ਦੀ ਜ਼ਿੰਦਗੀ ਲੰਮੀ ਕਰ ਦੇਵੇਗਾ।" ਜਿਸ ਗੱਲ ਦਾ ਵਿਗਿਆਨੀ ਹਮੇਸ਼ਾ ਉਹਲਾ ਰੱਖਦਾ ਹੈ, ਮੈਂ ਉਹਨੂੰ ਉਹਦਾ ਹਿੰਟ ਦਿੱਤਾ ਸੀ।

ਮੇਰੀ ਗੱਲ ਸ਼ਾਇਦ ਉਹਦੇ ਪੱਲੇ ਨਹੀਂ ਸੀ ਪਈ। ਫਿਰ ਮੈਂ ਗੱਲ ਹੋਧਰੇ ਪਾਉਂਦਿਆਂ ਕਿਹਾ, "ਮੇਰੀ ਜ਼ਿੰਦਗੀ ਵਿੱਚ ਆਏ ਲੋਕਾਂ ਵਿੱਚੋਂ ਸਭ ਤੋਂ ਖ਼ੂਬਸੂਰਤ ਤੁਸੀਂ ਹੋ। ਮੈਂ ਚਾਹੁੰਦਾ ਆਰਸੀ ਮਨੁੱਖਾਂ ਵਿੱਚੋਂ ਪਹਿਲੀ ਹੋਵੇ, ਜਿਹੜੀ ਹਜ਼ਾਰ ਵਰ੍ਹੇ ਤਕ ਤਰੋਤਾਜ਼ਾ ਤੇ ਜਵਾਨ ਰਹੇ।"

ਇਹ ਸੁਣ ਕੇ ਉਹਦੀਆਂ ਅੱਖਾਂ ਵਿੱਚ ਚਮਕ ਆ ਗਈ ਸੀ। ਉਹ ਸੈਂਟਰੀਫਿਊਗਲ ਮਸ਼ੀਨ 'ਤੇ ਉਂਗਲਾਂ ਮਾਰਨ ਲੱਗ ਪਈ। ਉਹ ਦੋ ਢਾਈ ਘੰਟੇ ਲੈਬ ਬੈਠੀ ਰਹੀ ਪਰ ਉਹਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ।

ਮੈਂ ਵੀ ਮੁੜ ਉਹਦੇ ਨਾਲ ਖੋਜ ਵਾਲੀ ਗੱਲ ਨਹੀਂ ਸੀ ਕੀਤੀ। ਫਿਰ ਉਹ ਦੂਏ ਤੀਏ ਦਿਨ ਮੈਨੂੰ ਮਿਲਣ ਲੱਗ ਪਈ। ਕਦੇ ਉਹ ਮੇਰੇ ਕੋਲ ਆ ਜਾਂਦੀ। ਕਦੇ ਅਪਣੀ ਕੋਠੀ ਬੁਲਾ ਲੈਂਦੀ। ਚੰਦ ਮੁਲਾਕਾਤਾਂ ਤੋਂ ਬਾਅਦ ਉਹ ਮੇਰੀ ਹੋ ਗਈ ਸੀ। ਉਹਦਾ ਮੇਰਾ ਕੋਈ ਜੋੜ ਮੇਲ ਨਹੀਂ ਸੀ। ਕਦੀ ਕਦੀ ਮੈਂ ਸੋਚਦਾ ਕਿ ਉਹ ਕਿਸੇ ਏਜੰਸੀ ਦੀ ਮੈਂਬਰ ਨਾ ਹੋਵੇ। ਇੱਕ ਦਿਨ ਯੋਗੇਸ਼ ਨੇ ਮੈਨੂੰ ਆਖਿਆ ਸੀ।

"ਸਰ, ਇਸ ਕੁੜੀ 'ਤੇ ਯਕੀਨ ਨਾ ਕਰਿਉ। ਮੁਸਲਮਾਨ ਦੇਸ਼ ਦੀ ਸੁਰੱਖਿਆ ਦੀ ਸਾਰੀ ਸੂਚਨਾ ਪਾਕਿਸਤਾਨ ਨੂੰ ਦਿੰਦੇ ਆ। ਦੇਸ਼ ਵਿੱਚ ਅੱਤਵਾਦ ਫ਼ੈਲਾਉਣਾ ਚਾਹੁੰਦੇ ਆ।"

ਮੈਂ ਤਾਂ ਯੋਗੇਸ਼ ਦੀ ਗੱਲ ਸੁਣ ਕੇ ਡਰ ਗਿਆ ਸੀ। ਇਸ ਪਿੱਛੋਂ ਮੈਂ ਆਰਸੀ ਦੀ ਛਾਣਬੀਣ ਕੀਤੀ। ਜੱਜ ਸਾਹਿਬ ਆਪਣੀ ਡਿਊਟੀ ਵਿੱਚ ਮਸ਼ਰੂਫ਼ ਰਹਿੰਦੇ ਸਨ। ਘਰ ਹੋਰ ਕੋਈ ਮੈਂਬਰ ਨਹੀਂ ਸੀ। ਇਹ ਪੜ੍ਹਾਉਣ ਜਾਂਦੀ। ਓਵਰਲੋਡ ਵਰਕ ਇਹਨੂੰ ਥਕਾ ਦਿੰਦਾ। ਹਿਸਾਬ, ਸਾਇੰਸ ਵਿਸ਼ਿਆਂ ਦੇ ਅਧਿਆਪਕ ਹਮੇਸ਼ਾ ਕੰਮ ਨਾਲ ਝੱਲੇ ਹੋਏ ਰਹਿੰਦੇ ਹਨ। ਇਸਦਾ ਕੋਈ ਦੋਸਤਾਂ ਜਾਂ ਸਹੇਲੀਆਂ ਦਾ ਸਰਕਲ ਨਹੀਂ ਸੀ। ਅਪਣੇ ਰੁਝੇਵਿਆਂ ਭਰੇ ਜੀਵਨ ਤੋਂ ਤੰਗ ਆ ਕੇ ਮੇਰੇ ਵੱਲ ਆਉਣ ਲੱਗ ਪਈ ਸੀ। ਅੱਜ ਕੱਲ੍ਹ ਜਿੰਨਾ ਜੌਬ ਦਾ ਸਟਰੈੱਸ ਆ, 'ਕੱਲਾ ਬੰਦਾ ਬਚ ਨਹੀਂ ਸਕਦਾ। ਯੋਗੇਸ਼ ਵਾਲੀ ਕੋਈ ਗੱਲ ਸੱਚੀ ਨਾ ਨਿਕਲੀ।

ਇਕ ਤਰ੍ਹਾਂ ਮੇਰੀ ਜ਼ਿੰਦਗੀ 'ਚ ਮੇਰੀ ਖੋਜ ਦੇ ਨਾਲ ਨਾਲ ਆਰਸੀ ਵੀ ਜੁੜ ਗਈ ਸੀ। ਸਾਡੇ ਵਿਆਹ 'ਤੇ ਸਹਿਮਤੀ ਨਹੀਂ ਸੀ ਹੋਈ। ਉਂਝ 'ਤੇ ਜਸਟਿਸ ਸਾਹਿਬ

ਨਿੱਘੇ ਬੰਦੇ ਹਨ। ਸਾਡੀਆਂ ਨਿੱਕੀਆਂ ਨਿੱਕੀਆਂ ਖ਼ੁਸ਼ੀਆਂ ਵੱਡੀਆਂ ਕਰ ਕੇ ਮਨਾਉਂਦੇ ਪਰ ਵਿਆਹ ਬਾਰੇ ਉਨ੍ਹਾਂ ਦਾ ਤਰਕ ਸੀ ਕਿ ਆਪਣੇ ਧਰਮ ਵਿੱਚ ਹੀ ਕਰਵਾਉਣਾ ਚਾਹੀਦਾ ਹੈ। ਜਦੋਂ ਉਹ ਲੈਬ ਆਏ ਹੋਏ ਏਹੋ ਜਿਹੀਆਂ ਗੱਲਾਂ ਕਰਨ ਲੱਗੇ, ਯੋਗੇਸ਼ ਵੀ ਉਹਨਾਂ ਦੀ ਹਾਂ ਵਿਚ ਹਾਂ ਮਿਲਾਉਣ ਲੱਗਾ। ਉਂਝ ਉਹ ਆਰਸੀ ਦੇ ਕੋਲ ਢੁੱਕ-ਢੁੱਕ ਕੇ ਬਹਿੰਦਾ ਤੇ ਜੱਜ ਸਾਹਿਬ ਤੋਂ ਪਾਸਾ ਵੱਟ ਲੈਂਦਾ ਸੀ। ਉਸ ਦਿਨ ਵਿਆਹ ਵਾਲੇ ਮਾਮਲੇ 'ਤੇ ਜੱਜ ਸਾਹਿਬ ਨਾਲ ਸਟੈਂਡ ਕਰ ਗਿਆ ਸੀ। ਵਿਆਹ ਮੇਰਾ ਵੀ ਸੈਕੰਡਰੀ ਏਜੰਡਾ ਸੀ।

ਉਹ ਡਿਊਟੀ ਤੋਂ ਸੁਰਖ਼ਰੂ ਹੋ ਕੇ ਮੇਰੇ ਕੋਲ ਆ ਜਾਂਦੀ। ਫਿਰ ਉਹਦੀ ਮਰਜ਼ੀ ਚੱਲਦੀ। ਉਨ੍ਹੇ ਕਿੱਧਰ ਨੂੰ ਲੈ ਕੇ ਜਾਣਾ ਹੈ। ਕਿਹੜੀ ਪਾਰਟੀ ਅਟੈਂਡ ਕਰਵਾਉਣੀ ਹੈ, ਕਿੱਥੇ ਲੰਚ ਕਰਨਾ ਹੈ ਤੇ ਕਿਥੇ ਡਿਨਰ? ਇਹ ਉਸ 'ਤੇ ਡਿਪੈਂਡ ਹੁੰਦਾ ਸੀ। ਮੈਂ ਆਪਣੇ ਜੀਵਨ ਵਿੱਚ ਪਹਿਲ ਹਮੇਸ਼ਾ ਖੋਜ ਕਾਰਜ ਨੂੰ ਦਿੱਤੀ ਤੇ ਆਰਸੀ ਨੇ ਸਿਰਫ਼ ਮੁਹੱਬਤ ਨੂੰ। ਉਹ ਮੈਨੂੰ ਦਿੱਲੀ ਦੀ ਹਰ ਪਿਕਨਿਕ ਸਪੋਟ 'ਤੇ ਲੈ ਕੇ ਗਈ। ਮੈਂ ਜ਼ਿੰਦਗੀ ਵਿੱਚ ਕਦੇ ਨੱਚ ਕੇ ਨਹੀਂ ਸੀ ਦੇਖਿਆ। ਪਾਰਟੀਆਂ ਵਿੱਚ ਭੰਗੜਾ ਪਾਉਣਾ ਵੀ ਉਹਨੇ ਹੀ ਸਿਖਾਇਆ। ਆਪ ਤਾਂ ਉਹ ਕਮਾਲ ਦਾ ਡਾਂਸ ਕਰਦੀ ਸੀ।

ਪਿਛਲੇ ਪੰਜ ਛੇ ਸਾਲ ਤੋਂ ਮੇਰੀ ਤੇ ਆਰਸੀ ਦੀ ਸਾਂਝ ਸੋਹਣੀ ਨਿਭਦੀ ਆ ਰਹੀ ਸੀ। ਜਦੋਂ ਆਰਸੀ ਤੇਤੀ ਸਾਲ ਦੀ ਹੋਈ ਸੀ। ਉਹਨੂੰ ਵੱਡੀ ਹੋ ਰਹੀ ਉਮਰ ਦਾ ਝੋਰਾ ਵੱਢ ਵੱਢ ਖਾਣ ਲੱਗਾ।

"ਮੇਰੀ ਉਮਰ ਢਲਣ ਲੱਗ ਪਈ, ਡਾਕਟਰ ਸਾਹਿਬ। ਮੇਰੇ ਨਾਲ ਦੀਆਂ ਸਭ ਵਿਆਹ ਹੋ ਗਈਆਂ। ਡੈਡ ਤੇਰੇ ਲਈ ਨਹੀਂ ਮੰਨਦੇ ਤੇ ਮੈਂ ਕਿਸੇ ਹੋਰ ਲਈ ਨਈਂ ਮੰਨਦੀ।... ਮੇਰੀ ਬਿਊਟੀ ਖ਼ਤਮ ਹੋਣ ਕਿਨਾਰੇ ਆ। ਆਹ ਦੇਖੋ ਚਿਹਰਾ ਮੁਰਝਾਉਣ ਲੱਗ ਪਿਆ। ਆਹ ਠੋਡੀ ਹੇਠ ਰਿੰਕਲ ਪੈਣ ਲੱਗ ਪਏ ਨੇ। ਮੈਨੂੰ ਆਪਣੀ ਧੌਣ ਘੜੇ ਵਰਗੀ ਲੱਗਣ ਲੱਗ ਪਈ ਆ।" ਉਹ ਮੇਰੇ ਮੋਢੇ 'ਤੇ ਸਿਰ ਰੱਖ ਕੇ ਡੁਸਕਣ ਲੱਗ ਪੈਂਦੀ।

ਉਹਨਾਂ ਦਿਨਾਂ ਵਿੱਚ ਵਧਦੀ ਉਮਰ ਬਾਰੇ ਉਹ ਫ਼ਿਕਰਮੰਦ ਬਹੁਤ ਸੀ। ਉਹਨੂੰ ਚਿਹਰੇ 'ਤੇ ਪੈਂਦੀਆਂ ਝੁਰੜੀਆਂ ਤੰਗ ਕਰਦੀਆਂ। ਸਲਿਮ ਟਰਿਮ ਕੁੜੀ ਔਰਤ ਜਿਹੀ ਲੱਗਣ ਲੱਗ ਪਈ ਸੀ। ਮੈਂ ਵੀ ਉਹਦਾ ਸਰੀਰ ਦੇਖ ਕੇ ਫ਼ਿਕਰਮੰਦ ਹੋਣ ਲੱਗਾ ਸੀ। ਫਿਰ ਉਹਨੇ ਆਪ ਲੋਂਜੀਵਿਟੀ ਵਾਲੀ ਗੱਲ ਛੇੜ ਲਈ।

"ਸੁਵੀਰ ਜੀ, ਤੁਸੀਂ ਮੈਨੂੰ ਕਿਹਾ ਸੀ... ਆਰਸੀ ਮਨੁੱਖਾਂ ਵਿੱਚੋਂ ਪਹਿਲੀ ਹੋਵੇਗੀ ਜਿਹੜੀ ਹਜ਼ਾਰ ਵਰ੍ਹੇ ਤਕ ਤਰੋ-ਤਾਜ਼ਾ ਤੇ ਜਵਾਨ ਰਹੇਗੀ। ਹਜ਼ਾਰ ਵਰ੍ਹੇ ਨੂੰ ਮਾਰੋ ਗੋਲੀ। ਕੀ ਤੁਸੀਂ ਮੈਨੂੰ ਵੀਹ ਸਾਲ ਹੋਰ ਟਹਿਕਦੀ ਰੱਖ ਸਕਦੇ ਹੋ?"

ਮੈਂ ਵੀ ਨਹੀਂ ਸੀ ਚਾਹੁੰਦਾ ਕਿ ਇਹ ਫ਼ੁੱਲ ਮੁਰਝਾ ਜਾਏ। ਮੈਂ ਇਹਨੂੰ ਹਮੇਸ਼ਾ ਗ਼ੁਲਾਬ ਦੇ ਫ਼ੁੱਲ ਵਾਂਗ ਖਿੜੀ ਦੇਖਣਾ ਚਾਹੁੰਦਾ ਸੀ। ਫਿਰ ਮੈਂ ਉਹਨੂੰ ਲੈਬ ਸੱਦਣ ਲੱਗ ਪਿਆ। ਸਭ ਤੋਂ ਪਹਿਲਾਂ ਮੈਂ ਉਹਦੇ ਜੀਨਜ਼ ਦੇ ਸੈਂਪਲ ਸਟੋਰ ਕੀਤੇ। ਫੋਸਿਲ ਲੈਬ ਵਿੱਚ ਟੈਸਟਾਂ ਰਾਹੀਂ ਉਸ ਦੇ ਛੋਟੇ ਛੋਟੇ ਉਹ ਜੀਨਜ਼ ਲੱਭ ਲਏ, ਜਿਹੜੇ ਜਵਾਨੀ ਉਤੇ ਅਸਰ ਪਾਉਂਦੇ ਹਨ। ਪਿਛਲੇ ਛੇ ਮਹੀਨਿਆਂ ਵਿੱਚ ਮੈਂ ਇਹ ਵੱਡੀ ਪ੍ਰਾਪਤੀ ਕੀਤੀ ਸੀ। ਪਿਛਲੇ ਛੇ ਸਾਲਾਂ ਵਿੱਚ ਹੋਰ ਲੋਕਾਂ 'ਤੇ ਵੀ ਤਜ਼ਰਬੇ ਕੀਤੇ ਸਨ ਪਰ ਸਫ਼ਲਤਾ

ਨਹੀਂ ਸੀ ਮਿਲੀ।

ਮੈਂ ਆਰਸੀ ਦੇ ਜੀਨਜ਼ ਦਾ ਸੈਂਪਲ ਲੈ ਕੇ ਐਰੀਜ਼ੋਨਾਂ ਦੀ ਪ੍ਰਾਜੈਕਟ ਰਿਸਰਚ ਲੈਬਾਰਟਰੀ ਨੂੰ ਵੀ ਭੇਜ ਚੁੱਕਾ ਸਾਂ। ਦੁਨੀਆਂ ਦੇ ਸਾਰੇ ਸੈਂਪਲਾਂ ਦੀ ਪ੍ਰੋਸੈਸਿੰਗ ਐਰੀਜ਼ੋਨਾਂ ਵਿੱਚ ਹੀ ਹੁੰਦੀ ਹੈ। ਉਹ ਸੈਂਪਲ ਵੀ ਮੁਕੰਮਲ ਪਾਇਆ ਗਿਆ ਸੀ। ਦੂਜੀ ਪ੍ਰਾਪਤੀ ਇਹ ਹੋਈ ਸੀ ਉਥੇ ਹੀ ਜੈਨੇਟਿਕ ਡਾਟੇ ਦੀ ਪਰਖ ਵੀ ਕਰਵਾਈ ਸੀ। ਫ਼ਾਈਨਲ ਸਟੇਜ ਤੋਂ ਪਹਿਲਾਂ ਆਰਸੀ ਦੇ ਸਰੀਰ ਦੇ ਸੱਤ ਹਿੱਸਿਆਂ ਦੇ ਸੈੱਲਾਂ ਦੀ ਮੁਰੰਮਤ ਕਰਨੀ ਪੈਣੀ ਸੀ। ਜੀਨਜ਼ ਦੀ ਮੁਰੰਮਤ ਤਾਂ ਸੈਂਪਲ ਲੈਣ ਵੇਲੇ ਕਰ ਦਿੱਤੀ ਸੀ।

ਮੈਂ ਆਪਣੀ ਖੋਜ ਦੇ ਬਿਲਕੁਲ ਨੇੜੇ ਪੁੱਜ ਗਿਆ ਸੀ।

ਉਨ੍ਹਾਂ ਦਿਨਾਂ ਵਿੱਚ ਹੀ ਇਹ ਅਨਹੋਣੀ ਵਾਪਰ ਗਈ। ਸਵੇਰੇ ਉੱਠ ਕੇ ਪਤਾ ਲੱਗਾ ਕਿ ਰਾਤ ਹਾਰਟ ਅਟੈਕ ਨੇ ਮੇਰੀ ਆਰਸੀ ਦੀ ਜਾਨ ਲੈ ਲਈ। ਉਹ ਸਾਡੇ ਦੋਵੇਂ ਘਰ ਸੁੰਨੇ ਕਰ ਗਈ ਸੀ। ਜਿਸ ਵਿਗਿਆਨੀ ਨੇ ਆਪਣੀ ਮਹਿਬੂਬ ਨੂੰ ਸੈਂਕੜੇ ਸਾਲ ਫੁੱਲਾਂ ਵਾਂਗ ਰੱਖਣਾ ਸੀ। ਉਹ ਉਹਨੂੰ ਬਿਨ੍ਹਾਂ ਦੱਸੇ ਅਪਣੇ ਡੈਡ ਦੇ ਹੱਥਾਂ ਵਿੱਚ ਲੁੜਕ ਗਈ ਸੀ। ਕਦੇ ਮੈਂ ਅਪਣੀ 11-12 ਮਹੀਨੇ ਦੀ ਖੋਜ ਦੀ ਅਜਾਈਂ ਗਈ ਮਿਹਨਤ ਬਾਰੇ ਸੋਚਣ ਲੱਗਦਾ, ਕਦੇ ਅਪਣੀ ਆਰਸੀ ਦੇ ਵਿਛੋੜੇ ਬਾਰੇ।

ਮੈਨੂੰ ਪਤੈ ਕਿ ਮੈਂ ਆਰਸੀ ਨੂੰ ਸਪੁਰਦ-ਏ-ਖ਼ਾਕ ਹੁੰਦਿਆਂ ਕਿਵੇਂ ਜਰਿਆ। ਮੈਂ ਉਹਦੇ ਨਾਲ ਹੀ ਕਟੈੜਾ ਪੁੱਟਦੇ ਸਮੇਂ ਦਫ਼ਨ ਹੋ ਜਾਣਾ ਚਾਹੁੰਦਾ ਸੀ। ਇਹ ਤਾਂ ਮੈਨੂੰ ਡਾਕਟਰ ਰਾਧਿਕਾ ਵਾਪਸ ਲੈ ਆਈ। ਉਸ ਰਾਤ ਮੇਰੀਆਂ ਅੱਖਾਂ ਵਿੱਚ ਨੀਂਦ ਕਿਤੇ ਨਹੀਂ ਸੀ। ਸਵੇਰੇ ਨਾ ਨਹਾਉਣ ਨੂੰ ਚਿੱਤ ਕੀਤਾ ਤੇ ਨਾ ਹੀ ਖਾਣ ਪੀਣ ਨੂੰ। ਮੈਂ ਨੌਕਰ ਨੂੰ ਕਬਰਸਤਾਨ ਵਿੱਚ ਹੀ ਖਾਣੇ ਤੋਂ ਮਨ੍ਹਾ ਕਰ ਦਿੱਤਾ ਸੀ। ਉਹ ਉਥੋਂ ਹੀ ਆਪਣੇ ਕਿਸੇ ਦੋਸਤ ਕੋਲ ਚਲਾ ਗਿਆ ਸੀ। ਰਾਤ ਸਮੇਂ ਮੈਂ ਇਕੱਲਾ ਹੀ ਸੀ। ਕਦੇ ਕਦੇ ਫ਼ਿੰਗਰ ਪ੍ਰਿੰਟ ਸੈਂਸਰ ਵਾਲੇ ਕੰਪਿਊਟਰ ’ਤੇ ਉਹਦੀ ਤਸਵੀਰ ਆਉਣ ਦਾ ਭੁਲੇਖਾ ਪੈ ਜਾਂਦਾ। ਮੈਂ ਦਰਵਾਜ਼ਾ ਖੋਲ੍ਹਣ ਉੱਠਦਾ ਪਰ ਅੱਗੇ..। ਮੇਰਾ ਰੋਣ ਨਿਕਲ ਜਾਂਦਾ ਤੇ ਨਿਸੱਤੇ ਸਰੀਰ ਨੂੰ ਬੈੱਡ ’ਤੇ ਸੁੱਟ ਫਿਰ ਹਾਉਕੇ ਭਰਨ ਲਗਦਾ। ਸੈੱਲ ਫ਼ੋਨ ਵਿੱਚ ਦਿਲਚਸਪੀ ਨਾ ਰਹੀ। ਪਤਾ ਨਹੀਂ ਉਹਦੀ ਬੈਟਰੀ ਦੀ ਚਾਰਜਿੰਗ ਕਦੋਂ ਦੀ ਮੁੱਕ ਗਈ ਸੀ।

ਜਿਉਂ ਹੀ ਦਿਨ ਚੜ੍ਹਿਆ, ਮੈਂ ਲੈਬ ਵਿੱਚ ਉਹਦੀ ਸੂਰਤ ਦੇਖਣ ਲਈ ਆ ਵੜਿਆ। ਕੰਪਿਊਟਰ ਔਨ ਕੀਤਾ। ਸਭ ਤੋਂ ਪਹਿਲਾਂ ਵਾਲ ਪੇਪਰ ਵਿੱਚ ਪਈਆਂ ਤਸਵੀਰਾਂ ’ਤੇ ਕਲਿੱਕ ਕੀਤਾ। ਉਸੇ ਵੇਲੇ ਨਾਲ ਦੇ ਟੇਬਲ ’ਤੇ ਪਰੀਜਰਵ ਕੀਤੇ ਜੀਨਜ਼ ਅਤੇ ਸੈਂਪਲਜ਼ ’ਤੇ ਨਿਗਾਹ ਗਈ। ਮੈਨੂੰ ਉਹ ਝਾਉਲੇ ਝਾਉਲੇ ਦਿਸ ਰਹੇ ਸਨ, ਪਰ ਹੱਸਦੀ ਹੋਈ ਆਰਸੀ ਸਾਫ਼ ਦਿਖਾਈ ਦੇ ਰਹੀ ਸੀ। ਮੈਂ ਟੇਬਲ ਤੋਂ ਧਿਆਨ ਹਟਾ ਉਹਦੀ ਲੌਂਜੀਵਿਟੀ ਵਾਲੀਆਂ ਰਿਪੋਰਟਾਂ ਵਿੱਚ ਖੁੱਭ ਗਿਆ। ਈ-ਪੇਜ ਫਰੋਲਿਆ ਤਾਂ ਰਾਇਲ ਸੁਸਾਇਟੀ ਲੰਡਨ ਨੂੰ ਆਰਸੀ ਦੀ ਜੋ ਰਿਪੋਰਟ ਭੇਜੀ, ਪੜ੍ਹਨ ਲਈ ਕਮਾਂਡ ਦੇ ਦਿੱਤੀ। ਉਸੇ ਸਮੇਂ ਸੱਜੇ ਪਾਸੇ ਵਾਲਾ ਕੰਪਿਊਟਰ ਟੂੰ-ਟੂੰ ਕਰਨ ਲੱਗ ਪਿਆ ਸੀ। ਮੈਂ ਰਿਪੋਰਟ ਨੂੰ ਵਿਚਕਾਰ ਛੱਡ ਕੇ ਐਮਰਜੈਂਸੀ ਮੈਸਜ ਪੜ੍ਹਿਆ। ਉਸ ਤੋਂ ਬਾਅਦ ਮੈਤੋਂ ਕਿੰਨਾ ਚਿਰ ਕੁਰਸੀ ’ਚੋਂ ਉੱਠਿਆ ਨਹੀਂ ਸੀ ਗਿਆ। ਮੇਰੀ ਰੀੜ੍ਹ ਦੀ ਹੱਡੀ ਵਿੱਚ ਡਰ ਦੀ ਲਹਿਰ ਦੌੜ ਗਈ ਸੀ। ਕੁੱਝ ਝਟਕਿਆਂ ਤੋਂ ਬਾਅਦ ਮੈਂ ਸਧਾਰਨ ਹਾਲਤ

ਵਿੱਚ ਪੁੱਜਾ।

"ਕਾਸ਼! ਐਸ.ਪੀ. ਮਿਸਟਰ ਸ਼ੁਕਲਾ ਦੀ ਮੈਸਜ ਵਾਲੀ ਖ਼ਬਰ ਝੂਠੀ ਹੋਵੇ।"

ਇਹ ਖ਼ਬਰ ਸੁੰਨ ਕਰਨ ਵਾਲੀ ਸੀ। ਜੋ ਆਰਸੀ ਨਾਲ ਹੋਈ, ਇਸ ਦੀ ਤਾਂ ਕੋਈ ਕਲਪਨਾ ਵੀ ਨਹੀਂ ਸੀ ਕਰ ਸਕਦਾ। ਕਹਿਰ ਦੀ ਗਰਮੀ ਵਿੱਚ ਵੀ ਮੇਰੇ ਦੰਦ ਵੱਜਣ ਲੱਗ ਪਏ ਸਨ। ਹੱਥ ਕੰਬ ਰਹੇ ਸਨ। ਮੈਨੂੰ ਕੁੱਝ ਸੁੱਝ ਨਹੀਂ ਸੀ ਰਿਹਾ ਕਿ ਮੈਂ ਕੀ ਕਰਾਂ? ਇਸੇ ਪ੍ਰੇਸ਼ਾਨੀ ਵਿੱਚ ਮੈਂ ਲੈਬ ਵਿੱਚੋਂ ਨਿਕਲਿਆ ਤੇ ਆਪਣੇ ਕਮਰੇ ਵਿੱਚ ਗੇੜੇ ਕੱਢਣ ਲੱਗ ਪਿਆ।

ਥੋੜ੍ਹੀ ਦੇਰ ਬਾਅਦ ਡਾਕਟਰ ਰਾਧਿਕਾ ਲੈਬ ਪੁੱਜੀ ਤਾਂ ਉਹਦੇ ਚਿਹਰੇ 'ਤੇ ਪ੍ਰੇਸ਼ਾਨੀ ਸਾਫ਼ ਝਲਕਦੀ ਸੀ। ਉਹਨੇ ਆਉਂਦਿਆਂ ਈ ਸਾਰੀ ਘਟਨਾ ਬਿਆਨ ਕਰ ਦਿੱਤੀ। ਇਸ ਪਿੱਛੋਂ ਕਮਰੇ ਵਿੱਚ ਕਾਫ਼ੀ ਸਮਾਂ ਚੁੱਪ ਪਸਰੀ ਰਹੀ। ਡਾਕਟਰ ਰਾਧਿਕਾ ਨੇ ਹੀ ਮੈਨੂੰ ਦਿਲਾਸਾ ਦਿੱਤਾ ਸੀ। ਉਹੀ ਮੈਨੂੰ ਕਾਰ ਵਿੱਚ ਬਿਠਾ ਕੇ ਕਬਰਸਤਾਨ ਵੱਲ ਲੈ ਤੁਰੀ ਸੀ।

ਲੈਬ ਵਿੱਚ ਜਿਸ ਮੈਸਜ 'ਤੇ ਮੈਂ ਯਕੀਨ ਨਈਂ ਸੀ ਕਰ ਰਿਹਾ। ਉਹ ਸੱਚ ਹੋਇਆ ਪਿਆ ਸੀ। ਕਬਰ ਦੀ ਮਿੱਟੀ ਪੁੱਟੀ ਹੋਈ ਸੀ। ਆਰਸੀ ਦੀ ਲਾਸ਼ ਸਪੈਹਣਾਂ ਦੇ ਕਬਜ਼ੇ ਵਿੱਚ ਸੀ। ਉਹ ਤਾਂ ਮੂੰਹ ਵੀ ਨਹੀਂ ਸੀ ਦੇਖਣ ਦੇ ਰਹੀਆਂ। ਅਫ਼ਸਰ ਤੇ ਜਸਟਿਸ ਸਾਹਿਬ ਦੇ ਰਿਸ਼ਤੇਦਾਰ ਗੁੱਸੇ ਵਿੱਚ ਘੁੰਮ ਰਹੇ ਸਨ। ਮੈਨੂੰ ਉਨ੍ਹਾਂ ਦੇ ਮਨਾਂ ਅੰਦਰ ਅੱਗ ਦੇ ਭਾਂਬੜ ਬਲ਼ਦੇ ਨਜ਼ਰ ਆਏ। ਤਣਾਅ ਐਨਾ ਸੀ ਕਿ ਇਸ ਸਮੇਂ ਕੁੱਝ ਵੀ ਵਾਪਰ ਸਕਦਾ ਸੀ। ਹਾਲਾਤ ਨਾਲ ਨਜਿੱਠਣ ਲਈ ਐਸ.ਪੀ. ਸਾਹਿਬ ਦੀ ਅਗਵਾਈ ਹੇਠ ਪੁਲੀਸ ਤਿਆਰ ਬਰ ਤਿਆਰ ਖੜੀ ਸੀ। ਲਾਸ਼ ਨੂੰ ਐਂਬੂਲੈਂਸ ਵਿੱਚ ਹਸਪਤਾਲ ਲੈ ਤੁਰੇ ਸਨ।

ਐਸ.ਪੀ. ਸਾਹਿਬ ਵਲੋਂ ਫੋਰੈਂਸਿਕ ਸੈਂਟਰ ਲਈ ਸੈਂਪਲ ਲੈਣ ਲਈ ਮੈਨੂੰ ਮੈਸਜ ਕੀਤਾ ਗਿਆ ਸੀ। ਡਾਕਟਰ ਰਾਧਿਕਾ ਨੇ ਅਪਰੇਟਸ ਬਾਕਸ, ਗਲੱਵਜ਼ ਅਤੇ ਪਰੀਜਰਵੇਟਿਵਜ਼ ਆਦਿ ਸਾਮਾਨ ਕਾਰ ਵਿੱਚ ਰੱਖ ਲਿਆ ਸੀ। ਮੈ ਤਾਂ ਇਸ ਗੱਲੋਂ ਸੁੰਨ ਸੀ ਕਿ ਇੱਕ ਲਾਸ਼ ਨਾਲ ਬਲਾਤਕਾਰ! ਉਹ ਕਮੀਨਾ ਭੱਜ ਕਿਵੇਂ ਗਿਆ। ਪੁਲੀਸ ਦਾ ਕਹਿਣਾ ਸੀ-ਇਕ ਗ਼ਰੀਬੜਾ ਸ਼ਰਾਬੀ ਅੱਧੀ ਰਾਤ ਤੋਂ ਬਾਅਦ ਕਬਰਸਤਾਨ ਸੌਣ ਲਈ ਪੁੱਜਾ ਸੀ। ਉਹ ਸ਼ਰਾਬੀ ਨੂੰ ਦੇਖ ਕੇ ਭੱਜ ਗਿਆ ਸੀ।

ਐਸ.ਪੀ. ਸਾਹਿਬ ਤਾਂ ਚਾਹੁੰਦੇ ਸੀ ਕਿ ਮੈਂ ਛੇਤੀ ਤੋਂ ਛੇਤੀ ਸੈਂਪਲ ਲੈ ਲਵਾਂ ਤਾਂ ਕਿ ਪੋਸਟ ਮਾਰਟਮ ਹੋ ਜਾਵੇ ਤੇ ਲਾਸ਼ ਨੂੰ ਦੁਬਾਰਾ ਸਪੁਰਦ-ਏ-ਖ਼ਾਕ ਕਰ ਦਿੱਤਾ ਜਾਵੇ। ਐਸ.ਪੀ. ਸਾਹਿਬ ਨੇ ਆਰਸੀ ਦੇ ਸਰੀਰ ਤੋਂ ਕੱਪੜਾ ਸਰਕਾਇਆ ਸੀ। ਹੈਂਅ! ਆਰਸੀ? ਉਹ ਤਾਂ ਪਛਾਣੀ ਵੀ ਨਹੀਂ ਸੀ ਗਈ। ਥਾਂ ਥਾਂ 'ਤੇ ਦੰਦੀਆਂ ਨਾਲ ਵੱਢ ਮਾਰੇ ਹੋਏ ਸਨ।

"ਰਾਖਸ਼ਸ਼....।" ਮੇਰੇ ਕਲੇਜੇ ਰੁੱਗ ਭਰਿਆ ਗਿਆ ਸੀ। ਡਾਕਟਰ ਰਾਧਿਕਾ ਮੇਰੀ ਹਾਲਤ ਸਮਝ ਗਈ ਸੀ। ਉਸ ਨੇ ਸੈਂਪਲ ਲੈਣੇ ਸ਼ੁਰੂ ਕੀਤੇ। ਪਹਿਲਾਂ ਉਹਨੇ ਆਰਸੀ ਦੇ ਕੱਪੜਿਆਂ ਤੋਂ ਵਾਲਾਂ ਦਾ ਸੈਂਪਲ ਲਿਆ। ਫਿਰ ਜੰਮੇ ਹੋਏ ਖ਼ੂਨ ਦਾ। ਇਸ ਤੋਂ ਬਾਅਦ ਆਰਸੀ ਦੇ ਮੂੰਹ ਵਿੱਚੋਂ ਆਰਟਰੀ ਫੋਰਸੈਂਪ ਨਾਲ ਸਵੈਬ ਅਟੈਚ ਕਰ ਕੇ ਲਾਰ ਦਾ ਸੈਂਪਲ ਲਿਆ। ਜਦੋਂ ਉਹ ਰੂੰ ਦੇ ਫੰਬੇ ਨਾਲ ਵੇਜਾਈਨਲ ਸਵੈਬ ਦਾ ਸੈਂਪਲ

ਲੈਣ ਲੱਗੀ। ਮੇਰੀਆਂ ਅੱਖਾਂ ਮੀਟੀਆਂ ਗਈਆਂ। ਡਾਕਟਰ ਰਾਧਿਕਾ ਮੈਨੂੰ ਹਸਪਤਾਲ ਤੋਂ ਕਬਰਸਤਾਨ ਲੈ ਕੇ ਗਈ। ਆਰਸੀ ਨੂੰ ਦਫ਼ਨਾਉਣ ਤੋਂ ਬਾਅਦ ਮੇਰੇ ਕਮਰੇ ਤਕ ਛੱਡਣ ਵੀ ਆਈ ਸੀ।

ਮੈਨੂੰ ਇਸ ਘਟਨਾ ਨੇ ਬੇਚੈਨ ਕਰ ਦਿੱਤਾ ਸੀ। ਫੋਰੈਂਸਿਕ ਸੈਂਟਰ ਵਾਲੇ ਡਿਊਟੀ ਕਰਨ ਲਈ ਦਬਾਅ ਪਾ ਰਹੇ ਸਨ। ਉਹ ਇਸ ਘਟਨਾ ਦੀ ਤੁਰੰਤ ਰਿਪੋਰਟ ਮੰਗ ਰਹੇ ਸਨ। ਮੇਰਾ ਕਿਸੇ ਕੰਮ ਵਿੱਚ ਦਿਲ ਨਹੀਂ ਸੀ ਲੱਗਦਾ। ਆਖ਼ਿਰ ਮੇਰੀਆਂ ਵੀ ਭਾਵਨਾਵਾਂ ਹਨ। ਵਿਗਿਆਨੀ ਦੇ ਸੀਨੇ ’ਚ ਵੀ ਦਿਲ ਹੁੰਦਾ। ਮੈਂ ਦੋਸ਼ੀ ਨੂੰ ਹਰ ਹੀਲੇ ਫੜ੍ਹਨ ਦੇ ਹੱਕ ਵਿੱਚ ਸੀ।

“ਸਰ, ਮੈਂ ਕੁੱਝ ਦਿਨ ਸੈਂਟਰ ਨਈਂ ਆ ਸਕਦਾ। ਮੈਨੂੰ ਮੈਡੀਕਲ ਲੀਵ ’ਤੇ ਸਮਝਿਆ ਜਾਵੇ। ਉਂਝ ਮੈਂ ਆਰਸੀ ਵਾਲੇ ਮਾਮਲੇ ਨੂੰ ਅਪਣੀ ਲੈਬ ਵਿੱਚ ਨਜਿੱਠ ਲਵਾਂਗਾ। ਨਤੀਜਾ ਆਉਣ ’ਤੇ ਰਿਪੋਰਟ ਤੁਰੰਤ ਤੁਹਾਡੇ ਆਫ਼ਿਸ ਪੇਸ਼ ਕਰ ਦਿਆਂਗਾ।” ਮੈਂ ਫੋਰੈਂਸਿਕ ਸੈਂਟਰ ਦੀ ਹਾਇਰ ਅਥਾਰਟੀ ਨੂੰ ਸਾਫ਼ ਕਹਿ ਦਿੱਤਾ ਸੀ।

ਸੈਂਟਰ ਵਾਲਿਆਂ ਨੇ ਐਨੀ ਕੁ ਮੇਰੀ ਮੰਨ ਲਈ ਸੀ। ਡਾਕਟਰ ਰਾਧਿਕਾ ਵੀ ਇਹ ਕੇਸ ਜਲਦੀ ਹੱਲ ਕਰਨਾ ਚਾਹੁੰਦੀ ਸੀ। ਸਭ ਤੋਂ ਪਹਿਲਾਂ ਉਸ ਨੇ ਹੀ ਲੈਬ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਉਸ ਨੇ ਵੇਜਾਈਨਲ ਸਵੈਬ ਦਾ ਕੰਮ ਅਰੰਭ ਕੀਤਾ ਸੀ। ਸੈਂਪਲ ਤਿਆਰ ਕਰ ਕੇ ਮੇਰੇ ਮੂਹਰੇ ਰੱਖ ਦਿੱਤਾ ਸੀ। ਮੈਂ ਕੈਮੀਕਲ ਨਾਲ ਆਰਸੀ ਦੇ ਡੀ.ਐਨ.ਏ. ਧੋ ਦਿੱਤੇ। ਪਿੱਛੇ ਰੂੰ ਦੇ ਫ਼ੰਬੇ ਉਤੇ ਸਿਰਫ਼ ਦੋਸ਼ੀ ਦੇ ਸਪਰਮ ਬਚੇ ਸਨ। ਹੋਰ ਕੈਮੀਕਲ ਵਰਤ ਕੇ ਸਪਰਮ ਨੂੰ ਨਿਖੇੜ ਲਿਆ ਸੀ ਅਤੇ ਉਸ ਦਾ ਡੀ.ਐਨ.ਏ. ਪ੍ਰਿੰਟ ਵੀ ਲੈ ਲਿਆ ਸੀ। ਡਾਕਟਰ ਰਾਧਿਕਾ ਨੇ ਮਾਈਕਰੋਸਕੋਪ ਦੇ ਆਈ. ਪੀਸ ਵੱਲ ਇਸ਼ਾਰਾ ਕਰ ਕੇ ਵਿਊ ਦੇਖਣ ਨੂੰ ਕਿਹਾ। ਫ਼ੋਕਸ ਕਰਨ ’ਤੇ ਲਗਭਗ ਡੈੱਡ ਸਪਰਮ ਨਜ਼ਰ ਆ ਰਹੇ ਸਨ।

ਜਿਸ ਦਿਨ ਦੀ ਇਹ ਘਟਨਾ ਵਾਪਰੀ, ਪੁਲੀਸ ਮਾਮਲੇ ਦੀ ਜਾਂਚ ਪੂਰੀ ਸਾਵਧਾਨੀ ਨਾਲ ਕਰ ਰਹੀ ਸੀ। ਐਡੇ ਵੱਡੇ ਬੰਦੇ ਦੀ ਬੇਟੀ ਨਾਲ ਕੁਕਰਮ ਹੋਇਆ ਹੋਵੇ, ਦੋਸ਼ੀ ਤਾਂ ਫੜ੍ਹ ਕੇ ਹੀ ਇਨ੍ਹਾਂ ਦਾ ਗੁਜ਼ਾਰਾ ਹੋਣੈ। ਪੁਲੀਸ ਅਧਿਕਾਰੀ ਦੂਏ ਤੀਏ ਦਿਨ ਜਸਟਿਸ ਸਾਹਿਬ ਦੇ ਘਰ ਆਉਂਦੇ। ਕੀਤੀ ਕਾਰਵਾਈ ਦੀ ਰਿਪੋਰਟ ਦਿੰਦੇ। ਦਰਅਸਲ ਉਨ੍ਹਾਂ ਕੋਲ ਬਲਾਤਕਾਰੀ ਦੀ ਸੂਹ ਨਹੀਂ ਸੀ ਨਿਕਲ ਰਹੀ। ਐਸ.ਪੀ. ਸਾਹਿਬ ਮੁਤਾਬਕ ਇਸ ਜਾਂਚ ਵਿੱਚ ਕੋਈ ਇਕ ਸੌ ਵੀਹ ਅਪਰਾਧੀਆਂ ਤੋਂ ਪੁਛਗਿਛ ਕੀਤੀ ਜਾ ਚੁੱਕੀ ਹੈ। ਪੁਲੀਸ ਨੇ ਤਾਂ ਅੰਤਿਮ ਰਸਮ ਵਿੱਚ ਹਿੱਸਾ ਲੈਣ ਵਾਲੇ ਵੀ ਨਹੀਂ ਬਖ਼ਸ਼ੇ। ਉਨ੍ਹਾਂ ਦੇ ਕਹਿਣ ’ਤੇ ਸਾਰੇ ਮਰਦਾਂ ਨੂੰ ਡੀ.ਐਨ.ਏ. ਟੈਸਟ ਵਿੱਚ ਸ਼ਾਮਿਲ ਕੀਤਾ ਗਿਆ। ਪੁਲੀਸ ਦੀ ਐਨੀ ਤਫ਼ਤੀਸ਼ ਦੇ ਬਾਵਜੂਦ ਉਨ੍ਹਾਂ ਦੇ ਹੱਥ ਪੱਲੇ ਕੁੱਝ ਨਾ ਪਿਆ।

ਇਸ ਪਿੱਛੋਂ ਸਭ ਦੀ ਆਸ ਫੋਰੈਂਸਿਕ ਸੈਂਟਰ ’ਤੇ ਬੱਝ ਗਈ। ਮੈਂ ਆਪ ਸਫ਼ਲਤਾ ਨਾ ਮਿਲਣ ਤੋਂ ਪ੍ਰੇਸ਼ਾਨ ਸੀ। ਅੱਜ ਤਕ ਮੇਰਾ ਕੋਈ ਵੀ ਟੈਸਟ ਫੇਲ੍ਹ ਨਹੀਂ ਸੀ ਹੋਇਆ। ਮੈਂ ਖੁਦ ਤਿੰਨ ਵਾਰ ਡੀ.ਐਨ.ਏ. ਜਾਂਚ ਕੀਤੀ। ਆਰਸੀ ਦੇ ਕੱਪੜਿਆਂ ਤੋਂ ਲਏ ਵਾਲਾਂ ਦੇ ਸੈਂਪਲ ਵੀ ਟੈਸਟ ਕੀਤੇ। ਉਹਦੇ ਸਰੀਰ ’ਤੇ ਲੱਗੇ ਖ਼ੂਨ ਦੇ ਡੀ.ਐਨ.ਏ. ਦਾ ਨਿਰੀਖਣ ਵੀ ਕੀਤਾ। ਵੇਜਾਈਨਲ ਸਵੈਬ ਟੈਸਟ ਵੀ ਕੀਤਾ। ਕਿਸੇ

ਵੀ ਅਪਰਾਧੀ ਦੇ ਡੀ.ਐਨ.ਏ. ਦੇ ਬੈਂਡ ਆਰਸੀ ਦੇ ਸੈਂਪਲ ਦੇ ਡੀ.ਐਨ.ਏ. ਦੇ ਬੈਂਡਾਂ ਨਾਲ ਨਹੀਂ ਸੀ ਮਿਲੇ।

ਇਹ ਮੇਰੇ ਨਾਲ ਪਹਿਲੀ ਵਾਰ ਹੋ ਰਿਹਾ ਸੀ ਕਿ ਤਿੰਨ ਵਾਰ ਟੈਸਟ ਕਰਨ ਦੇ ਬਾਵਜੂਦ ਅਪਰਾਧੀ ਦੀ ਪਛਾਣ ਨਹੀਂ ਸੀ ਹੋ ਸਕੀ। ਮੇਰੇ ਕੋਲ ਸੱਠ ਕੁ ਸ਼ੱਕੀ ਬੰਦਿਆਂ ਦੇ ਡੀ.ਐਨ.ਏ. ਸਨ। ਉਨ੍ਹਾਂ ਦੀ ਸਭ ਦੀ ਪਰਖ ਕਰ ਕੇ ਦੇਖ ਲਈ ਸੀ। ਸ਼ਾਇਦ ਪੁਲੀਸ ਤਾਂ ਚੁੱਪ ਕਰ ਜਾਏ। ਮੈਂ ਹਾਰ ਮੰਨਣ ਵਾਲਾ ਨਹੀਂ ਸੀ। ਆਖ਼ਿਰ ਮੇਰੀ ਆਰਸੀ ਦਾ ਮਾਮਲਾ ਸੀ। ਮੇਰੀ ਖੋਜ ਦਾ...। ਜੇ ਇੱਦਾਂ ਹੀ ਹੁੰਦਾ ਰਿਹਾ ਤਾਂ ਆਦਮੀ ਦੀ ਉਮਰ ਹਜ਼ਾਰ ਵਰ੍ਹੇ ਕਰਨ ਦੀ ਖੋਜ ਦਾ ਕੀ ਬਣੇਗਾ?... ਹਾਂ, ਹਾਂ ਮੇਰੇ ਜੀਵਨ ਦਾ ਮਕਸਦ ਖੋਜ ਹੈ। ਫਿਰ ਮੈਂ ਥੁੱਕ ਨਾਲ ਬਣੇ ਪ੍ਰੋਫ਼ਾਈਲ ਦੀ ਜਾਂਚ ਕਰਨੀ ਸ਼ੁਰੂ ਕੀਤੀ।

"ਲਾਰ ਵਿੱਚ ਵੀ....ਸ....ਪ....ਰ....ਮ?" ਦੇਖ ਕੇ ਡਾਕਟਰ ਰਾਧਿਕਾ ਜਿਉਂ ਸੁੰਨ ਹੋ ਗਈ ਸੀ।

ਇਹ ਪ੍ਰੋਫ਼ਾਈਲ ਸਹਾਇਕ ਦੇ ਹੱਥ ਵਿੱਚ ਸੀ। ਮੈਂ ਉਸ ਸੈਂਪਲ ਨੂੰ ਇੰਜਾਇਮ ਦੇ ਘੋਲ ਵਿੱਚ ਮਾਈਨਸ ਸੱਤਰ ਡਿਗਰੀ ਸੈਲਸੀਅਸ 'ਤੇ ਫ਼ਰੀਜ ਕੀਤਾ। ਇਸ ਡੀ.ਐਨ.ਏ. ਦੇ ਹਜ਼ਾਰਾਂ ਹੀ ਛੋਟੇ ਛੋਟੇ ਟੁਕੜੇ ਹੋ ਗਏ ਸਨ। ਇਨ੍ਹਾਂ ਟੁਕੜਿਆਂ ਨੂੰ ਪਰਖ ਨਲੀ ਵਿੱਚ ਪਾ ਕੇ ਗਰਮ ਕਰ ਲਿਆ। ਇਸ ਨਾਲ ਸੈੱਲ ਟੁੱਟ ਗਏ ਤੇ ਡੀ.ਐਨ.ਏ. ਅਲੱਗ ਹੋ ਗਏ। ਥ੍ਰੋਮਾਈਡ ਉਤੇ ਪੱਟੀਆਂ ਉਭਰ ਆਈਆਂ। ਮੈਂ ਇਨ੍ਹਾਂ ਦਾ ਅਪਰਾਧੀਆਂ ਦੇ ਡੀ.ਐਨ.ਏ. ਨਾਲ ਮੇਲ ਕੀਤਾ।

"ਕਮੀਨਾ ਫੜਿਆ ਗਿਆ...." ਮੈਂ ਡਾਕਟਰ ਰਾਧਿਕਾ ਨਾਲ ਖੁਸ਼ੀ ਸਾਂਝੀ ਕੀਤੀ। ਤੇਤੀ ਨੰਬਰ ਵਾਲਾ ਡੀ.ਐਨ.ਏ. ਦਾ ਸੈਂਪਲ ਆਰਸੀ ਦੇ ਥੁੱਕ ਨਾਲ ਮਿਲਿਆ ਸੀ। ਮੈਂ ਇਸ ਦੀ ਰਿਪੋਰਟ ਤਿਆਰ ਕਰ ਕੇ ਫੋਰੈਂਸਿਕ ਸੈਂਟਰ ਪੁੱਜਦੀ ਕੀਤੀ। ਉਥੋਂ ਕਾਰਵਾਈ ਕਰਵਾ ਕੇ ਪੁਲੀਸ ਡਿਪਾਰਟਮੈਂਟ ਕੋਲ ਪਹੁੰਚਾਈ। ਹੁਣ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। ਉਦਾਂ ਤਾਂ ਸੱਠ ਬੰਦਿਆਂ ਵਿੱਚੋਂ ਹੀ ਹੋਏਗਾ। ਮੈਂ ਐਸ.ਪੀ. ਸ਼ੁਕਲਾ ਨੂੰ ਦੁਬਾਰਾ ਆਪ ਹੀ ਫ਼ੋਨ ਲਾ ਲਿਆ। ਉਨ੍ਹਾਂ ਦੀ ਆਵਾਜ਼ ਵਿੱਚ ਸਖ਼ਤੀ ਹੈ।

"ਡਾਕਟਰ ਸੁਵੀਰ ਜੀ, ਵੇਟ ਕਰੋ। ਮੈਂ ਖ਼ੁਦ ਆ ਕੇ ਗੱਲ ਕਰਦਾਂ।"

ਮੈਂ ਐਸ.ਪੀ. ਸਾਹਿਬ ਦਾ ਫ਼ੋਨ ਸੁਣ ਕੇ ਡਰ ਗਿਆ। ਮੇਰਾ ਮਨ ਪੁੱਠੀਆਂ ਸੋਚਾਂ ਸੋਚਣ ਲੱਗ ਪਿਆ। ਕਦੇ ਤਾਂ ਮੈਨੂੰ ਲੱਗਦਾ ਕਿਤੇ ਮੈਂ ਹੀ ਨਾ ਅਰਧ ਨੀਂਦ ਵਿੱਚ ਚਲੇ ਗਿਆ ਹੋਵਾਂ। ਨਹੀਂ, ਐਨਾ ਕਮੀਨਾ ਮੈਂ ਨਹੀਂ ਹੋ ਸਕਦਾ। ਜਸਟਿਸ ਸਾਹਿਬ ..... ਉਹਨਾਂ ਬਾਰੇ ਤੇ ਸੋਚਿਆਂ ਵੀ ਨਹੀਂ ਜਾ ਸਕਦਾ । ਫਿਰ ਮੈਂ ਯੋਗੇਸ਼ ਬਾਰੇ ਸੋਚਣ ਲੱਗ ਪਿਆ। ਇੱਕ ਵਾਰ ਡਾਕਟਰ ਰਾਧਿਕਾ ਤੇ ਯੋਗੇਸ਼ ਵਿਚਕਾਰ ਮੁਸਲਮਾਨਾਂ ਬਾਰੇ ਬਹਿਸ ਹੋ ਰਹੀ ਸੀ।

"ਭਾਰਤੀ ਮੁਸਲਮਾਨ ਸਾਡੇ ਹਿੰਦੂਆਂ ਵਾਂਗ ਹੀ ਅੱਛੇ ਸ਼ਹਿਰੀ ਹਨ। ਇਸ ਦੇਸ਼ 'ਤੇ ਇਥੋਂ ਦੇ ਬਸ਼ਿੰਦਿਆਂ ਦਾ ਬਰਾਬਰ ਦਾ ਹੱਕ ਏ।" ਡਾਕਟਰ ਰਾਧਿਕਾ ਨੇ ਕਿਹਾ ਸੀ।

"ਇਹ ਪਾਕਿਸਤਾਨ ਦੇ ਹਮਾਇਤੀ ਨੇ ਤੇ ਦੇਸ਼ ਦੇ ਦੁਸ਼ਮਣ। ਇਨ੍ਹਾਂ ਨੂੰ ਤਾਂ

'ਮੌਤ' ਮਗਰੋਂ ਵੀ ਮਾਫ਼ ਨਈਂ ਕਰਨਾ ਚਾਹੀਦਾ।" ਯੋਗੇਸ਼ ਦੇ ਬੋਲਾਂ ਵਿੱਚ ਤਲਖ਼ੀ ਸੀ।

27 ਸਾਲ ਪਹਿਲਾਂ ਸ਼ਹਿਰ ਵਿਚ ਹਿੰਦੂ-ਮੁਸਲਮਾਨਾਂ ਦੇ ਦੰਗੇ ਹੋਏ ਸਨ। ਯੋਗੇਸ਼ ਦੀਆਂ ਅੱਖਾਂ ਦੇ ਸਾਹਮਣੇ ਮੁਸਲਮਾਨ ਦੰਗਾਕਾਰੀਆਂ ਦੀ ਇੱਕ ਟੋਲੀ ਨੇ ਉਸ ਦੇ ਮਾਂ-ਬਾਪ ਨੂੰ ਕੋਹ-ਕੋਹ ਕੇ ਮਾਰਿਆ ਸੀ। ਜਿਸ ਦਿਨ ਉਸਨੂੰ ਉਹ ਚੇਤਾ ਆ ਜਾਂਦਾ, ਉਸ ਦੀਆਂ ਅੱਖਾਂ ਵਿਚ ਲਹੂ ਉਤਰ ਆਉਂਦਾ। ਫਿਰ ਉਹ ਮੁਸਲਮਾਨਾਂ ਦੇ ਖਿਲਾਫ ਬੋਲਣ ਲੱਗ ਪੈਂਦਾ। ਇਸਦੇ ਬਾਵਜੂਦ ਵੀ ਮੈਨੂੰ ਯਕੀਨ ਸੀ ਕਿ ਉਹ ਅਜਿਹਾ ਘਿਨੌਣਾ ਤੇ ਗੈਰ ਮਨੁੱਖੀ ਕਾਰਾ ਨਹੀਂ ਕਰ ਸਕਦਾ।

ਮੇਰਾ ਧਿਆਨ ਯੋਗੇਸ਼ ਵਲੋਂ ਹਟ ਕੇ ਡਾ. ਜਾਵੇਦ ਵੱਲ ਚਲਾ ਗਿਆ ਹੈ। ਇਕ ਵਾਰ ਆਰਸੀ ਦਸਦੀ ਸੀ ਕਿ ਜਾਵੇਦ ਉਸਨੂੰ ਚਾਹੁੰਦਾ ਸੀ ਪਰ ਲੰਬੇ ਸਮੇਂ ਤੋਂ ਜਾਵੇਦ ਸਾਨੂੰ ਮਿਲਿਆ ਨਹੀਂ ਸੀ। ਹੋ ਸਕਦਾ ਉਹ ਗਰੀਬੜਾ ਸ਼ਰਾਬੀ ਹੀ ਦੋਸ਼ੀ ਹੋਵੇ। ਮੈਂ, ਜਾਵੇਦ, ਯੋਗੇਸ਼, ਸ਼ਰਾਬੀ ਤੇ........।

ਇਨ੍ਹਾਂ ਊਲ-ਜਲੂਲ ਸੋਚਾਂ 'ਚ ਗ਼ਲਤਾਨ ਮੈਂ ਕਿੰਨੀ ਦੇਰ ਤੋਂ ਕੁਰਸੀ 'ਤੇ ਨਿਢਾਲ ਪਿਆ ਹਾਂ। ਫ਼ਿੰਗਰ ਪ੍ਰਿੰਟ ਸੈਂਸਰ ਨੇ ਐਸ.ਪੀ. ਸ਼ੁਕਲਾ ਦੇ ਨਾਂ ਦੀ ਆਵਾਜ਼ ਦਿੱਤੀ ਹੈ। ਮੈਂ ਦਰਵਾਜ਼ਾ ਖੋਲ੍ਹਿਆ ਤੇ ਪੁਲੀਸ ਅੰਦਰ ਆ ਵੜੀ ਹੈ।

"ਡਾਕਟਰ ਸੁਵੀਰ ਜੀ, ਮੁਬਾਰਕਵਾਦ! ਤੁਹਾਡੇ ਵਰਗੇ ਵਿਗਿਆਨੀਆਂ ਦੇ ਹੁੰਦਿਆਂ, ਦੋਸ਼ੀ ਬਚ ਨਈਂ ਸਕਦੇ। ... ਅਖੇ ਚੋਰ ਜਲੰਧਰ ਟੱਕਰਾਂ ਦਿੱਲੀ।" ਐਸ.ਪੀ. ਸ਼ੁਕਲਾ ਦੀ ਰੋਹਬਦਾਰ ਆਵਾਜ਼ ਪੂਰੀ ਲੈਬ 'ਚ ਗੂੰਜੀ।

ਚਾਣਚੱਕ ਰਸੋਈ 'ਚੋਂ ਬਾਹਰ ਵੱਲ ਭੱਜੇ ਤੇਜ਼ ਕਦਮਾਂ ਦੀ ਆਵਾਜ਼ ਆਈ। ਪੁਲੀਸ ਦੇ ਜਵਾਨਾਂ ਨੇ ਫ਼ੁਰਤੀ ਨਾਲ ਭੱਜੇ ਜਾਂਦੇ ਯੋਗੇਸ਼ ਨੂੰ ਕਾਬੂ ਕਰ ਲਿਆ।

(2010)

# ਜਹਾਜ਼ ਵਾਲੀ ਟੈਂਕੀ

ਰਾਤ ਪੀਤੀ ਵੀ ਨਈਂ। ਫ਼ਿਰ ਵੀ ਤੜਕੇ ਅੱਖ ਖੁੱਲ੍ਹ ਗਈ। ਤੌਬਾ! ਤੌਬਾ!! ਮੈਂ ਪਾਪੀ ਬੰਦਾ। ਕਿਸ ਬਲਾਅ ਦਾ ਨਾਂ ਲੈ ਬੈਠਾ। ਸੰਤਾਂ ਦਾ ਪਤਾ? ਉਨ੍ਹਾਂ ਨੂੰ ਤਾਂ, ਜੋ ਬੰਦਾ ਸੋਚੇ... ਉਹਦੀ ਵੀ ਖ਼ਬਰ ਹੋ ਜਾਂਦੀ ਆ। ਮੈਂ ਤਾਂ ਨਾ ਪੀਣ ਦੀ ਕਸਮ ਖਾਧੀ ਹੋਈ ਆ, ਸੰਤਾਂ ਕੋਲ। ਨਾਲੇ ਮੈਂ ਕਿਹੜਾ ਕਸਮ ਨਿਭਾਈ ਨਈਂ। ਮੇਰੇ 'ਤੇ ਤਾਂ ਸੰਤਾਂ ਦੀ ਮਿਹਰ ਹੋ ਗਈ ਸੀ। ਅੱਜ ਹੋਰ ਹੋਣ ਵਾਲੀ ਹੈ।

ਠੰਡ ਤਾਂ ਰਜਾਈ 'ਚ ਪਏ ਦੇ ਵੀ ਹੱਢ ਚੀਰੀ ਜਾਂਦੀ ਆ। ਮੈਂ ਰਜਾਈ ਨੂੰ ਪੈਰਾਂ ਥੱਲੇ ਨੱਪਿਆ ਏ। ਰਾਤ ਸੁਪਨੇ 'ਚ ਮੇਰੀ ਧੀ ਪੁਨੀਤ ਜਹਾਜ਼ ਉਡਾਉਂਦੀ ਫ਼ਿਰਦੀ ਸੀ। ਸੁਪਨਾ ਤਾਂ ਮੈਨੂੰ ਏਅਰ ਫਰਾਂਸ ਵਾਲੇ ਜਹਾਜ਼ ਦਾ ਆਇਆ ਸੀ। ਸ਼ਰਾਬ ਦਾ ਤਾਂ ਆਇਆ ਨਈਂ। ਇਹ ਪਤਾ ਨਈਂ---।

ਮੈਂ ਚਾਰ-ਪੰਜ ਸਾਲ ਪੀਤੀ ਵੀ ਬੜੀ। ਠੇਕੇ 'ਤੇ ਲੱਗਾ ਹੁੰਦਾ ਸੀ। ਹਰ ਟੈਮ ਟੁੰਨ ਹੋਇਆ ਰਹਿਣਾ। ਅੱਧੀ ਰਾਤ ਨੂੰ ਅੱਖ ਖੁੱਲ੍ਹ ਜਾਣੀ। ਸਰੀਰ ਟੁੱਟਣ ਲੱਗ ਪੈਣਾ। ਲੱਸੀ ਲੱਭਦੇ ਫ਼ਿਰਨਾ। ਲੱਸੀ ਇਸ ਘਰ 'ਚ ਕਿਥੋਂ? ਬੱਸ ਫ਼ਿਰ ਮੈਂ ਸਵੇਰੇ ਪੀਣੀ ਸ਼ੁਰੂ ਕਰ ਦੇਣੀ। ਮੇਰੀ ਸ਼੍ਰੀਮਤੀ ਬਖਸ਼ਿੰਦਰ ਕੌਰ ਦੀ ਸ਼ਾਮਤ ਆ ਜਾਣੀ। ਇਹਦੇ ਮੌਰ ਭੰਨ ਸੁੱਟਣੇ। ਇਹਨੇ ਅੱਕੀਓ ਨੇ ਮੇਰੀ ਠੇਕੇ ਤੋਂ ਛੁੱਟੀ ਕਰਵਾ ਦਿੱਤੀ। ਇਹਦੇ ਭਰਾਵਾਂ ਦਾ ਜ਼ੋਰ ਚੱਲ ਗਿਆ। ਫ਼ੇਰ ਕੀ ਸੀ। ਸ਼ਰਾਬ ਨਾ ਮਿਲਦੀ ਤਾਂ ਮੈਂ ਸਪਿਰਿਟ ਪੀ ਲੈਂਦਾ। ਭਲਾ ਹੋਵੇ ਚਾਚੇ ਹੁਣਾਂ ਦਾ ਜਿਹੜੇ ਮੈਨੂੰ ਸੰਤਾਂ ਕੋਲ ਲੈ ਗਏ।

ਰਾਤ ਤਾਕੀ ਖੁੱਲ੍ਹੀ ਰਹਿ ਗਈ ਸੀ। ਉਥੋਂ ਹਵਾ ਆਉਂਦੀ ਹੋਣੀ ਆ। ਆਹ ਕਮਲੀਆਂ ਰਜਾਈ ਵੀ ਨਈਂ ਲੈਂਦੀਆਂ। ਛੋਟੀ ਤਾਂ ਵਗਾਹ-ਵਗਾਹ ਕੇ ਮਾਰਦੀ ਆ। ...ਇਨ੍ਹਾਂ 'ਤੇ ਰਜਾਈ ਦੇ ਦੇਵਾਂ। ਗੁਰਦੁਆਰਾ ਸਾਹਿਬ ਇਨ੍ਹਾਂ ਨੂੰ ਅੱਜ ਨਈਂ ਲੈ ਕੇ ਜਾਣਾ। ਜਿੱਦਣ ਜਹਾਜ਼ ਚੜ੍ਹਣਾ ਹੋਇਆ, ਉਹ ਤੋਂ ਪਹਿਲਾਂ ਇਨ੍ਹਾਂ ਦਾ ਮੱਥਾ ਟਿਕਾ ਕੇ ਲਿਆਊਂਗਾ। ਜਾ ਕੇ ਪਹਿਲੀ ਤਨਖ਼ਾਹ ਭੇਜੂੰਗਾ। ਉਹਦੇ ਵਿੱਚੋਂ ਘਰ ਵਾਲੇ ਅਖੰਡ ਪਾਠ ਕਰਵਾ ਲੈਣਗੇ।

ਰਾਤੀਂ ਸੁੱਤੇ ਪਏ ਨੂੰ ਕਦੇ ਜਹਾਜ਼ ਦਾ ਸੁਪਨਾ ਆ ਜਾਂਦਾ, ਕਦੇ ਸੰਤਾਂ ਦੇ ਦਰਸ਼ਨ ਹੋ ਜਾਂਦੇ। ਦੁੱਧ ਚਿੱਟੇ ਵਸਤਰ, ਦੁੱਧ ਚਿੱਟੀ ਦਾੜ੍ਹੀ। ਅੱਖਾਂ 'ਚ ਨਾਮ ਦੀ ਖੁਮਾਰੀ। ਮਾਅਰ ਕਿਤੇ... ਦੱਗ-ਦੱਗ ਕਰਦਾ ਨੂਰਾਨੀ ਚਿਹਰਾ। ਬੰਦਾ ਤਾਂ ਉਨ੍ਹਾਂ ਦੇ ਚਰਨਾਂ 'ਚ ਈ ਜਾ ਡਿਗਦੈ। ਮੇਰੇ ਵਰਗਾ ਬੰਦਾ, ਰਾਤ ਦਿਨ ਪੀਣ ਵਾਲਾ, ਕਿਤੇ ਦਾਰੂ ਛੱਡ ਸਕਦਾ ਸੀ? ਇਹ ਤਾਂ ਉਨ੍ਹਾਂ ਦਾ ਆਸ਼ੀਰਵਾਦ ਆ ਕਿ ਮੈਂ ਮੁੜ ਕੇ ਨਈਂ ਮੂੰਹ ਨੂੰ ਲਾਈ। ਹਰ ਸੰਗਰਾਂਦ 'ਤੇ ਮੱਥਾ ਟੇਕਣ ਜਾਂਦਾ ਹਾਂ। ਉੱਥੇ ਕਿਤੇ ਸੰਗਤ ਜੁੜੀ ਹੁੰਦੀ ਹੈ! ਮੈਂ ਕਿਹੈ...ਤਿਲ ਸੁੱਟਣ ਨੂੰ ਜਗ੍ਹਾ ਨਈਂ ਹੁੰਦੀ। ਪੰਜ ਕਿੱਲਿਆਂ ਵਿੱਚ ਗੁਰਦੁਆਰਾ ਸਾਹਿਬ ਬਨਿਆ ਹੋਇਆ। ਇਲਾਕੇ ਦੇ ਜਿੰਨੇ ਕਨੈਡਾ ਅਮਰੀਕਾ ਇੰਗਲੈਂਡ ਗਏ ਹੋਏ ਹਨ। ਸੱਭ ਲੱਖਾਂ ਰੁਪਈਆਂ ਦਾ ਦਾਨ ਪੁੰਨ ਕਰਦੇ ਹਨ। ਬਖਸ਼ਿੰਦਰ ਵੀ ਰਾਤੀਂ ਇਹੀ ਕਹਿੰਦੀ ਪਈ ਸੀ।

"ਕਰਨ ਵੀ ਕਿਉਂ ਨਾ। ਉਨ੍ਹਾਂ ਦੇ ਆਸ਼ੀਰਵਾਦ ਨਾਲ ਬਿਗਾਨੇ ਮੁਲਕਾਂ

'ਚ ਖੱਟੀ ਕਮਾਈ ਕਰਦੇ ਆ।"

ਬਖਸ਼ਿੰਦਰ ਹਾਲੇ ਤੱਕ ਘਰਾੜੇ ਮਾਰੀ ਜਾਂਦੀ ਹੈ। ਇਹਨੂੰ ਉੱਥੇ ਦੀ ਦੁੱਧ ਵਾਲੀ ਖੀਰ ਬੜੀ ਪਸੰਦ ਹੈ। ਜਿਸ ਦਿਨ ਪਾਸਪੋਰਟ ਤੇ ਪੈਸੇ ਦੇਣ ਗਏ ਸੀ। ਇਹ ਅਖੰਡ ਪਾਠ ਕਰਵਾਉਣ ਦੀ ਸੁੱਖ ਸੁਖ ਆਈ ਸੀ। ਉਥੇ ਪਤਾ ਨਈਂ ਕਿੰਨੇ ਪਾਠ ਰਖਵਾਏ ਹੁੰਦੇ ਹਨ। ਲੜੀ ਨਈਂ ਟੁੱਟਦੀ। ਆ ਪਿੱਛਲੇ ਜੋੜ ਮੇਲੇ 'ਤੇ ਕੋਤਰ ਸੌ ਪਾਠਾਂ ਦੇ ਭੋਗ ਪਏ। ਉਨ੍ਹਾਂ ਵਿੱਚੋਂ ਇੱਕੀ ਅਖੰਡ ਪਾਠ ਤਾਂ ਇਕੱਲੇ ਜੌਹਨ ਸਿੰਘ ਗਿੱਲ ਦੇ ਸੀ।

ਉਹ ਵੀ ਸੱਚੀਂ ਮੁੱਚੀਂ ਦਾ ਸ਼ੇਰ ਬੰਦਾ। ਮੈਂ ਉਹਨੂੰ ਦੋ ਸਾਲ ਤੋਂ ਦੇਖਦਾ ਪਿਆਂ। ਤੁਰਿਆ-ਤੁਰਿਆ ਜਾਂਦਾ ਚਾਲੀ-ਪੰਜਾਹ ਹਜ਼ਾਰ ਰੁਪਏ ਦਾ ਮੱਥਾ ਟੇਕ ਜਾਊਂ। ਛੇ ਮਹੀਨੇ ਪਹਿਲਾਂ ਸਾਢੇ ਪੰਜ ਲੱਖ ਦੀ ਸਕਾਰਪਿਓ ਗੱਡੀ ਦੀਆਂ ਚਾਬੀਆਂ ਸੰਤਾਂ ਦੇ ਚਰਨਾਂ 'ਚ ਰੱਖ ਗਿਆ। ਨਵੇਂ ਲੰਗਰ ਹਾਲ ਦੀ ਸਾਰੀ ਉਸਾਰੀ ਉਹਨੀਂ ਕਰਵਾਈ ਆ। ਪਹਿਲਾਂ-ਪਹਿਲਾਂ ਸੋਚਿਆ, ਸਾਲੇ ਚੋਰ ਠੱਗ ਹੋਣੇ ਐ। ਇੱਥੇ ਰੋਟੀ ਦੇ ਸੰਦੇ ਪਏ ਹੋਏ ਨੇ। ਇੰਨਾ ਪੈਸਾ ਦਸਾਂ ਨੰਹੁਾਂ ਦੀ ਕਿਰਤ-ਕਮਾਈ ਚੋਂ ਕਿੱਥੇ ਦਾਨ ਹੁੰਦਾ? ਫਿਰ ਛੋਟੇ ਸੰਤਾਂ ਨੇ ਮੈਨੂੰ ਸ਼ੰਕਾ ਨਵਿਰਤ ਕੀਤਾ ਸੀ।

"ਇਹ ਸਕਾਟਲੈਂਡ ਦੇ ਬਹੁਤ ਵੱਡੇ ਕਾਰੋਬਾਰੀ ਹਨ। ਅੱਜ ਕੱਲ੍ਹ ਏਜੰਟੀ ਕਰਦੇ ਐ। ਇਹ ਕਨੈਡਾ, ਅਮਰੀਕਾ ਤੇ ਇੰਗਲੈਂਡ ਬੰਦੇ ਭੇਜਦੇ ਆ। ਗੁਰੂ ਮਾਰ੍ਹਾਜ ਦੀ ਕਿਰਪਾ ਨਾਲ ਬੰਦੇ ਚੜ੍ਹੀ ਜਾਂਦੇ ਆ। ਇਹ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਗੁਰਦੁਆਰਾ ਸਾਹਿਬ ਭੇਟਾ ਕਰ ਜਾਂਦੇ ਆ। ਵਾਹੇਗੁਰੂ ਇਨ੍ਹਾਂ ਤੇ ਮਿਹਰ ਰੱਖੇ।"

ਮੈਂ ਕਿਤੇ ਬਖਸ਼ਿੰਦਰ ਨਾਲ ਗੱਲ ਕਰ ਬੈਠਾ। ਇਹ ਤੇ ਮਾਰ੍ਹ ਕਿਤੇ ਗੁਰਦੁਆਰਾ ਸਾਹਿਬ ਗੇੜੇ 'ਤੇ ਗੇੜਾ ਕੱਢਣ ਲੱਗ ਪਈ। ਹੁਣ ਇਹਦੇ ਘਰਾੜੇ ਨਈਂ ਬੰਦ ਹੁੰਦੇ। ਸਾਲੀ ਨੇ ਰਾਤ ਸਿਰ ਖਾਈ ਰੱਖਿਆ। ਇਹਦੀਆਂ ਡਿਮਾਂਡਾਂ ਨਈਂ ਸੀ ਮੁਕਦੀਆਂ। 'ਮੈਨੂੰ ਆਹ ਭੇਜੀਂ...ਉਹ ਭੇਜੀਂ। ਕੁੜੀਆਂ ਨੂੰ...।' ਹੁਣ ਤੇ ਉੱਠ ਪਾ। ਘੰਟਾ ਤਾਂ ਪਾਠੀ ਨੂੰ ਹੋ ਗਿਆ, ਪਾਠ ਕਰਦੇ ਨੂੰ। ਨਾ ਇਹਨੂੰ ਚਿੜੀਆਂ ਕਾਵਾਂ ਦੀ ਚੀਂਚੀਂ...ਕਾਂ...ਕਾਂ ਨਈਂ ਸੁਣਦੀ? ਚਲੋ ਸੌਂ ਲਏ 'ਰਾਮ ਨਾਲ। ਇਹਨੇ ਕਿਹੜਾ ਮੇਰੇ ਨਾਲ ਗੁਰਦੁਆਰੇ ਜਾਣਾ।

ਭਾਵੇਂ ਸਰਦਾਰ ਜੌਹਨ ਸਿੰਘ ਗਿੱਲ ਨੇ ਪਾਸਪੋਰਟ ਤੇ ਟਿਕਟ, ਭੋਗ ਪੈਣ ਤੋਂ ਬਾਅਦ ਦੇਣੇ ਹਨ ਪਰ ਮੈਂ ਪਹਿਲਾਂ ਜਾਣਾ ਚਾਹੁੰਦਾ। ਮਹਾਂਪੁਰਖਾਂ ਦੇ ਪ੍ਰਵਚਨ ਵੀ ਸੁਣ ਲਈਏ। ਫੇਰ ਪਤਾ ਨਈਂ ਕਦੋਂ ਮੌਕਾ ਮਿਲਣੈ। ਨਾਲੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਹਾਜ਼ਰੀ ਵੀ ਤਾਂ ਭਰਨੀ ਹੈ। ਉਹਨਾਂ ਦੀ ਹਾਜ਼ਰੀ ਵਿੱਚ ਈ ਤਾਂ ਗੱਲ ਨੇਪਰੇ ਚੜ੍ਹੀ ਸੀ। ਬਈ ਬਖਸ਼ਿੰਦਰ ਦੀ ਕੀਤੀ ਨੱਠ ਭੱਜ ਕੰਮ ਆ ਗਈ। ਸੰਤਾਂ ਨੇ ਏਜੰਟ ਗਿੱਲ ਨਾਲ ਸ਼ਰਧਾਲੂਆਂ ਦੀ ਗੱਲ ਕਰਵਾ ਦਿੱਤੀ ਸੀ।

ਉਹ ਪੁੰਨਿਆਂ ਦਾ ਪਵਿੱਤਰ ਦਿਹਾੜਾ ਸੀ।

"ਸਾਧ ਸੰਗਤ ਜੀਓ, ਗੁਰੂ ਸਾਹਿਬ ਦੀ ਹਜ਼ੂਰੀ 'ਚ ਜੋ ਬੋਲਣਾ ਸੱਚ ਬੋਲਣਾ ਏ। ਭਾਈ, ਅਸੀਂ ਅਮਰੀਕਾ ਚੜ੍ਹਾਉਣ ਦਾ ਦਸ ਲੱਖ ਲੈਂਦੇ ਆਂ। ਅੱਠ ਲੱਖ ਤਾਂ ਸਾਡੀ ਲਾਗਤ ਆਉਂਦੀ ਆ। ਗੁਰੁ ਜੀ ਦੀ ਸੰਗਤ ਕੋਲੋਂ ਬੱਸ ਲਾਗਤ ਈ ਲੈ ਲਵਾਂਗੇ। ਬਾਕੀ ਦੋ ਲੱਖ ਗੁਰੂ ਚਰਨਾਂ ਵਿੱਚ ਚੜ੍ਹਾ ਦਿਓ।"

ਅੱਠ ਲੱਖ ਰੁਪਈਆ ਸੁਣਕੇ ਮੇਰਾ ਸਾਹ ਸੂਤਿਆ ਗਿਆ ਸੀ। ਐਨੀ ਰਕਮ

ਕਿਥੋਂ ਇਕੱਠੀ ਕਰਾਂਗੇ। ਬਖਸ਼ਿੰਦਰ ਦੇ ਮਾਪਿਆਂ ਵੱਲ ਹੱਥ ਅੱਡਣੇ ਪੈਣੇ ਸੀ। ਇਸ ਤੀਵੀਂ ਦਾ ਕੀ ਪਤਾ? ਇਹਦੇ ਵੀ ਕਈ ਰੂਪ ਹਨ। ਮੈਨੂੰ ਇਹਤੋਂ ਸੁੱਤੀ ਪਈ ਤੋਂ ਵੀ ਭੈਅ ਆਉਂਦਾ। ਇਹ...। ਪਰ ਇਹਨੇ ਪੈਸੇ ਇਕੱਠੇ ਕਰਨ ਲਈ ਬੜੀ ਨੱਠ ਭੱਜ ਕੀਤੀ। ਮੈਨੂੰ ਤਾਂ ਕਿਸੇ ਨੇ ਕੀ ਦੇਣੇ ਸੀ। ਨਾ ਚਾਹੁੰਦਿਆਂ ਹੋਇਆਂ ਵੀ, ਮੈਂ ਛੋਟੀ ਭੈਣ ਹਰਕੰਵਲ ਨੂੰ ਫ਼ੋਨ ਕਰ ਦਿੱਤਾ ਸੀ। ਤਿੰਨ ਲੱਖ ਉਹਨੇ ਭੇਜ ਦਿੱਤੇ। ਫ਼ੇਰ ਮੈਂ ਹੌਂਸਲਾ ਫੜ੍ਹ ਲਿਆ। ਮੈਂ ਅਮਰੀਕਾ ਜਾਣ ਦਾ ਪੱਕਾ ਮਨ ਬਣਾਈ ਬੈਠਾ। ਆਖ਼ਰੀ ਵਾਰ ਟਰਾਈ ਮਾਰ ਕੇ ਦੇਖ ਲੈਂਦੇ ਹਾਂ। ਇੱਕ ਮਹੀਨਾ ਮੇਰੀ, ਚਾਚੇ ਦੀ ਤੇ ਬਖਸ਼ਿੰਦਰ ਦੀ ਭੂਤਨੀ ਘੁੰਮੀਂ ਰਹੀ। ਸੰਤਾਂ ਦੇ ਭਰੋਸੇ ‘ਤੇ ਪਾਸਪੋਰਟ ਤੇ ਅੱਠ ਲੱਖ ਰੁਪਈਆ ਏਜੰਟ ਨੂੰ ਫੜਾ ਆਏ ਸੀ। ਬਈ ਐਨੀ ਰਕਮ ਦਾ ਨਾਂ ਲੈਂਦਿਆਂ ਈ ਕਾਂਬਾ ਛਿੜਦਾ। ਉੱਦਾਂ ਮੈਂ ਕਿਹੜਾ ਇਕੱਲਾ। ਉੱਦਣ ਦੀ ਦੋ ਸੌ ਬੰਦੇ ਨੇ ਰਕਮ ਫੜਾਈ ਹੋਈ ਹੈ।

ਇਹ ਸੋਚਦਿਆਂ ਰਜਾਈ ਵਿੱਚ ਵੀ ‘ਸੁੰਨ’ ਚੜ੍ਹੀ ਜਾਂਦੀ ਹੈ। ਦੋ ਘੰਟੇ ਹੋ ਗਏ ਹਨ ਉੱਸਲਵੱਟੇ ਲੈਂਦੇ ਨੂੰ। ਮੈਨੂੰ ਹੁਣ ਉੱਠਣਾ ਚਾਹੀਦਾ। ਠੰਢ ਤਾਂ ਇੱਦ੍ਹਾਂ ਈ ਰਹਿਣੀ ਆ। ਸੰਤਾਂ ਦੇ ਵਚਨ ਸੁਣਨ ਤੋਂ ਨਾ ਰਹਿ ਜਾਵਾਂ। ਉਨ੍ਹਾਂ ਕਰਕੇ ਤਾਂ...। ਬਖਸ਼ਿੰਦਰ ਨੂੰ ਵੀ ਉਠਾਏ ਦੇਵਾਂ। ਕੁੜੀਆਂ ਨੂੰ ਵੀ ਟੈਮ ਸਿਰ ਸਕੂਲ ਭੇਜਣਾ ਆ।

ਮੈਂ ਪਸ਼ੂਆਂ ਵੱਲ ਦੇ ਪਾਸੇ ਆਇਆ ਹਾਂ। ਸ਼ੁਕਰ ਹੈ ਕਿ ਅੱਜ ਕੋਰਾ ਨਈਂ ਪਿਆ।... ਮੈਂ ਟਾਹਲੀ ਨਾਲੋਂ ਦਾਤਣ ਤੋੜਦਾ ਹਾਂ। ਬਰਾਂਡੇ ਕੋਲ ਬਹਿ ਕੇ ਕਰਨ ਲੱਗ ਪਿਆ ਹਾਂ। ਬਰਾਂਡਾ ਵੀ ਬੱਸ...। ਟਰੈਕਟਰ ਤਾਂ ਕੀ ਲੈਣਾ ਸੀ। ਇੱਕ ਵਾਰ ਵੇਚੇ ਬਲਦ ਮੁੜ ਨਈਂ ਲੈ ਹੋਏ। ਲੈ ਕੇ ਵੀ ਕੀ ਕਰਾਂਗੇ? ਖੇਤੀ...? ਬਲਦਾਂ ਦੀਆਂ ਢੁੱਠਾਂ ‘ਤੇ ਹੱਥ ਫੇਰਨ ਵਾਲਾ ਤਾਂ ਦੌਣ ਵਿੱਚ ਫ਼ਸ ਕੇ ਪਿਆ।

“ਵਾਹ! ਬਈ ਚਾਚਾ ਸ਼ਿੰਗਾਰਾ ਸਿਆਂ। ਕਿਸਮਤ ਦਾ ਮਾਰਿਆ...।”

ਇਹ ਵਿਚਾਰਾ ਬਲਦਾਂ ਦੀ ਭੱਜ-ਭੱਜ ਕੇ ਸੇਵਾ ਕਰਦਾ ਸੀ। ਤੜਕੇ-ਤੜਕੇ ਵਾਹੀ ਦਾ ਚੰਗਾ ਜੋਤਾ ਲਾ ਲੈਣਾਂ। ਮਾਰ ਕਿਤੇ ਚਾਚੀ ਨੇ ਮੱਝਾਂ ਨੂੰ ਗੁਤਾਵਾ ਕਰਦੀ ਨੇ ਫਿਰਨਾ। ਕਦੇ ਘਰ ਦੁੱਧ ਨਈਂ ਸੀ ਮੁੱਕਾ। ਹੁਣ ਤਾਂ ਕੋਈ ਖੁਰਲੀ ਵੀ ਸਾਬਤੀ ਨਾ ਬਚੀ। ਆਹ ਇੱਕ ਦੋ ਖੁੰਢ ਮੀਣੀ ਮੱਝ ਕਰਕੇ ਖੜ੍ਹੇ ਹਨ। ਇਹ ਮੱਝ ਵੀ ਬਖਸ਼ਿੰਦਰ ਦੇ ਭਰਾ ਛੱਡ ਗਏ ਸੀ। ਐਦਾਂ ਦੀਆਂ ‘ਬਖ਼ਸ਼ਿਸ਼ਾਂ’ ਕਰਕੇ ਤਾਂ ਇਹ ਤੀਵੀਂ ਤੀਂਗੜ੍ਹਦੀ ਰਹਿੰਦੀ ਆ। ਅੱਜ ਇਹਦਾ ਮੂਡ ਕੁੱਛ ਠੀਕ ਹੈ। ਤਦੇ ਤਾਂ ਰਸੋਈ ‘ਚ ਭਾਂਡੇ ਭੰਨਣ ਦੀ ਆਵਾਜ਼ ਨਈਂ ਆ ਰਹੀ। ਨਈਂ ਤਾਂ ਇਹਦੀ ਗੰਦੀ ਜ਼ੁਬਾਨ ਸਵੇਰੇ-ਸਵੇਰੇ...। ਹੁਣ ਤਾਂ ਪਾਠ ਕਰਦੀ ਲਗਦੀ ਹੈ।

ਲੈ ਹੁਣ ਚਾਚੇ ਨੂੰ ਖੰਘ ਛਿੜ ਪਈ। ਇੱਕ ਵਾਰ ਛਿੜ ਪਈ, ਫ਼ੇਰ ਖ੍ਹਿਦਾ ਹੁੱਥੂ ਨਈਂ ਬੰਦ ਹੁੰਦਾ। ਏਹੀ ਹਾਲ ਵਿਚਾਰੀ ਚਾਚੀ ਦਾ ਆ। ਇੱਕ ਹੱਥ ਗੋਡੇ ‘ਤੇ ਰੱਖ ਲੈਂਦੀ ਆ ਤੇ ਦੂਜਾ ਲੱਕ ’ਤੇ। ਵਿਚਾਰੀ ਸਾਡੀ ਮਾਂ ਕੁੱਬੀ ਹੋ ਗਈ! ਚਲੋ...ਹੁਣ ਮੈਂ ਅਮਰੀਕਾ ਚਲੇ ਜਾਣਾ। ਸੱਭ ਦੁੱਖ ਦੂਰ ਕਰ ਦੇਣੇ। ਹੁਣ ਚਾਹ ਪੀਵਾਂ ਤੇ ਬਾਹਰ-ਅੰਦਰ ਜਾ ਆਵਾਂ।

“ਸਾਡੇ ਤੋਂ ਨਈਂ ਹੁਣ ਖੇਤਾਂ ‘ਚ ਹੱਗ ਹੁੰਦਾ।”

ਬਖਸ਼ਿੰਦਰ ਦੀ ਇਹ ਗੱਲ ਠੀਕ ਈ ਆ। ਅੱਜ ਕਿਤੇ ਘਰ ਟੋਲਟ ਹੁੰਦੀ ਤਾਂ ਐਨੀ ਠੰਢ ‘ਚ ਬਾਹਰ ਨਾ ਆਉਣਾ ਪੈਂਦਾ। ਨਾਲੇ ਹੁਣ ਇਹ ਖੇਤ ਕਿਹੜਾ ਸਾਡੇ

ਰਹੇ। ਮੈਂ ਵੱਟ ਤੇ ਬੈਠਾ ਜ਼ਰੂਰ ਆਂ। ਭਾਵੇਂ ਅਗਲੇ ਆ ਕੇ ਮਾਂ ਭੈਣ ਇੱਕ ਕਰ ਦੇਣ। ਹਰਦੇਵ ਸੁੰਹ ਕਿਆਂ ਨੂੰ ਤਾਂ ਭੈਣ ਦੇਣਿਆਂ ਨੂੰ ਬੋਲਣਾ ਵੀ ਨਈਂ ਆਉਂਦਾ। ਪਿੰਡ ਵਿੱਚ ਸੱਭ ਤੋਂ ਵੱਡੀ ਜ਼ਮੀਨ ਦੀ ਢੇਰੀ ਇਨ੍ਹਾਂ ਕੋਲ ਆ। ਪਹਿਲਾਂ ਤਾਂ ਇਹ ਸਾਲੇ ਜ਼ੈਲਦਾਰ ਕਹਾਂਦੇ ਸੀ, ਹੁਣ ਬਾਜ਼ ਵਾਲੇ ਬਣ ਗਏ ਹਨ। ਇਨ੍ਹਾਂ ਦੀ ਕੋਠੀ ’ਤੇ ਬਾਜ਼ ਵਾਲੀ ਟੈਂਕੀ ਜੁੰ ਬਣੀ ਹੋਈ ਹੈ। ਇਹ ਲੋਕਾਂ ਨੂੰ ਕਰਜ਼ਾ ਦਿੰਦੇ ਹਨ। ਕਰਜ਼ਾ ਨਾ ਮੋੜਨ ਦੀ ਸੂਰਤ ਵਿਚ, ਉਹਦੀ ਜ਼ਮੀਨ ਦੱਬ ਲੈਂਦੇ ਹਨ। ਚਾਚੇ ਨੇ ਵੀ ਇਨ੍ਹਾਂ ਕੋਲ ਈ ਜ਼ਮੀਨ ਗਹਿਣੇ ਰੱਖੀ ਸੀ। ਬੱਸ ਛੁਡਾ ਨਈਂ ਹੋਈ। ਇਹ ਮਾਲਕ ਬਣ ਕੇ ਬਹਿ ਗਏ। ਇਨ੍ਹਾਂ ਨੂੰ ਕਾਹਦਾ ਦੋਸ਼ ਦੇਣਾ। ਜਦੋਂ ਆਪਣੇ ਈ...!

ਤਾਏ ਚਰਨ ਸੁੰਹ ਨੇ ਚਾਚੇ ਨੂੰ ਤਿੰਨ ਖੇਤ ਦਿੱਤੇ ਸੀ। ਆਪ ਛੇ ਖੇਤ ਮੱਲ ਲਏ ਸੀ। ਸਾਲੇ ਨੇ ਬੁੜਾ ਆਪਣੇ ਕੋਲ ਰੱਖ ਲਿਆ। ਤਾਈ ਵੀ ਸਿਰੇ ਦੀ ਕੰਜਰੀ ਆ। ਉਹਨੇ ਈ ਬਾਬਾ ਹਿੱਲਣ ਨਈਂ ਦਿੱਤਾ। ਉਹਦੇ ਹਿੱਸੇ ਦੇ ਤਿੰਨ ਕਿੱਲੇ ਵੀ ਢੂਹੇ ‘ਚ ਲੈ ਲਏ। ਉਹਨਾਂ ਜੋ ਕੀਤੀ, ਉਹ ਤਾਂ ਚਾਚੇ ਨੇ ਜਰ ਲਈ। ਪਰ ਕੁਦਰਤ ਅੱਗੇ ਕਿਹਦਾ ਜ਼ੋਰ। ਉਸ ਸਾਲ ਆਲੂਆਂ ਦੀ ਫ਼ਸਲ ਹੋਈ ਵੀ ਬੜੀ। ਢੇਰਾਂ ਦੇ ਢੇਰ ਸੜ ਕੇ ਸੁਆਹ ਹੋ ਗਏ ਸਨ। ਸੜੇ ਢੇਰ ਦੇਖ ਕੇ ਅੰਦਰੋਂ ਲਾਟ ਨਿਕਲਦੀ ਸੀ। ਚਾਚੇ ਨੇ ਉਦੋਂ, ਪਹਿਲੀ ਵਾਰ ਮੰਜਾ ਮੱਲਿਆ ਸੀ।

“ਚਾਚਾ ਹੁਣ ਮਰ ਤਾਂ ਨਈਂ ਜਾਣਾ।... ਚੱਲ ਉੱਠ। ਕੋਈ ਚਾਰਾ ਕਰੀਏ।” ਮੈਂ ਇਹਨੂੰ ਹੌਂਸਲਾ ਦਿੱਤਾ ਸੀ। ਮੈਂ ਉਦੋਂ ਵੀ ਅੱਜ ਵਾਂਗ ਪੂਰੀ ਚੜ੍ਹਦੀ ਕਲਾ ਵਿੱਚ ਸੀ।

ਮੈਂ ਜੇਠਾ ਆਂ। ਅਸੀਂ ਤਾਏ ਦੇ ਨਿਆਣਿਆਂ ਦੀ ਰੀਸੇ ਪਿਓ ਨੂੰ ਚਾਚਾ ਤੇ ਮਾਂ ਨੂੰ ਚਾਚੀ ਸੱਦਦੇ ਹਾਂ। ਪਹਿਲਾਂ ਸਾਡਾ ਸਾਂਝਾ ਟੱਬਰ ਹੁੰਦਾ ਸੀ। ਬੜਾ ਮੋਹ ਤੇਹ ਸੀ।

ਫ਼ੇਰ ਪਤਾ ਨਈਂ ਇਨ੍ਹਾਂ ਦੋਨਾਂ ਭਰਾਵਾਂ ਨੂੰ ਕੀ ਸੱਪ ਸੁੰਘ ਗਿਆ। ਤਾਏ ਨੇ ਘਰ ਤੇ ਜ਼ਮੀਨ ਵੰਡਾ ਲਏ ਸੀ।...ਉਹ ਪੰਜ ਸੱਤ ਸਾਲ ਬਾਅਦ ਪਰਿਵਾਰ ਸਣੇ ਇੰਗਲੈਂਡ ਜਾ ਵਸਿਆ। ਸ਼ਾਇਦ ਆਪਸੀ ਕੁੜੱਤਣ ਘੱਟ ਜਾਂਦੀ। ਪਰ ਉਹ ਜਦੋਂ ਪੰਜ ਕੁ ਵਰ੍ਹਿਆਂ ਬਾਅਦ ਆਇਆ ਤਾਂ ਉਹਨੇ ਹੋਰ ਭਾਣਾ ਵਰਤਾ ’ਤਾ। ਹਵੇਲੀ ਵਾਲੀ ਜਗ੍ਹਾ ਵੀ ਹਥਿਆ ਲਈ। ਸਾਨੂੰ ਆਪਣੇ ਪਸ਼ੂ ਘਰ ਵਿੱਚ ਹੀ ਬੰਨ੍ਹਣੇ ਪੈ ਗਏ। ਅਸੀਂ ਇੱਕ ਪਾਸੇ ਨੂੰ ਬਰਾਂਡਾ ਪਾ ਲਿਆ ਸੀ। ਤਾਇਆ ਹਵੇਲੀ ਵਾਲੀ ਜਗ੍ਹਾ ਤੇ ਦੋ ਸਾਲ ਕੋਠੀ ਪਾਉਂਦਾ ਰਿਹਾ। ਕੋਠੀ ਉੱਤੇ ਜਹਾਜ਼ ਵਾਲੀ ਟੈਂਕੀ ਬਣਾਈ। ਪਿੰਡ ਵਿੱਚ ਬਾਜ਼ ਵਾਲੀ ਤੋਂ ਬਾਅਦ ਇਹ ਦੂਜੇ ਨੰਬਰ ਦੀ ਕੋਠੀ ਹੈ। ਇਸ ਕੋਠੀ ਨੂੰ ਦੇਖ ਕੇ ਮੈਂ ਆਪੇ ਤੋਂ ਬਾਹਰ ਹੋ ਜਾਂਦਾ ਹਾਂ। ...ਹੁਣ ਵੀ ਮੈਂ ਢੀਮ ਕੋਠੀ ਵੱਲ ਮਾਰੀ ਆ। ਮੋਟਰ ਤੇ ਹੱਥ ਧੋ ਕੇ ਤੁਰ ਪਿਆ ਹਾਂ।

ਹੁਣ ਆਹ ਪੈਲੀ ਧੁਰ ਘਰਾਂ ਤੱਕ ਬਾਜ਼ ਵਾਲਿਆਂ ਦੀ ਹੈ। ਉਦੋਂ ਸਾਡੇ ਕੰਮ ਵੀ ਇਹੀ ਆਏ ਸੀ। ਚਾਚੇ ਨੇ ਤਾਂ ਉਦੋਂ ਤਬਾਹ ਹੋਈ ਫ਼ਸਲ ਦੇਖ ਹੌਂਸਲਾ ਢਾਹਿਆ ਹੋਇਆ ਸੀ। ਮੈਂ ਉਹਨੂੰ ਬੈਠਦਾ ਕੀਤਾ ਸੀ। ਮੈਂ ਮੁੜ ਇਹਨੂੰ ਢੇਰੀ ਢਾਹੁੰਦਿਆਂ ਨਈਂ ਦੇਖਿਆ। ਹੁਣ ਬਿਮਾਰ-ਬਿਮਾਰ ਵੀ ਮੇਰੇ ਲਈ ਪੈਸੇ ਇਕੱਠੇ ਕਰਨ ਲਈ ਦੌੜ ਭੱਜ ਕਰਦਾ ਰਿਹਾ ਹੈ। ਉਦਾਂ ਪਿੰਡ ਵਾਲੇ ਸਾਡੀ ਮਸੰਦਾਂ ਪੱਟੀ ਵਾਲਿਆਂ ਨੂੰ ਵਿਹਲੀਆਂ

ਖਾਣ ਵਾਲੇ ਗਿਣਦੇ ਹਨ। ਪਰ ਸਾਡਾ ਟੱਬਰ ਕਿਰਸੀ ਵੀ ਬੜਾ ਸੀ ਤੇ ਮਿਹਨਤੀ ਵੀ। ਆਹ ਮੇਰੇ ਘਰੋਂ ਬਖਸ਼ਿੰਦਰ ਸਾਨੂੰ ਕੰਜੂਸਾਂ ਦਾ ਟੱਬਰ ਸੱਦਦੀ ਹੈ ਤੇ ਕਦੇ ਭੁੱਖਿਆਂ ਨੰਗਿਆਂ ਦਾ। ਇਹਨੂੰ ਸਾਲੀ ਨੂੰ ਕੀ ਪਤਾ ਕਿ ਸਾਡੇ ਟੱਬਰ ਨੇ ਕਿੰਨੀ ਮੇਹਨਤ ਕੀਤੀ ਹੈ। ਚਾਚੀ ਚਾਚੇ ਨੂੰ ਜਦੋਂ ਦੇਖਿਆ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਏ ਦੇਖਿਆ। ਸਾਨੂੰ ਤਿੰਨਾਂ ਭੈਣ ਭਰਾਵਾਂ ਨੂੰ ਵੀ ਕੰਮ ਦਾ ਚੂੰਡ ਬੜਾ ਸੀ। ਪਰ ਨਸੀਬਾਂ ਦੀ ਮਾਰ ਨੇ ਸਾਨੂੰ ਕੱਖੋਂ ਹੌਲੇ ਕਰ ਦਿੱਤਾ ਸੀ। ਚਾਚੇ ਨੂੰ ਤਾਂ ਮੈਂ ਹੌਂਸਲਾ ਦੇਈ ਜਾਂਦਾ ਸੀ। ਪਰ ਸੁੱਝ ਕੁੱਝ ਨਈਂ ਰਿਹਾ ਸੀ।

ਉਦੋਂ ਸ਼ਾਇਦ ਕਿਸੇ ਨੇ ਤਾਏ ਚਰਨ ਸੁੰਹ ਨੂੰ ਇੰਗਲੈਂਡ ਖਬਰ ਕਰ ਦਿੱਤੀ ਹੋਵੇ। ਉਹਦੀ ਚਿੱਠੀ ਆ ਗਈ। ਉਹਨੇ ਮੈਨੂੰ ਵਲੈਤ ਲਈ ਟਰਾਈ ਮਾਰਨ ਨੂੰ ਲਿਖਿਆ ਸੀ। ਏਜੰਟ ਨਾਲ ਗੱਲ ਕਰ ਕੇ ਚਿੱਠੀ ਲਿਖਣ ਨੂੰ ਕਿਹਾ ਸੀ। ਜਿੱਦਣ ਚਿੱਠੀ ਆਈ। ਚਾਚਾ ਘਰ ਨਈਂ ਸੀ। ਮੁਆਵਜ਼ਾ ਲੈਣ ਦੇ ਚੱਕਰ ‘ਚ ਤਹਿਸੀਲ ਗਿਆ ਹੋਇਆ ਸੀ। ਮੈਂ ਉਹਦੀ ਉਡੀਕ ਨਈਂ ਸੀ ਕੀਤੀ। ਛੋਕਰ ਟਰੈਵਲ ਵਾਲੇ ਏਜੰਟ ਗੁਰਜੰਟ ਸੁੰਹ ਨਾਲ ਮੁਕੰਦਪੁਰ ਗੱਲ ਵੀ ਕਰ ਆਇਆ ਸੀ। ਸ਼ਾਮ ਨੂੰ ਚਾਚੇ ਨੂੰ ਪਤਾ ਲੱਗਿਆ ਤਾਂ ਉਹ ਭੜਕ ਪਿਆ ਸੀ।

“ਓਏ ਦਲਜਿੰਦਰਾ, ਢੱਕਿਆ ਰਹਿ। ਕਾਹਨੂੰ ਮੂਤ ‘ਚ ਮੱਛੀਆਂ ਭਾਲਦਾ। ਚਰਨ ਸੁੰਹ ਦੇ ਤਾਂ ਮੈਂ ਹੱਗਿਓ ‘ਤੇ ਨਈਂ ਯਕੀਨ ਕਰਦਾ। ਐਨੇ ਸਾਲ ਹੋ ਗਏ ਵਲੈਤ ਗਏ ਨੂੰ ਕਦੇ ਬਾਤ ਪੁੱਛੀ ਆ?”

ਮੈਂ ਚਾਚੇ ਨੂੰ ਮੁਕੰਦਪੁਰੀਏ ਏਜੰਟ ਨਾਲ ਕੀਤੀ ਗੱਲ ਬਾਰੇ ਦੱਸਦਾ ਰਿਹਾ ਪਰ ਉਹਦਾ ਸਿਰ ਨਾਂਹ ਵਿੱਚ ਵੱਜਦਾ ਰਿਹਾ ਸੀ। ਫ਼ਸਲ ਦੀ ਤਬਾਹੀ ਹੋਈ ਪਈ ਸੀ। ਚਾਚਾ ਇਹ ਜੂਆ ਖੇਡਣ ਲਈ ਤਿਆਰ ਨਈਂ ਸੀ ਹੋ ਰਿਹਾ। ਉਹ ਕਿਹੜਾ ਨਿਆਣਾ ਸੀ? ਸਾਡੇ ਪਿੰਡਾਂ ਦਾ ਜੰਮਦਾ ਜੁਆਕ ਤਾਂ ਬਾਹਰ ਜਾਣ ਲਈ ਪਾਸਪੋਰਟ ਬਣਾਈ ਬੈਠਾ। ਜਿਹੜੇ ਸ਼ਰੀਕ ਕਦੇ ਸਾਡੇ ਘਰ ਤੋਂ ਮੰਗ ਕੇ ਖਾਂਦੇ ਰਹੇ, ਉਹ ਵੀ ਵਿਦੇਸ਼ ਚਲੇ ਗਏ। ਅਗਲਿਆਂ ਨੇ ਜ਼ਮੀਨਾਂ ਗਹਿਣੇ ਧਰੀਆਂ, ਏਜੰਟਾਂ ਰਾਹੀਂ ਬਾਹਰ ਸੈਟਲ ਹੋ ਗਏ। ਪਿੰਡਾਂ ਵਿੱਚ ਮਹਿਲਾਂ ਦੇ ਮਹਿਲ ਖੜ੍ਹੇ ਕਰ ਗਏ। ਪਰ ਚਾਚੇ ਨੂੰ ਕਿਹੜਾ ਸਮਝਾਉਂਦਾ? ਫੇਰ ਪਤਾ ਨਈਂ ਇਹਦੇ ਕਿਥੋਂ ਮਨ ਸੁਮੱਤਿਆ ਪੈ ਗਈ। ਪਤਾ ਨਈਂ ਕਿਹੜਾ ਸਲਾਹੂ ਟੱਕਰਿਆ। ਜ਼ਮੀਨ ਬਾਜ਼ ਵਾਲਿਆਂ ਦੇ ਗਹਿਣੇ ਧਰੀ। ਰਕਮ ਏਜੰਟ ਨੂੰ ਜਾ ਫੜਾਈ।

ਛੋਕਰ ਏਜੰਟ ਨੇ ਸਾਡੀ ਤੇਰਾਂ ਜਣਿਆਂ ਦੀ ਇੰਗਲੈਂਡ ਵਿੱਚ ਐਂਟਰੀ ਕਰਵਾਈ ਸੀ। ਸਿੱਖਾਂ ਦੀ ਪੱਟੀ ਵਿੱਚੋਂ ਵੀ ਦੋ ਮੁੰਡੇ ਸਨ। ਉਹ ਤਾਂ ਇੰਗਲੈਂਡ ਪੁੱਜਦਿਆਂ ਈ ਛੂ-ਮੰਤਰ ਹੋ ਗਏ। ਅਸੀਂ ਛੇ ਜਣੇ ਪੁਲਿਸ ਦੇ ਕਾਬੂ ਆ ਗਏ। ਚਾਰ ਮਹੀਨੇ ਜੇਲ੍ਹ ਵਿੱਚ ਰਹੇ। ਬਾਅਦ ਵਿੱਚ ਉਨ੍ਹਾਂ ਨੇ ਡੀਪੋਰਟ ਕਰ ਦਿੱਤੇ। ਤਾਇਆ ਜੇਲ੍ਹ ਵਿੱਚ ਮੁਲਾਕਾਤ ਕਰਨ ਵੀ ਨਈਂ ਸੀ ਆਇਆ।

ਆਹ ਜਹਾਜ਼ ਵਾਲੀ ਕੋਠੀ ਨੂੰ ਦੇਖ ਕੇ ਮੇਰੇ ਅੱਗ ਲੱਗ ਗਈ ਹੈ। ਮੈਂ ਮਿੱਟੀ ਨਾਲ ਲਿਬੜੀ ਜੁੱਤੀ ਕੋਠੀ ਦੀ ਥੜ੍ਹੀ ਨਾਲ ਝਾੜੀ ਹੈ। ਇੱਥੇ ਕੋਠੀ ਵਿੱਚ ਭਈਏ ਰਹਿੰਦੇ ਹਨ। ਥਾਂ ਸਾਡਾ...। ਬਿਗਾਨੇ ਮੌਜਾਂ ਮਾਣਦੇ ਹਨ।

ਉਹ ਤਾਇਆ ਸਦਾ ਰਾਮ ਆਉਂਦਾ ਪਿਆ। ਮੇਰੇ ਯਾਰ ਭੱਜੀ ਦਾ ਪਿਓ।

ਹੁਣ ਇਹਦੀ ਨਿਗ੍ਹਾ ਘੱਟ ਗਈ ਹੈ। ਕੋਲ ਪੁੱਜਦਿਆਂ ਹੀ ਮੈਨੂੰ ਪਛਾਣ ਲਿਆ। ਮੈਂ ਤਾਏ ਦਾ ਹਾਲ ਚਾਲ ਪੁੱਛਿਆ ਹੈ। ਹੁਣ ਵਿਚਾਰੇ ਦਾ ਹਾਲ ਕਾਹਦਾ। 'ਹੂੰ-ਹਾਂ' ਜਿਹਾ ਕਰਕੇ ਮੇਰੀ ਪਿੱਠ ਥਾਪੜ ਕੇ ਤੁਰ ਪਿਆ ਹੈ।

ਉਦੋਂ ਵੀ ਅੱਜ ਕੱਲ੍ਹ ਵਰਗੀ ਹਾਲਤ ਸੀ। ਕੁੜੀ ਦੇਣੇ...ਗੁਰਜੰਟ ਸੁੰਹ ਨੇ ਸਾਨੂੰ ਵਿਕਣ ਲਾ ਦਿੱਤਾ ਸੀ। ਸਾਨੂੰ ਕਦੇ ਦਿੱਲੀ ਲੈ ਜਾਂਦਾ, ਕਦੇ ਬੰਬੇ। ਮੈਂ ਦੋ-ਤਿੰਨ ਸਾਲ ਦਿੱਲੀ-ਬੰਬੇ ਦੇ ਚੱਕਰ ਕੱਟਦਾ ਰਿਹਾ। ਉਸ ਖੁੱਸੜ ਜੱਟ ਦਾ ਕੀ ਜਾਂਦਾ ਸੀ। ਪੈਸੇ ਅਸੀਂ ਖਰਚਦੇ ਸੀ। ਮਹੀਨਿਆਂ ਬੱਧੀ ਬੇਗਾਨਿਆਂ ਸ਼ਹਿਰਾਂ ਵਿੱਚ ਅਸੀਂ ਭੁੱਖਾਂ ਕੱਟਦੇ ਰਹੇ, ਤਿਰਹਾਏ ਰਹੇ, ਉਹਨੂੰ ਕੀ ਸੀ? ਉਹ ਤਾਂ ਟਰਾਈਆਂ ਮਰਵਾਉਂਦਾ ਰਿਹਾ। ਚਾਚੇ ਦਾ ਵਾਲ-ਵਾਲ ਕਰਜ਼ੇ ਵਿੱਚ ਵਿੰਨ੍ਹਿਆਂ ਗਿਆ ਸੀ। ਬਾਜ਼ ਵਾਲਿਆਂ ਨੂੰ ਦੋ ਚਾਰ ਕਨਾਲ ਜ਼ਮੀਨ ਗਹਿਣੇ ਧਰ ਦਿੱਤੀ ਜਾਂਦੀ। ਆੜ੍ਹਤੀਏ ਦਾ... ਬੈਂਕ ਦਾ ਵਿਆਜ਼ ਮੋੜ ਦਿੱਤਾ ਜਾਂਦਾ। ਐਨੇ ਯਤਨਾਂ ਦੇ ਬਾਵਜੂਦ ਵੀ ਮੈਂ ਇੰਗਲੈਂਡ ਨਾ ਜਾ ਸਕਿਆ।

ਇਹ ਤੇ ਭਲਾ ਹੋਵੇ ਭੱਜੀ ਦਾ। ਚਲੋ ਇੱਕ ਵਾਰ ਤਾਂ ਉਹਨੇ ਜਿੱਲਣ੍ਹ 'ਚੋਂ ਕੱਢ ਦਿੱਤਾ ਸੀ। ਮੈਨੂੰ ਡੁਬਈ ਲੈ ਗਿਆ। ਆਪਣਿਆਂ ਨਾਲੋਂ ਤਾਂ ਇਹ ਸੱਤ ਪਰਾਇਆ ਚੰਗਾ ਨਿਕਲਿਆ। ਆਹ ਤਾਇਆ ਸਦਾ ਰਾਮ ਦਾਤਣ ਕਰਦਾ ਤੁਰਿਆ ਜਾਂਦਾ। ਇਹਦੇ ਕੋਲੋਂ ਵੀ ਹੁਣ ਤੁਰ ਨਈਂ ਹੁੰਦਾ। ਇਹਦਾ ਹਾਲ ਵੀ ਮੇਰੇ ਪਿਓ ਸ਼ਿੰਗਾਰੇ ਵਾਲਾ ਹੈ।

ਉਹ ਵੀ ਕੇਹਾ ਮਨਹੂਸ ਦਿਨ ਸੀ।

ਸਾਰਾ ਪਿੰਡ ਭੱਜੀ ਦੀ ਟਾਹਲੀ ਨਾਲ ਲਟਕਦੀ ਲਾਸ਼ ਦੇਖ ਕੇ ਦੰਗ ਰਹਿ ਗਿਆ ਸੀ। ਉਹਦੀ ਅਰਥੀ ਚੁੱਕਣ ਵਾਲਿਆਂ ਵਿੱਚ ਮੈਂ ਵੀ ਸ਼ਾਮਿਲ ਸੀ। ਪਰ ਉਹਦੇ ਮਰਨ ਦਾ ਯਕੀਨ ਮੈਨੂੰ ਹੁਣ ਤੱਕ ਵੀ ਨਈਂ ਆਉਂਦਾ। ਉਹਨੇ ਦਸ-ਬਾਰ੍ਹਾਂ ਸਾਲ ਡੁਬਈ ਲਾਏ। ਉਹ ਆਪਣੇ ਵਿਹੜੇ ਦੇ ਅੱਧੇ ਮੁੰਡੇ ਤਾਂ ਡੁਬਈ ਲੈ ਗਿਆ ਹੋਣਾ। ਉਹ ਕਿਸੇ ਨਾ ਕਿਸੇ ਸ਼ੇਖ ਕੋਲੋਂ ਵੀਜ਼ਾ ਲੈ ਆਉਂਦਾ। ਪਿੰਡ ਦਾ ਕੋਈ ਨਾ ਕੋਈ ਮੁੰਡਾ ਦੁਬਈ ਲੈ ਜਾਂਦਾ। ਉਹਦੇ ਕੋਲੋਂ ਕੰਪਨੀ ਛੁਡਾ ਲੈਂਦਾ। ਆਪ ਸ਼ਰਾਬ ਕੱਢਦਾ। ਅਗਲੇ ਨੂੰ ਵੇਚਣ ਲਾ ਲੈਂਦਾ। ਖਜੂਰਾਂ ਦੀ ਸ਼ਰਾਬ ਕੱਢਣ ਦਾ ਬੜਾ ਮਾਹਿਰ ਸੀ ਉਹ। ਮੈਨੂੰ ਕਹਿਣਾ...

"ਪਹਿਲੇ ਤੋੜ ਦੀ ਦਾ ਲਾ ਪੈੱਗ। ਤੇ ਫੇਰ ਧੰਦੇ ਲਈ ਸ਼ੂਟ ਵੱਟ ਲੈ।"

ਆਪ ਤਾਂ ਉਹ ਪੁਲਿਸ ਦੇ ਹੱਥ ਨਈਂ ਸੀ ਆਇਆ। ਮੈਨੂੰ ਤਿੰਨ ਸਾਲ ਬਾਅਦ ਪੰਜ ਮਹੀਨੇ ਦੀ ਕੈਦ ਹੋ ਗਈ ਸੀ।

ਪਿੰਡ ਵਿੱਚ ਉਹਨੂੰ ਸਾਰੇ 'ਖੜੱਪਾ ਸੱਪ' ਸੱਦਦੇ ਹੁੰਦੇ ਸੀ। ਉਹਦਾ ਇਉਂ ਆਤਮ-ਹੱਤਿਆ ਕਰਨਾ ਹੈਰਾਨੀ ਵਾਲੀ ਗੱਲ ਸੀ। ਤਾਏ ਸਦਾ ਰਾਮ ਤੇ ਤਾਈ ਕਿਸ਼ਨੀ ਦਾ ਹਾਲ ਨਈਂ ਸੀ ਦੇਖਿਆ ਜਾਂਦਾ। ਜੋ ਹਾਲ ਇਨ੍ਹਾਂ ਦਾ ਉਦੋਂ ਹੋਇਆ ਸੀ। ਮੇਰੇ ਘਰ ਚਾਚੇ ਚਾਚੀ ਦਾ ਹੁਣ ਹੋਇਆ ਪਿਆ। ਜੀਉਂਦੇ ਵੀ ਮਰਿਆਂ ਵਰਗੇ। ਪੁੱਠੀ ਮੱਤ ਵਾਲੀ ਬਖਸ਼ਿੰਦਰ ਰਾਤ ਕਹਿਣ ਲੱਗੀ।

"ਆਪਣੇ ਜੱਟਾਂ ਜ਼ਿਮੀਦਾਰਾਂ ਨੂੰ ਬਚਾਅ ਲਿਆ ਕਨੈਡਾ, ਅਮਰੀਕਾ, ਵਲੈਤ ਨੇ। ਛੋਟੀਆਂ ਬਰਾਦਰੀਆਂ ਨੂੰ ਅਰਬ ਨੇ। ... ਸਾਹਿਬ ਜੀ, ਹੁਣ ਚੰਗੀ ਨੀਅਤ ਨਾਲ

ਜਾਇਓ।"

ਦਰਅਸਲ ਰਾਤ ਭੱਜੀ ਦੀ ਗੱਲ ਚੱਲੀ ਸੀ। ਪਤਾ ਨਈਂ ਮੈਤੋਂ ਕਾਹਤੋਂ ਵਿਦੇਸ਼ ਜਾਣ ਖਿਲਾਫ਼ ਬੋਲ ਹੋ ਗਿਆ ਸੀ। ਇਹ ਆਪਣਾ ਭਾਸ਼ਣ ਲੈ ਕੇ ਬਹਿ ਗਈ। ਦੱਸ ਭਲਾ ਮੈਂ ਕਿੱਦਾਂ ਭੱਜੀ ਨੂੰ ਭੁੱਲ ਜਾਵਾਂ। ਆਹ ਉਹ ਟਾਹਲੀ ਆ, ਜਿਹਦੇ ਨਾਲ ਉਹਨੇ ਫਾਹਾ ਲਿਆ ਸੀ।

ਭੈਣ ਮਰਾਵੇ ਭੱਜੀ। ਭੱਜ ਉਏ ਇੱਥੋਂ ਹੋਰ ਕਿਤੇ...। ਬਖਸ਼ਿੰਦਰ ਦੀ ਗੱਲ ਵੀ ਠੀਕ ਹੈ। ਮੈਂ ਤਾਂ ਐਵੇਂ ਭੱਜੀ ਨੂੰ ਲੈ ਕੇ ਬਹਿ ਜਾਂਦੈ। ਆਪਣੇ ਕੰਮ ਵਿੱਚ ਖਰੋੜ ਪਾਉਣ ਲੱਗਿਆ ਆਂ। ਸੰਤਾਂ ਨੇ ਕੀ ਕਿਹਾ ਸੀ? ਭੁੱਲ ਗਿਆ? ਅਰਾਮ ਨਾਲ ਬੰਦਾ ਬਣ ਕੇ ਤੁਰ ਪਾ। ਮੈਂ ਤਾਂ ਅਮਰੀਕਾ ਜਾਣਾ ਆ। ਮੈਂ ਉਹਤੋਂ ਕੀ ਲੈਣਾ?

ਮੈਂ ਤੇਜ਼ ਕਦਮੀਂ ਘਰ ਵੱਲ ਨੂੰ ਤੁਰ ਪਿਆ ਹਾਂ।

ਇੱਕ ਆਹ ਕਲਮੂੰਹਾਂ ਹਰ ਥਾਂ ਟੱਕਰ ਪੈਂਦਾ। ਹੁਣ ਇਹ ਮੇਰਾ ਫਿਰ ਲਹੂ ਪੀਊ। ਬਣੀ ਫਿਰਦਾ ਕਿਸਾਨ ਯੂਨੀਅਨ ਦਾ ਪ੍ਰਧਾਨ। ਇਹਨੂੰ ਪਿੰਡ ਵਿੱਚ ਕੋਈ ਨਈਂ ਪੁੱਛਦਾ। ਅਖੇ ਮੈਂ ਪ੍ਰਧਾਨ, ਜੀਤਾ ਭਲਵਾਨ। ਸਾਰੇ ਇਹਨੂੰ ਬਾਜਾ ਭਲਵਾਨ ਸੱਦਦੇ ਹਨ। ਕੰਨ ਇਹਦੇ ਸੂਰ ਦੇ ਬੁਲ੍ਹਾਂ ਵਰਗੇ ਸੁੱਜੇ ਹੋਏ ਆ। ਸਿਰ ਵੀ ਵਿੰਗਾ। ਇਹ ਹਰ ਥਾਂ ਲੱਤ ਅੜਾਉਂਦਾ। ਭੱਜੀ ਦੇ ਦਾਗਾਂ ਤੋਂ ਬਾਅਦ ਇਹਨੇ ਆਪਣਾ 'ਅਖਾੜਾ' ਲਾ ਲਿਆ।

"ਜਿਸ ਜਮਾਤ ਵਿੱਚ ਆਤਮ ਹੱਤਿਆਵਾਂ ਹੋ ਰਹੀਆਂ ਹੋਣ। ਉਹਦਾ ਸੰਕਟ ਕਿੰਨਾ ਗਹਿਰਾ ਹੋਏਗਾ? ਮਨੁੱਖ ਵੀ ਮੰਡੀ ਦਾ ਮਾਲ ਬਣ ਗਿਆ। ਉਹਦੀ ਕਿਰਤ ਵੀ।"

ਬਈ ਦੱਸ ਤੂੰ ਜਲਸਾ ਕਰਦਾ ਪਿਆਂ। ਅਗਲਿਆਂ ਦਾ ਮੁੰਡਾ ਮੁੱਕ ਗਿਆ। ਇਹ ਹੋਰੇ ਗੱਲਾਂ ਲੈ ਕੇ ਬਹਿ ਗਿਆ।

"ਵਿਆਹ ਕਰਵਾ ਕੇ ਝੱਟ ਜੁਦੇ ਹੋ ਜਾਂਦੇ ਆ। ਮੁਸ਼ਕਲਾਂ ਦੇ ਪਹਾੜ ਡਿੱਗਦੇ ਆ। ਦੁੱਖ ਸੁਣਨ ਵਾਲਾ ਕੋਲ ਕੋਈ ਹੁੰਦਾ ਨਈਂ। ਤਣਾਅ ਵੱਧਦਾ ਜਾਂਦਾ ਆ। ਨਸ਼ੇ ਦਾ ਸਹਾਰਾ ਲੈਂਦੇ ਆ ਤੇ ਫੇਰ...।"

ਮੈਂ ਤਾਂ ਸ਼ੁਕਰ ਕਰਦਾਂ ਭਰਾਵੋ ਸੰਤਾਂ ਦਾ। ਲੰਘ ਗਈ ਜਲੇਧ। ਜੇ ਦੇਖ ਲੈਂਦਾ ਤਾਂ ਇਹਨੇ ਇੱਥੇ ਗਿੱਲਾ ਪ੍ਰੀਣ ਪਾ ਕੇ ਬਹਿ ਜਾਣਾ ਸੀ। ਅਜੇ ਇਹਨੂੰ ਇਹ ਨਈਂ ਪਤਾ ਹੋਣਾ ਕਿ ਮੈਂ ਅਮਰੀਕਾ ਚੱਲਿਆਂ। ਨਈਂ ਤਾਂ ਇਹਨੇ ਝੱਟ ਰਸਤਾ ਰੋਕ ਲੈਣਾ ਸੀ ਤੇ ਆਖਣਾ ਸੀ –

"ਦਲਜਿੰਦਰ ਸਿਆਂ, ਆਪਾਂ ਆਪਣੇ ਦੇਸ਼ ਨੂੰ ਸਵਰਗ ਬਣਾਉਣ ਲਈ ਕਿਉਂ ਨਾ ਲੜੀਏ?"

... ਵਧੀਆ ਹੋਇਆ, ਦਫ਼ਾ ਹੋ ਗਿਆ। ਐਵੇਂ ਸੰਤਾਂ ਕੋਲ ਜਾਣ ਤੋਂ ਲੇਟ ਕਰ ਦਿੰਦਾ। ਕੰਮ 'ਚ ਘੜੰਮ ਪੌਂਦਾ।

ਮੇਰੀ ਵੀ ਆਦਤ ਠੀਕ ਨਈਂ। ਪਤਾ ਨਈਂ ਕਿਹੜੇ ਵਹਿਣ 'ਚ ਵਹਿ ਜਾਂਦਾ ਹਾਂ। ਗੱਲ ਤਾਂ ਮੈਂ ਜਹਾਜ਼ ਵਾਲੀ ਕੋਠੀ ਦੀ ਕਰਦਾ ਪਿਆ ਸੀ। ਮੇਰੀ ਗੁਰਦੁਆਰਾ ਸਾਹਿਬ ਜਾਣ ਦੀ ਦੇਰ ਹੈ। ਅੱਜ ਉਥੋਂ ਪਾਸਪੋਰਟ ਤੇ ਟਿਕਟ ਲੈ ਆਉਣੇ ਹਨ। ਤੇ ਫਿਰ ਫੁਅ...ਫੁਅਰ। ਆਹ ਕੋਈ ਜਹਾਜ਼ ਆ, ਜਿਹੜਾ ਤਾਏ ਨੇ ਕੋਠੀ 'ਤੇ ਬਣਾਇਆ

ਹੋਇਆ? ਨਹਿਰੂ ਦੇ ਵੇਲਿਆਂ ਦਾ। ਮੈਨੂੰ ਸਰਦਾਰ ਜੌਹਨ ਸਿੰਘ ਗਿੱਲ ਕਹਿੰਦਾ ਸੀ।

"ਸਿੰਘ ਸਾਹਿਬ, ਏਅਰ ਫਰਾਂਸ ਦੇ ਜਹਾਜ਼ ਦੇਖਣ ਵਾਲੇ ਹਨ। ਉਨ੍ਹਾਂ ਵਿੱਚ ਸਫ਼ਰ ਕਰਨ ਦਾ ਮਜ਼ਾ ਈ ਵੱਖਰਾ। ਆਪਣੇ ਖਾਸ-ਖਾਸ ਬੰਦੇ ਅਸੀਂ ਉਦ੍ਹੇ 'ਚ ਭੇਜਦੇ ਆਂ।"

ਮੈਨੂੰ ਅਮਰੀਕਾ ਪੁੱਜ ਲੈਣ ਦਿਓ। ਉਧਾਰ ਤੇ ਕਰਜ਼ਾ ਮੋੜਨ ਨੂੰ ਬੜੀ ਹੱਦ ਚਾਰ ਸਾਲ ਲੱਗ ਜਾਣਗੇ। ਪੰਜਾਂ ਸਾਲਾਂ ਬਾਅਦ ਤਾਏ ਦੇ ਬਰਾਬਰ ਕੋਠੀ ਪਾ ਦੇਣੀ ਆ। ਪਹਿਲਾਂ ਬਾਜ਼ ਵਾਲਿਆਂ ਤੋਂ ਜ਼ਮੀਨ ਛੁਡਾਉਣੀ ਆ। ਬੱਸ ਫ਼ੇਰ ਕੋਠੀ ਪਾਉਣ ਦਾ ਕੰਮ ਕਰਨਾ। ਤਾਏ ਦੀ ਹਿੱਕ 'ਤੇ ਸੱਪ ਲਿਟੌਣਾ। ਏਅਰ ਫਰਾਂਸ ਵਾਲਾ ਜਹਾਜ਼ ਕੋਠੀ 'ਤੇ ਬਣੌਣਾ। ਇਲਾਕੇ ਵਿੱਚ ਨਮੂਨੇ ਦੀ ਟੈਂਕੀ ਬਣੂ। ਜਦੋਂ ਟੈਂਕੀ ਪਾਣੀ ਨਾਲ ਫੁੱਲ ਹੋ ਜਾਇਆ ਕਰੂ। ਜਿੱਦਾਂ ਜਹਾਜ਼ ਦੀ ਪੂੰਛ ਧੂੰਆਂ ਛੱਡਦੀ ਹੈ। ਸਾਡੇ ਵਾਲੇ ਜਹਾਜ਼ ਦੀ ਪੂੰਛ ਪਾਣੀ ਦੀ ਬੁਛਾੜ ਕਰਿਆ ਕਰੂ। ਜਦੋਂ ਟੈਂਕੀ ਪਾਣੀ ਤੋਂ ਖਾਲੀ ਹੋ ਜਿਆ ਕਰੂ। ਉਹਦੇ ਫਰ ਉੱਪਰ ਥੱਲੇ ਹੋਇਆ ਕਰਨਗੇ।

ਮੇਰੇ ਜਹਾਜ਼ ਦਾ ਦੂਜਾ ਹਮਲਾ ਬਾਜ਼ ਵਾਲੀ ਟੈਂਕੀ 'ਤੇ ਹੋਣਾ ਹੈ। ਜਿੱਦਾਂ 'ਜਹਾਦੀਆਂ' ਨੇ ਬਿੱਲੀਆਂ ਅੱਖਾਂ ਵਾਲੇ ਦੇ ਦੇਸ਼ ਦੇ ਟਾਵਰ ਤਬਾਹ ਕਰ ਦਿੱਤੇ। ਉਹ ਵੱਡਾ 'ਬਾਜ਼' ਬਣੀ ਫਿਰਦਾ ਸੀ। ਅਗਲਿਆਂ ਨੇ ਮਿੰਟ ਨਈਂ ਲਾਇਆ। ਮੈਂ ਵੀ ਸੱਭ ਕੁੱਸ਼ ਉਡਾ ਦੇਣਾ ਹੈ। ਹਰਦੇਵ ਸੁੰਹ ਕਿਆਂ ਦੇ ਹੱਥ ਲਾ-ਲਾ ਕੇ ਦੇਖਣਗੇ। ਬਾਜ਼ ਵਾਲੀ ਟੈਂਕੀ ਤਾਂ ਮੂਧੇ ਮੂੰਹ ਹਊ। ਸਾਲੇ ਚੜਿਓ ਵੀ ਬਹੁਤ ਆ।

ਜਦੋਂ ਅਮਰੀਕਾ ਤੋਂ ਇਨ੍ਹਾਂ ਦੇ ਭਰਾ ਆਉਂਦੇ ਹਨ। ਲੋਕਾਂ ਨੂੰ ਡਾਲਰ ਦਿਖੌਂਦੇ ਫ਼ਿਰਨਗੇ। ਡਾਲਰ ਮੈਂ ਨਾ ਲਿਆਉਂਗਾ? ਕਾਰ ਵਿੱਚ ਧੂੜਾਂ ਪੁੱਟੀ ਫਿਰਨਗੇ। ਦੱਸ ਮੈਤੋਂ ਨਾ ਕਾਰ ਲੈ ਹਊ। ਨਵਾਂ ਮਾਡਲ ਲਊਂ। ਇੱਕ ਵਾਰ ਤਾਂ ਇਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ ਜਾਊਗੀਆਂ। ਮਾਰ੍ਹ ਕਿਤੇ ਗਲੇ ਵਿੱਚ ਸੋਨੇ ਦੀਆਂ ਚੈਨੀਆਂ, ਬਾਂਹਾਂ ਵਿੱਚ ਕੜੇ ਤੇ ਉਂਗਲੀਆਂ ਵਿੱਚ ਮੁੰਦੀਆਂ ਪਾਈ ਫਿਰਨਗੇ।.....ਖੁਸਰੇ ਜਿਹੇ।... ਮੈਂ ਇਹਤੋਂ ਵੱਧ ਸੋਨਾ ਆਪਣੀ ਜੱਟੀ ਨੂੰ ਲੈ ਕੇ ਦਊਂ। ਉਹਦੇ ਸਾਰੇ ਉਲਾਂਭੇ ਲਾਹ ਦੇਣੇ ਹਨ। ਉਹ ਵੀ ਕੀ ਯਾਦ ਕਰੂੰਗੀ। ਨਾਲੇ ਸਹੁਰਿਆਂ ਨੂੰ ਪਤਾ ਲੱਗ ਜਾਊ। ਐਵੇਂ ਕਿੜ-ਕਿੜ ਕਰਦੇ ਰਹਿੰਦੇ ਆ। ਉਨ੍ਹਾਂ ਨਾਲ ਵੀ ਅਗਲਾ ਪਿਛਲਾ ਹਿਸਾਬ ਕਰਨਾ। ਚਾਰ ਛਿੱਲੜ ਦੇ ਕੇ ਧੌਂਸ ਦਿਖੌਂਦੇ ਆ।

ਉੱਦਾਂ ਕਦੇ-ਕਦੇ ਮੈਂ ਬਖਸ਼ਿੰਦਰ ਨਾਲ ਵਿਆਹ ਕਰਵਾ ਕੇ ਪਛਤੋਂਦਾ ਵੀ ਹਾਂ। ਇਸ ਮਾਂ ਜਾਆਬ੍ਰੀ ਨੇ ਸਾਡਾ ਜਲੂਸ ਕੱਢਿਆ ਪਿਆ। ਜੇ ਸੁਖਮਣੀ ਤੇ ਪੁਨੀਤ ਨਾ ਹੁੰਦੀਆਂ। ਮੈਂ ਕਦੋਂ ਦਾ ਆਪਣੇ ਅੱਡ ਰਾਹ ਪਿਆ ਹੁੰਦਾ। ਚਾਚੀ ਨੇ ਤਾਂ ਕਈ ਵਾਰ ਛੱਡਣ ਲਈ ਕਿਹਾ ਆ। ਪਰ ਵਿਆਹ ਕਰਾਉਣੇ ਕਿਹੜਾ ਸੌਖੇ ਆ। ਇਸ ਦੇਸ਼ ਵਿੱਚ ਮਾਤ੍ਹੜ ਦਾ ਤਾਂ ਇੱਕ ਵਿਆਹ ਮਸੀਂ ਹੁੰਦਾ ਆ। ਖ਼ੈਰ---! ਦੋਸ਼ ਸਾਡਾ ਵੀ ਹੈ। ਅਸੀਂ ਵੀ ਤਾਂ ਝੂਠ ਈ ਬੋਲਿਆ ਸੀ।

"ਦਲਜਿੰਦਰ ਦਾ ਇੰਗਲੈਂਡ ਕੇਸ ਚਲਦਾ। ਉਦੋਂ ਮੁੜਨਾ ਪੈ ਗਿਆ ਸੀ। ਅਸੀਂ ਸੋਚਿਆ, ਜਿੰਨਾ ਚਿਰ ਕੇਸ ਚਲਦਾ ਦੁਬਈ ਜਾ ਆਵੇ। ਇਹਨੇ ਇੱਕ ਦਿਨ ਤਾਂ ਵਲੈਤ ਚਲੇ ਈ ਜਾਣਾ ਆ।"

ਜਦੋਂ ਮੈਨੂੰ ਦੁਬਈ ਤੋਂ ਡਿਪੋਰਟ ਕੀਤਾ ਸੀ। ਹਾਅ ਗੱਲਾਂ ਚਾਚੀ ਤਾਂ ਕੀ

ਸਾਰਾ ਟੱਬਰ ਕਰਦਾ ਰਿਹਾ ਸੀ। ਬੀਬੀ ਬਖਸ਼ਿੰਦਰ ਕੌਰ ਦੇ ਘਰ ਦਿਆਂ ਨੇ ਇੰਗਲੈਂਡ ਦੇ ਲਾਲਚ ਵਿਚ ਇਹਨੂੰ ਮੇਰੇ ਨਾਲ ਨੂੜ ਦਿੱਤਾ। ਦੋ-ਚਾਰ ਸਾਲ ਤਾਂ ਮੈਂ ਗੱਲਾਂ ਵਿੱਚ ਲੰਘਾ ਦਿੱਤੇ। ਜਦੋਂ ਦੀ ਇਨ੍ਹਾਂ ਨੂੰ ਅਸਲੀਅਤ ਪਤਾ ਲੱਗੀ ਆ। ਇਨ੍ਹਾਂ ਦਾ ਟੱਬਰ ਹੱਥਾਂ ਨੂੰ ਥੁੱਕ ਲਾਈ ਫਿਰਦਾ। ਇਹ ਮੈਨੂੰ ਗੱਲ-ਗੱਲ 'ਤੇ ਠਿੱਠ ਕਰਦੀ ਰਹਿੰਦੀ ਆ। ਇਹ ਕਿਸੇ ਨਾ ਕਿਸੇ ਤਰੀਕੇ ਮੈਨੂੰ ਬਾਹਰ ਭੇਜਣਾ ਚਾਹੁੰਦੀ ਰਹੀ ਆ। ਛੇ ਕੁ ਸਾਲ ਪਹਿਲਾਂ ਸਿੱਖਾਂ ਦੀ ਪੱਟੀ ਵਾਲਾ ਉਹ ਮੁੰਡਾ ਪਿੰਡ ਆਇਆ ਹੋਇਆ ਸੀ, ਜਿਹੜਾ ਇੰਗਲੈਂਡ ਪੁੱਜਣ ਵਿੱਚ ਸਫ਼ਲ ਹੋ ਗਿਆ ਸੀ। ਉਹਦੀਆਂ ਗੱਲਾਂ ਸੁਣ ਕੇ, ਇਹ ਮੈਨੂੰ ਤੰਗ ਕਰਨ ਲੱਗ ਪਈ। ਮੈਂ ਕਿੱਦਾਂ ਟਰਾਈ ਮਾਰ ਲੈਂਦਾ? ਕਰਜ਼ਾ ਤਾਂ ਪਹਿਲਾਂ ਹੀ ਨਈਂ ਸੀ ਉਤਰਿਆ। ਨਾਲੇ ਮੈਂ ਇਹਦੇ ਕੋਲ ਰਹਿਣਾ ਚਾਹੁੰਦਾ ਸੀ। ਇਹਦੇ ਗੋਡੇ ਨਾਲ ਗੋਡਾ ਜੋੜ ਕੇ ਬੈਠਣਾ ਚਾਹੁੰਦਾ ਸੀ।

ਇਹਦੀਆਂ ਸਹੇਲੀਆਂ ਬਾਹਰ ਨੇ ਤੇ ਜਾਂ ਉਨ੍ਹਾਂ ਦੇ ਘਰ ਵਾਲੇ ਵਿਦੇਸ਼ ਗਏ ਹੋਏ ਹਨ। ਉਹ ਪਿੱਛੇ ਮੌਜਾਂ ਕਰਦੀਆਂ ਹਨ। ਮੈਨੂੰ ਲੱਗਦਾ ਸੀ ਇਹ ਵੀ 'ਉਹ' ਮੌਜਾਂ ਕਰਨੀਆਂ ਚਾਹੁੰਦੀ ਸੀ। ਸਾਰਾ ਦਿਨ ਕੰਨਾਂ ਨੂੰ ਮੋਬਾਇਲ ਲਾਈ ਰੱਖਦੀਆਂ ਨੇ। ਸ਼ਹਿਰ ਸ਼ਾਪਿੰਗ ਕਰਨ ਤੁਰੀਆਂ ਰਹਿੰਦੀਆਂ ਹਨ। ਕੋਈ ਕਾਰ ਲਈ ਫਿਰਦੀ ਹੈ ਤੇ ਕੋਈ ਸਕੂਟਰੀ। ਮੈਨੂੰ ਇਹਦੀਆਂ ਗੱਲਾਂ 'ਤੇ ਸ਼ੱਕ ਹੋਣ ਲੱਗ ਪਈ ਸੀ। ਤਦੇ ਤਾਂ ਮੈਂ ਬਾਹਰ ਜਾਣ ਲਈ ਮੰਨਿਆ ਨਈਂ ਸੀ। ਇਹਨੇ ਚੱਕ ਚੁਕਾ ਕੇ ਮੇਰੇ ਤੋਂ ਛੋਟੇ ਕੇਸਰ ਨੂੰ ਗਰੀਸ ਭੇਜ ਦਿੱਤਾ। ਰਹਿੰਦਾ ਕਿੱਲਾ ਵੀ ਬਾਜ਼ ਵਾਲਿਆਂ ਨੂੰ ਬੈਅ ਕਰ ਦਿੱਤਾ ਸੀ। ਇਹ ਮੈਨੂੰ ਝਈਆਂ ਲੈ-ਲੈ ਪੈਂਦੀ ਸੀ।

"ਇੱਕ ਵਾਰ ਬੰਦਾ ਬਾਹਰ ਸੈੱਟ ਹੋ ਜਾਵੇ। ਕੁੱਲਾਂ ਤਰ ਜਾਂਦੀਆਂ। ਇੱਥੇ ਭਾਵੇਂ ਸਾਰੀ ਉਮਰ ਭੱਠ ਝੋਕੀ ਜਾਓ, ਚਾਰ ਛਿੱਲੜ੍ਹ ਨਈਂ ਜੁੜਦੇ।"

ਇਹ ਮੈਨੂੰ ਵਾਰ ਵਾਰ ਉਨ੍ਹਾਂ ਲੋਕਾਂ ਦੇ ਕਿੱਸੇ ਸੁਣੌਂਦੀ ਰਹਿੰਦੀ, ਜਿਹੜੇ ਇੱਥੇ ਭੁੱਖੇ ਮਰਦੇ ਸੀ। ਵਿਦੇਸ਼ ਜਾ ਕੇ ਲੱਖਾਂਪਤੀ ਬਣ ਗਏ। ਉਨ੍ਹਾਂ ਦੀਆਂ ਕਾਰਾਂ ਕੋਠੀਆਂ ਦੇ ਮਿਹਣੇ ਦਿੰਦੀ ਰਹਿੰਦੀ ਹੈ। ਇਹਨੂੰ ਗਹਿਣਿਆਂ ਨਾਲ ਲੱਦੀਆਂ, ਕਾਰਾਂ ਵਿੱਚ ਘੁੰਮਦੀਆਂ ਤੇ ਮੋਬਾਇਲ ਤੇ ਪਟਾਕ ਪਟਾਕ ਗੱਲਾਂ ਕਰਦੀਆਂ ਜ਼ਨਾਨੀਆਂ ਦਿੱਸਦੀਆਂ ਹਨ। ਹੋਰ ਨਈਂ। ਮੈਥੋਂ ਛੋਟਾ ਕੇਸਰ ਦੋ ਤਿੰਨ ਸਾਲ ਤਾਂ ਬੜੇ ਸੋਹਣੇ ਪੈਸੇ ਭੇਜਦਾ ਰਿਹਾ। ਇਹ ਉਹਦੀਆਂ ਸਿਫਤਾਂ ਕਰਦੀ ਨਈਂ ਸੀ ਥੱਕਦੀ ਹੁੰਦੀ। ਦੋਨਾਂ ਕੁੜੀਆਂ ਨੂੰ ਅੰਗਰੇਜ਼ੀ ਸਕੂਲ ਪੜ੍ਹਨ ਲਾਇਆ। ਫ਼ੇਰ ਉਹ ਇੰਡੀਆਂ ਆਇਆ, ਭੁਲੱਥ ਵੱਲ ਵਿਆਹ ਕਰਵਾ ਗਿਆ। ਕੇਸਰ ਦੇ ਸਹੁਰਿਆਂ ਨੇ ਉਨ੍ਹਾਂ ਲਈ ਭੁਲੱਥ ਵੱਲ ਹੀ ਕੋਠੀ ਬਣਾ ਦਿੱਤੀ। ਕਿਥੇ ਤਾਂ ਉਹ ਮੈਨੂੰ ਗਰੀਸ ਲਿਜਾਣ ਨੂੰ ਫਿਰਦਾ ਸੀ। ਬਾਅਦ 'ਚ ਮੈਂ ਵੀ ਗਰੀਸ ਜਾਣ ਦਾ ਮਨ ਬਣਾ ਲਿਆ ਸੀ। ਕਿੱਥੇ ਮੁੜ ਕੇ ਉਹਦਾ ਸੁੱਖ-ਸੁਨੇਹਾ ਵੀ ਨਾ ਆਇਆ। ਅਸੀਂ ਤਾਂ ਉਹਦੀ ਘਰ ਵਾਲੀ ਤੇਜੀ ਦੀ ਕਈ ਸਾਲਾਂ ਤੋਂ ਸ਼ਕਲ ਨਈਂ ਦੇਖੀ। ਆਹ ਜਿਹੜੀ ਮੇਰੇ ਵਾਲੀ ਸਵੇਰੇ ਸ਼ਾਮ ਟੌਂਕਦੀ ਸੀ, ਮੂਤ ਦੀ ਝੱਗ ਵਾਂਗੂੰ ਬਹਿ ਗਈ। ਰਾਤ ਕਹਿਣ ਲੱਗੀ।

"ਗੱਲ ਸੁਣਿਓ ਜੀ, ਅਸੀਂ ਬਥੇਰਾ ਨਰਕ ਭੋਗ ਲਿਆ। ਹੁਣ ਅਮਰੀਕਾ ਜਾ ਕੇ ਖਿਆਲ ਰੱਖਿਓ। ਮੇਰਾ ਨਾ ਸਹੀ। ਮੇਰੀਆਂ ਧੀਆਂ ਨਈਂ ਤਰਸਣੀਆਂ ਚਾਹੀਦੀਆਂ ਕਿਸੇ ਚੀਜ਼ ਨੂੰ।"

ਇਹ ਚੀਜ਼ਾਂ ਦੇ ਨਾਂ ਗਿਣਾਉਣ ਲੱਗ ਪਈ। ਮੈਨੂੰ ਤਾਂ ਕਈ ਨਾਂ ਵੀ ਨਈਂ ਲੈਣੇ ਆਉਂਦੇ। ਸੁਖਮਣੀ ਤੇ ਪੁਨੀਤ ਦੀ ਲਿਸਟ ਇਹਦੇ ਨਾਲੋਂ ਵੀ ਲੰਬੀ ਹੈ। ਪੁਨੀਤ ਪੁੱਤ ਕਹੀ ਜਾਵੇ :-

"ਪਾਪਾ, ਮੇਰੇ ਲਈ ਜਹਾਜ਼ ਭੇਜਿਓ। ਉਡਣ ਵਾਲਾ। ਜਿਹਦੀਆਂ ਲਾਈਟਾਂ ਜਗਣ।"

ਘਰ ਆ ਗਿਆ ਹਾਂ। ਮੈਂ ਸੋਚਦਾਂ ਔਖਾ ਸੌਖਾ ਨਹਾਏ ਲਵਾਂ। ਗੁਰੂ ਘਰ ਜਾਣਾ ਕਿਹੜਾ ਖਾਲਾ ਜੀ ਦਾ ਵਾੜਾ। ਸੰਤ ਕਹਿੰਦੇ ਸੀ ਸੁੱਚੇ ਹੋ ਕੇ ਆਇਆ ਕਰੋ। ਜਦੋਂ ਗੁਰੂ ਦੇ ਲੜ ਲੱਗ ਈ ਗਏ।...ਅੱਜ ਕੱਲ੍ਹ ਪਾਣੀ ਕਿਹੜਾ ਪਿੰਡੇ ਤੇ ਪੈਂਦਾ। ਜਾਨ ਕੱਢੀ ਜਾਂਦਾ। ਸਤਿਨਾਮ..ਵਾਖਰੂ।...ਲੈ ਨਿਬੜ ਗਿਆ ਕੰਮ। ਮੈਂ ਗੁਸਲਖਾਨੇ 'ਚੋਂ ਬਾਹਰ ਆਇਆ ਹਾਂ। ਤਿਆਰ ਹੋਣ ਲੱਗਦਾ ਹਾਂ। ਸੁਖਮਣੀ ਤੇ ਪੁਨੀਤ ਮੇਰੇ ਗਲ ਨੂੰ ਚੁੰਬੜ ਗਈਆਂ ਹਨ। ਰਾਤ ਵਾਲੀਆਂ ਚੀਜ਼ਾਂ ਗਿਣਾਉਣ ਲੱਗ ਪਈਆਂ ਹਨ।

ਮੈਂ ਸੰਤਾਂ ਦੀ ਫੋਟੋ ਅੱਗੇ ਮੱਥਾ ਟੇਕਿਆ ਹੈ। ਧੂਫ ਦੀ ਸੁਗੰਧ ਕਮਰੇ ਅੰਦਰ ਫੈਲੀ ਹੋਈ ਹੈ। ਚਾਚੀ ਸਵੇਰੇ ਉੱਠ ਕੇ ਧੂਫ ਬੱਤੀ ਕਰਨ ਦਾ ਹੀ ਕੰਮ ਕਰਦੀ ਹੈ। ਅੱਜ ਤਾਂ ਮੈਂ ਚਾਚੀ ਚਾਚੇ ਦੇ ਵੀ ਪੈਰੀਂ ਹੱਥ ਲਾ ਆਇਆਂ ਹਾਂ।

"ਠਹਿਰੋ ਜੀ, ਦਹੀਂ ਖਾ ਕੇ ਜਾਇਓ।"

ਮੈਂ ਬਖਸ਼ਿੰਦਰ ਦੀ ਆਵਾਜ਼ ਸੁਣ ਕੇ ਰੁਕ ਗਿਆ ਹਾਂ। ਉਹ ਦਹੀਂ ਦੀ ਕੌਲੀ ਲੈ ਆਈ ਹੈ। ਮੈਂ ਚਾਰ ਚਮਚੇ ਮੂੰਹ 'ਚ ਪਾਏ ਹਨ। ਇਹ ਕਿੰਨੇ ਲਾਡ ਨਾਲ ਬੋਲੀ ਹੈ।

"ਸਿੱਧੇ ਘਰ ਆ ਜਾਣਾ ਜੀ, ਨ੍ਹੇਰਾ ਨਈਂ ਕਰਨਾ। ਅਸੀਂ ਮੂੰਹ ਚੁੱਕ-ਚੁੱਕ ਦੇਖਦੇ ਨਾ ਰਹੀਏ। ਇੱਕ ਗੱਲ ਹੋਰ... ਖਾਲੀ ਹੱਥ ਨਈਂ ਆਉਣਾ। ਇੱਕ ਹੱਥ ਵਿੱਚ ਪਾਸਪੋਰਟ ਤੇ ਟਿਕਟ ਹੋਵੇ। ਦੂਜੇ ਹੱਥ ਵਿੱਚ ਮਠਿਆਈ ਦਾ ਡੱਬਾ ਤੇ ਫਰੂਟ ਹੋਵੇ।"

ਬਾਜ਼ ਤੇ ਜਹਾਜ਼ ਵਾਲੀ ਕੋਠੀ ਦੇ ਸਾਹਮਣੇ ਬੱਸਾਂ ਰੁਕਦੀਆਂ ਹਨ। ਮੈਂ ਥੜ੍ਹੇ ਕੋਲ ਖੜ੍ਹ ਗਿਆ ਹਾਂ। ਬੱਸ ਦੀ ਉਡੀਕ ਵਿੱਚ। ਮੈਂ ਵਾਹਿਗੁਰੂ-ਵਾਹਿਗੁਰੂ ਜਪੀ ਜਾ ਰਿਹਾ ਹਾਂ ਪਰ ਮੇਰਾ ਮਨ ਨਈਂ ਟਿਕ ਰਿਹਾ। ਮੇਰੀ ਅੱਖ ਕਦੇ ਜਹਾਜ਼ ਵਾਲੀ ਟੈਂਕੀ ਵੱਲ ਜਾਂਦੀ ਹੈ ਤੇ ਕਦੇ ਬਾਜ਼ ਵਾਲੀ ਟੈਂਕੀ ਵੱਲ। ਕੇਸਰ ਧੋਖਾ ਦੇ ਗਿਆ, ਨਾਲ ਦਾ ਜੰਮਿਆ। ਪਾਪੀ ਬੰਦਾ ਜ਼ਨਾਨੀ ਜੋਗਾ ਹੋ ਕੇ ਰਹਿ ਗਿਆ। ਬਈ ਜੇ ਤੂੰ ਟੱਬਰ ਨੂੰ ਠੁਮਣਾ ਦੇ ਦਿੰਦਾ ਤਾਂ ਤੇਰਾ ਕੀ ਘੱਸ ਜਾਣਾ ਸੀ। ਆਹ ਸ਼ਰੀਕਾਂ ਦੇ ਕਰਜ਼ਾਈ ਤਾਂ ਨਾ ਹੁੰਦੇ।

ਉਸ ਨੂੰ ਤਾਂ ਪਿਓ 'ਤੇ ਵੀ ਤਰਸ ਨਾ ਆਇਆ। ਜ਼ਮੀਨ ਬਾਜ਼ ਵਾਲਿਆਂ ਕੋਲ ਆਪਣੇ ਹੱਥੀਂ ਗਹਿਣੇ ਰੱਖਕੇ ਗਿਆ ਸੀ। ਕਈ ਸਾਲ ਚਾਚਾ ਜ਼ਮੀਨ ਵਾਹੁੰਦਾ ਰਿਹਾ। ਅਗਲਿਆਂ ਨੇ ਸਾਨੂੰ ਹੀ ਹਾਲੇ 'ਤੇ ਦੇ ਛੱਡੀ ਸੀ। ਉਨ੍ਹੀਂ ਤਾਂ ਫਿਰ ਵੀ ਕਈ ਸਾਲ ਇੱਜ਼ਤ ਰੱਖੀ ਛੱਡੀ। ਉਨ੍ਹਾਂ ਖੇਤਾਂ ਚੋਂ ਰੋਟੀ ਖਾਂਦੇ ਰਹੇ। ਦਰਬਾਰਾ ਸੁੰਹ ਸਮਰਾ ਆੜ੍ਹਤੀ ਤੋਂ ਕਰਜ਼ਾ ਲੈਂਦੇ ਰਹੇ। ਬੈਂਕ ਵਾਲਿਆਂ ਦੇ ਜੂੰ ਉੱਪਰ ਥੱਲੇ ਕਰਨੇ ਹੁੰਦੇ ਸੀ। ਨਾ ਆੜ੍ਹਤੀ ਦਾ ਕਰਜ਼ਾ ਲੱਥਾ ਤੇ ਨਾ ਬੈਂਕ ਦਾ। ਆਖ਼ਿਰ ਇਨਈਂ ਬਾਜ਼ ਵਾਲਿਆਂ ਨੇ ਵੀ ਜ਼ਮੀਨ ਛੁਡਾ ਲਈ ਸੀ। ਇਹ ਸਾਰੇ ਇਕੋ ਥੈਲੀ ਦੇ ਚੱਟੇ-ਵੱਟੇ ਹਨ। ਹੁਣ ਉਹ ਆੜ੍ਹਤੀ ਸਮਰਾ ਚਾਰ ਛਲਾਰੂ ਲੈ ਕੇ ਘਰ ਆ ਧਮਕਦਾ ਹੈ। ਬੈਂਕ ਵਾਲਿਆਂ

ਦੇ ਛਾਪੇ ਵੱਖਰੇ। ਇਕ ਉਹ ਬਾਜੇ ਭਲਵਾਨ ਨੇ ਲਹੂ ਪੀਤਾ ਹੋਇਆ ਆ।

"ਤੁਸੀਂ ਕਿਹੜਾ ਸੰਘਰਸ਼ਾਂ ਵਿੱਚ ਕੁੱਦਦੇ ਓ। ਤੁਹਾਨੂੰ ਨਈਂ ਪਤਾ ਕਿ ਲਹਿਰਾਂ ਬੰਦੇ ਨੂੰ ਮਰਨ ਨਈਂ ਦਿੰਦੀਆਂ ਹੁੰਦੀਆਂ। ਇਕੱਲੇ ਇਕਹਿਰੇ ਤੇ ਹਾਰੇ ਮਨੁੱਖ ਨੇ ਤਾਂ ਮਰਨਾ ਈ ਹੋਇਆ।"

ਦੱਸ ਬਈ ਅਸੀਂ ਕਾਹਨੂੰ ਮਰੀਏ, ਮਰਨ ਸਾਡੇ ਦੁਸ਼ਮਣ। ਮੇਰਾ ਅੱਜ ਕੰਮ ਹੋ ਜਾਏ। ਇਹ ਆੜ੍ਹਤੀਏ, ਇਹ ਬੈਂਕ ਵਾਲੇ...ਸਭ ਸਿੱਧੇ ਕਰਨੇ ਹਨ। ਲਉ ਬੱਸ ਵੀ ਆ ਗਈ।

ਬੱਸ ਤੁਰ ਪਈ ਹੈ। ਮੈਂ ਸੋਚਿਆ ਸੀ–ਬੱਸ ਵਿੱਚ ਆਰਾਮ ਕਰੂੰਗਾ। ਇਹ ਸਮਰਾ ਐਕਸਪ੍ਰੈੱਸ ਦਰਬਾਰਾ ਸੁੰਹ ਦੀ ਆ। ਕਿਤੇ ਟਿਕਟਾਂ ਚੈੱਕ ਕਰਦਾ ਕਰਦਾ ਆਈ ਨਾ ਜਾਵੇ। ਐਵੇਂ...। ਚਲੋ ਸੰਤ ਮੇਹਰ ਕਰਨ। ਪਤਾ ਨਈਂ ਮੈਨੂੰ ਅਚੋਆਈ ਜਿਹੀ ਕਿਉਂ ਲੱਗੀ ਹੋਈ ਆ। ਨਾਲੇ ਇਹ ਕਿਹੜਾ ਹੁੰਮਸ ਦੀ ਰੁੱਤ ਆ? ਮੈਂ ਥੋੜ੍ਹਾ ਜਿਹਾ ਸ਼ੀਸ਼ਾ ਖੋਲ੍ਹਦਾ ਹਾਂ। ਠੰਡੀ ਹਵਾ ਅੰਦਰ ਆ ਵੜੀ ਹੈ। ਸਵਾਰੀਆਂ ਮੇਰੇ ਵੱਲ ਔਖਾ-ਔਖਾ ਦੇਖਣ ਲੱਗ ਪਈਆਂ ਹਨ। ਮੈਂ ਸ਼ੀਸ਼ਾ ਬੰਦ ਕਰ ਦਿੱਤਾ ਹੈ।

ਬੱਸ ਹੌਲੀ ਹੋਈ ਹੈ। ਸੜਕ 'ਤੇ ਸਕੂਲੀ ਬੱਚਿਆਂ ਦੀਆਂ ਵੈਨਾਂ ਦਾ ਰਸ਼ ਪਿਆ ਹੋਇਆ। ਹਾਅ ਵੈਨ ਤਾਂ ਸੈਂਟ ਸੋਲਜ਼ੀਅਰ ਪਬਲਿਕ ਸਕੂਲ ਵਾਲਿਆਂ ਦੀ ਆ। ਸੁਖਮਣੀ ਤੇ ਪੁਨੀਤ ਦੀ ਵੀ ਤਾਂ ਇਹੀ ਵੈਨ ਹੁੰਦੀ ਸੀ। ਪੰਜ ਸਾਲ ਇਸ ਵੈਨ ਵਿੱਚ ਸਕੂਲ ਜਾਂਦੀਆਂ ਰਹੀਆਂ। ...ਕਾਹਨੂੰ ਮਨਾਂ ਦਿਲ ਥੋੜ੍ਹਾ ਕਰਦਾ। ਹਟੌਂਦਾ ਨਾ ਤਾਂ ਕੀ ਕਰਦਾ? ਪਿੰਡ ਦੇ ਸਰਕਾਰੀ ਸਕੂਲ 'ਚ ਪੜ੍ਹਨ ਲਾ ਦਿੱਤੀਆਂ। ਕੇਸਰ ਦਾ ਬੇੜਾ ਬਹਿ ਗਿਆ। ਖੈਰ...। ਕੋਈ ਨਈਂ ਪੁੱਤ, ਮੈਨੂੰ ਜਾ ਲੈਣ ਦਿਓ। ਮੈਂ ਸਭ ਧੋਣੇ ਧੋ ਦਿਆਂਗਾ। ਆਪਣੀਆਂ ਧੀਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਊਂਗਾ। ਨਾਲੇ ਜਿਹੜੀ ਇਨ੍ਹਾਂ ਦੀ ਮਾਂ ਮਿਹਣੇ ਮਾਰਦੀ ਰਹਿੰਦੀ ਆ, ਉਹ ਵੀ...। ਇੱਕ ਤੇ ਇਸ ਗਰੀਬੀ ਨੇ ਮਾਰ ਲਏ। ਫਿਰ ਇਹ ਹਰਕੰਵਲ ਦੀਆਂ ਗੱਲਾਂ ਲਾ-ਲਾ ਕੇ ਕਰੂੰਗੀ। ਡੈਣ ਜ਼ਨਾਨੀ।

ਸ਼ਹਿਰ ਆ ਗਿਆ। ਬੱਸ ਤੋਂ ਉਤਰਿਆ ਹਾਂ। ਇਥੋਂ ਗੁਰਦੁਆਰਾ ਸਾਹਿਬ ਲਈ ਹੋਰ ਬੱਸ ਲੈਣੀ ਪੈਣੀ ਆ। ਉਥੇ ਲਈ ਬੱਸਾਂ ਗੜ੍ਹਸ਼ੰਕਰ ਰੋਡ ਤੋਂ ਚਲਦੀਆਂ ਹਨ। ਮੈਂ ਉੱਧਰ ਨੂੰ ਪੈਦਲ ਚੱਲ ਪਿਆ ਹਾਂ।...ਨਾ ਚਾਹੁੰਦਿਆਂ ਹੋਇਆਂ ਵੀ ਬਣਵੈਤ ਪ੍ਰਿੰਟਿੰਗ ਪ੍ਰੈੱਸ ਕੋਲ ਮੇਰੇ ਪੈਰ ਰੁਕ ਗਏ ਹਨ। ਸ਼ਾਇਦ ਅੰਦਰੋਂ ਕੋਈ ਝਾਕਦਾ ਪਿਆ। ਮੈਂ ਦੁਕਾਨ ਵੱਲੋਂ ਮੂੰਹ ਘੁਮਾ ਲਿਆ ਏ। ...ਤੇ ਤੇਜ਼ ਕਦਮੀਂ ਤੁਰ ਪਿਆ ਆਂ।

ਉਦੋਂ ਇਸ ਪ੍ਰਿੰਟਿੰਗ ਪ੍ਰੈੱਸ ਦੇ ਨਾਲ ਕੰਪਿਊਟਰ ਇੰਸਟੀਚਿਊਟ ਹੁੰਦਾ ਸੀ। ਹਰਕੰਵਲ ਉਸੇ ਇੰਸਟੀਚਿਊਟ ਪੜ੍ਹਨ ਆਉਂਦੀ ਹੁੰਦੀ ਸੀ। ਉਹ ਇੱਥੇ ਦੋ ਸਾਲ ਕੀ ਗੁੱਲ ਖੁਲਾਂਦੀ ਰਹੀ। ਇਹਦਾ ਸਾਨੂੰ ਪਤਾ ਈ ਨਈਂ ਲੱਗਾ। ਉਹ ਬਣਵੈਤਾਂ ਦੇ ਮੁੰਡੇ ਦੇ ਕਿਵੇਂ ਨੇੜੇ ਹੋਈ। ਉਹ ਮੁੰਡਾ ਕਦੋਂ ਕਨੈਡਾ ਗਿਆ। ਕਦੋਂ ਵਾਪਸ ਆਇਆ। ਕਿੱਥੇ ਉਹਨਾਂ ਨੇ ਵਿਆਹ ਕਰਵਾਇਆ। ਬਈ ਸਾਨੂੰ ਤਾਂ ਉਹਦਾ ਕਨੈਡਾ ਗਈ ਦਾ ਈ ਪਤਾ ਲੱਗਾ। ਲੋਕਾਂ ਨੇ ਬਥੇਰੀਆਂ ਗੱਲਾਂ ਕੀਤੀਆਂ ਸੀ। ਮੂੰਹ ਦਿਖਾਉਣ ਜੋਗੇ ਨਈਂ ਸੀ ਰਹੇ।

"ਉਹ ਛੱਡੋ ਜੀ ਜਾਤਾਂ ਜੂਤਾਂ ਨੂੰ। ਹੁਣ ਕੌਣ ਪੁੱਛਦਾ? ਕੁੜੀ ਕਨੈਡਾ ਸੈਟਲ

ਹੋ ਗਈ। ਹੈਥੇ ਸਾਰੀ ਉਮਰ ਘਰ ਬੈਠੀ ਰਹਿਣੀ ਸੀ।”

ਬਖਸ਼ਿੰਦਰ ਪਰਦਾ ਪਾ ਰਹੀ ਸੀ ਜਾਂ ਆਰੀ ਲਾ ਰਹੀ ਸੀ। ਉਦੋਂ ਸਮਝ ਨਈਂ ਸੀ ਲੱਗੀ। ਅਸੀਂ ਸਾਰੇ ਟੱਬਰ ਨੇ ਹਰਕੰਵਲ ਦਾ ਬਾਈਕਾਟ ਕਰੀ ਰੱਖਿਆ। ਉੱਦਾਂ ਸਾਰੇ ਅੰਦਰੋਂ ਖੁਸ਼ ਸਨ। ਚਲੋ, ਹੁਣ ਤਾਂ ਗੱਲ ਆਈ ਗਈ ਹੋ ਗਈ। ਪਰ ਆਹ ਮੇਰੇ ਵਾਲੀ ਜ਼ਨਾਨੀ ਚੋਭ ਲਾਉਣ ਤੋਂ ਨਈਂ ਟੱਲਦੀ। ਜਿੱਦਣ ਇਹਦੀ ਆਪਣੀ ਮਾਸੀ ਦੀ ਕੁੜੀ ਦੌੜੀ ਸੀ, ਚੀਕਾਂ ਮਾਰਦੀ ਫਿਰਦੀ ਸੀ।

ਚਲੋ ਆਹ ਬੱਸ ਸੋਹਣੀ ਮਿਲ ਗਈ। ਇਹਨੇ ਘੰਟੇ ‘ਚ ਪਹੁੰਚਾ ਦੇਣਾ। ਹੁਣ ਮੈਂ ਕੋਈ ਗੱਲ ਨਈਂ ਸੋਚਣੀ। ਸਿਰਫ਼ ਨਾਮ ਸਿਮਰਨ ਕਰਨਾਂ ਆ। ਵਾਹਿਗੁਰੂ...ਵਾਹਿਗੁਰੂ।

......ਮੈਂ ਗੁਰਦੁਆਰਾ ਸਾਹਿਬ ਦੇ ਅੰਦਰ ਆਣ ਵੜਿਆ ਹਾਂ। ਇੱਥੇ ਆ ਕੇ ਚਿੱਤ ਸ਼ਾਂਤ ਹੋ ਜਾਂਦੈ। ਸਾਰੇ ਦੁੱਖ ਦਲਿੱਦਰ ਪਿੱਛੇ ਛੁੱਟ ਜਾਂਦੇ ਹਨ। ਵਾਖਰੂ...ਇਦੈਂ ਚੜ੍ਹਦੀਆਂ ਕਲਾਂ ‘ਚ ਰੱਖੇ। ਹੁਣ ਮੈਂ ਮੱਥਾ ਟੇਕਿਆ ਤੇ ਪੰਡਾਲ ‘ਚ ਜੁੜੀ ਸੰਗਤ ਵਿੱਚ ਬੈਠ ਗਿਆ ਹਾਂ। ਅੱਜ ਤਾਂ ਵੱਡੀ ਗਿਣਤੀ ਵਿਚ ਸੰਗਤ ਵਾਲੀ ਕਮਾਲ ਈ ਹੋ ਗਈ ਆ। ਰਸ ਭਿੰਨਾ ਕੀਰਤਨ ਹੋਈ ਜਾ ਰਿਹਾ ਏ।

ਮੈਨੂੰ ਘੰਟਾ ਹੋ ਗਿਆ ਆਏ ਨੂੰ। ਕੋਈ ਦਿਖ ਨਈਂ ਰਿਹਾ। ਸਰਦਾਰ ਜੌਹਨ ਸਿੰਘ ਗਿੱਲ ਤਾਂ ਸਾਹਮਣੇ ਬਹਿੰਦੇ ਹੁੰਦੇ ਸੀ। ਦਿੱਲੀਉਂ ਆਉਂਦੇ ਲੇਟ ਨਾ ਹੋ ਗਏ ਹੋਣ। ਸੰਤ ਜੀ ਵੀ ਨਈਂ ਦਿਖਦੇ।

ਛੋਟੇ ਸੰਤ ਪਾਠ ਵਿੱਚ ਮਗਨ ਹਨ। ਮੈਂ ਸਿਰ ਝੁਕਾ ਕੇ ਲੰਗਰ ਹਾਲ ਵੱਲ ਤੁਰ ਆਇਆ ਹਾਂ। ਸੇਵਾਦਾਰ ਮੇਰੇ ਮੋਹਰੇ ਵੀ ਥਾਲ ਰੱਖ ਗਿਆ ਹੈ। ਵਰਤਾਵੇ ਨੇ ਦਾਲ ਪਾਈ ਹੈ। ਦੂਜੇ ਤੋਂ ਫੁਲਕਾ ਲਿਆ ਏ। ਮੈਂ ਬੁਰਕੀ ਮੂੰਹ ਵਿੱਚ ਪਾਈ ਹੈ। ਅੰਦਰ ਨਈਂ ਲੰਘ ਰਹੀ। ਫੁੱਲੀ ਜਾ ਰਹੀ ਹੈ। ਮੈਂ ਲੰਗਰ ਵਿਚੇ ਛੱਡ ਕੇ ਛੋਟੇ ਸੰਤਾਂ ਕੋਲ ਆ ਗਿਆ ਹਾਂ। ਇਹਨੀਂ ਮੇਰੇ ਕੰਨ ਵਿੱਚ ਘੁਸਰ ਮੁਸਰ ਕੀਤੀ ਏ।

ਮੈਂ ਕਮਰਾ ਨੰਬਰ ਅਠਾਰਾਂ ਵਿੱਚ ਪੁੱਜਾ ਹਾਂ। ਸੰਤ ਜੀ ਲੰਮੇ ਪਏ ਹਨ। ਮੈਂ ਪੈਰੀਂ ਹੱਥ ਲਾ ਕੇ ਕੋਲ ਬੈਠ ਗਿਆ ਹਾਂ।

“ਦਲਜਿੰਦਰ ਸਿਆਂ, ਜੌਹਨ ਸਿੰਘ ਅਜੇ ਤੱਕ ਪੁੱਜਾ ਨਈਂ। ਪਿਛਲੇ ਹਫ਼ਤੇ ਆਇਆ ਸੀ। ਸੱਤ-ਸੱਤ ਲੱਖ ਹੋਰ ਮੰਗਦਾ ਸੀ। ਕਹਿੰਦਾ ਹੁਣ ਪੰਦਰ੍ਹਾਂ ਲੱਖ ਰੇਟ ਹੋ ਗਿਆ। ਮੈਂ ਤਾਂ ਭਾਈ ਸਿਰ ਫੇਰ ਦਿੱਤਾ ਸੀ। ਉਹਨੂੰ ਅੱਜ ਸੱਦਿਆ ਸੀ, ਬਈ ਸੰਗਤ ਨਾਲ ਆਪੇ ਗੱਲ ਕਰ ਲਈਂ। ਅਜੇ ਤੱਕ ਨਈਂ ਬਹੁੜਿਆ। ਦੇਖੋ ਕਦੋਂ ਆਉਂਦਾ? ਆਉਂਦਾ ਵੀ ਆ ਕਿ...।”

......ਮੈਂ ਉੱਠ ਕੇ ਖੜ੍ਹਾ ਹੋ ਗਿਆ ਹਾਂ। ਮੇਰੀਆਂ ਲੱਤਾਂ ਵਿੱਚ ਜਾਨ ਨਈਂ ਰਹੀ। ਮਸੀਂ ਪੰਡਾਲ ਤੱਕ ਆਇਆ ਹਾਂ। ਕੰਧ ਨਾਲ ਢੋਅ ਲਾ ਕੇ ਬਹਿ ਗਿਆ ਹਾਂ। ਰਾਗੀ ਜਥਾ ਹਾਲੇ ਵੀ ਕੀਰਤਨ ਕਰੀ ਜਾ ਰਿਹਾ ਹੈ। ਮੇਰੇ ਕੰਨ ਸੁੰਨ ਹੋਏ ਪਏ ਹਨ। ਮੈਨੂੰ ਕੁਸ਼ ਨਈਂ ਸੁਣਾਈ ਦੇ ਰਿਹਾ।

ਮੈਂ ਹੋਸ਼ ਵਿੱਚ ਆਇਆ ਹਾਂ। ਦਿਨ ਢੱਲ ਚੱਲਿਆ ਏ। ਹੁਣ ਤਾਂ ਸੰਗਤ ਟਾਵੀਂ-ਟਾਵੀਂ ਰਹਿ ਗਈ ਆ। ਜੌਹਨ ਸਿੰਘ ਕਿਤੇ ਨਜ਼ਰ ਨਈਂ ਆ ਰਿਹਾ। ਮੇਰੇ ਵਰਗੇ ਕਈ ਓਦਰੇ ਚਿਹਰੇ ਬੈਠੇ ਹਨ। ਛੋਟੇ ਸੰਤਾਂ ਨੇ ਮੈਨੂੰ ਉਠਾਇਆ ਹੈ।

“ਕਾਕਾ, ਤੁਹਾਡੀ ਕਿਸਮਤ ਮਾੜੀ। ਉਹਨੂੰ ਪ੍ਰਮਾਤਮਾ ਸਜ਼ਾ ਜ਼ਰੂਰ ਦਊ।

ਗੁਰੂ ਘਰ ਨਾਲ ਠੱਗੀ। ਨਰਕਾਂ ਵਿੱਚ ਵੀ ਢੋਈ ਨਈਂ ਮਿਲਣੀ।"

ਮੈਂ ਲੱਤਾਂ ਘੜੀਸਦਾ ਬੱਸ 'ਚ ਆ ਬੈਠਾ ਹਾਂ। ਮੈਨੂੰ ਹਰਕੰਵਲ, ਬਖਸ਼ਿੰਦਰ, ਚਾਚਾ ਹੀ ਨਈਂ ਦਿਸ ਰਹੇ ਸਗੋਂ ਉਨ੍ਹਾਂ ਨਾਲ ਤਰ੍ਹਾਂ ਤਰ੍ਹਾਂ ਦੇ ਹੋਰ ਵੀ ਬੰਦੇ ਹਨ। ਮੈਂ ਉਨ੍ਹਾਂ ਦੇ ਚਿਹਰੇ ਨਈਂ ਪਛਾਣਦਾ। ਮੂੰਹ ਤਾਂ ਦੋੜ੍ਹਾੜ ਹੋਏ ਪਏ ਹਨ। ਕਿੱਦਾਂ ਪਛਾਣਾਂ?...ਹਾਂ, ਇਨ੍ਹਾਂ ਦੇ ਸਿਰਾਂ 'ਤੇ ਰੁਪਈਆਂ ਦੀਆਂ ਪੰਡਾਂ ਹਨ। ਲੱਗਦਾ ਚਾਚਾ ਪੰਡ ਦੇ ਭਾਰ ਨਾਲ ਮਰ ਗਿਆ ਤੇ ਬਖਸ਼ਿੰਦਰ ਨੇ...। ਘੱਟੋ ਘੱਟ ਹਰਕੰਵਲ ਨੂੰ ਨਈਂ ਛੱਡਣ ਲੱਗੇ ਬਣਵੈਤ। ਮੇਰੀ ਮਾਂ ਮਿੰਦੋ ਦਾ ਕੀ ਬਣੇਗਾ? ਉਹ ਵੀ ਮੂਰਤਾ ਸੁੰਹ ਦੀ ਮਾਂ ਵਾਂਗ ਇੱਟਾਂ ਰੋੜੇ ਮਾਰੂ।

ਕਹਿੰਦੇ ਮੂਰਤਾ ਸੁੰਹ ਨੂੰ ਵੀ ਮੇਰੇ ਵਾਂਗ ਇੱਕ-ਇੱਕ ਬੰਦੇ ਦੇ ਕਈ-ਕਈ ਦਿਸਣ ਲੱਗ ਪਏ ਸੀ। ਉਨ੍ਹਾਂ ਦੇ ਵੀ ਪੰਜੇ ਜੀਅ ਨੋਟਾਂ ਦੀਆਂ ਪੰਡਾਂ ਲਈ ਜਾਂਦੇ ਸੀ। ਜਦੋਂ ਪੰਡਾਂ ਭਾਰੀਆਂ ਹੋਣ ਫ਼ੇਰ ਬੰਦਾ ਉਨ੍ਹਾਂ ਦੇ ਭਾਰ ਨਾਲ ਹੀ ਮਰ ਜਾਂਦਾ। ਮੇਰੀਆਂ ਫੁੱਲ ਭਰ ਬੱਚੀਆਂ ਦਾ ਕੀ ਕਸੂਰ ਆ। ਹਾਏ ਓ ਰੱਬਾ! ਅੱਜ ਤਾਂ ਉਹ ਵੀ ਪੰਡਾਂ ਥੱਲੇ ਦੱਬੀਆਂ ਹੋਈਆਂ ਹਨ। ਉਨ੍ਹਾਂ ਮਾਸੂਮਾਂ ਨੂੰ ਤਾਂ ਕੋਈ ਬਚਾਓ।

ਮੂਰਤਾ ਸੁੰਹ ਤਾਂ ਪਿੰਡ ਵਿੱਚ ਪੜ੍ਹਿਆ ਲਿਖਿਆ ਵੀ ਸਾਰਿਆਂ ਤੋਂ ਜ਼ਿਆਦਾ ਸੀ। ਖੇਤੀ ਮਾਹਿਰ ਸੀ...ਸਫ਼ਲ ਕਿਸਾਨ। ਚਾਹੇ ਖੇਤੀ ਦੇ ਨਵੇਂ ਸੰਦ ਲੈਣੇ ਹੋਣ, ਚਾਹੇ ਕੋਠੀ ਬਣੌਣੀ ਹੋਵੇ ਤੇ ਚਾਹੇ ਬੱਚਿਆਂ ਨੂੰ ਕਾਨਵੈਂਟ ਸਕੂਲ ਵਿੱਚ ਪੜ੍ਹੌਣਾ ਹੋਵੇ, ਇਲਾਕੇ ਵਿੱਚ ਉਹ ਮੋਹਰੀ ਬਣਿਆ। ਪਤਾ ਨਈਂ ਕਿਹੜੀ ਕਿਹੜੀ ਬੈਂਕ ਤੋਂ ਲੋਨ ਲਿਆ ਹੋਣਾ। ਸਰਕਾਰੇ ਦਰਬਾਰੇ, ਬੀਜਾਂ ਦੀਆਂ ਕੰਪਨੀਆਂ... ਸਭ ਨਾਲ ਉਹਦਾ ਮੇਲ-ਜੋਲ ਸੀ। ਬੱਸ ਕੁਰਕੀ ਦੇ ਵਾਰੰਟ ਆਏ ਸੀ। ਸਾਰੇ ਟੱਬਰ ਨੂੰ ਸਲਫ਼ਾਸ ਦੇ ਦਿੱਤੀ। ਇੱਕ ਉਹਦੀ ਮਾਂ ਬਚੀ ਸੀ। ਗਲੀਆਂ ਵਿੱਚ ਤੁਰੀ ਫਿਰਦੀ ਆ। ਇੱਟਾਂ ਰੋੜੇ ਉਹਦੇ ਹੱਥ ਵਿੱਚ ਹੁੰਦੇ ਹਨ। ਮੇਰੀ ਮਾਂ ਦੇ ਹੱਥ ਵਿੱਚ ਵੀ...।

"ਆਹ ਜਿਹੜੇ ਟੀ ਵੀ ਘਰਾਂ 'ਚ ਰੱਖਿਓ ਆ, ਨਵੀਆਂ-ਨਵੀਆਂ ਚੀਜ਼ਾਂ ਖ਼੍ਰੀਦਣ ਲਈ ਇਹ ਉਕਸਾਉਂਦੇ ਆ।... ਖੇਤੀ ਦੇ ਸਾਮਰਾਜੀ ਮਾਡਲ ਨੇ ਕਈ 'ਮੂਰਤਾ ਸੁੰਹ' ਖਾ ਲਏ।"

ਸਮਝ ਨਈਂ ਲੱਗੀ, ਇਹ ਮੈਂ ਬੋਲਿਆ ਹਾਂ ਜਾਂ ਜੀਤਾ ਭਲਵਾਨ? ਉਹ ਬਾਜਾ ਭਲਵਾਨ ਇੱਦਾਂ ਦੇ ਭਾਸ਼ਣ ਈ ਕਰ ਸਕਦਾ ਆ। ਪਰ ਧੁਰ ਅੰਦਰੋਂ ਮੈਂ ਈ ਬੋਲ ਸਕਦਾ। ...ਹੁਣ ਮੈਨੂੰ ਬੱਸ ਉਤਰਨ ਤੋਂ ਵੀ ਡਰ ਲਗਦਾ ਏ। ਮੋਹਰੇ ਬਣਵੈਤ ਪ੍ਰਿੰਟਿੰਗ ਪ੍ਰੈੱਸ...। ਭੱਜੀ ਤੇ ਮੂਰਤਾ ਸੁੰਹ...। ਮੈਨੂੰ ਹੁਣ ਧੁੰਦਲਾ-ਧੁੰਦਲਾ ਯਾਦ ਔਂਦਾ ਕਿ ਜਦੋਂ ਮੈਂ ਸਵੇਰੇ ਥੜ੍ਹੇ ਕੋਲੋਂ ਬੱਸ ਫੜੀ ਸੀ। ਬਾਜ਼ ਵਾਲੀ ਟੈਂਕੀ 'ਤੇ ਮਰੀਓ ਘੁੱਗੀ ਟੰਗੀ ਹੋਈਓ ਸੀ। ਭੱਜੀ ਤੇ ਮੂਰਤਾ ਸੁੰਹ ਵੀ...। ਡਰੈਵਰ ਨੇ ਹਾਰਨ ਮਾਰਿਆ ਹੈ। ਮੈਂ ਡਰਦੇ-ਡਰਦੇ ਨੇ ਬੱਸ ਚੋਂ ਛਾਲ ਮਾਰੀ ਏ।

ਮੈਂ ਬਣਵੈਤ ਪ੍ਰਿੰਟਿੰਗ ਪ੍ਰੈੱਸ ਕੋਲੋਂ ਭੱਜ ਕੇ ਲੰਘਿਆ ਹਾਂ। ਹੁਣ ਤਾਂ ਅੱਡੇ ਦੇ ਕੋਲ ਚਾਰ ਠੇਕੇ ਹਨ। ਮੈਂ ਬੋਤਲ ਲਈ ਆ। ...ਅਹਾਤੇ ਵਿੱਚ ਆ ਗਿਆ ਹਾਂ। ਅੱਧੀ ਨਿਬੇੜ ਦਿੱਤੀ ਆ। ਹੁਣ ਸਾਰਾ ਅਹਾਤਾ ਉਨ੍ਹਾਂ ਦੁਖਿਆਰਿਆਂ ਨਾਲ ਭੱਰਿਆ ਲੱਗਦੈ, ਜਿਨ੍ਹਾਂ ਨੂੰ ਭੈਣ ਚੋ ਗਿੱਲ ਏਜੰਟ ਰਗੜ ਗਿਆ ਏ। ਨਾਲੇ ਉਹ ਝੂਠੇ ਬਾਬੇ। ਮੈਨੂੰ ਤਾਂ ਲਗਦੈ ਸਾਰਿਆਂ ਦੀ ਮਿਲੀ ਭੁਗਤ ਆ। ਲੈ ਹੁਣ ਬਖਸ਼ਿੰਦਰ ਦੀ ਫਰਮਾਇਸ਼

ਚੇਤੇ ਆ ਗਈ। ਉਹ ਕਹਿੰਦੀ ਸੀ ਖਾਲੀ ਹੱਥ ਨਾ ਆਈਂ। ...ਮੈਂ ਨਾਮਧਾਰੀ ਸੀਡ ਸਟੋਰ 'ਤੇ ਪੁੱਜਾ ਹਾਂ।

ਹੁਣ ਮੈਂ ਬੱਸ ਅੱਡੇ ਵੱਲ ਤੁਰ ਪਿਆ ਹਾਂ। ਉਹ ਕਿਸ਼ਨ ਸੁੰਹ ਦਾ ਆਰਾ ਚੱਲੀ ਜਾਂਦਾ। ਐਂ ਲੱਗਦਾ ਜਿਉਂ ਮੇਰੇ ਸਿਰ ਨੂੰ ਚੀਰੀ ਜਾਂਦਾ ਹੋਵੇ। ਜਦੋਂ ਬਖਸ਼ਿੰਦਰ ਨੇ ਮੇਰੀ ਠੇਕੇ ਤੋਂ ਛੁੱਟੀ ਕਰਵਾਈ ਸੀ ਤਾਂ ਮੈਂ ਇੱਕ ਦੋ ਵਾਰ ਇਨ੍ਹਾਂ ਕੋਲ ਕੰਮ ਕਰਨ ਦੀ ਗੱਲ ਕਰ ਕੇ ਗਿਆ ਸੀ। ਪਰ ਫੱਟੇ ਖਿੱਚਣ ਦਾ ਕੰਮ ਜੱਟ...। ਪਰ ਭੁੱਖੇ ਮਰਨ ਨਾਲੋਂ ਤਾਂ ਚੰਗਾ। ਚਲੋ ਸਵੇਰੇ ਇਹਦੇ ਨਾਲ ਗੱਲ ਕਰੂੰਗਾ।

ਸ਼ੁਕਰ ਆ, ਪਿੰਡ ਜਾਣ ਵਾਲੀ ਆਖਰੀ ਬੱਸ ਮਿਲ ਗਈ। ਜੇ ਨਾ ਮਿਲਦੀ, ਬਖਸ਼ਿੰਦਰ ਨੇ ਉਡੀਕਦੀ ਨੇ ਰਹਿ ਜਾਣਾ ਸੀ। ਸੁਖਮਣੀ ਤੇ ਪੁਨੀਤ ਕਹਿੰਦੀਆਂ ਸੀ ਜਦੋਂ ਤੱਕ ਮੈਂ ਘਰ ਨਾ ਗਿਆ, ਉਹ ਸੌਣਗੀਆਂ ਨਈਂ। ਹੁਣ ਜਾ ਕੇ ਸੁਲਾ ਦੇਣੀਆਂ ਆ। ਸੌਹਰੀ ਦੀ ਬੱਸ ਵੀ ਅੱਜ ਵਾਹਲੇ ਹਿਚਕੋਲੇ ਖਾਂਦੀ ਆ। ਹੁਣ ਠੰਢ ਵੀ ਕਿਤੇ ਉੱਡ ਗਈ ਆ। ਮੈਂ ਤਾਂ ਆਪਣੇ ਯਾਰ ਭੱਜੀ...। ਮੈਂ ਨਈਂ ਬਣਨਾ ਮੂਰਤਾ ਸਿੰਘ। ਮੈਂ ਕੋਈ ਬੁਜ਼ਦਿਲ ਆਂ?.....ਸ਼ੁਕਰ ਆ ਬੱਸ ਨੇ ਘਰ ਪਹੁੰਚਾ ਦਿੱਤਾ। ਬਈ ਅੱਜ ਘਰ ਰੌਸ਼ਨੀ ਵੀ ਬੜੀ ਹੋਈ ਪਈ ਆ। ਲਗਦੈ ਬਖਸ਼ਿੰਦਰ ਨੇ ਸਾਰੀਆਂ ਬੱਤੀਆਂ ਜਗਾਈਆਂ ਹੋਈਆਂ ਆਂ। ਪਤਾ ਨਈਂ ਦਿਲ ਤੇ ਪੱਥਰ ਧਰ ਕੇ, ਮੈਂ ਗੇਟ ਖੜਕਾਇਆ ਏ। ਕੋਈ ਭੱਜ ਕੇ ਆਇਆ ਹੈ। ਗੇਟ ਖੁਲ੍ਹਿਆ ਆ।

ਮੇਰੇ ਸਾਹਮਣੇ ਸਰਦਾਰਨੀ ਬਖਸ਼ਿੰਦਰ ਕੌਰ ਖੜ੍ਹੀ ਆ। ਇਹਦੇ ਇੱਕ ਪਾਸੇ ਸੁਖਮਣੀ ਆ ਤੇ ਦੂਜੇ ਪਾਸੇ ਪੁਨੀਤ। ਤੇ ਮੇਰੇ ਇੱਕ ਹੱਥ ਵਿੱਚ ਬੋਤਲ ਏ ਤੇ ਦੂਜੇ ਹੱਥ ਵਿੱਚ ਸ.....ਲ....ਫ...ਾ....ਸ! ਇਹ ਤਿੰਨੋਂ ਘਬਰਾ ਗਈਆਂ ਹਨ।

ਦੂਜੇ ਕਮਰੇ 'ਚ ਚਾਚੀ ਦੇ ਖੰਘਣ ਦੀ ਆਵਾਜ਼ ਆਈ ਏ। ਲਗਦੈ ਚਾਚਾ ਵੀ ਕੁਸ਼ ਪੁੱਛ ਰਿਹਾ ਏ। ਹੁਣ ਕੀ ਕਰਨਗੇ ਇਹ ਘਰ ਦੇ ਜੀਅ? ਨੋਟਾਂ ਦੀਆਂ ਭਾਰੀਆਂ ਪੰਡਾਂ ਤਾਂ ਇਨ੍ਹਾਂ ਦੇ ਸਿਰਾਂ 'ਤੇ ਨੇ।

ਮੈਂ ਡੋਲਦੇ ਕਦਮਾਂ ਨਾਲ ਲੇਰ ਮਾਰ ਕੇ ਅੰਦਰ ਆ ਵੜਿਆ ਹਾਂ। ਫੜਾਕ ਦੇਣੀ ਦਰਵਾਜ਼ਾ ਬੰਦ ਕਰਕੇ, ਅੰਦਰੋਂ ਕੁੰਡੀ ਮਾਰ ਲਈ ਆ।

ਚੀਕ ਚਿਹਾੜਾ ਪੈ ਗਿਆ ਏ।

(2008)

# ਪੁਨਰ ਜਨਮ

ਮੈਂ ਨਿੱਕਾ ਹੁੰਦਾ ਨਾਨਕੀਂ ਰਹਿੰਦਾ ਰਿਹਾਂ। ਮੇਰੇ ਡੈਡੀ ਦੀ ਐਕਸੀਡੈਂਟ ਵਿਚ ਮੌਤ ਹੋ ਗਈ ਸੀ। ਇਸ ਕਰਕੇ ਮੇਰਾ ਪਾਲਣ ਪੋਸ਼ਣ ਤੇ ਸਕੂਲੀ ਪੜ੍ਹਾਈ ਉਥੇ ਹੀ ਹੋਏ ਹਨ। ਸਾਡੇ ਨਾਲ ਦਾ ਘਰ ਕਰਮ ਸਿੰਘ ਦਾ ਸੀ। ਉਸ ਘਰੋਂ ਵੀ ਮੈਨੂੰ ਬਹੁਤ ਮੋਹ ਮਿਲਿਆ। ਉਨ੍ਹਾਂ ਨਾਲ ਸਾਡੀ ਕੰਧ ਸਾਂਝੀ ਸੀ। ਉਨ੍ਹਾਂ ਦੀ ਅੱਲ 'ਕੁੱਬਿਆਂ ਦੇ' ਪਈ ਹੋਈ ਸੀ। ਕਰਮ ਸਿੰਘ ਦੀ ਅਚਾਨਕ ਮੌਤ ਨੇ ਪਿੰਡ ਦੇ ਲੋਕਾਂ ਨੂੰ ਹੈਰਾਨ ਪ੍ਰੇਸ਼ਾਨ ਕੀਤਾ ਸੀ। ਮੇਰੀ ਨਾਨੀ ਭੱਜੀ-ਭੱਜੀ ਉਨ੍ਹਾਂ ਦੇ ਘਰ ਜਾ ਅੱਪੜੀ ਸੀ। ਨਾਨੀਆਂ ਮਾਮੀਆਂ ਦੇ ਵੈਣ ਸੁਣ ਮੇਰਾ ਵੀ ਮਨ ਭਰ ਆਇਆ ਸੀ। ਮੈਂ ਵੀ ਰੋਂਦਾ ਰਿਹਾ।

ਥੋੜ੍ਹੇ ਚਿਰ ਬਾਅਦ ਨਾਨੇ ਕਰਮ ਸਿੰਘ ਦੀ ਲਾਸ਼ ਹਿਲਣ ਲੱਗ ਪਈ। ਸਾਰੇ ਚੁੱਪ ਹੋ ਗਏ। ਮੈਂ ਵੀ ਨਾਨੀ ਦੇ ਨਾਲ ਲੱਗ ਕੇ ਅੱਗੇ ਵਧਿਆ। ਨਾਨਾ ਜੀ ਔਖੇ-ਔਖੇ ਸਾਹ ਲੈਣ ਲੱਗੇ। ਜਿਉਂ ਅੱਖਾਂ ਖੁੱਲ੍ਹੀਆਂ, ਉਨ੍ਹਾਂ ਚਾਰੇ ਪਾਸੇ ਨਿਗ੍ਹਾ ਦੌੜਾਈ। ਉੱਠ ਕੇ ਬੈਠ ਗਏ। ਮੇਰੀ ਨਾਨੀ ਦੇ ਸਿਰ 'ਤੇ ਹੱਥ ਰੱਖ ਕੇ ਬੋਲੇ :-

"ਭਾਈ ਬੀਬਾ, ਮੈਂ ਮੰਗਲ ਸੁੰਹ ਨੂੰ ਮਿਲ ਕੇ ਆਇਆਂ।"

"ਚੰਦ ਦੇ ਨਾਨੇ ਨੂੰ?" ਮੇਰੇ ਸਕੇ ਨਾਨੇ ਦਾ ਨਾਂ ਸੁਣ ਕੇ ਨਾਨੀ ਨੂੰ ਅਚੰਭਾ ਲੱਗਿਆ।

"ਭਾਈਆ ਕਿਵੇਂ ਆ, ਮੇਰੇ ਹਰਚੰਦ ਸੁੰਹ ਦਾ ਨਾਨਾ?" ਨਾਨੀ ਨੇ ਘੁੰਡ ਵਾਲਾ ਪੱਲਾ ਥੋੜ੍ਹਾ ਉੱਤੇ ਨੂੰ ਕਰਦਿਆਂ ਉਤਸੁਕਤਾ ਨਾਲ ਪੁੱਛਿਆ।

"...ਬੱਸ ਸੁੱਖ ਦੀ ਜ਼ਿੰਦਗੀ ਕੱਟਦਾ। ਸੁਰਗ 'ਚ ਤਾਂ ਬੱਸ ਮੌਜ ਮੇਲੇ ਹੀ ਨੇ।" ਕਰਮ ਸਿੰਘ ਨੇ ਮੇਰੇ ਮਰੇ ਹੋਏ ਨਾਨੇ ਦੇ ਸਵਰਗ ਨਿਵਾਸ ਬਾਰੇ ਦੱਸਿਆ। ਉਨ੍ਹਾਂ ਕੁਝ ਹੋਰ ਮਰੇ ਗੁਆਂਢੀਆਂ ਅਤੇ ਸਾਕ ਸੰਬੰਧੀਆਂ ਦੇ ਨਾਂ ਵੀ ਗਿਣਾਏ। ਜਿਨ੍ਹਾਂ ਨੂੰ ਉਹ ਮਿਲ ਕੇ ਆਏ ਸਨ। ਫਿਰ ਉਨ੍ਹਾਂ ਅੱਖਾਂ ਮੀਟ ਕੇ ਭਗਤੀ ਕਰਨੀ ਸ਼ੁਰੂ ਕਰ ਦਿੱਤੀ।

ਉਸੇ ਵੇਲੇ ਧਤਲਿਆਂ ਵਾਲੀ ਗਲੀ ਚੀਕ ਚਿਹਾੜਾ ਪੈ ਗਿਆ ਸੀ। ਲੋਕ ਉੱਧਰ ਨੂੰ ਭੱਜ ਲਏ। ਬਹੁਤੀਆਂ ਔਰਤਾਂ ਨਾਨੇ ਕਰਮ ਸਿੰਘ ਦੀ ਸੇਵਾ ਵਿਚ ਜੁੱਟੀਆਂ ਰਹੀਆਂ।

ਕੁਝ ਦੇਰ ਬਾਅਦ ਫਿੱਡਿਆਂ ਦੀ ਸਾਰੋ ਤੇ ਦੋ ਚਾਰ ਹੋਰ ਬੁੜ੍ਹੀਆਂ ਵਾਪਸ ਆ ਗਈਆਂ।

"ਨੀ ਸਾਰੋ, ਕੀ ਭਾਣਾ ਵਰਤ ਗਿਆ?" ਨਾਨੀ ਨੇ ਚੀਕ ਚਿਹਾੜੇ ਦਾ ਕਾਰਨ ਜਾਣਨਾ ਚਾਹਿਆ।

"ਧਤਲਿਆਂ ਦਾ ਕਰਮ ਸੁੰਹ ਚੱਲ ਵਸਿਆ।" ਸਾਰੋ ਦੇ ਹਉਂਕੇ ਦੇ ਨਾਲ ਹੀ ਹੰਝੂ ਵੀ ਵਹਿ ਤੁਰੇ।

"ਇਹ ਤੇ ਹੋਣਾ ਹੀ ਸੀ।...ਮੈਂ ਤੇ ਬਥੇਰਾ ਪਾਠ ਕੀਤਾ। ਬਈ ਕਰਮ ਸੁੰਹ ਬਚ ਹੀ ਜਾਏ। ਪਰ ਉਹਦੇ ਲਿਖੇ ਨੂੰ ਕੋਈ ਕਿੱਦਾਂ ਟਾਲੇ।" ਉਨ੍ਹਾਂ ਅੱਖਾਂ ਖੋਲ੍ਹ ਕੇ ਉਪਰ ਵੱਲ ਹੱਥ ਜੋੜੇ ਸਨ।

ਸਾਰੇ ਜਣੇ ਇਕਦਮ ਚੁੱਪ ਹੋ ਗਏ। ਉਨ੍ਹਾਂ ਨੂੰ ਧਿਆਨ ਨਾਲ ਸੁਣਨ ਲੱਗ

ਪਏ।

“ਜਮਦੂਤ ਮੈਨੂੰ ਗਲਤੀ ਨਾਲ ਦੂਜੇ ਕਰਮ ਸੁੰਹ ਦੀ ਜਗ੍ਹਾ ਲੈ ਗਏ ਸੀ।”

“ਕਰਮ ਸਿਆਂ, ਤੈਨੂੰ?...ਨਾ ਚਿਤਰ ਗੁਪਤ ਕਿੱਦਾ ਧੋਖਾ ਖਾਗੇ। ਇਹ ਦੋਨੋਂ ਜਮਦੂਤ ਤਾਂ ਹਮੇਸ਼ਾ ਬੰਦੇ ਦੇ ਮੋਢਿਆਂ ’ਤੇ ਬੈਠੇ ਰਹਿੰਦੇ ਨੇ। ਬੰਦੇ ਦਾ ਹਿਸਾਬ ਕਿਤਾਬ ਲਿਖਦੇ ਨੇ।...ਨਾ ਬਈ ਮਨ ਨੀ ਮੰਨਦਾ।” ਅਮਰੂ ਬੁੜ੍ਹਾ ਅੜ ਗਿਆ ਸੀ। ਉਹ ਨਾ ਮੰਨਿਆ।

“ਚੁੱਪ ਕਰਕੇ ਬਹਿ ਜਾਹ ਅਮਰੂ। ਨਾ ਸਾਰੀ ਦੁਨੀਆਂ ਦਾ ਹਿਸਾਬ ਕਿਤਾਬ ਰੱਖਣਾ ਹੁੰਦਾ। ਕਿਤੇ ਟਪਲਾ ਵੀ ਲੱਗ ਜਾਂਦੈ। ...ਇੰਦਾਂ ਇਕ ਵਾਰ ਬਾਰ ਵਿਚ ਹੋਈ ਸੀ। ਜਮਦੂਤ ਗਲਤੀ ਨਾਲ ਮੀਆਂ ਮੀਰ ਨੂੰ ਲੈ ਗਏ। ਜਦੋਂ ਕਬਰ ਵਿਚ ਦੱਬਣ ਲੱਗੇ। ਭਾਈ, ਮੀਆਂ ਮੀਰ ਉੱਠ ਕੇ ਬਹਿ ਗਿਆ। ਸਾਰੇ ਹੈਰਾਨ ਪ੍ਰੇਸ਼ਾਨ। ਜਦੋਂ ਰੌਲੇ ਪਏ, ਉਦੋਂ ਉਹ ਬੁੜ੍ਹਾ ਜਿਉਂਦਾ ਸੀ। ਮੇਰਾ ਖਿਆਲ ਸੌਆਂ ਤੋਂ ਵੀਹ ਟੱਪ ਗਿਆ ਸੀ ਉਦੋਂ।” ਮੇਰੇ ਨਾਨੇ ਦਾ ਭਰਾ ਪਾਕਿਸਤਾਨ ਦੇ ਬਾਰ ਇਲਾਕੇ ਦੀ ਗੱਲ ਸੁਣਾਉਣ ਲੱਗ ਪਿਆ ਸੀ।

“ਭਾਈਆ, ਫੇਰ ਕਿੱਦਾਂ ਹੋਈ?” ਸਾਰੋ ਪੈਰਾਂ ਭਾਰ ਬਹਿ ਗਈ ਸੀ।

“ਜਦੋਂ ਮੇਰੀ ਰੂਹ ਨੂੰ ਧਰਮ ਰਾਜ ਦੇ ਦਰਬਾਰ ਵਿਚ ਪੇਸ਼ ਕੀਤਾ। ਉਨ੍ਹਾਂ ਬਹੀ ਖਾਤਾ ਖੋਲ੍ਹਿਆ। ਪਤਾ ਲੱਗਿਆ ਬਈ ਹਾਲੇ ਮੇਰੀ ਜ਼ਿੰਦਗੀ ਦੇ ਬੜੇ ਦਿਨ ਪਏ ਨੇ। ਮੈਨੂੰ ਗਲਤੀ ਨਾਲ ਕਰਮ ਸੁੰਹ ਬਲਦ ਮੀਹਾਂ ਸੁੰਹ ਦੀ ਜਗ੍ਹਾ ਲੈ ਗਏ ਸੀ। ਜਦਕਿ ਮੇਰੇ ਬਾਪ ਦਾ ਨਾਂ ਤਾਂ ਜੀਉਣ ਸੁੰਹ ਆ।”

“ਵਾਹ ਤੇਰੀ ਲ਼ੀਲਾ ਨਿਆਰੀ” ਕਰਮ ਸਿੰਘ ਦੀ ਗੱਲ ਸੁਣ ਕੇ ਨਾਨੇ ਦਾ ਭਰਾ ਉੱਪਰ ਨੂੰ ਹੱਥ ਜੋੜ ਕੇ ਬਹਿ ਗਿਆ।

“ਫ਼ੇ’ ਧਰਮ ਰਾਜ ਨੇ ਜਮਦੂਤਾਂ ਨੂੰ ਹੁਕਮ ਚਾੜ੍ਹਿਆ ਕਿ ਮੈਨੂੰ ਮਿੰਟਾਂ ਸਕਿੰਟਾਂ ਵਿੱਚ ਮਾਤ ਲੋਕ ਪਹੁੰਚਾਇਆ ਜਾਵੇ। ਮੇਰੀ ਜਗ੍ਹਾ ਧਤਲਿਆਂ ਦੇ ਕਰਮ ਸੁੰਹ ਨੂੰ ਲਿਆਉਣ ਦਾ ਹੁਕਮ ਦਿੱਤਾ।” ਕਰਮ ਸਿੰਘ ਜੀ ਦੇ ਮੂੰਹੋਂ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ।

ਸਾਰੇ ਉਨ੍ਹਾਂ ਨਾਲ ਗੱਲੀਂ ਜੁੱਟ ਗਏ। ਸਾਨੂੰ ਸਵਰਗ ਦੀਆਂ ਗੱਲਾਂ ਸੁਣਾ-ਸੁਣਾ ਹੈਰਾਨ ਕੀਤਾ। ਉਨ੍ਹਾਂ ਇਹ ਵੀ ਦੱਸਿਆ-

“ਮੇਰੀ ਧਰਮਰਾਜ ਨਾਲ ਸਿੱਧੀ ਗੱਲ ਹੋ ਗਈ ਆ। ਮੇਰੀ ਉਮਰ ਤਾਂ ਥੋੜ੍ਹੇ ਦਿਨ ਬਚਦੀ ਸੀ। ਪਰ ਉਨ੍ਹਾਂ ਮੈਨੂੰ ਹੋਰ ਕਈ ਸਾਲ ਬਖਸ਼ ਦਿੱਤੇ ਹਨ। ਕਹਿਣ ਲੱਗੇ- ਜਾਹ ਤੇਰਾ ਦੁਬਾਰਾ ਜਨਮ ਹੋ ਗਿਆ। ਦੁਨੀਆਂ ਨੂੰ ਜਾ ਕੇ ਤਾਰ। ਕਿਸੇ ਨਾਲ ਮਾੜਾ ਨਾ ਕਰੀਂ। ਜੋ ਕੁਝ ਬਖਸ਼ ਹੁੰਦਾ, ਦੁਨੀਆਂ ਨੂੰ ਬਖਸ਼ ਦੇ।” ਇਹ ਸੁਣ ਕੇ ਸਾਰਿਆਂ ਨੇ ਉਨ੍ਹਾਂ ਨੂੰ ਮੱਥਾ ਟੇਕਿਆ ਤੇ ਉਨ੍ਹਾਂ ਦੇ ਚਰਨਾਂ ਵਿਚ ਬਹਿ ਗਏ।

ਪੁਨਰ ਜਨਮ ਅਤੇ ਦੁਨੀਆਂ ਨੂੰ ਤਾਰਨ ਵਾਲੀ ਖ਼ਬਰ ਅੱਗ ਵਾਂਗ ਫ਼ੈਲ ਗਈ। ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਧੜਾਧੜ ਆਉਣ ਲੱਗੇ। ਇਹ ਕਹਾਣੀ ਅਖ਼ਬਾਰਾਂ ਦੇ ਮੁੱਖ ਪੰਨੇ ’ਤੇ ਛਪ ਗਈ। ਲੋਕ ਦੂਰ-ਦੁਰਾਡੇ ਤੋਂ ਆਉਣ ਲੱਗੇ। ਦਿੱਲੀ ਬੰਬਈ ਤੋਂ ਵੀ ਸੰਗਤ ਆਉਣ ਲੱਗ ਪਈ। ਬਾਬਾ ਜੀ ਨੂੰ ਸੱਚੀਂ ਧਰਮ ਰਾਜ ਨੇ ਵਰ ਦਿੱਤਾ ਸੀ। ਸ਼ਰਧਾਲੂਆਂ ਦੀਆਂ ਮੰਨਤਾਂ ਪੂਰੀਆਂ ਹੋਣ ਲੱਗ ਪਈਆਂ ਸਨ। ਥੋੜ੍ਹੇ

ਦਿਨਾਂ ਵਿਚ ਹੀ ਮੇਰਾ ਨਾਨਕਾ ਪਿੰਡ ਚਰਚਾ ਵਿਚ ਆ ਗਿਆ ਸੀ। ਮੈਂ ਸਕੂਲ ਜਾਂਦਾ। ਬਾਕੀ ਸਾਰਾ ਸਮਾਂ ਉਨ੍ਹਾਂ ਦੇ ਨੇੜੇ ਰਹਿ ਕੇ ਗੁਜ਼ਾਰਦਾ। ਮੇਰੇ ਵਰਗੇ ਬਾਪ ਬਾਹਰੇ ਨੂੰ ਤਾਂ ਸਹਾਰੇ ਦੀ ਬਹੁਤ ਲੋੜ ਸੀ।

ਬਾਬਾ ਜੀ ਨੇ ਹਰ ਰੋਜ਼ ਕਮਰੇ 'ਚੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ। ਹਫ਼ਤੇ ਬਾਅਦ ਐਤਵਾਰ ਨੂੰ ਦਰਸ਼ਨ ਦਿੰਦੇ। ਬਾਕੀ ਦਿਨ ਭਗਤੀ ਵਿਚ ਲੀਨ ਰਹਿੰਦੇ। ਸੰਗਤ ਲੰਗਰ ਲਾਉਣ ਲੱਗ ਪਈ। ਸੰਗਤ ਦਰਸ਼ਨਾਂ ਲਈ ਕਈ-ਕਈ ਦਿਨ ਬੈਠੀ ਰਹਿੰਦੀ। ਉਹ ਜਦੋਂ ਕਿਤੇ ਬਾਹਰ ਨਿਕਲਦੇ, ਲੋਕ ਟੁੱਟ ਕੇ ਪੈ ਜਾਂਦੇ। ਹਰੇਕ ਸ਼ਰਧਾਲੂ ਦਰਸ਼ਨ ਕਰਨ ਲਈ ਅੱਗੇ ਹੋਣਾ ਚਾਹੁੰਦਾ। ਕਈਆਂ ਨੂੰ ਦਰਸ਼ਨ ਨਾ ਹੁੰਦੇ ਤਾਂ ਉਹ ਆਪਣੀ ਮਾੜੀ ਕਿਸਮਤ ਨੂੰ ਕੋਸਦੇ ਪਰ ਘਰਾਂ ਨੂੰ ਨਾ ਜਾਂਦੇ।

"ਦੇਖੋ ਜੀ, ਇਹ ਤਾਂ ਕਰਮਾਂ ਦੀ ਗੱਲ ਏ। ਜਿਹਨਾਂ ਚੰਗੇ ਕਰਮ ਕੀਤੇ। ਬਾਬਾ ਜੀ ਉਨ੍ਹਾਂ ਨੂੰ ਹੀ ਦਰਸ਼ਨ ਦਿੰਦੇ ਨੇ।" ਇਹ ਸੰਗਤ ਦੀ ਆਮ ਰਾਇ ਸੀ।

ਚੜ੍ਹਾਵੇ ਪੱਖੋਂ ਵੀ ਮਿਹਰ ਹੋ ਗਈ ਸੀ। ਫਿਰ ਸਿਆਣੇ ਬੰਦਿਆਂ ਨੇ ਇਕ ਕਮੇਟੀ ਬਣਾ ਦਿੱਤੀ। ਕਮੇਟੀ ਨੇ ਸੰਗਤ ਦੇ ਪੈਸਿਆਂ ਨਾਲ ਦੋ-ਤਿੰਨ ਸਾਲ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਖੜ੍ਹੀ ਕਰ ਦਿੱਤੀ। ਸੰਗਰਾਂਦ ਵਾਲੇ ਦਿਨ ਮੇਲਾ ਜੁੜਨ ਲੱਗਾ। ਬਾਬਾ ਜੀ ਉਸ ਦਿਨ ਦਰਸ਼ਨ ਵੀ ਦਿੰਦੇ ਤੇ ਸੰਗਤ ਨੂੰ ਪ੍ਰਵਚਨ ਵੀ ਸੁਣਾਉਂਦੇ।

ਗੁਰਦੁਆਰਾ ਸਾਹਿਬ ਦੀ ਵਾਗਡੋਰ ਬਾਬਾ ਜੀ ਦੇ ਪੁੱਤਰਾਂ ਨੇ ਸੰਭਾਲ ਲਈ ਸੀ। ਉਹ ਸਾਊ ਬੰਦੇ ਹਨ। ਰੱਬ ਦੀ ਕਰਨੀ ਤੋਂ ਡਰਨ ਵਾਲੇ। ਹਰ ਤਰ੍ਹਾਂ ਸੰਗਤ ਦੀ ਸੇਵਾ ਕਰਨ ਵਾਲੇ। ਖੁੱਲ੍ਹਾ ਲੰਗਰ ਲਾਂਦੇ। ਸਾਧ ਸੰਗਤ ਨੂੰ ਨਿਹਾਲ ਕਰ ਦਿੰਦੇ।

ਮੈਂ ਪਟਿਆਲੇ ਜਾ ਕੇ ਪੜ੍ਹਨ ਲੱਗ ਪਿਆ। ਬਾਬਾ ਜੀ ਹੌਲੀ-ਹੌਲੀ ਜਗਤ ਪ੍ਰਸਿੱਧੀ ਵਾਲੇ ਬਣ ਗਏ। ਹਰ ਪਾਸੇ ਉਨ੍ਹਾਂ ਦੇ ਨਾਮ ਦੀ ਚਰਚਾ ਸੀ। ਪੇਪਰਾਂ ਤੋਂ ਪਹਿਲਾਂ ਮੈਂ ਉਨ੍ਹਾਂ ਤੋਂ ਆਸ਼ੀਰਵਾਦ ਜ਼ਰੂਰ ਲੈਂਦਾ। ਗੁਰਦੁਆਰਾ ਸਾਹਿਬ ਸੁੱਖ ਵੀ ਸੁੱਖਦਾ। ਪਾਸ ਹੋ ਜਾਂਦਾ। ਮੈਨੂੰ ਬਿਜਲੀ ਬੋਰਡ ਵਿਚ ਕਲਰਕੀ ਦੀ ਨੌਕਰੀ ਮਿਲ ਗਈ। ਮੈਂ ਪੜ੍ਹਾਈ ਛੱਡ ਦਿੱਤੀ ਤੇ ਬਾਬਿਆਂ ਦੀ ਕਿਰਪਾ ਨਾਲ ਨੌਕਰੀ ਕਰਨ ਲੱਗਾ।

ਦਸ ਕੁ ਸਾਲ ਪਹਿਲਾਂ ਦੀ ਗੱਲ ਦਸਦਾਂ। ਉਨ੍ਹਾਂ ਦਿਨਾਂ ਵਿਚ ਮੈਂ ਨਾਨਕੀਂ ਗਿਆ ਹੋਇਆ ਸੀ। ਪਿੰਡ ਦੇ ਕੁਝ ਲੋਕ ਉਨ੍ਹਾਂ ਦੇ ਵਿਰੁੱਧ ਗੱਲਾਂ ਕਰਨ। ਇਸ ਪਿੰਡ ਦੇ ਬਜ਼ੁਰਗ ਤਾਂ ਦੋ ਵੇਲੇ ਨਾਮ ਜਪਣ ਵਾਲੇ ਹਨ। ਪਰ ਨਵੀਂ ਪੀੜ੍ਹੀ ਨੂੰ ਖੰਭ ਨਿਕਲ ਆਏ ਹਨ। ਬਾਬਾ ਜੀ ਦਾ ਸਤਿਕਾਰ ਕਰਨਾ ਤਾਂ ਉਹ ਭੁੱਲ ਹੀ ਗਏ ਸਨ। ਉਨ੍ਹਾਂ ਮੂਰਖ ਪ੍ਰਾਣੀਆਂ ਨੂੰ ਬਾਬਾ ਜੀ ਦੀ ਕਰੋਪੀ ਦਾ ਨਹੀਂ ਪਤਾ। ਉਹ ਤਾਂ ਜੱਗ ਦਾ ਭਲਾ ਕਰਨ ਲਈ ਧਰਮ ਰਾਜ ਨੇ ਭੇਜੇ ਸਨ। ਫਿਰ ਜੇ ਸੰਤ ਮਹਾਤਮਾ ਵਿਗੜ ਜਾਣ ਤਾਂ ਉਪਰ ਥੱਲੇ ਦੀ ਇਕ ਕਰ ਦਿੰਦੇ ਹਨ। ਮੰਨਿਆ ਗੁਰਦੁਆਰਾ ਸਾਹਿਬ ਵਿਚ ਦੋ ਤਿੰਨ ਗਲਤ ਘਟਨਾਵਾਂ ਵਾਪਰ ਗਈਆਂ। ਬਾਬਾ ਜੀ ਨੇ ਕਿਹਾ ਵੀ, ਉਹ ਦੋਸ਼ੀਆਂ ਨੂੰ ਨਰਕ ਵਿਚ ਭੇਜ ਕੇ ਕੋੜੇ ਮਰਵਾਉਣਗੇ। ਇਹ ਮੁੰਡੇ ਕੌਣ ਹੁੰਦੇ ਹਨ ਗੱਲਾਂ ਕਰਨ ਵਾਲੇ? ਬਣਾਈ ਫ਼ਿਰਦੇ ਆ ਸਭਾਵਾਂ। ਭਲਾ ਪੰਚਾਇਤ ਇਨ੍ਹਾਂ ਦੇ ਮਤਿਆਂ ਨੂੰ ਮੰਨ ਲਵੇਗੀ?

ਪਿੰਡ ਦੇ ਮਾਹੌਲ ਵਿਚ ਤਣਾਅ ਬਣਿਆ ਹੋਇਆ। ਅਸਲ ਬਿਮਾਰੀ ਉਦੋਂ ਫੈਲੀ, ਜਦੋਂ ਪਿੰਡ ਵਿਚ ਇਕ ਡਾਕਟਰ ਆਇਆ। ਉਹ ਬੜੀਆਂ-ਬੜੀਆਂ ਗਿਆਨ

ਵਿਗਿਆਨ ਦੀਆਂ ਗੱਲਾਂ ਕਰਨ ਲੱਗਾ। ਮੁੰਡਿਆਂ ਨੂੰ ਰੋਜ਼ ਨਵੀਂ ਪੱਟੀ ਪੜ੍ਹਾਉਂਦਾ ਹੈ। ਦੇਖੋ ਡਾਕਟਰ ਦਾ ਕਿੰਨਾ ਦਿਮਾਗ ਖ਼ਰਾਬ ਹੋਇਆ ਪਿਆ। ਬਾਬਾ ਜੀ ਦਾ ਪੁਨਰ ਜਨਮ ਮੰਨਣ ਲਈ ਤਿਆਰ ਨਹੀਂ।

"ਡਾਕਟਰ ਸਾਹਿਬ, ਬਾਬਾ ਜੀ ਦਾ ਪੁਨਰ ਜਨਮ ਮੇਰੀਆਂ ਅੱਖਾਂ ਸਾਹਮਣੇ ਹੋਇਆ ਸੀ।" ਮੈਂ ਬਾਬਾ ਜੀ ਤੇ ਧਤਲਿਆਂ ਦੇ ਕਰਮ ਸਿੰਘ ਵਾਲੀ ਸਾਰੀ ਘਟਨਾ ਸੁਣਾਈ।

"ਡਾਕਟਰੀ ਵਿਗਿਆਨ ਦੇ ਖੇਤਰ ਵਿਚ ਇਕ ਖ਼ੂਬ ਜਾਣੀ ਪਛਾਣੀ ਸੱਚਾਈ ਏ ਕਿ ਦਿਲ ਦੀ ਧੜਕਣ ਬੰਦ ਹੋ ਜਾਣ ਤੋਂ ਬਾਅਦ ਵੀ ਦਿਮਾਗ ਕੁਝ ਸਮੇਂ ਲਈ ਜੀਵਿਤ ਰਹਿੰਦਾ।" ਡਾਕਟਰ ਮੈਨੂੰ ਡਾਕਟਰੀ ਵਿਗਿਆਨ ਪੜ੍ਹਾਉਣ ਲੱਗ ਪਿਆ ਸੀ।

ਉਂਝ ਡਾਕਟਰ ਦਲੀਲ ਨਾਲ ਗੱਲ ਕਰ ਰਿਹਾ ਸੀ। ਉਹਨੇ ਪੁਨਰ ਜਨਮ ਦੇ ਖਿਲਾਫ਼ ਦਲੀਲਾਂ ਵੀ ਦਿੱਤੀਆਂ ਤੇ ਕਈ ਉਦਾਹਰਣਾਂ ਵੀ ਸੁਣਾਈਆਂ। ਪਰ ਮੇਰਾ ਮਨ ਨੀ ਮੰਨਿਆ। ਵਿਸ਼ਵਾਸ ਤੇ ਦਲੀਲ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਤਰਕ ਵਾਲੇ ਲੋਕ ਰੂਹਾਨੀਅਤ ਨੂੰ ਸਮਝ ਹੀ ਨਹੀਂ ਸਕਦੇ।

"ਇਹ ਸਭ ਕੁਝ ਖ਼ੂਨ ਦੀ ਸਪਲਾਈ ਬੰਦ ਹੋ ਜਾਣ ਕਾਰਨ ਕਲਪਨਾ ਵਿਚ ਚਿੱਤਰ ਦੇਖਣ ਦੀ ਸਥਿਤੀ ਤੋਂ ਵੱਧ ਕੁਝ ਵੀ ਨਹੀਂ।" ਡਾਕਟਰ ਆਪਣੀ ਗੱਲ ਮੰਨਵਾਉਣ ਲਈ ਹਰ ਤਰੱਦਦ ਕਰ ਰਿਹਾ ਸੀ।

ਪਿਛਲੇ ਦਸ ਸਾਲਾਂ ਵਿਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਮਨੁੱਖ ਮਨਮੁੱਖ ਹੋ ਗਿਆ ਹੈ। ਬਾਬਾ ਜੀ ਦਾ ਪੁਨਰ ਜਨਮ ਤਾਂ ਹੋਇਆ ਹੀ ਮਨੁੱਖਤਾ ਦੇ ਭਲੇ ਲਈ ਸੀ। ਇਹ ਕੁਝ ਵੀ ਹੋਏਗਾ, ਕਦੇ ਸੋਚਿਆ ਹੀ ਨਹੀਂ ਸੀ।

ਮੈਂ ਕੱਲ੍ਹ ਦਾ ਨਾਨਕੀਂ ਆਇਆ ਹੋਇਆਂ। ਬਾਬਾ ਜੀ ਦਾ ਡੇਰਾ ਬੰਦ ਕਰਨ ਬਾਰੇ ਅੱਜ ਇਕੱਠ ਹੋਣਾ ਹੈ। ਲੋਕਾਂ ਵਿਚ ਤਣਾਅ ਬਣਿਆ ਹੋਇਆ। ਝਗੜਾ ਵਧਣ ਦੇ ਆਸਾਰ ਨਜ਼ਰ ਆ ਰਹੇ ਹਨ। ਰਾਜਨੀਤੀ ਕਾਰਨ ਸਰਪੰਚ ਸਮੇਤ ਪੰਚਾਇਤ ਦੇ ਬਹੁਤੇ ਮੈਂਬਰ ਮੁੰਡਿਆਂ ਦੇ ਪੱਖ ਵਿਚ ਬੋਲ ਰਹੇ ਹਨ। ਪੁਲਿਸ ਵੀ ਸੱਦੀ ਹੋਈ ਹੈ।

ਸਕੂਲ ਦੀ ਗਰਾਊਂਡ ਵਿਚ ਪੰਚਾਇਤ ਜੁੜ ਗਈ ਹੈ। ਗੱਲ ਸ਼ੁਰੂ ਹੁੰਦਿਆਂ ਹੀ ਕਾਵਾਂ ਰੌਲੀ ਵੱਧ ਗਈ ਹੈ। ਗੱਲ ਕਿਸੇ ਕੰਢੇ ਨਹੀਂ ਲੱਗ ਰਹੀ। ਮੁੰਡੇ ਗੱਲਾਂ ਬੜੀਆਂ-ਬੜੀਆਂ ਕਰ ਰਹੇ ਹਨ। ਵਿਗਿਆਨ ਦੀਆਂ, ਜੰਮਣ ਮਰਨ ਦੀਆਂ। ਕਲੋਨ ਰਾਹੀਂ ਬੱਚੇ ਪੈਦਾ ਕਰਨ ਦੀਆਂ। ਬਾਬਾ ਜੀ ਦੇ ਸ਼ਰਧਾਲੂ ਮੁੰਡਿਆਂ ਅੱਗੇ ਭਾਵੇਂ ਲਾਜਵਾਬ ਹਨ। ਪਰ ਡੇਰਾ ਚੁੱਕਣ ਲਈ ਨਹੀਂ ਮੰਨ ਰਹੇ। ਅਸੀਂ ਸਾਰੇ ਅੜੇ ਹੋਏ ਹਾਂ।

ਪੰਚਾਇਤ ਨੇ ਡੇਰਾ ਬੰਦ ਕਰਨ ਦਾ ਫ਼ੈਸਲਾ ਦੇ ਦਿੱਤਾ ਹੈ। ਪੰਚਾਇਤ ਦੇ ਫ਼ੈਸਲੇ 'ਤੇ ਖੱਪ ਵੱਧ ਗਈ ਹੈ। ਹੱਥੋਂ ਪਾਈ ਵਿਚ ਪੱਗਾਂ ਲੱਥ ਗਈਆਂ ਹਨ। ਪੁਲਿਸ ਨੇ ਦਖ਼ਲ ਦਿੱਤਾ ਹੈ। ਪੰਚਾਇਤ ਨੇ ਰੇਜ਼ੂਲੇਸ਼ਨ ਵੀ ਪਾਸ ਕਰ ਦਿੱਤਾ ਹੈ। ਪੁਲਿਸ ਦੋਨੋਂ ਧਿਰਾਂ ਤੋਂ ਦਸਤਖ਼ਤ ਕਰਾਉਣ ਲਈ ਜ਼ੋਰ ਪਾ ਰਹੀ ਹੈ। ਪਰ ਸਾਡੇ ਵਾਲੀ ਧਿਰ ਮੰਨ ਨਹੀਂ ਰਹੀ।

ਅਸੀਂ ਫ਼ੈਸਲਾ ਸੁਣ ਕੇ ਡੇਰੇ ਆਏ ਹਾਂ। ਬਾਬਾ ਕਰਮ ਸਿੰਘ ਭਗਤੀ ਵਿਚ ਲੀਨ ਬੈਠੇ ਹਨ। ਇਹ ਤਾਂ ਜਾਣੀ ਜਾਣ ਹਨ। ਇਨ੍ਹਾਂ ਨੂੰ ਫ਼ੈਸਲੇ ਦਾ ਪਹਿਲਾਂ ਹੀ ਪਤਾ ਹੋਣਾ। ਅਸੀਂ ਤਾਂ ਇਹ ਸੋਚਦੇ ਹਾਂ ਬਾਬਾ ਜੀ ਵਿਰੋਧੀਆਂ ਨੂੰ ਤਬਾਹ ਕਰ ਦੇਣ।

ਹੁਣੇ ਚਮਤਕਾਰ ਦਿਖਾਉਣ, ਚਾਹੇ ਅੰਨ੍ਹੇ ਕਰ ਦੇਣ। ਉਹ ਇਥੇ ਆ ਕੇ ਮਾਫ਼ੀ ਮੰਗਣ। ਪਰ ਮਾਫ਼ੀ ਦੇਣੀ ਨਹੀਂ ਚਾਹੀਦੀ। ਸੰਤਾਂ ਦਾ ਕੀ ਪਤਾ ਮਾਫ਼ ਕਰ ਈ ਦੇਣ। ਅੱਖਾਂ ਖੋਲ੍ਹ ਤਾਂ ਲਈਆਂ ਹਨ।

"ਬਾਬਾ ਜੀ, ਧਰਮਰਾਜ ਨੂੰ ਕਹੋ ਇਨ੍ਹਾਂ ਖੜ੍ਹੇ ਖੜਪੰਚਾਂ ਦਾ ਫਾਹਾ ਵੱਢੇ।...ਰੱਬ ਦੇ ਦੁਸ਼ਮਣਾਂ ਨੇ ਡੇਰਾ ਬੰਦ ਕਰਨ ਦਾ ਫ਼ੈਸਲਾ ਦੇ ਦਿੱਤਾ ਐ।" ਨਾਨੇ ਦੇ ਭਰਾ ਨੇ ਪੰਚਾਇਤ ਦਾ ਫ਼ੈਸਲਾ ਬਾਬਾ ਜੀ ਨੂੰ ਸੁਣਾਇਆ ਹੈ।

ਬਾਬਾ ਜੀ ਨੇ ਅੱਖਾਂ ਮੀਟ ਲਈਆਂ ਹਨ। ਮਾਲਾ ਫੇਰਨੀ ਸ਼ੁਰੂ ਕੀਤੀ ਹੈ। ਧਰਮਰਾਜ ਨਾਲ ਲਿਵ ਲਾ ਲਾਈ ਹੈ।... ਅੱਖਾਂ ਖੋਲ੍ਹੀਆਂ ਹਨ।

"ਧਰਮਰਾਜ ਜੀ ਨੇ ਕਿਹਾ ਹੈ ਕਿ ਇਸ ਜਗ੍ਹਾ ਕਲਯੁਗੀ ਲੋਕ ਆ ਗਏ ਹਨ। ਉਨ੍ਹਾਂ ਦੀ ਗਿਣਤੀ ਵੀ ਵੱਧ ਗਈ ਹੈ। ਨਵੀਂ ਜਗ੍ਹਾ ਜਾਓ ਤੇ ਲੋਕਾਂ ਦਾ ਪਰਉਪਕਾਰ ਕਰੋ।...ਆਪਾਂ ਨਵੀਂ ਜਗ੍ਹਾ ਡੇਰਾ ਉਸਾਰ ਲਵਾਂਗੇ ਪਰ ਇਹਦਾ ਕਬਜ਼ਾ ਵੀ ਕੋਲ ਰੱਖਾਂਗੇ।"

ਮੈਂ ਕਰਮ ਸਿੰਘ ਦਾ ਪ੍ਰਵਚਨ ਸੁਣ ਕੇ ਸਿੱਥਾ ਪੈ ਗਿਆ ਹਾਂ। ਹੁਣ ਮੇਰਾ ਮਨ ਕਰਦਾ–ਮੈਂ ਵੀ ਡਾਕਟਰ ਤੇ ਉਨ੍ਹਾਂ ਮੁੰਡਿਆਂ ਨਾਲ ਜਾ ਰਲਾਂ।

(1996)

# ਈਵਾਨ ਇਲੀਚ ਦੀ ਦੂਜੀ ਮੌਤ

ਪਿੰਡ ਜੀਂਦੋਵਾਲ ਬੰਗਾ ਸ਼ਹਿਰ ਤੋਂ ਮਸਾਂ ਦੋ ਕਿਲੋਮੀਟਰ ਦੀ ਦੂਰੀ 'ਤੇ ਹੈ। ਹੁਣ ਪਿੰਡ ਤੇ ਸ਼ਹਿਰ ਦਾ ਬਹੁਤਾ ਫ਼ਰਕ ਨਹੀਂ ਰਿਹਾ। ਇਕ ਦੂਜੇ ਦੇ ਵਿਚ ਘੁਲ-ਮਿਲ ਰਹੇ ਹਨ। ਜੀਂਦੋਵਾਲੀਆਂ ਨੇ ਤਾਂ ਸ਼ਹਿਰ ਨਾਲੋਂ ਵੀ ਸੋਹਣੀਆਂ ਕੋਠੀਆਂ ਉਸਾਰ ਲਈਆਂ ਹਨ। ਜੇ. ਈ. ਲਖਵਿੰਦਰ ਸਿੰਘ ਪੂਨੀ ਦੀ ਕੋਠੀ ਤਾਂ ਦੂਰੋਂ ਹੀ ਚਮਕਾਂ ਮਾਰ ਰਹੀ ਹੈ। ਉਂਝ ਇਸ ਕੋਠੀ ਵਿਚ ਸੁੰਨ-ਮਸਾਣ ਪਸਰੀ ਹੋਈ ਹੈ। ਸਿਰਫ਼ ਅਸ਼ੋਕਾ ਟਰੀਅ ਦੇ ਪੱਤਿਆਂ ਦੀ ਖੜ-ਖੜ ਹੀ ਸੁਣਾਈ ਦੇ ਰਹੀ ਹੈ।

ਇਸ ਕੋਠੀ ਵਿਚ ਲਹਿੰਦੇ ਪਾਸੇ ਪੁਰਾਣੇ ਚਾਰ ਕਮਰੇ ਹਨ। ਮੋਹਰੇ ਬਰਾਂਡਾ ਹੈ। ਬਰਾਂਡੇ ਵਿਚ ਟ੍ਰੈਕਟਰ ਖੜ੍ਹਾ ਹੈ ਜਾਂ ਏਧਰ ਉਧਰ ਖੇਤੀ ਦੇ ਸੰਦ ਖਿਲਰੇ ਪਏ ਹਨ। ਦੋ ਕਮਰੇ ਸਮਾਨ ਨਾਲ ਤੁੰਨੇ ਪਏ ਹਨ। ਇਹ ਇਨ੍ਹਾਂ ਦਾ ਪੁਰਾਣਾ ਘਰ ਹੈ। ਇਕ ਕਮਰੇ ਵਿਚ ਹਰਸੇਵ ਪਿਆ ਹੈ। ਉਹ ਬੈੱਡ ਤੇ ਪਿਆ ਹੱਥ-ਪੈਰ ਮਾਰ ਰਿਹਾ ਹੈ। ਉਹਦੀ ਦਰਦ ਨਾਲ ਜਾਨ ਨਿਕਲੀ ਜਾ ਰਹੀ ਹੈ। ਉਸਨੇ ਸਿਰ ਤੋਂ ਟੋਪੀ ਲਾਹ ਦਿੱਤੀ ਹੈ। ਕਮੀਜ਼ ਦੇ ਬਟਨ ਵੀ ਖੋਲ੍ਹ ਦਿੱਤੇ ਹਨ। ਉਹਦਾ ਕੱਪੜਿਆਂ ਨਾਲ ਸਾਹ ਘੁੱਟੀ ਜਾ ਰਿਹਾ ਹੈ।

"ਕਿਥੇ ਆ ਦਰਦ ?...ਦਰਦ ?...ਇਥੇ।" ਉਸਦੇ ਮੂੰਹੋਂ ਏਹੀ ਸ਼ਬਦ ਨਿਕਲ ਰਹੇ ਹਨ।

ਹਾਂ, ਕੋਠੀ ਵਿੱਚ ਹਰਸੇਵ ਦੇ ਤੜਫ਼ਣ ਦੀ ਹਾਏ-ਪਾਰਿਆ ਸੁਣਨ ਨੂੰ ਜ਼ਰੂਰ ਮਿਲ ਰਹੀ ਹੈ। ਉਹ ਆਪ ਮੁਹਾਰੇ ਬੋਲਿਆ-

"ਇਹ ਦਰਦ ਮੈਂ ਜਾਣਦਾ ਜਾਂ ਮੇਰਾ ਰੱਬ। ਤੇ ਜਾਂ ਫਿਰ ਟਾਲਸਟਾਏ।" ਹਰਸੇਵ ਤੋਂ ਇਹ ਈਮੇਲ ਇੰਦਰਪ੍ਰੀਤ ਨੂੰ ਭੇਜ ਨਹੀਂ ਹੋਈ। ਉਹਦੇ ਦਿਮਾਗ 'ਤੇ ਪ੍ਰਿੰਟ ਹੋਈ ਰਹਿ ਗਈ। ਉਦੋਂ ਦਾ ਬੇਵਸੀ ਵਿਚ ਬੁੜ-ਬੁੜ ਕਰੀ ਜਾਂਦਾ ਹੈ।

ਬੜੀ ਜ਼ੋਰ ਨਾਲ ਪੀੜ ਉਠੀ ਹੈ। ਕਮਰੇ ਵਿਚ ਗਿਰਾਸੀਮ ਦਿਖਾਈ ਨਹੀਂ ਦੇ ਰਿਹਾ। ਉਹਦਾ ਡਾਕਟਰ ਕੋਲ ਜਾਣ ਦਾ ਉਹਨੂੰ ਮਸੀਂ ਚੇਤਾ ਆਇਆ ਹੈ। ...ਪੀੜ ਸਿਖ਼ਰ 'ਤੇ ਪੁੱਜ ਗਈ ਹੈ।

ਪਤਾ ਨਹੀਂ ਉਹਦੇ ਵਿਚ ਕਿਥੋਂ ਤਾਕਤ ਆ ਗਈ ਹੈ। ਉਹ ਕਾਹਲੇ ਕਦਮੀਂ ਤੁਰਦਿਆਂ ਵਾਸ਼ਰੂਮ ਜਾ ਵੜਿਆ ਹੈ। ...ਤੇ ਟਾਇਲਟ ਸੀਟ 'ਤੇ ਢਹਿ ਪਿਆ ਹੈ। ਮਿੰਟਾਂ ਵਿਚ ਹੀ ਨੁਚੜ ਗਿਆ ਹੈ।

ਹੁਣ ਉਸ ਕੋਲੋਂ ਸੀਟ ਤੋਂ ਉਠਿਆ ਨਹੀਂ ਜਾ ਰਿਹਾ। ਪਰਸੋਂ ਵੀ ਉਹ ਵਾਸ਼ਰੂਮ ਵਿਚ ਇੱਕਲਾ ਹੀ ਸੀ। ਔਖਾ ਸੌਖਾ ਖੜ੍ਹਾ ਵੀ ਹੋ ਗਿਆ ਪਰ ਖੜ੍ਹਦੇ ਸਾਰ ਉਹਦੀ ਪੈਂਟ ਡਿੱਗ ਪਈ ਸੀ। ਪੈਂਟ ਦੇ ਉੱਤੇ ਉਹ ਆਪ ਢੇਰੀ ਹੋ ਗਿਆ। ਕੋਈ ਡੇਢ ਘੰਟਾ ਟਾਇਲਟ ਵਿਚ ਕਰਾਹੁੰਦਾ ਰਿਹਾ। ਕੋਠੀ ਵਿੱਚ ਕਿਸੇ ਨੂੰ ਵੀ ਉਹਦੀ ਕੁਰਲਾਹਟ ਸੁਣੀ ਨਹੀਂ। ਫ਼ੇਰ ਪਤਾ ਨਹੀਂ ਗਿਰਾਸੀਮ ਕਿਥੋਂ ਆਣ ਪ੍ਰਗਟ ਹੋਇਆ ਸੀ। ਪਹਿਲਾਂ ਉਹਨੇ ਉਹਦੀ ਲਿਬੜੀ ਪੈਂਟ ਲਾਹੀ। ਫ਼ੇਰ ਉਹਨੂੰ ਧੋਤਾ।...ਚੁੱਕ ਕੇ ਬੈੱਡ 'ਤੇ ਪਾਇਆ ਸੀ। ਤੋਲੀਏ ਨਾਲ ਸਾਫ਼ ਕਰਕੇ ਨਵੇਂ ਕੱਪੜੇ ਵੀ ਪਾ ਦਿੱਤੇ ਸਨ।

...ਗਿਰਾਸੀਮ ਡਾਕਟਰ ਨੂੰ ਲੈਣ ਗਿਆ ਅਜੇ ਤੱਕ ਮੁੜਿਆ ਨਹੀਂ। ਹਰਸੇਵ ਪਸੀਨੇ ਨਾਲ ਭਿੱਜਾ ਪਿਆ। ਹੁਣ ਉਹ ਸੋਚ ਰਿਹਾ ਬੈੱਡ ਤੱਕ ਕਿੱਦਾਂ ਜਾਇਆ ਜਾਵੇ। ਉਹਨੇ ਵਾਸ਼ਰੂਮ ਵਿੱਚੋਂ ਨਿਕਲਣ ਦੀ ਹਿੰਮਤ ਕੀਤੀ ਹੈ। ਉਹਦੀ ਦੇਹ ਡਰ ਨਾਲ ਕੰਬ ਰਹੀ ਹੈ। ਲੱਤਾਂ ਵਿਚ ਜਾਨ ਤਾਂ ਹੈ ਹੀ ਨਹੀਂ। ਕੰਧ ਦਾ ਸਹਾਰਾ ਲੈ ਕੇ ਤੁਰ ਪਿਆ। ਸਾਹ ਧੌਂਕਣੀ ਵਾਂਗ ਚਲ ਰਿਹਾ। ਮਸਾਂ ਇਕ ਕਦਮ ਚਲਦਾ ਹੈ। ਫਿਰ ਰੁਕ ਜਾਂਦਾ ਹੈ। ਇੰਦਰਪ੍ਰੀਤ ਦੀ ਉਂਗਲ ਅੱਗੇ ਵੱਧਣ ਦਾ ਇਸ਼ਾਰਾ ਕਰਦੀ ਹੈ। ਹੁਣ ਉਹ ਫ਼ੇਰ ਤੁਰ ਪਿਆ। ਹੌਲੀ-ਹੌਲੀ ਤੁਰਦਾ ਬੈੱਡ 'ਤੇ ਜਾ ਡਿੱਗਿਆ। ਉਹਦਾ ਹਾਲੇ ਵੀ ਸਾਹ ਨਾਲ ਸਾਹ ਨਹੀਂ ਰਲ ਰਿਹਾ ਪਰ ਹੁਣ ਉਹ ਆਪਣੇ ਆਪ ਨੂੰ ਕਿਸੇ ਜੇਤੂ ਵਾਂਗ ਮਹਿਸੂਸ ਕਰ ਰਿਹਾ।

ਗੇਟ ਦੇ ਖੁੱਲ੍ਹਣ ਦੀ ਅਵਾਜ਼ ਆਈ ਹੈ।...ਤੇਜ਼ ਕਦਮ ਤੁਰਦੇ ਗਿਰਾਸੀਮ ਤੇ ਡਾਕਟਰ ਅੰਦਰ ਆਏ ਹਨ। ਡਾਕਟਰ ਆਉਂਦਿਆਂ ਹੀ ਉਹਦੀ ਰਿਪੋਰਟ ਵਿਚ ਖੁੱਭ ਗਿਆ। ਗਿਰਾਸੀਮ ਉਹਦੀ ਹਾਲਤ ਦੇਖ ਕੇ ਪਿਘਲ ਗਿਆ ਹੈ। ਉਹਨੇ ਹਰਸੇਵ ਦੀ ਛਾਤੀ 'ਤੇ ਹੱਥ ਰੱਖਿਆ। ਧੜਕਣ ਬਹੁਤ ਤੇਜ਼ ਹੈ। ਡਾਕਟਰ ਨੇ ਉਸਨੂੰ ਪਾਸੇ ਹਟਣ ਦਾ ਇਸ਼ਾਰਾ ਕੀਤਾ। ਉਹ ਹਰਸੇਵ ਦੇ ਸਰੀਰ ਦੀ ਜਾਂਚ ਕਰਨ ਲੱਗ ਪਿਆ ਹੈ। ਪੈਂਟ ਲੁਹਾ ਕੇ ਪਿਛਲੇ ਤੇ ਮੋਹਰਲੇ ਦੋਨਾਂ ਅੰਗਾਂ ਨੂੰ ਚੈੱਕ ਕੀਤਾ ਹੈ। ਦੋਨੋਂ ਥਾਂ ਖ਼ੂਨ ਨਾਲ ਲਿਬੜੇ ਪਏ ਹਨ।

"ਹੁਣ ਆਹ ਪਾਈਲਜ਼ ਦਾ ਪੰਗਾ ਪੈ ਗਿਆ। ...ਆਹ ਮੈਡੀਸਨ ਲਿਖ ਦਿੱਤੀ ਆ। ਇਹਦੇ ਨਾਲ ਇਨ੍ਹਾਂ ਠੀਕ ਹੋ ਜਾਣਾ।" ਠੰਢਾ ਹਾਉਂਕਾ ਭਰਦਿਆਂ ਉਸਨੇ ਸਲਿੱਪ ਗਿਰਾਸੀਮ ਦੇ ਹੱਥ ਫ਼ੜਾਈ ਤੇ ਤੁਰ ਗਿਆ ਹੈ।

...ਮਰੀਜ਼ ਨੂੰ ਦਵਾਈ ਦੇ ਕੇ ਗਿਰਾਸੀਮ ਉਹਦੀ ਮਾਲਸ਼ ਕਰਨ ਲੱਗ ਪਿਆ। ਇਹਦੇ ਨਾਲ ਹਰਸੇਵ ਨੂੰ ਕੁਝ ਰਾਹਤ ਮਿਲੀ ਹੈ।

ਉਸਦੇ ਸੁੱਕੇ ਬੁੱਲ੍ਹ ਦੇਖ ਕੇ ਗਿਰਾਸੀਮ ਨੇ ਫਰਿਜ ਚੋਂ ਪਾਣੀ ਕੱਢ ਕੇ ਪਿਲਾਇਆ ਹੈ। ਮਾਈਕਰੋਵੇਵ ਵਿਚ ਸੂਪ ਗਰਮ ਕੀਤਾ ਹੈ। ...ਰੋਗੀ ਨੂੰ ਇਕ ਹੱਥ ਨਾਲ ਸਹਾਰਾ ਦਿੰਦਿਆਂ, ਦੂਜੇ ਹੱਥ ਨਾਲ ਸੂਪ ਪਿਲਾਉਣਾ ਸ਼ੁਰੂ ਕੀਤਾ ਹੈ। ਉਸਨੇ ਮੁਸ਼ਕਲ ਨਾਲ ਇਕ ਘੁੱਟ ਹੀ ਭਰਿਆ ਹੈ। ...ਦੂਜਾ ਘੁੱਟ ਅੰਦਰ ਜਾਂਦਿਆਂ ਹੀ ਹੁੱਥੂ ਛਿੜ ਪਿਆ ਹੈ। ਗਿਰਾਸੀਮ ਉਹਨੂੰ ਲਿਟਾ ਕੇ ਛਾਤੀ ਦੱਬਣ ਲੱਗ ਪਿਆ ਹੈ।

ਹਰਸੇਵ ਦਾ ਅੰਦਰ ਜਖ਼ਮਾਂ ਨਾਲ ਭਰਿਆ ਪਿਆ। ਲੈਟਰੀਨ ਜਾਣ ਤੋਂ ਬਾਅਦ ਇਹ ਜਖ਼ਮ ਜਿਵੇਂ ਹਰੇ ਹੋ ਜਾਂਦੇ ਹੋਣ। ਉਹਨੂੰ ਡਾਕਟਰ 'ਤੇ ਗੁੱਸਾ ਆਈ ਜਾਂਦਾ, ਜਿਹੜਾ ਉਹਦੀ ਬਿਮਾਰੀ ਨੂੰ ਸਮਝ ਨਹੀਂ ਪਾ ਰਿਹਾ। ਪਾਈਲਜ਼ ਕਹੀ ਜਾਂਦਾ। ...ਕਿੰਨੀ ਚੰਦਰੀ ਬਿਮਾਰੀ ਹੈ ਜੋ ਉਹਨੂੰ ਐਨੇ ਤਸੀਹੇ ਦੇ ਰਹੀ ਹੈ।

...ਉਹਨੂੰ ਲੂਜ਼ ਮੂਸ਼ਨ ਲੱਗਿਆਂ ਨੂੰ ਪੰਜ ਮਹੀਨੇ ਹੋ ਜਾਣੇ ਹਨ। ਸਭ ਦਵਾਈਆਂ ਬੇਅਸਰ ਹਨ। ਇਕ ਬਿਮਾਰੀ ਹਟਣ ਦਾ ਨਾਂ ਨਹੀਂ ਲੈਂਦੀ, ਦੂਜੀ ਪਹਿਲੇ ਲੱਗ ਜਾਂਦੀ ਹੈ। ਪਿਛਲੇ ਦੋ ਸਾਲ ਤੋਂ ਇਵੇਂ ਅੱਡੀਆਂ ਰਗੜ ਰਿਹਾ। ਕਈ ਡਾਕਟਰ ਬਦਲੇ ਹਨ। ਹੁਣ ਪਾਈਲਜ਼ ਉਹਦੀ ਜਾਨ ਦਾ ਖੌਅ ਬਣ ਬੈਠੀ ਹੈ। ਉਹਦੀ ਦੇਹ ਬੈੱਡ 'ਤੇ ਵਿਛੀ ਅੱਧੋ-ਰਾਣੀ ਚਾਦਰ ਵਾਂਗ ਹੈ ਤੇ ਅੱਖਾਂ ਛੱਤ ਵੱਲ ਲੱਗੀਆਂ ਹੋਈਆਂ ਹਨ। ਖ਼ਿਆਲਾਂ ਵਿਚ ਮੰਮੀ ਡੈਡੀ ਨੂੰ ਲੱਭਣ ਲੱਗ ਪੈਂਦਾ ਹੈ ਜਾਂ ਉਹਦੀ ਸੁਰਤੀ

ਕੋਠੀਆਂ ‘ਚ ਗੁਆਚਣ ਲਗਦੀ ਹੈ।

* * * * * * * * * * * * * * * * * *

ਇਹ ਤਿੰਨੋਂ ਕੋਠੀਆਂ ਇਕ ਤਰ੍ਹਾਂ ਹਰਸੇਵ ਦੇ ਟੱਬਰ ਦੀਆਂ ਹੀ ਹਨ। ਵਿਚਕਾਰਲੀ ਕੋਠੀ ਉਸਦੇ ਡੈਡੀ ਲਖਵਿੰਦਰ ਸਿੰਘ ਦੇ ਨਾਂ ਹੈ। ਦੂਜੀਆਂ ਦੋ ਉਹਦੇ ਤਾਇਆਂ ਦੀਆਂ ਹਨ। ਉਹਦਾ ਡੈਡੀ ਤਾਂ ਇਕਲੌਤਾ ਪੁੱਤ ਹੈ। ਲਖਵਿੰਦਰ ਦੇ ਤਾਏ ਦੇ ਦੋ ਪੁੱਤ ਤੇ ਧੀ ਕਨੈਡਾ ਵਿਚ ਸੈਟਲ ਹਨ। ਕਦੇ ਇਨ੍ਹਾਂ ਦਾ ਤਾਏ ਨਾਲ ਸਾਂਝਾ ਘਰ ਹੁੰਦਾ ਸੀ। ਲਖਵਿੰਦਰ ਉਦੋਂ ਸਕੂਲ ‘ਚ ਹੀ ਪੜ੍ਹਦਾ ਸੀ, ਜਦੋਂ ਤਾਏ ਦੀ ਧੀ ਕਨੈਡਾ ਵਿਆਹੀ ਗਈ ਸੀ। ਥੋੜ੍ਹੇ ਸਾਲਾਂ ਵਿਚ ਤਾਏ ਦਾ ਟੱਬਰ ਕਨੈਡਾ ਮੂਵ ਕਰ ਗਿਆ ਸੀ। ਲਖਵਿੰਦਰ ਦੇ ਹਿੱਸੇ ਤਿੰਨ ਖੇਤ ਆਉਂਦੇ ਸਨ ਤੇ ਤਾਏ ਦੇ ਮੁੰਡਿਆਂ ਦੇ ਹਿੱਸੇ ਡੇਢ-ਡੇਢ ਖੇਤ ਆਉਂਦਾ ਸੀ। ਪਰ ਕਨੈਡਾ ਨੇ ਉਨ੍ਹਾਂ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਸੀ।

ਜਿਉਂ ਹੀ ਲਖਵਿੰਦਰ ਨੇ ਜਵਾਨੀ ਵਿਚ ਪੈਰ ਧਰਿਆ, ਉਹ ਵੀ ਕਨੈਡਾ ਜਾਣ ਲਈ ਨੱਠ-ਭੱਜ ਕਰਨ ਲੱਗਾ। ਤਾਏ ਦੇ ਟੱਬਰ ਨੇ ਵੀ ਪੂਰੀ ਮਦਦ ਕੀਤੀ ਪਰ ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਾ ਪਿਆ। ਹਾਰ ਕੇ ਉਹ ਬਿਜਲੀ ਬੋਰਡ ਵਿਚ ਲਾਈਨਮੈਨ ਭਰਤੀ ਹੋ ਗਿਆ ਸੀ। ਵਿਆਹ ਵੇਲੇ ਹਰਸੇਵ ਦੀ ਮੰਮੀ ਸਾਇੰਸ ਮਿਸਟ੍ਰੈਸ ਸੀ। ਬਾਅਦ ਵਿਚ ਬਾਇਉ ਦੀ ਲੈਕਚਰਾਰ ਬਣੀ। ਵਿਆਹ ਪਿੱਛੋਂ ਘਰ ਵਿਚ ਥੋੜ੍ਹੀ ਖੁਸ਼ਹਾਲੀ ਆ ਗਈ ਸੀ। ਹਰਸੇਵ ਤੇ ਕਰਨਬੀਰ ਦੇ ਜਨਮ ਨਾਲ ਰੌਣਕ ਤਾਂ ਹੋ ਗਈ ਪਰ ਕਨੈਡਾ ਜਿੰਨੀ ਖੁਸ਼ਹਾਲੀ ਕਿਥੇ? ਹੁਣ ਜਦ ਹਰਸੇਵ ਪੀੜ ‘ਚ ਪਰੁੰਨਿਆ ਵਿਲਕੀ ਜਾ ਰਿਹਾ, ਲਖਵਿੰਦਰ ਆਪਣੇ ਯਾਰਾਂ ਬੇਲੀਆਂ ਵਿਚ ਬੈਠਾ ਮੱਘੇ ਮਾਰਦਾ ਹੋਣਾ :-

“ਇੱਦਾਂ ਦੀਆਂ ਕੋਠੀਆਂ ਤਾਂ ਜੱਟ ਬਣਾ ਦਏ ਪੰਜਾਹ। ਇਹ ਤਾਂ ਮੇਰੀ ਗੰਦੀ ਔਲਾਦ ਦਾ ਬੇੜਾ ਬਹਿ ਗਿਆ। ਨਹੀਂ ਤਾਂ...।”

ਉਹ ਹਰਸੇਵ ਦਾ ਦੁੱਖ ਲੈ ਕੇ ਬਹਿ ਗਿਆ ਹੋਣਾ। ਉਹਦੇ ਕੋਲ ਜਾਂ ਤਾਂ ਪੁੱਤਰ ਦੀ ਬਿਮਾਰੀ ਦੀ ਗੱਲ ਹੁੰਦੀ ਹੈ ਜਾਂ ਕਿਸੇ ਪਲਾਟ ਤੇ ਜ਼ਮੀਨ ਦੀ। ਉਹ ਜਦੋਂ ਦਾ ਜੇ ਈ ਬਣਿਆ, ਨਾਲ ਪ੍ਰੋਪਰਟੀ ਦਾ ਵੀ ਧੰਦਾ ਸ਼ੁਰੂ ਕਰ ਲਿਆ ਸੀ। ਕਨੈਡਾ ਵਾਲਿਆਂ ਦਾ ਪਿੱਛੇ ਕਰਤਾ-ਧਰਤਾ ਏਹੀ ਸੀ। ਜ਼ਮੀਨ ਵੀ ਏਹੀ ਵਾਹੁੰਦਾ ਸੀ। ਚਾਹੇ ਜੱਦੀ ਤੇ ਚਾਹੇ ਡਾਲਰਾਂ ਨਾਲ ਖਰੀਦੀ ਹੋਈ। ਦੋਨਾਂ ਭਰਾਵਾਂ ਦੀਆਂ ਕੋਠੀਆਂ ਵੀ ਆਪਣੇ ਹੱਥੀਂ ਬਣਾਈਆਂ। ਤਾਏ ਦੀ ਧੀ ਨੂੰ ਸ਼ਹਿਰ ਕੋਠੀ ਬਣਾ ਕੇ ਦਿੱਤੀ। ਉਹ ਇਹਦੀ ਮਦਦ ਵੀ ਬਥੇਰੀ ਕਰਦੇ ਹਨ। ਹਰਸੇਵ ਤੇ ਕਰਨਬੀਰ ਦੀ ਪੜ੍ਹਾਈ ਦਾ ਸਾਰਾ ਖ਼ਰਚ ਵੀ ਇਕ ਤਰ੍ਹਾਂ ਨਾਲ ਉਹੀ ਕਰਦੇ ਰਹੇ ਹਨ।

ਜਦੋਂ ਇਹਨੇ ਉਨ੍ਹਾਂ ਦੀਆਂ ਕੋਠੀਆਂ ਬਣਾ ਲਈਆਂ, ਉਦੋਂ ਇਹ ਬਿਜਨਸ ਨਹੀਂ ਸੀ ਕਰਦਾ। ਆਪਣੇ ਸਧਾਰਨ ਮਕਾਨਾਂ ਨੂੰ ਦੇਖ ਕੇ ਝੂਰਦਾ ਰਹਿੰਦਾ। ਇਹ ਉਨ੍ਹਾਂ ਨਾਲੋਂ ਵੀ ਵੱਡੀ ਕੋਠੀ ਬਣਾਉਣੀ ਚਾਹੁੰਦਾ ਸੀ। ਇਹ ਖ਼ਾਹਿਸ਼ ਤਦੇ ਪੂਰੀ ਹੋ ਸਕਦੀ ਸੀ ਜੇ ਉਹਦੇ ਪੁੱਤਰ ਵੀ ਕਨੈਡਾ ਜਾਂਦੇ। ਇਹ ਹਰ ਰੋਜ਼ ਉਨ੍ਹਾਂ ਨੂੰ ਕਨੈਡਾ-ਅਮਰੀਕਾ ਭੇਜਣ ਦੇ ਸੁਪਨੇ ਲੈਂਦਾ। ਇਸ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਮੈਡਮ ਸਤਿੰਦਰ ਜੇ ਈ ਸਾਹਿਬ ਤੋਂ ਵੀ ਕਾਹਲੀ ਸੀ।

...ਹੁਣ ਤੇ ਉਹ ਰਾਜਾ ਸਾਹਿਬ ਦੇ ਗੁਰਦੁਆਰੇ ਹਰਸੇਵ ਦੀ ਸੁੱਖ ਸੁਖਣ ਗਈ ਹੋਈ ਹੈ। ਉਹ ਚਾਹੁੰਦੀ ਹੈ, ਕਿਵੇਂ ਨਾ ਕਿਵੇਂ ਉਹਦਾ ਲਾਲ ਇਸ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾ ਲਏ। ਹੁਣ ਉਹਨੇ ਕੀ ਲੈਣਾ ਏ ਕਨੈਡਾ ਜਾਂ ਸਮੁੰਦਰ ਤੋਂ। ਜਿਥੇ ਵੀ ਉਹਨੂੰ ਕੋਈ ਦਸ ਪਾਉਂਦਾ, ਉਥੇ ਸੁਖ ਸੁਖਣ ਚਲੇ ਜਾਂਦੀ ਹੈ।

ਉਨ੍ਹਾਂ ਦਿਨ੍ਹਾਂ ਵਿਚ ਉਹਦੇ ਕੋਲ ਗੁਰਦੁਆਰੇ ਜਾਣ ਦੀ ਵਿਹਲ ਹੀ ਕਿਥੇ ਸੀ। ਲਖਵਿੰਦਰ ਡਿਊਟੀ ਕਰਦਾ। ਸਵੇਰੇ-ਸ਼ਾਮ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋਇਆ ਹੁੰਦਾ। ਹਰਸੇਵ ਤੇ ਕਰਨਬੀਰ ਨੂੰ ਪਾਲਣ ਤੇ ਪੜ੍ਹਾਉਣ ਦੀ ਡਿਊਟੀ ਸਤਿੰਦਰ ਦੀ ਹੀ ਸੀ। ਉਹਨੂੰ ਹੀ ਸਕੂਲ ਵਰਦੀ ਦਾ ਫ਼ਿਕਰ ਹੁੰਦਾ। ਉਹ ਹੀ ਗੁੱਟੀਆਂ ਕਰਦੀ। ਉਹ ਹੀ ਹਾਈਵੇ 'ਤੇ ਸਕੂਲ-ਬੱਸ ਚੜ੍ਹਾ ਕੇ ਆਉਂਦੀ। ਫ਼ੇਰ ਤਿਆਰ ਹੋ ਕੇ ਸਕੂਲ ਪੜ੍ਹਾਉਣ ਜਾਂਦੀ। ਦੋਨਾਂ ਬੱਚਿਆਂ ਦੇ ਸਕੂਲੋਂ ਵਾਪਸ ਮੁੜਨ ਤੱਕ ਉਨ੍ਹਾਂ ਦਾ ਖਾਣਾ ਤਿਆਰ ਕਰਨਾ, ਖੁਆਉਣਾ ਤੇ ਹੋਮ ਵਰਕ ਲਈ ਟਿਊਸ਼ਨ ਭੇਜਣੇ, ਇਹ ਉਹਦੀ ਡਿਊਟੀ ਸੀ। ਉਹਦੇ ਕੋਲ ਤਾਂ ਸਿਰ ਖੁਰਕਣ ਜੋਗਾ ਟਾਇਮ ਨਹੀਂ ਸੀ ।

-ਐਨਾ ਖ਼ਿਆਲ ਇਕ ਮਾਂ ਹੀ ਰੱਖ ਸਕਦੀ ਹੈ ।

ਬਿਮਾਰ ਪਿਆ ਹਰਸੇਵ ਇੰਦਰਪ੍ਰੀਤ ਦੀ ਇਸ ਈਮੇਲ ਨਾਲ ਸਹਿਮਤ ਨਹੀਂ ਹੋਇਆ ਸੀ।

ਇੰਦਰਪ੍ਰੀਤ ਵੀ ਉਹਦੇ ਨਾਲ ਸ਼ਿਵਾਲਕ ਕੌਨਵੈਂਟ ਸਕੂਲ ਵਿਚ ਪੜ੍ਹਦੀ ਸੀ। ਉਹ ਕਲਾਸਫੈਲੋ ਵੀ ਸੀ ਤੇ ਪਿੰਡ ਦੀ ਵੀ। ਛੋਟਾ ਕਰਨਬੀਰ ਦੋ ਸਾਲ ਜੂਨੀਅਰ ਸੀ। ਜਿਸ ਦਿਨ ਸਤਿੰਦਰ ਟੀਚਰ-ਪੇਰੈਂਟਸ ਮੀਟਿੰਗ ਵਿਚ ਜਾਂਦੀ, ਆਪਣੇ ਹਰਸੇਵ ਦੀਆਂ ਸਿਫ਼ਤਾਂ ਸੁਣ ਕੇ ਫੁੱਲੀ ਨਾ ਸਮਾਉਂਦੀ। ਕਰਨਬੀਰ ਕੰਨੀਓ ਕੱਚੀ ਵੀ ਹੁੰਦੀ।

ਹਰਸੇਵ ਤਾਂ ਉਨ੍ਹਾਂ ਦਾ ਗਊ ਪੁੱਤ ਸੀ। ਜਾਹ ਤਾਂ ਜੇ ਮੰਮੀ ਡੈਡੀ ਦੇ ਕਹਿਣੇ ਤੋਂ ਰਤਾ ਏਧਰ-ਓਧਰ ਹੋ ਜਾਵੇ। ਜਿਥੇ ਬਿਠਾ ਦਿੱਤਾ, ਬਹਿ ਗਿਆ। ਉਹਨੂੰ ਪੜ੍ਹਾਈ ਦੀ ਮਸਤੀ ਸੀ ਜਾਂ ਮੰਮੀ ਡੈਡੀ ਦੇ ਸੁਪਨਿਆਂ ਦੀ। ਕੁੜੀਆਂ ਵੱਲ ਤਾਂ ਉਹ ਫੁੱਟੀ ਅੱਖ ਨਹੀਂ ਸੀ ਭਾਉਂਦਾ। ਇਥੋਂ ਤੱਕ ਇੰਦਰਪ੍ਰੀਤ ਵੱਲ ਵੀ।

* * * * * * * * * * * * * * *

ਹਰਸੇਵ ਸਵੇਰ ਦਾ ਹੀ ਇੰਦਰਪ੍ਰੀਤ ਨੂੰ ਈਮੇਲ ਕਰਨ ਲਈ ਤੜਫ਼ ਰਿਹਾ ਹੈ। ਉਹਨੇ ਯਤਨ ਵੀ ਕੀਤਾ ਪਰ ਉਹਤੋਂ ਕੀ ਬੋਰਡ 'ਤੇ ਉਂਗਲਾਂ ਹੀ ਨਹੀਂ ਚੱਲੀਆਂ। ਚਿਹਰਾ ਬੁਝਿਆ ਪਿਆ ਹੈ। ਗਿਰਾਸੀਮ ਦਾ ਉਹਦੀ ਪਿੱਠ 'ਤੇ ਫ਼ਿਰਦਾ ਹੱਥ ਉਹਨੂੰ ਕੁਝ ਸਕੂਨ ਦੇ ਰਿਹਾ ਹੈ। ਉਹ ਤੇ ਇੰਦਰਪ੍ਰੀਤ ਇਕ ਬੱਸ ਵਿਚ ਹੀ ਸਕੂਲ ਜਾਂਦੇ ਸਨ। ਮੈਡਮ ਸਿੱਕਾ ਕੋਲ ਹੀ ਟਿਊਸ਼ਨ ਪੜ੍ਹਦੇ ਸਨ। ਬੱਸ ਹਾਏ ਹੈਲੋ ਹੁੰਦੀ। ਇੰਦਰਪ੍ਰੀਤ ਇਸ ਤੋਂ ਅਗਾਂਹ ਗੱਲ ਕਰਦੀ, ਤਾਂ ਹਰਸੇਵ ਦੀਆਂ ਲੱਤਾਂ ਕੰਬਣ ਲੱਗ ਪੈਂਦੀਆਂ। ਇਹ ਤਾਂ ਜਿਸ ਦਿਨ ਮੈਟ੍ਰਿਕ ਦਾ ਨਤੀਜਾ ਆਇਆ, ਦੋਨੋਂ ਮੈਰਿਟ ਲਿਸਟ ਵਿਚ ਆਪਣਾ ਨਾਂ ਦੇਖ ਕੇ ਚੀਕ ਪਏ ਤੇ ਇਕ ਦੂਜੇ ਦੇ ਗਲੇ ਲੱਗ ਗਏ ਸਨ।

ਹਰਸੇਵ ਦੇ ਮੰਮੀ ਡੈਡੀ ਤੇ ਕਨੈਡਾ ਵਾਲਿਆਂ ਦਾ ਫੈਸਲਾ ਉਹਨੂੰ ਚੰਡੀਗੜ੍ਹ ਪੜ੍ਹਾਉਣ ਦਾ ਸੀ। ਮਨ ਤਾਂ ਇੰਦਰਪ੍ਰੀਤ ਦਾ ਵੀ ਉਥੇ ਪੜ੍ਹਨ ਨੂੰ ਕਰਦਾ ਸੀ। ਉਹਦੇ ਡੁਬਈ ਗਏ ਹੋਏ ਡੈਡੀ ਨੇ ਖ਼ਰਚ ਸੁਣ ਕੇ ਹੱਥ ਖੜ੍ਹੇ ਕਰ ਦਿੱਤੇ ਸਨ। ਤੇ ਬੀਬੇ ਰਾਣੇ ਬਣ ਕੇ ਹਰਸੇਵ ਦੀ ਮੰਮੀ ਦੇ ਸਕੂਲ ਵਿੱਚ ਹੀ ਮੈਡੀਕਲ ਗਰੁੱਪ ਵਿੱਚ ਦਾਖ਼ਲ ਕਰਵਾ

ਦਿੱਤਾ ਸੀ।

ਚੰਡੀਗੜ੍ਹ ਰਹਿੰਦਾ ਹਰਸੇਵ ਕਾਲਜ ਤਾਂ ਘੱਟ ਵੱਧ ਹੀ ਜਾਂਦਾ। ਟਿਊਸ਼ਨਾਂ ਨੇ ਉਹਦੀ ਰੇਲ ਬਣਾਈ ਹੋਈ ਸੀ। ਪੜ੍ਹਾਈ ਦਾ ਜ਼ੋਰ ਪੈ ਗਿਆ ਸੀ। ਕੰਪੀਟੀਸ਼ਨ ਦੇ ਯੁੱਗ ਵਿੱਚ ਉਹਨੂੰ ਖਾਣਾ ਪੀਣਾ ਭੁੱਲ ਗਿਆ ਸੀ। ਜਲਦੀ ਕਮਜ਼ੋਰ ਹੋ ਗਿਆ। ਉਥੇ ਕਿਹੜਾ ਕੋਲ ਮਾਂ ਬੈਠੀ ਸੀ। ਵਿੱਚ ਨੂੰ ਜਾਬ੍ਹਾਂ ਵੜੀਆਂ ਦੇਖ ਕੇ ਮਾਂ ਦੀ ਭੁੱਬ ਨਿਕਲ ਗਈ ਸੀ। ਉਹਨੇ ਉਸੇ ਵਕਤ ਸਕੂਲ ਤੋਂ ਛੁੱਟੀ ਲੈ ਲਈ ਸੀ। ਉਹਦੇ ਕੋਲ ਚੰਡੀਗੜ੍ਹ ਰਹਿਣ ਲੱਗ ਪਈ ਸੀ। ਹਰਸੇਵ ਦਾ ਕੰਮ ਹੁਣ ਸਿਰਫ ਪੜ੍ਹਨਾ ਲਿਖਣਾ ਸੀ। ਉਹ ਉਹਦੇ ਪਲੱਸ ਟੂ ਕਰਨ ਅਤੇ ਆਈ.ਆਈ.ਟੀ. ਜੇ.ਈ.ਈ ਦਾ ਟੈਸਟ ਪਾਸ ਕਰਨ ਤੱਕ ਉੱਥੇ ਹੀ ਰਹੀ। ਹਰਸੇਵ ਨੇ ਦੇਸ਼ ਦਾ ਇਹ ਸਭ ਤੋਂ ਔਖਾ ਇੰਜੀਨੀਅਰਿੰਗ ਦਾ ਟੈਸਟ ਚੰਗੇ ਰੈਂਕ ਵਿੱਚ ਪਾਸ ਕੀਤਾ ਸੀ। ਕੌਂਸਲਿੰਗ ਹੋਈ ਤਾਂ ਉਹਨੂੰ ਮਾਅਰੀਨ ਇੰਜਨੀਅਰਿੰਗ ਦੀ ਸੀਟ ਕਲਕੱਤੇ ਮਿਲ ਗਈ ਸੀ। ਮਾਂ ਕਲਕੱਤੇ ਦਾ ਸੁਣ ਕੇ ਤੜਫ਼ੀ ਸੀ। ਪਰ ਲਖਵਿੰਦਰ ਸਿੰਘ ਨੂੰ ਪਤਾ ਸੀ ਕਿ ਕਲਕੱਤੇ ਡਿਗਰੀ ਹੋਈ ਨਹੀਂ ਤੇ ਹਰਸੇਵ ਵਿਦੇਸ਼ੀ ਪਾਣੀਆਂ 'ਤੇ.....।

ਕੌਂਸਲਿੰਗ ਤੋਂ ਪਹਿਲਾਂ ਦੀ ਗੱਲ ਹੈ। ਹਰਸੇਵ ਤੇ ਇਹਦੇ ਜਮਾਤੀ ਚੰਡੀਗੜ੍ਹ ਹੀ ਰਹਿ ਰਹੇ ਸਨ। ਇਹਦੇ ਜਮਾਤੀਆਂ 'ਚੋਂ ਬਹੁਤੇ ਮੁੰਡੇ ਕੁੜੀਆਂ ਦੇ ਜੋੜੇ ਕੁੱਲੂ-ਮਨਾਲੀ ਜਾਂ ਸ਼ਿਮਲੇ ਵੱਲ ਨਿਕਲ ਗਏ ਸਨ। ਹਰਸੇਵ ਦੀ ਟਿਊਟਰ ਮਿਸ ਅਮਿਤਾ ਸੰਘਾ ਇਹਨੂੰ ਸੁਲ੍ਹਾ ਮਾਰ ਬੈਠੀ।

"ਹਰਸੇਵ, ਆਪਾਂ ਵੀ ਦੋ-ਚਾਰ ਰਾਤਾਂ ਲਈ ਸ਼ਿਮਲੇ ਚੱਲੀਏ?"

"ਮੰਮੀ ਨੂੰ ਪੁੱਛ ਕੇ ਦੱਸੂਗਾ।"

ਹਰਸੇਵ ਦਾ ਇਹ ਜਵਾਬ ਸੁਣ ਕੇ ਮੈਡਮ ਨੂੰ ਬੜਾ ਗੁੱਸਾ ਆਇਆ ਸੀ। ਫ਼ੇਰ ਇਹਦੇ ਭੋਲੇਪਣ 'ਤੇ ਤਰਸ ਵੀ ਆਇਆ। ਉਹਨੇ ਇਹਦੀ ਗਲ੍ਹ ਪੱਟੀ ਸੀ।

"ਚੱਲ ਲੋਲੜ੍ਹ...।

* * * * * * * * * * * * * * * 

ਹਰਸੇਵ ਦਰਦ ਨੂੰ ਘਟਾਉਣਾ ਚਾਹੁੰਦਾ ਹੈ। ਇਸੇ ਕਾਰਨ ਉਹ ਬੀਤੇ ਦੀਆਂ ਘਟਨਾਵਾਂ ਵਿੱਚ ਗੁਆਚਿਆ ਪਿਆ।

ਹੁਣ ਉਹਨੂੰ ਕਦੇ ਤਾਂ ਪੂਣੀ ਵਰਗੀ ਗੋਰੀ ਚਿੱਟੀ ਮੈਡਮ ਯਾਦ ਆ ਰਹੀ ਹੈ ਤੇ ਕਦੇ ਕਲਕੱਤਾ। ਹਰਸੇਵ ਦੇ ਨਾਲ ਦੇ ਜਾਂ ਤਾਂ ਆਪਣੀਆਂ ਸਹੇਲੀਆਂ ਨੂੰ ਸਿਨੇਮੇ ਲੈ ਕੇ ਵੜੇ ਰਹਿੰਦੇ ਸਨ ਜਾਂ ਫਿਰ ਪਾਰਕਾਂ ਵਿੱਚ ਲੱਗੇ ਬੁੱਤਾਂ ਕੋਲ ਬੈਠੇ ਪਿਆਰ ਕਲੋਲਾਂ ਕਰ ਰਹੇ ਹੁੰਦੇ। ਹਰਸੇਵ ਦੇ ਤਿੰਨ ਟਿਕਾਣੇ ਹੁੰਦੇ ਕਲਾਸਰੂਮ, ਲਾਇਬ੍ਰੇਰੀ ਜਾਂ ਹੋਸਟਲ। ਇਹਦੇ ਹੱਥ ਸਿਲੇਬਸ ਦੀਆਂ ਕਿਤਾਬਾਂ ਹੁੰਦੀਆਂ। ਵਿਹਲ ਮਿਲਦੀ ਤਾਂ ਕਹਾਣੀ ਜਾਂ ਨਾਵਲ ਪੜ੍ਹਨ ਬੈਠ ਜਾਂਦਾ। ਟਾਲਸਟਾਏ ਇਹਦਾ ਮਨ ਭਾਉਂਦਾ ਲੇਖਕ ਸੀ। ਇਹਦੇ ਯਾਰ ਅਰਬਾਜ਼ ਨੇ ਤਾਂ ਵਿਅੰਗ ਕੱਸਣੇ ਹੀ ਹੁੰਦੇ। ਕਾਲਜ ਦੀਆਂ ਨੱਢੀਆਂ ਵੀ ਮਖੌਲ ਉਡਾਉਂਦੀਆਂ। ਹਾਂ ਇੱਕ ਕੰਮ ਉਸਨੇ ਇਥੇ ਆ ਕੇ ਇਹ ਕੀਤਾ ਕਿ ਗੁੱਟੀ ਕਟਵਾ ਦਿੱਤੀ। ਆਪਣੀ ਪੜ੍ਹਾਈ ਤੋਂ ਇਲਾਵਾ ਉਹਦੀ ਇੱਕ ਹੋਰ ਖੁਹਾਇਸ਼ ਸੀ ਛੋਟੇ ਭਰਾ ਕਰਨਬੀਰ ਨੂੰ ਪੜ੍ਹਾਉਣ ਦੀ।

ਹਰਸੇਵ ਹੁੰਦਾ ਕਲਕੱਤੇ ਸੀ ਪਰ ਇਹਦੀਆਂ ਸੋਚਾਂ ਚੰਡੀਗੜ੍ਹ ਬੈਠੇ ਕਰਨਬੀਰ

ਵਿੱਚ ਹੁੰਦੀਆਂ। ਉਹਦੀ ਚਿੰਤਾ ਇਹਨੂੰ ਵੀ ਮੰਮੀ ਜਿੰਨੀ ਸੀ। ਉਹਨੂੰ ਵੀ ਸਾਇੰਸ ਗਰੁੱਪ ਰਖਵਾਇਆ ਸੀ। ਮੰਮੀ ਦੋ ਸਾਲ ਦੀ ਛੁੱਟੀ ਲੈ ਕੇ ਉਹਦੇ ਕੋਲ ਵੀ ਰਹੀ ਸੀ। ਉਹਨੇ ਇੰਜੀਨੀਅਰਿੰਗ ਲਈ ਟੈਸਟ ਤਾਂ ਕੀ ਪਾਸ ਕਰਨਾ ਸੀ। ਮਸੀਂ ਬਾਰ੍ਹਵੀਂ ਪਾਸ ਕੀਤੀ। ਉਹਦਾ ਲਟਕਿਆ ਮੂੰਹ ਮਾਂ ਤੋਂ ਦੇਖਿਆ ਨਹੀਂ ਜਾਂਦਾ ਸੀ। ਉਹਨੇ ਉਸੇ ਵਕਤ ਕਨੈਡਾ ਘੰਟੀਆਂ ਖੜਕਾ ਦਿੱਤੀਆਂ ਸਨ–

"ਭਾਅ ਜੀ, ਹੁਣ ਤੇ ਐਜੂਕੇਸ਼ਨ ਬੇਸ 'ਤੇ ਬਥੇਰੇ ਕੁੜੀਆਂ ਮੁੰਡੇ ਕਨੈਡਾ ਜਾਈ ਜਾਂਦੇ ਆ। ਕਰਨਬੀਰ ਦਾ ਕੁਝ ਕਰੋ।"

ਬੱਸ ਚਾਰ-ਪੰਜ ਮਹੀਨਿਆਂ ਵਿੱਚ ਹੀ ਉਹਦੇ ਤਾਇਆਂ ਨੇ ਕਰਨਬੀਰ ਨੂੰ ਕਨੈਡਾ ਮੰਗਵਾ ਲਿਆ ਸੀ। ਸਵਾ ਲੱਖ ਡਾਲਰ ਦੀ ਪੇਡ ਸੀਟ ਦਵਾ ਦਿੱਤੀ ਸੀ। ਸਾਰੇ ਡਾਕੂਮੈਂਟ ਹਰਸੇਵ ਨੇ ਆਪ ਤਿਆਰ ਕਰਵਾਏ ਸਨ।

ਸਮਾਂ ਕਿੰਨਾ ਬਦਲ ਗਿਆ ਹੈ। ਅੱਜ ਉਹੀ ਕਰਨਬੀਰ ਫੋਨ ਕਰਦਾ ਹੈ–

"ਤੂੰ ਆਪਣੀ ਮੌਤੇ ਆਪ ਮਰ ਰਿਹਾ। ਮੈਂ ਤੇਰੇ ਲਈ ਕੁਝ ਨਹੀਂ ਕਰ ਸਕਦਾ।"

ਹਰਸੇਵ ਨੇ ਗੁੱਸੇ ਵਿੱਚ ਮੁੱਕੀ ਮੀਟੀ ਆ। ਫਿਰ ਸਿਰਹਾਣੇ 'ਤੇ ਮੁੱਕੀਆਂ ਮਾਰਨ ਲੱਗ ਪਿਆ। ਜਿਉਂ ਸਾਰਾ ਗੁੱਸਾ ਸਿਰਹਾਣੇ 'ਤੇ ਕੱਢ ਦੇਣਾ ਚਾਹੁੰਦਾ ਹੋਵੇ। ਪਰ ਛੇਤੀ ਹੀ ਹੰਭ ਗਿਆ ।

ਹੁਣ ਉਹਨੂੰ ਆਪਣੀ ਮੰਮੀ ਤੇ ਗੁੱਸਾ ਆ ਗਿਆ ਹੈ। ਉਹ ਅਜੇ ਤੱਕ ਗੁਰਦੁਆਰਿਓਂ ਨਹੀਂ ਮੁੜੀ।

"ਮਾਸਟਰਾਂ ਨੇ ਆਪਣੇ ਜੁਆਕ ਤਾਂ ਪੜ੍ਹਾ ਲਏ ਪ੍ਰਾਈਵੇਟ ਅੰਗਰੇਜ਼ੀ ਸਕੂਲਾਂ ਵਿੱਚ। ਜਿਨ੍ਹਾਂ ਦੇ ਸਿਰੋਂ ਤਨਖਾਹਾਂ ਲੈਂਦੇ ਨੇ, ਉਨ੍ਹਾਂ ਦੇ ਜੜੀਂ ਤੇਲ ਦੇਈ ਜਾਂਦੇ ਨੇ।... ਸਭ ਇੱਥੇ ਪੇਸ਼ ਆਉਣੀਆਂ।"

ਸ਼ਾਇਦ ਕਿਸੇ ਨੇ ਉਹਨਾਂ ਦੇ ਘਰ ਕੋਲੋਂ ਲੰਘਦਿਆਂ ਇਹ ਗੱਲ ਸੁਣਾ ਕੇ ਕਹੀ ਸੀ। ਮੈਡਮ ਸਤਿੰਦਰ ਤ੍ਰਭਕੀ ਗਈ ਸੀ। ਉਹਦੇ ਸਾਹਮਣੇ ਇੰਦਰਪ੍ਰੀਤ ਵਰਗੇ ਅਨੇਕਾਂ ਗਰੀਬ ਵਿਦਿਆਰਥੀਆਂ ਦੇ ਚਿਹਰੇ ਘੁੰਮਣ ਲੱਗ ਪਏ ਸਨ, ਜਿਹੜੇ ਇੰਜਨੀਅਰਿੰਗ ਜਾਂ ਮੈਡੀਕਲ ਵਿਚ ਦਾਖ਼ਲੇ ਲਈ ਟੈਸਟ ਹੀ ਕਲੀਅਰ ਨਹੀਂ ਕਰ ਸਕੇ। ਬੱਸ ਖਿੱਚ-ਧੂਹ ਕੇ ਪਲੱਸ ਟੂ ਕਰ ਗਏ ਜਾਂ ਵਿਚ-ਵਿਚਾਲੇ ਹੀ ਰਹਿ ਗਏ। ਹੁਣ ਮੈਡਮ ਸਤਿੰਦਰ ਨੂੰ ਵੀ ਲੱਗ ਰਿਹੈ–

'ਇਹਨਾਂ ਗਰੀਬ ਨਿਆਣਿਆਂ ਦਾ ਈ ਉਹਨੂੰ ਪਾਪ ਲੱਗਾ।'

ਉਹ ਕਦੇ ਕਿਸੇ ਗੁਰਦੁਆਰੇ ਭੁੱਲ ਬਖਸ਼ਾਉਣ ਜਾਂਦੀ ਹੈ ਤੇ ਕਦੇ ਕਿਤੇ।

'ਇੱਥੇ ਈ ਭੁਗਤਣੀਆਂ ਪੈਣੀਆਂ।' ਉਹ ਵਾਹਿਗੁਰੂ-ਵਾਹਿਗੁਰੂ ਕਰਦੀ ਬੁੜ-ਬੁੜ ਕਰਨ ਲੱਗ ਪੈਂਦੀ ਹੈ।

ਹੁਣ ਉਹ ਪਛਤਾ ਵੀ ਰਹੀ ਹੈ। ਹਰਸੇਵ ਤਾਂ ਹੁਸ਼ਿਆਰ ਵਿਦਿਆਰਥੀ ਸੀ। ਐਵੇਂ ਉਸ ਦੇ ਕੋਲ ਦੋ ਸਾਲ ਚੰਡੀਗੜ੍ਹ ਬੈਠੀ ਰਹੀ। ਕਲਕੱਤੇ ਕਿਹੜਾ ਉਸਦੇ ਕੋਲ ਰਹੀ ਸੀ। ਹਰਸੇਵ ਨੇ ਪਹਿਲੀ ਪੋਜੀਸ਼ਨ ਮਾਰੀ ਸੀ। ਇਸੇ ਕਾਰਨ ਉਹਨੂੰ ਇੱਕ ਅਮਰੀਕਨ ਕੰਪਨੀ ਨੇ ਦੱਸ ਲੱਖ ਦਾ ਪੈਕੇਜ ਦੇ ਕੇ ਨੌਕਰੀ ਲਈ ਅਪੋਇੰਟਮੈਂਟ ਕੀਤੀ ਸੀ। ਥਰੀ ਸਟਾਰ ਸ਼ਿਪਿੰਗ ਪ੍ਰਾਈਵੇਟ ਲਿਮ. ਕੰਪਨੀ ਨੇ ਕਲਕੱਤੇ ਦੀ ਉਸ ਇੰਸਟੀਚਿਊਟ

ਤੋਂ ਤਿੰਨ ਇੰਜੀਨੀਅਰ ਡਫ਼ਰਿੰਗ ਲਈ ਚੁਣੇ ਸਨ। ਹਰਸੇਵ ਦੇ ਨਾਲ ਅਰਬਾਜ਼ ਤੇ ਜਾਰਜ ਸਨ। ਪੂਨੀ ਪਰਿਵਾਰ ਘਰ ਵਿੱਚ ਜਸ਼ਨ ਮਨਾ ਰਿਹਾ ਸੀ। ਹਰਸੇਵ ਦੀ ਮੰਮੀ ਨੇ ਗੁਰੂ ਘਰ ਅਖੰਡ ਪਾਠ ਵੀ ਰਖਾਇਆ ਸੀ।

ਫ਼ੇਰ ਉਹ ਸਮੁੰਦਰ ਦੀਆਂ ਛੱਲਾਂ ਦਾ ਸ਼ਾਹ ਸਵਾਰ ਹੋ ਗਿਆ ਸੀ। ਉਹ ਇੰਜਣਾਂ ਦੀ ਮੈਨਟੀਨੈਸ ਦਾ ਸਪੈਸਲਿਸਟ ਇੰਜੀਨੀਅਰ ਬਣ ਕੇ ਉਭਰਿਆ ਸੀ। ਜਾਰਜ ਸ਼ਿਪ ਡੀਜਾਈਨਿੰਗ ਦਾ ਤੇ ਅਰਬਾਜ਼ ਸ਼ਿਪ ਦੀ ਨੈਵੀਗੇਸ਼ਨ ਦਾ। ਇਸ ਕੰਪਨੀ ਦੇ ਸ਼ਿਪ ਵੱਖ-ਵੱਖ ਦੇਸ਼ਾਂ ਵਿੱਚ ਕੈਮੀਕਲ ਲੈ ਕੇ ਜਾਣ ਦਾ ਕੰਮ ਵੀ ਕਰਦੇ ਸਨ।

ਉਹ ਤ੍ਰਭਕ ਕੇ ਉਠਿਆ ਹੈ। ਬਾਂਹ 'ਤੇ ਪਾਣੀ ਦਾ ਛਿੱਟਾ ਡਿੱਗਿਆ ਹੋਇਆ ਹੈ। ਉਸਦਾ ਮਸਾਂ ਸਾਹ ਰਲਿਆ ਹੈ। ਉਹਨੂੰ ਕੈਮੀਕਲ ਦੀ ਬੂੰਦ ਦਾ ਭੁਲੇਖਾ ਲੱਗਿਆ ਹੈ। ਉਹ ਕੈਮੀਕਲ ਬੜੇ ਖ਼ਤਰਨਾਕ ਸਨ। ਜੇ ਉਹਦੀ ਇੱਕ ਬੂੰਦ ਵੀ ਬਾਂਹ ਉਪਰ ਪੈ ਜਾਂਦੀ ਤਾਂ ਬਾਂਹ ਨੂੰ ਛੇਕ ਕਰਕੇ ਹੇਠਾਂ ਨਿਕਲ ਜਾਂਦੀ। ਹੁਣ ਉਹ ਸੰਭਲਿਆ ਹੈ। ਪਰ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੋਇਆ। ਪਹਿਲਾਂ ਨਾਲੋਂ ਦਰਦ ਕੁਝ ਘਟਿਆ ਜ਼ਰੂਰ ਹੈ। ਗਿਰਾਸੀਮ ਚਾਹੁੰਦਾ ਹੈ, ਉਹ ਕੁਝ ਬੋਲੇ ਵੀ। ਹਰਸੇਵ ਨੇ...ਗੱਲ ਸ਼ੁਰੂ ਕੀਤੀ ਹੈ-

* * * * * * * * * * * * * * * *

ਮੈਂ ਆਪਣੇ ਦੋਸਤਾਂ ਨਾਲ ਸ਼ਿਪ ਵਿੱਚ ਸਵਾਰ ਹੋ ਗਿਆ ਸੀ। ਮੈਂ ਉਸ ਕੰਪਨੀ ਦਾ ਸਭ ਤੋਂ ਛੋਟੀ ਉਮਰ ਦਾ ਇੰਜੀਨੀਅਰ ਸੀ। ਮੇਰੇ ਨਾਲ ਮੇਰੇ ਸੀਨੀਅਰ ਵੀ ਸਨ ਤੇ ਮੇਰੇ ਅਫ਼ਸਰ ਵੀ। ਉਨ੍ਹਾਂ ਅਫ਼ਸਰਾਂ ਦੀਆਂ ਸੁੰਦਰ ਬੀਵੀਆਂ ਵੀ। ਮੇਰੇ ਵਿੱਚ ਅਨਰਜੀ ਬਹੁਤ ਸੀ। ਉਹ ਮੇਰੀ ਜਵਾਨੀ ਦੇਖ ਕੇ ਹਾਉਕੇ ਭਰਦੀਆਂ। ਮੇਰੀ ਚੌੜੀ ਛਾਤੀ ਤੇ ਫ਼ਰਕਦੇ ਡੌਲੇ ਦੇਖਦੀਆਂ ਰਹਿ ਜਾਂਦੀਆਂ। ਕੋਈ ਕੋਈ ਲੜਕੀ ਪਿਆਰ ਦਾ ਨਿਹੋਰਾ ਮਾਰ ਦਿੰਦੀ।

"ਪਿਆਰ, ਨਈਂ...।" ਮੈਂ ਕਹਿ ਉੱਠਦਾ।

ਮੇਰੀ ਨਿਗ੍ਹਾ ਤਾਂ ਡੈਡੀ ਦੇ ਸੁਪਨੇ ਪੂਰੇ ਕਰਨ ਦੀ ਸੀ। ਮੇਰੇ ਗਿਰਾਸੀਮ, ਮੇਰੀ ਉਮਰ ਦੇ ਨੌਜਵਾਨਾਂ ਵਿੱਚ ਤਾਂ ਜੁਆਨੀ ਦਾ ਜਨੂੰਨ ਹੁੰਦਾ ਹੈ। ਉਹਨੂੰ ਅਰਬਾਜ਼ ਨੂੰ ਲੈ ਲਉ। ਉਹ ਸ਼ਿਪ ਵਿੱਚ ਦਗੜ-ਦਗੜ ਕਰਦਾ ਫ਼ਿਰਦਾ। ਨੱਢੀਆਂ ਨਾਲ ਘਿਸਰ-ਘਿਸਰ ਲੰਘਦਾ ਤੇ ਫ਼ੇਰ ਜਦੋਂ ਮੌਕਾ ਮਿਲਦਾ...। ਮੈਨੂੰ ਤੇ ਡਿਊਟੀ ਦਾ ਨਸ਼ਾ ਸੀ ਜਾਂ ਤੂੰ ਕਹਿ ਲੈ ਪੈਸੇ ਕਮਾਉਣ ਦਾ। ਮੇਰੀ ਤਿੰਨ ਸਾਲ ਦੀ ਕਮਾਈ ਨਾਲ ਇਹ ਕੋਠੀ ਬਣੀ ਹੋਈ ਹੈ। ਦੱਸ ਇਸ ਕੋਠੀ ਵਿੱਚ ਦੁਨੀਆਂ ਦੀ ਕਿਹੜੀ ਸ਼ੈਅ ਨਹੀਂ ਹੈ।... ਤੇ ਮੈਨੂੰ ਆਹ ਕਮਰਾ ਦਿੱਤਾ ਜਿੱਦਾਂ ਮੈਂ...। ਮੈਂ ਇੰਜੀਨੀਅਰ ਹਰਸੇਵ ਸਿੰਘ ਪੂਨੀ ਜਿਹਨੂੰ ਕਦੇ ਸਲੂਟ ਵਜਦੇ ਸਨ, ਅੱਜ ਉਹ !

ਕਰਨਬੀਰ ਕਨੈਡਾ ਸੈਟਲ ਹੋ ਗਿਆ। ਮੁੜ ਕੇ ਨਹੀਂ ਪਿੱਛਾ ਦੇਖਿਆ ਉਹਨੇ। ਮੰਮੀ ਡੈਡੀ ਨੂੰ ਡਾਲਰ ਭੇਜਦਾ ਹੋਏਗਾ। ਮੈਨੂੰ ਤਾਂ...। ਮੈਂ ਪਾਈ-ਪਾਈ ਇਸ ਘਰ ਵਿੱਚ ਲਾਈ। ਹੁਣ ਮੈਂ ਇਨ੍ਹਾਂ ਦੇ ਹੱਥਾਂ ਵੱਲ੍ਹ ਦੇਖਦਾਂ ਰਹਿੰਨਾਂ।

"ਤੇ ਅੰਕਲ...?" ਗਿਰਾਸੀਮ ਨੇ ਸੈਲਫ਼ 'ਤੇ ਪਈ ਡੈਡੀ ਦੀ ਫ਼ੋਟੋ ਵੱਲ ਇਸ਼ਾਰਾ ਕੀਤਾ ਏ।

ਉਦੋਂ ਇਹ ਕਿਹੜਾ ਸ਼ਰਾਬ ਨੂੰ ਮੂੰਹ ਲਾਉਂਦਾ ਸੀ। ਇਹਨੇ ਤਾਂ ਸਾਨੂੰ ਨੀਂ ਨੇੜੇ ਜਾਣ ਦਿੱਤਾ। ਬੱਸ ਪੈਸਾ ਕਮਾਉਣ ਦਾ ਝੱਲ ਉਠਿਆ ਹੋਇਆ ਸੀ। ਹੁਣ ਜਦੋਂ

ਦੇਖੋ। ਅੱਖਾਂ ਲਾਲ ਕਰੀ ਫਿਰਦਾ ਹੋਏਗਾ। ...ਜਦਕਿ ਮੇਰਾ ਅਧੀਆ ਪੀਤਾ ਵੀ ਚੁੱਭਦਾ। ਇਹਦੇ ਨਾਲ ਦੇ ਬਿਜਲੀ ਵਾਲੇ ਘਰ ਆ ਵੜਦੇ ਹਨ। ਪੀਣ ਦੇ ਮਾਮਲੇ ਵਿੱਚ ਤਾਂ ਉਹ ਡਰੰਮ ਹਨ। ਇਹਦੇ ਅੰਦਰ ਤਾਂ ਦੋ ਘੁੱਟ ਗਏ ਨੀਂ ਤੇ ਕੀਰਨੇ ਪੈਣੇ ਸ਼ੁਰੂ ਹੋਏ ਨੀਂ। ਇਹਦਾ ਸੁਭਾਅ ਜ਼ਨਾਨੀਆਂ ਵਾਲਾ।

"ਓਏ ਰੱਬਾ। ਅਸੀਂ ਕਿਹੜੇ ਰਸਤੇ ਤੁਰ ਪਏ। ਅਸੀਂ ਬੱਚਿਆਂ ਨੂੰ ਬੱਚੇ ਨਹੀਂ ਰਹਿਣ ਦਿੱਤਾ। ਪ੍ਰੋਡਕਟ ਬਣਾ ਦਿੱਤਾ... ਤੇ ਮਾਰਕਿਟ ਵਿੱਚ ਲਾਂਚ ਕਰ ਦਿੱਤੇ। ਬਖਸ਼ੀਂ ਵਾਹਿਗੁਰੂ।"

ਗਿਰਾਸੀਮ, ਡੈਡੀ ਨੂੰ ਪੁੱਛੀਂ ਮੇਰਾ ਕੀ ਕਸੂਰ ਆ।... ਮੇਰਾ ਦਰਦ? ਉਹ ਸਮੁੰਦਰ??

* * * * * * * * * * * * * * * 

ਸ਼ਿਪ ਸਮੁੰਦਰ ਦੇ ਗਹਿਰੇ ਅਤੇ ਸ਼ਾਂਤ ਪਾਣੀ ਨੂੰ ਚੀਰਦਾ ਹੋਇਆ ਅੱਗੇ ਵੱਧ ਰਿਹਾ ਸੀ। ਇਹ ਸ਼ਿਪ ਨਹੀਂ ਸੀ। ਬਿਜਲੀ ਵਾਲਿਆਂ ਦੀ ਬੋਲੀ ਵਿੱਚ ਕੰਪਨੀ ਦਾ... ਸਰਮਾਏਦਾਰੀ ਦਾ ਮਾਇਆ ਜਾਲ ਸੀ।

ਜਦੋਂ ਸ਼ਿਪ ਕੰਢੇ ਲੱਗਣ ਵਾਲਾ ਹੋਣਾ, ਅਰਬਾਜ਼ ਦਾ ਮਨ ਭਾਰਾ ਹੋ ਜਾਣਾ। ਉਹਦੇ ਅੱਗੇ ਨੰਗੇ ਤੇ ਥਿਰਕਦੇ ਜਿਸਮ ਆ ਜਾਣੇ। ਉਹਨੇ ਕਹਿਣਾ–

"ਮਿਸਟਰ ਹਰਸੇਵ ਸਿੰਘ ਪੂਨੀ, ਚਿੱਤ ਕਰਦਾ ਸਮੁੰਦਰ 'ਚ ਛਾਲ ਮਾਰ ਦਿਆਂ। ਸਾਰਾ ਸਮੁੰਦਰ ਆਪਣੀਆਂ ਬਾਹਾਂ ਦੀ ਤਾਕਤ ਨਾਲ ਤੈਰ ਜਾਵਾਂ। ...ਤੇ ਪੁੱਜ ਜਾਵਾਂ ਉਨ੍ਹਾਂ ਹੁਸੀਨ ਵਾਦੀਆਂ 'ਚ, ਜਿਥੇ ਗੋਰੇ ਜਿਸਮ ਹੋਣ, ਕਬਾਬ ਹੋਵੇ ਤੇ ਸ਼ਰਾਬ ਹੋਵੇ।"

ਸ਼ਿਪ ਬੰਦਰਗਾਹ ਤੇ ਜਾ ਲਗਦਾ। ਮੇਰਾ ਯਾਰ ਕੈਪ ਲਾਹ ਕੇ ਪਰ੍ਹਾਂ ਸੁੱਟ ਦਿੰਦਾ। ਸਿਵਲ ਵਰਦੀ ਵਿੱਚ ਹੋ ਜਾਂਦਾ। ਪੱਬਾਂ ਅਤੇ ਕਲੱਬਾਂ ਵੱਲ ਇਵੇਂ ਦੌੜਦਾ ਜਿਵੇਂ ਪਿੰਜਰੇ ਵਿੱਚੋਂ ਰੰਗ ਬਿਰੰਗੇ ਪੰਛੀ ਛੁੱਟੇ ਹੋਣ। ਫ਼ਿਰ... ਸਭ ਕੁਝ। ਪੱਬ, ਪੈੱਗ, ਡਾਂਸਰਾਂ, ਡਾਂਸ, ਰੰਗੀਨ ਰਾਤਾਂ...।

ਗਿਰਾਸੀਮ, ਉਂਝ ਸ਼ਿਪ ਦੇ ਸਭ ਭਲਵਾਨ ਅਖਾੜੇ ਵਿੱਚ ਘੁਲਣ ਜਾਂਦੇ ਸਨ। ਪਰ ਪਟਕੇ ਦੀ ਝੰਡੀ ਆਪਣੇ ਅਰਬਾਜ਼ ਦੇ ਹੀ ਹੱਥ ਹੁੰਦੀ। ਉਹ ਅਜੇ ਵੀ ਸਮੁੰਦਰ ਵਿੱਚ ਤਾਰੀਆਂ ਲਾਉਂਦਾ ਹੋਣੈ। ਕਿਨਾਰਿਆਂ ਤੇ ਫਿਰਦੀਆਂ 'ਮੱਛੀਆਂ' ਨਾਲ ਉੱਪਰ ਥੱਲੇ ਹੁੰਦਾ ਹੋਣਾ। ...ਮੈਂ? ਮੈਂ ਇਥੇ ਸੜ ਰਿਹਾਂ। ਬੈੱਡ ਤੇ ਪਿਆ ਤੜਫ ਰਿਹਾਂ। ਮੇਰੇ ਦਰਦ ਦੀ ਤਾਂ ਕੋਈ ਕਲਪਨਾ ਵੀ ਨਈਂ ਕਰ ਸਕਦਾ।

ਇੱਕ ਦਿਨ ਮੈਂ ਚਾਰੇ ਪਾਸੇ ਫ਼ੈਲੇ ਸਮੁੰਦਰ ਦੇ ਪਾਣੀ ਨੂੰ ਦੇਖ ਰਿਹਾ ਸਾਂ। ਤੂਫ਼ਾਨ ਆ ਗਿਆ ਸੀ। ਰੇਡਿਓ ਅਫ਼ਸਰ ਨੇ ਅਗਲੇ ਚੌਵੀ ਘੰਟਿਆਂ ਦੇ ਮੌਸਮ ਦੀ ਰਿਪੋਰਟ ਕੈਪਟਨ ਦੇ ਹੱਥ ਫ਼ੜਾਈ ਸੀ। ਤੂਫ਼ਾਨ ਦੀ ਨਿਊਜ਼ ਸੁਣ ਕੇ ਭਗਦੜ ਮੱਚ ਗਈ ਸੀ। ਮੈਂ ਇੰਜਣ ਰੂਮ ਵਿੱਚ ਡਿਊਟੀ ਸੰਭਾਲ ਲਈ ਸੀ। ਜਹਾਜ਼ ਦੀ ਦਿਸ਼ਾ, ਜਹਾਜ਼ ਦੀ ਸਪੀਡ, ਹਵਾ ਦੀ ਦਿਸ਼ਾ, ਹਵਾ ਦੀ ਸਪੀਡ, ਸਮੁੰਦਰ ਦੇ ਪਾਣੀ ਵਿੱਚ ਚੱਲ ਰਹੇ ਕਰੰਟ ਤੇ ਕਰੰਟ ਦੀ ਗਤੀ ਨੋਟ ਬੁੱਕ ਤੇ ਨੋਟ ਕਰੀ ਜਾ ਰਿਹਾ ਸੀ। ਨਾਲੋਂ ਨਾਲ ਡਿਊਟੀ ਅਧਿਕਾਰੀ ਨੂੰ ਵੀ ਨੋਟ ਕਰਵਾ ਰਿਹਾ ਸੀ। ਇੰਜਣ ਦਾ ਬੜਾ ਜ਼ੋਰ ਲੱਗ ਰਿਹਾ ਸੀ। ਇੰਜਣ ਕੰਟਰੋਲ ਰੂਮ ਵਿੱਚ ਇੱਕ ਤੋਂ ਬਾਅਦ ਇੱਕ ਅਲਾਰਮ ਵੱਜਣ

ਲੱਗਾ। ਮੇਨ ਇੰਜਣ ਦੇ ਲੋਡ-ਇੰਡੀਕੇਟਰ ਦੀ ਸੂਈ ਵਾਰ-ਵਾਰ ਲਾਲ ਨਿਸ਼ਾਨ ’ਤੇ ਜਾ ਰਹੀ ਸੀ। ਇੰਜਣ ਰੂਮ ਵਿੱਚ ਸੰਨਾਟਾ ਛਾ ਗਿਆ ਸੀ। ਜਹਾਜ਼ ਦੇ ਦੋ ਹਿੱਸੇ ਹੋਣ ਵਾਲੇ ਸਨ।

ਹਾਂ, ਗਿਰਾਸਿਮ ਪੇਟ ਵਿੱਚ ਦਰਦ ਹੋਣ ਲੱਗ ਪਿਆ ਹੈ। ਜਿੱਦਾਂ ਨਾਲੋਂ ਕੁੱਝ ਟੁੱਟਣ ਲੱਗਾ ਹੈ।

... ਯਾਰ ਤੂੰ ਮੇਰਾ ਲੇਖਾ ਦਿੰਦਾ ਪਿਆਂ। ਪਹਿਲਾਂ ਟਾਇਲਟ ਸੀਟ ’ਤੇ ਲੈ ਕੇ ਗਿਆ। ਹੁਣ ਬਿਸਤਰੇ ’ਤੇ ਪਾ ਕੇ ਹੱਟਿਆਂ। ... ਲੈ ਹੁਣ ਪਾਣੀ ਦਾ ਗਿਲਾਸ ਫੜ ਕੇ ਖੜ੍ਹ ਗਿਆ। ... ਰਾਜ਼ੀ ਰਹਿ ਬਈ ਬੱਲਿਆ। ਤੇਰਾ ਦੇਣਾ ਕਿਥੇ ਦੇਊਂ।

ਗਿਰਾਸੀਮ ਕਿਥੇ ਸੀ ਮੈਂ? ... ਹਾਂ ਯਾਦ ਆ ਗਿਆ।

ਮੈਂ ਉਹਨਾਂ ਦਿਨਾਂ ਵਿੱਚ ਟਾਲਸਟਾਏ ਦਾ ਨਾਵਲ ‘ਡੈੱਥ ਆਫ ਈਵਾਨ ਇਲੀਚ’ ਪੜ੍ਹਿਆ ਤਾਂ ਮਹਿਸੂਸ ਕੀਤਾ। ਸੋਚਿਆ

‘ਈਵਾਨ ਇਲੀਚ ਮਰ ਰਿਹਾ। ... ਪਲ ਪਲ ਮਰ ਰਿਹਾ। ਉਹਦੀ ਮੌਤ ਦਾ ਹਰ ਲਮਹਾ ਲਿਖਣਾ...ਇਹ ਕਿੰਨੀ ਕਲਾਸਿਕ ਰਚਨਾ ਹੈ। ਇਹ ਟਾਲਸਟਾਏ ਹੀ ਲਿਖ ਸਕਦਾ ਹੈ।... ਕਿੰਨੀ ਕਲਾਤਮਿਕਤਾ ਨਾਲ ਉਹਨੇ ਇੱਕ ਮਰ ਰਹੇ ਵਿਅਕਤੀ ਦੀ ਮੌਤ ਨੂੰ ਚਿਤਰਿਆ ਹੈ।’

ਮੈਂ ਅਰਬਾਜ਼ ’ਤੇ ਜ਼ੋਰ ਪਾਉਂਦਾ ਸੀ ਕਿ ਉਹ ਵੀ ਇਹ ਨਾਵਲਿਟ ਪੜ੍ਹੇ। ਉਹ ਨਾਂਹ ਵਿੱਚ ਸਿਰ ਮਾਰ ਦਿੰਦਾ। ਮੈਂ ਉਹਦਾ ਇੰਟਰੱਸਟ ਬਣਾਉਣ ਲਈ ਕਹਾਣੀ ਸੁਣਾਉਂਦਾ। ਲੈ ਗਿਰਾਸੀਮ, ਤੂੰ ਵੀ ਸੁਣ...।

– ਈਵਾਨ ਇਲੀਚ ਅਦਾਲਤ ਵਿਚ ਫ਼ੈਸਲੇ ਸੁਣਾਉਂਦਾ ਹੈ। ਲੋਕਾਂ ਦੇ ਝਗੜੇ ਮੁਕਾਉਂਦਾ। ਪਰ ਆਪ ਝਗੜਾਲੂ ਕਿਸਮ ਦੀ ਪਤਨੀ ਪਰਾਸਕੋਵੀਆ ਦੇ ਵੱਸ ਪਿਆ ਹੋਇਆ ਹੈ। ਉਹਦੀ ਵੱਖੀ ਵਿੱਚ ਸਟੂਲ ਵੱਜ ਜਾਂਦਾ ਏ। ਉਹਦੇ ਦਰਦ ਰਹਿਣ ਲੱਗ ਪੈਂਦਾ ਏ। ਮੌਤ ਦਾ ਖੌਫ਼ ਉਸਦੇ ਦਿਲ ਉੱਤੇ ਬੈਠ ਜਾਂਦਾ ਹੈ। ਅੱਖਾਂ ਵਿੱਚ ਜ਼ਿੰਦਗੀ ਦੀ ਕੋਈ ਚਮਕ ਨਹੀਂ। ਪਤਨੀ ਉਹਦੀ ਬਿਮਾਰੀ ਤੋਂ ਬੇਖ਼ਬਰ ਹੈ। ਸਿਰਫ਼ ਉਹਦਾ ਨੌਕਰ ਗਿਰਾਸੀਮ ਉਹਦੀ ਦੇਖਭਾਲ ਕਰਦਾ ਹੈ। ਉਹ ਘੋਰ ਨਿਰਾਸ਼ਾ ਵਿੱਚ ਡੁੱਬਿਆ ਹੋਇਆ ਹੈ। ਭਿਆਨਕ ਤੇ ਨਾ ਸਮਝ ਆਉਣ ਵਾਲੀ ਮੌਤ ਦੀ ਉਡੀਕ ਵਿੱਚ ਤੜਫ਼ ਰਿਹਾ ਹੈ। ਕਿਆ ਮੌਤ ਹੈ...। ਕਮਾਲ...।

ਮੈਨੂੰ ਜਦੋਂ ਵੀ ਕਦੇ ਮੌਕਾ ਮਿਲਦਾ, ਮੈਂ ਨਾਵਲਿਟ ਦਾ ਕੋਈ ਨਾ ਕੋਈ ਐਪੀਸੋਡ ਉਸ ਨੂੰ ਸੁਣਾਉਣ ਲੱਗ ਪੈਂਦਾ। ਉਹ ਇੱਕ ਕੰਨ ਰਾਹੀਂ ਸੁਣਦਾ ਤੇ ਦੂਜੇ ਕੰਨ ਰਾਹੀਂ ਕੱਢ ਦਿੰਦਾ। ਉਹ ਤਾਂ ਇਸ ਉਡੀਕ ਵਿੱਚ ਹੁੰਦਾ-ਕਦੋਂ ਬੰਦਰਗਾਹ ’ਤੇ ਲੱਗੀਏ। ਲੇਬਰ ਸਾਮਾਨ ਉਤਾਰੇ। ਫੇਰ ਸ਼ਿਪ ਦੇ ਸਫ਼ਾਈ ਵਾਲੇ ਦਿਨਾਂ ਵਿੱਚ ਕਲੱਬ ਜਾਈਏ। ਮਾਲਾਂ ਵਿੱਚ ਖਰੀਦੋ-ਫਰੋਖਤ ਕਰੀਏ। ...ਤੇ ਫਿਰ ਮਸਤੀ।

ਸ਼ਾਇਦ ਸਮੁੰਦਰ ਵਾਲਾ ਤੂਫ਼ਾਨ ਮੇਰੇ ਅੰਦਰ ਵੀ ਆਇਆ ਹੋਇਆ। ਉਦੋਂ ਵੀ ਆਇਆ ਸੀ। ਦੂਰ-ਦੂਰ ਤੱਕ ਚਾਰੇ ਪਾਸੇ ਪਾਣੀ ਹੀ ਪਾਣੀ ਖੌਲਦਾ ਪਿਆ ਸੀ। ਉਪਰ ਤਾਰਿਆਂ ਦੀ ਛੱਤ ਸੀ। ਅਰਬਾਜ਼ ਨੇ ਅੱਕ ਕੇ ਨਾਵਲਿਟ ਦੀ ਕਾਪੀ ਪਾਣੀ ਵਿੱਚ ਵਗਾਹ ਮਾਰੀ ਸੀ। ਤੂਫ਼ਾਨ ਠੱਲਣ ਦਾ ਨਾਂ ਨਹੀਂ ਸੀ ਲੈ ਰਿਹਾ। ਵਾਸ਼ਿੰਗਟਨ ਨੇ ਓਪਰੇਸ਼ਨ ਕਰ ਦਿੱਤਾ ਸੀ ।

* * * * * * * * * * * * * * * *

ਸੁਣ ਗਿਰਾਸੀਮ, ਇੱਕ ਦਿਨ ਡੈਡੀ ਦੇ ਬਿਜਲੀ ਵਾਲੇ ਦੋਸਤ ਪੀਂਦੇ ਹੋਏ ਕਹਿ ਰਹੇ ਸਨ–

"ਸਾਮਰਾਜ ਦੀ ਮਾਰ ਬੜੀ ਤਿੱਖੀ ਆ। ਹੁਣ ਨਈਂ ਇਹਤੋਂ ਕੋਈ ਬਚਦਾ। ਹੁਣ ਤਾਂ ਆਪਣੇ ਘਰ ਬਚਾਉਣੇ ਵੀ ਔਖੇ ਹੋ ਗਏ।"

ਹਾਂ, ਗਿਰਾਸੀਮ। ਮੈਂ ਵੀ ਚਾਰ-ਪੰਜ ਮਹੀਨੇ ਬਚਦਾ ਰਿਹਾ। ਆਖ਼ਰ ਕਿੰਨਾ ਚਿਰ ਬੱਕਰੇ ਦੀ ਮਾਂ ਖੈਰ ਮਨਾਉਂਦੀ। ਹਰ ਥਾਂ ਦਾ ਆਪਣਾ ਮਾਹੌਲ ਹੁੰਦਾ ਹੈ। ਤੁਸੀਂ ਵੀ ਰੰਗੇ ਈ ਜਾਂਦੇ ਓ। ਮੈਂ ਤਾਂ ਫਿਰ ਵੀ ਲੰਬਾ ਸਮਾਂ ਸਿਰੜ ਰੱਖਿਆ। ਤੁਹਾਨੂੰ ਚੌਵੀ ਘੰਟੇ ਇਕੋ ਹੀ ਮਾਹੌਲ ਮਿਲੇ। ਕਿੰਨਾ ਚਿਰ...? ਮੇਰੇ ਆਲੇ ਦੁਆਲੇ ਸ਼ਬਾਬ ਤੇ ਸ਼ਰਾਬ ਸੀ। ਆਖਰ 'ਪਾਣੀ ਦੀਆਂ ਪਰੀਆਂ' ਸਨ। ਹਰ ਤਰ੍ਹਾਂ ਦਾ ਨਸ਼ਾ ਸੀ। ਪੱਬਾਂ ਤੇ ਕਲੱਬਾਂ ਨੇ...। ਮੈਂ ਵਿਸਕੀ ਦੀਆਂ ਚੁਸਕੀਆਂ ਵੀ ਭਰਨ ਲੱਗ ਪਿਆ ਸਾਂ ਤੇ ਹੁਸਨ ਨੂੰ ਮਾਨਣ ਦਾ ਆਨੰਦ ਵੀ। ਫ਼ੇਰ ਵਸ਼ਿੰਗਟਨ ਨੇ...।

ਅਸੀਂ ਉਸ ਦਿਨ ਵਾਸ਼ਿੰਗਟਨ ਦੇ ਇੱਕ ਹੋਟਲ ਵਿੱਚ ਠਹਿਰੇ ਹੋਏ ਸਾਂ। ਮੇਰਾ ਖਿਆਲ ਪੰਜ ਜਣੇ ਸਾਂ। ਵਿਸਕੀ ਦੀ ਤੀਜੀ ਬੋਤਲ ਸ਼ੁਰੂ ਹੀ ਕੀਤੀ ਸੀ। ਉਹ ਸਾਡੇ ਰੂਮ ਵਿੱਚ ਆ ਗਈ ਸੀ। ਉਹ ਜੁਆਨ ਵੀ ਬੜੀ ਸੀ ਤੇ ਸੁੰਦਰ ਵੀ। ਚਾਰ ਪੈੱਗਾਂ ਨਾਲ ਮੇਰੇ ਪੈਰ ਚੁੱਕੇ ਜਾ ਰਹੇ ਸਨ। ਜਾਰਜ ਨੇ ਮਿਊਜ਼ਿਕ ਲਾ ਦਿੱਤਾ ਸੀ। ਉਹਦਾ ਡਾਂਸ ਸ਼ੁਰੂ ਹੋ ਗਿਆ ਸੀ। ਸਾਡੀਆਂ ਕੁਰਸੀਆਂ ਦੇ ਦੁਆਲੇ ਉਹਦੀਆਂ ਅਦਾਵਾਂ ਨਸ਼ਾਂ ਬਿਖੇਰ ਰਹੀਆਂ ਸਨ। ਹੌਲੀ ਹੌਲੀ ਉਹਨੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ। ਅੰਗਾਂ ਦੀ ਚਮਕ ਲਿਸ਼ਕੌਰੇ ਮਾਰਨ ਲੱਗ ਪਈ। ਉਹ ਨੱਚਦੀ-ਨੱਚਦੀ ਕਿਸੇ ਦੀ ਗੋਦੀ ਵਿੱਚ ਬੈਠ ਜਾਂਦੀ। ਅਗਲਾ ਡਾਲਰ ਉਹਦੀ ਅੰਗੀ ਵਿਚ...। ਸੰਗੀਤ ਦੀ ਧੁਨ ਉੱਚੀ ਹੁੰਦੀ। ਉਹ ਦੂਜੇ ਦੀ ਗੋਦੀ ਜਾ ਬਹਿੰਦੀ। ਵਿਸਕੀ ਦੇ ਪੈੱਗ ਉਹਦੇ ਅੰਦਰ ਵੀ ਜਾ ਰਹੇ ਸਨ। ਉਹ ਝੂਲ ਰਹੀ ਸੀ। ਉਹ ਮੇਰੀ ਗੋਦੀ ਕਈ ਵਾਰ ਡਿਗੀ। ਆਖ਼ਰੀ ਵਾਰ ਡਿਗੀ ਤਾਂ ਉਹ ਉੱਠੀ ਨਾ। ਬਾਕੀਆਂ ਨੇ ਤਾੜੀਆਂ ਮਾਰ ਦਿੱਤੀਆਂ ਸਨ। ਉਨ੍ਹਾਂ ਦੇ ਚੀਕ ਚਿਹਾੜੇ ਵਿੱਚ ਉਸਨੇ ਮੈਨੂੰ 'ਜੱਫਾ' ਮਾਰ ਲਿਆ ਸੀ।

ਘੰਟੇ ਬਾਅਦ ਮੈਂ ਬੈੱਡ ਰੂਮ 'ਚੋਂ ਬਾਹਰ ਆਇਆ ਸੀ। ਵਿਪਨ ਭਾਰਦਵਾਜ ਨੇ ਇਸ ਐਕਸ਼ਨ ਨੂੰ ਜੱਫਾ ਅਪਰੇਸ਼ਨ ਦਾ ਨਾਂ ਦੇ ਦਿੱਤਾ ਸੀ। ਸਾਰਿਆਂ ਨੇ ਹੋ ਹੱਲਾ ਮਚਾ ਦਿੱਤਾ ਸੀ।

ਉਦੋਂ ਗਿਰਾਸੀਮ, ਮੈਨੂੰ ਵੀ ਆਪਣੀ ਜਵਾਨੀ ਜੱਗੋਂ ਤੇਰਵੀਂ ਲੱਗਣ ਲੱਗ ਪਈ ਸੀ। ਮੈਂ ਜਵਾਨੀ ਦੇ ਗਰੂਰ ਵਿੱਚ ਮਸਤ ਹੋ ਗਿਆ ਸੀ। ਕਈ ਅਫ਼ਸਰਾਂ ਦੀਆਂ ਪਤਨੀਆਂ ਵੀ ਮੇਰੇ 'ਤੇ ਮੋਹਿਤ ਹੋ ਜਾਂਦੀਆਂ ਸਨ। ਤੇ ਫ਼ੇਰ ਜਦੋਂ ਮੌਕਾ ਮਿਲਦਾ...। ਜਿਹੜੀਆਂ ਅੱਖ ਨਾ ਮਿਲਾਉਂਦੀਆਂ, ਉਨ੍ਹਾਂ ਵੱਲ ਮੈਂ ਆਪ ਸਿੱਧਾ ਹੋ ਜਾਂਦਾ। ਅੱਖਾਂ ਨਾਲ ਇਸ਼ਾਰੇ ਕਰਨੇ, ਮੇਰੀ ਪਹਿਲੀ ਗੇਮ ਹੁੰਦੀ। ਫ਼ੇਰ ਮੈਂ ਪਤਾ ਨਹੀਂ ਕਿੰਨੀਆਂ ਗੇਮਾਂ ਖੇਡਦਾ। ਜੱਫ਼ੇ ਵਾਲੀ ਗੇਮ ਤਾਂ ਆਖ਼ਰੀ ਹੁੰਦੀ। ਸੱਚ ਜਾਣੀਂ ਗਿਰਾਸੀਮ, ਮੈਂ ਝੂਠ ਨਹੀਂ ਬੋਲਦਾ। ਨਾਲੇ ਮੌਤ ਦੇ ਕੰਢੇ 'ਤੇ ਪਹੁੰਚ ਕੇ ਕਿਸੇ ਕੀ ਪਰੀ ਕਹਾਣੀਆਂ ਸੁਣਾਉਣੀਆਂ।... ਮਿੱਤਰ ਪਿਆਰੇ, ਸਮੁੰਦਰ ਵਿੱਚ ਇੰਨਾ ਲੰਬਾ ਸਮਾਂ ਰਹਿਣਾ ਕਿਹੜਾ ਖਾਲਾ ਜੀ ਦਾ ਵਾੜਾ। ਸਮੁੰਦਰੀ ਸਫ਼ਰ ਤਾਂ ਬੰਦੇ ਨੂੰ ਕਮਲਾ ਕਰ ਦਿੰਦਾ। ਉੱਤੋਂ ਵਾਸ਼ਿੰਗਟਨ...। ਇਸ

ਕਰਕੇ ਭਾਈ, ਸ਼ੁਗਲ ਮੇਲੇ ਸਮੁੰਦਰੀ ਯਾਤਰੀਆਂ ਦੀ ਜ਼ਿੰਦਗੀ ਦਾ ਹਿੱਸਾ ਬਣ ਹੀ ਜਾਂਦੇ ਹਨ।

"ਤੁਹਾਡੇ ਹਿੱਸੇਦਾਰ ਅਰਬਾਜ਼ ਦਾ ਕੀ ਹਾਲ ਆ? ਉਹਨੂੰ ਕਹਿਣਾ ਸੀ...।" ਗਿਰਾਸੀਮ ਨੇ ਅਰਬਾਜ਼ ਕੋਲ਼ੋਂ ਮਦਦ ਦਾ ਕਿੱਸਾ ਛੋਹ ਲਿਆ ਹੈ।

ਗਿਰਾਸੀਮ ਉਹਦੀ ਮੇਰੇ ਨਾਲ ਗੱਲ ਨਾ ਕਰ। ਉਹਨੇ ਯਾਰੀ ਨੀਂ ਨਿਭਾਈ। ਦਗੇਬਾਜ਼...। ਪੰਜੀ ਦੇਣ ਜੋਗਾ ਨੀ। ਮੈਨੂੰ ਉਹਤੋਂ ਮਦਦ ਦੀ ਬੜੀ ਆਸ ਸੀ। ਉਹਨੇ ਮੇਰੀ ਈਮੇਲ ਦਾ ਜਵਾਬ ਹੀ ਨਈਂ ਦਿੱਤਾ।

"ਹੋ ਸਕਦਾ, ਉਹ ਇੰਟਰਨੈਟ ਖੋਲ੍ਹਦਾ ਹੀ ਨਾ ਹੋਵੇ ?"

ਨਈਂ, ਗਿਰਾਸੀਮ। ਅਸੀਂ ਦੋਨੋਂ ਨੈੱਟ ਦੇ ਮਾਹਿਰ ਮੰਨੇ ਜਾਂਦੇ ਸਾਂ। ਲੈਪਟਾਪ ਤੇ ਕੁੜੀ ਸਾਡੀ ਕੱਛ ਵਿੱਚ ਹੁੰਦੇ ਸਨ। ਜੇ ਸ਼ਿਪ ਦੀ 'ਮੱਛੀ' ਨਾ ਫ਼ਸਦੀ ਤਾਂ ਅਸੀਂ ਚੈਟਿੰਗ ਰਾਹੀਂ ਫਸਾ ਲੈਂਦੇ। ਕੁੜੀਆਂ ਨਾਲ ਡੇਟਿੰਗ 'ਤੇ ਜਾਣਾ, ਸਾਡਾ ਸ਼ੁਗਲ ਹੀ ਬਣ ਗਿਆ ਸੀ। ਇਹ ਸਾਰਾ ਕੁਝ ਓਨ ਲਾਈਨ ਹੀ ਕਰਦੇ ਸਾਂ। ਸਾਡੇ ਲਈ ਮੁਲਕਾਂ ਦੀ ਵੀ ਕੋਈ ਬੰਦਸ਼ ਨਈਂ ਸੀ। ਜਿਸ ਬੰਦਰਗਾਹ ਤੇ ਰੁਕਣਾ, ਇੰਤਜ਼ਾਰ ਕਰਨ ਵਾਲੀ ਮੂਹਰੇ ਖੜ੍ਹੀ ਹੁੰਦੀ।

ਬਿਜਲੀ ਵਾਲੇ ਡੈਡੀ ਕੋਲ ਖਾਣ ਪੀਣ ਤੋਂ ਬਾਅਦ ਮੇਰੇ ਕੋਲ ਵੀ ਆ ਜਾਂਦੇ। ਉਹਨੀਂ ਵੀ ਵਸ਼ਿੰਗਟਨ ਵਾਲੀ ਘਟਨਾ ਮੇਰੇ ਤੋਂ ਸੁਣੀ ਸੀ। ਫ਼ੇਰ ਇੱਕ ਬੋਲਿਆ ਸੀ-

"ਸਾਲਾ ਵਸ਼ਿੰਗਟਨ ਸਾਰੀ ਦੁਨੀਆਂ ਨਾਲ ਰੇਪ ਕਰ ਰਿਹਾ। ਅਸੀਂ ਕਿਹੜੇ ਖੇਤ ਦੀਆਂ ਮੂਲੀਆਂ ਆਂ। ਸਾਡੇ ਮੱਧ ਵਰਗ ਨੇ ਤਾਂ ਐਵੇਂ ਪੂੰਛਾਂ ਚੁੱਕੀਆਂ ਹੋਈਆਂ। ਜਿੱਦਾਂ ਕਿਤੇ ਸਾਰੇ ਨਿਆਣਿਆਂ ਨੇ ਡਾਕਟਰ ਇੰਜੀਨੀਅਰ ਹੀ ਬਣ ਜਾਣਾ ਹੁੰਦਾ। ਸਾਮਰਾਜ ਨੇ ਤਾਂ...।"

"ਇਹ ਸਾਮਰਾਜ ਕੀ ਹੁੰਦੇ, ਹਰਸੇਵ?"

ਇਹ ਸਵਾਲ ਪੁੱਛਣ ਵਾਲਾ ਗਿਰਾਸੀਮ ਵੀ ਕਮਲਾ। ਮੈਂ ਤਾਂ ਜਵਾਬ ਦੇਵਾਂ, ਜੇ ਮੈਨੂੰ ਪਤਾ ਹੋਵੇ। ਇਹ ਸਵਾਲ ਮੈਂ ਵੀ ਬਿਜਲੀ ਵਾਲਿਆਂ ਨੂੰ ਪੁੱਛਿਆ ਸੀ। ਉਨ੍ਹਾਂ ਵਾਲਾ ਜਵਾਬ ਦਸ ਦਿੰਨਾ-

"ਸੁਪਨੇ ਵੇਚਣ ਤੇ ਜੇਬਾਂ ਕੱਟਣ ਵਾਲੇ ਵਣਜਾਰਿਆਂ ਦੇ ਪ੍ਰਬੰਧ ਨੂੰ ਸਾਮਰਾਜ ਕਹਿੰਦੇ ਹਨ।"

ਇਹ ਕਹਿ ਕੇ ਮੇਰਾ ਹਾਸਾ ਨਿਕਲ ਗਿਆ ਹੈ।

* * * * * * * * * * * * * * *

ਗਿਰਾਸੀਮ ਦੀ ਅੱਖ ਲੱਗ ਗਈ ਤੇ ਮੈਂ?

ਬੋਲਣ ਦੀ ਥਾਂ ਮੈਂ ਸੋਚਣਾ ਸ਼ੁਰੂ ਕੀਤਾ ਹੈ।

'ਮੈਂ ਦੋ ਸਾਲ ਤੋਂ ਚੰਗੀ ਤਰ੍ਹਾਂ ਸੁੱਤਾ ਨਈਂ। ਭੁੱਖ ਲੱਗਣੋਂ ਵੀ ਬੰਦ ਹੋ ਚੁੱਕੀ ਹੈ। ਕੀ ਕਰਾਂ? ਰੋਟੀ ਅੰਦਰ ਲੰਘਦੀ ਨਹੀਂ। ਸਾਡੇ ਲਾਗੇ ਇੱਕ ਕਨਫੈਕਸ਼ਨਰੀ ਦਾ ਸਟੋਰ ਹੈ। ਗਿਰਾਸੀਮ ਉਥੋਂ ਠੰਡੀ ਲੱਸੀ ਲੈ ਆਉਂਦਾ ਹੈ। ਮੈਂ ਪੀ ਲੈਂਦਾ ਜਾਂ ਕੋਈ ਸੂਪ ਜਾਂ ਕੋਈ ਹੋਰ ਜੂਸ।...ਹਾਂ ਇੱਕ ਚੀਜ਼ ਹੈ ਜੋ ਬਿਨਾਂ ਨਾਗਾ ਪੀਂਦਾ ਹਾਂ। ...ਤੇ ਉਹ ਹੈ ਸ਼ਰਾਬ। ਨਾ ਪੀਵਾਂ ਤਾਂ ਅੱਖਾਂ ਪਾੜ-ਪਾੜ ਕੇ ਛੱਤ ਵੱਲ ਦੇਖਦਾ ਰਹਿੰਦਾ ਹਾਂ। ਜਾਗਾ ਕਿਵੇਂ ਕੱਟਾਂ? ਸ਼ਰਾਬ ਅੰਦਰ ਗਈ ਨਹੀਂ। ਤੇ ਅੱਖ ਲੱਗੀ ਨਹੀਂ। ਦੋ ਕੁ

ਘੰਟੇ ਸੌਂ ਹੀ ਲੈਂਦਾ ਹਾਂ।

ਜਦੋਂ ਮੈਂ ਸ਼ਿਪ ਤੋਂ ਆਇਆ, ਉਦੋਂ ਵਿਸਕੀ ਜਾਂ ਸਮੈਕ ਪੀਂਦਾ ਸੀ। ਫੇਰ ਮੈਨੂੰ ਟੀ ਬੀ ਹੋ ਗਈ। ਟੀ ਬੀ ਤੋਂ ਬਚਣ ਲਈ ਡਾਕਟਰਾਂ ਨੇ ਮੈਨੂੰ ਸਮੈਕ ਛੱਡਣ ਦੀ ਸਲਾਹ ਦਿੱਤੀ। ਜਦ ਤੱਕ ਮੈਂ ਮੋਟਰ ਸਾਇਕਲ ਚਲਾ ਸਕਿਆ, ਇਹ ਨਸ਼ੇ ਛੱਕਦਾ ਰਿਹਾ। ਇਨ੍ਹਾਂ ਨਸ਼ਿਆਂ ਨੇ ਮੈਨੂੰ ਬੜਾ ਕਮਜ਼ੋਰ ਕਰ ਦਿੱਤਾ ਸੀ। ਬਿਮਾਰੀ ਦਾ ਹਮਲਾ ਵਧਿਆ ਤਾਂ ਮੈਂ ਮੰਜਾ ਮੱਲ ਲਿਆ। ਪਰ ਸ਼ਰਾਬ ਤੇ ਸਿਗਰਟ ਨਹੀਂ ਛੱਡ ਹੋਈ।

ਸਪੈਸ਼ਲਿਸਟ ਇੰਜੀਨੀਅਰ ਦੀ ਹਉਂਮੇ ਵਿੱਚ ਨੌਕਰੀ ਕਰ ਰਹੇ ਨੂੰ ਚਿੱਤ ਚੇਤਾ ਵੀ ਨਈਂ ਸੀ ਕਿ ਸੰਸਾਰ ਪੱਧਰ ਦੀ ਕੰਪਨੀ ਮੈਨੂੰ ਜੌਬ ਤੋਂ ਜਵਾਬ ਦੇ ਦਏਗੀ। ਹਰ ਛੇ ਮਹੀਨੇ ਬਾਅਦ ਹੋਣ ਵਾਲੇ ਮੈਡੀਕਲ ਚੈਕਅੱਪ ਵਿੱਚ ਮੈਂ ਰੋਗੀ ਪਾਇਆ ਗਿਆ ਸੀ। ਐਚ ਆਈ ਵੀ ਪੋਜੇਟਿਵ ਦੀ ਡਾਕਟਰੀ ਰਿਪੋਰਟ ਅਤੇ ਜੌਬ ਤੋਂ ਜਵਾਬ ਵਾਲਾ ਲੈਟਰ ਇੱਕ ਲਿਫ਼ਾਫ਼ੇ ਵਿਚ ਪਾ ਕੇ ਮੇਰੇ ਹੱਥ ਫ਼ੜਾ ਦਿੱਤੇ ਗਏ ਸਨ। ਮੈਂ ਟੁੱਟੇ ਹੋਏ ਦਿਲ ਨਾਲ ਘਰ ਪੁੱਜਾ ਸੀ। ਸਾਰਾ ਟੱਬਰ ਸੋਗ ਵਿੱਚ ਡੁੱਬ ਗਿਆ ਸੀ। ਮੰਮਾ ਤਾਂ ਰੋ-ਰੋ ਕੇ ਝੱਲੀ ਹੋ ਗਈ ਸੀ। ਪਰ ਮੈਂ ਆਪਣੇ ਆਪ ਨੂੰ ਐਚ ਆਈ ਵੀ ਪੋਜੇਟਿਵ ਮੰਨਣ ਲਈ ਤਿਆਰ ਹੀ ਨਹੀਂ ਸੀ।

ਡੈਡੀ ਅਗਲੇ ਦਿਨ ਹੀ ਮੈਨੂੰ ਪੈਥੋਲੋਜੀ ਲੈਬੋਰਟਰੀ ਲੈ ਗਏ। ਬਲੱਡ ਟੈਸਟ ਦੀ ਰਿਪੋਰਟ ਇੱਥੇ ਵੀ ਪੋਜੇਟਿਵ ਸੀ। ਉਸੇ ਦਿਨ ਅਸੀਂ ਦੂਜੀ ਲੈਬ ਜਾ ਵੜੇ। ਇਸ ਲੈਬ ਨੇ ਨੈਗੇਟਿਵ ਰਿਜਲਟ ਦਿੱਤਾ ਸੀ। ਦੂਜੀ ਲੈਬ ਦੀ ਰਿਪੋਰਟ ਦੇਖ ਕੇ ਮੰਮੀ ਦੇ ਸਾਹ ਵਿਚ ਸਾਹ ਆਇਆ ਸੀ। ਤੀਜੀ ਲੈਬ ਜਾਣ ਵੇਲੇ ਉਹ ਆਪ ਨਾਲ ਗਏ ਸਨ। ਤੀਜੀ ਲੈਬ ਵਾਲਿਆਂ ਦੋਨੋਂ ਰਿਪੋਰਟਾਂ ਪੜ੍ਹੀਆਂ ਸਨ। ਫਿਰ ਆਪਣੀ ਰਿਪੋਰਟ ਵੇਲੇ ਕਹਿ ਦਿੱਤਾ-

"ਐੱਚ ਆਈ ਵੀ ਪੋਜਟਿਵ ਹੈ ਤਾਂ ਨਹੀਂ, ਪਰ ਹੋਣ ਦੀ ਪੋਸੀਬਿਲਟੀ ਹੈ।"

ਮੇਰੇ ਮੂੰਹੋਂ ਡਾਕਟਰ ਨੂੰ ਕਿਲੋ ਦੀ ਗਾਲ ਨਿਕਲੀ ਸੀ। ਮੈਨੂੰ ਆਪਣੀ ਕੰਪਨੀ ਵਾਲਿਆਂ ਤੋਂ ਬਾਅਦ ਸਭ ਤੋਂ ਵੱਧ ਨਫ਼ਰਤ ਡਾਕਟਰਾਂ ਨਾਲ ਹੈ। ਮੈਂ ਆਪਣੀ ਮੰਮਾਂ ਨੂੰ ਕਿਹਾ ਸੀ-

"ਮੰਮਾ, ਮੈਂ ਐਚ ਆਈ ਵੀ ਪੋਜੇਟਿਵ ਕੰਪਨੀ ਦੀ ਬਦੌਲਤ ਹਾਂ। ਇਹ ਮੇਰੇ ਖਿਲਾਫ਼ ਇਨ੍ਹਾਂ ਲੋਕਾਂ ਦੀ ਸਾਜ਼ਿਸ ਹੈ। ਡਾਕਟਰ ਵੀ ਕੰਪਨੀ ਨਾਲ ਰਲੇ ਹੋਏ ਆ। ਮੈਨੂੰ ਇਸ ਸਾਲ ਪੰਜਾਹ ਲੱਖ ਦਾ ਪੈਕਜ ਦੇਣਾ ਪੈਣਾ ਸੀ। ਅਗਲਿਆਂ ਨੂੰ ਦੱਸ ਲੱਖ ਵਾਲੇ ਮਿਲ ਗਏ ਤੇ ਸਾਨੂੰ...।" ਮੈਨੂੰ ਸ਼ੱਕ ਐ, ਇਹ ਬਿਮਾਰੀ ਕੰਪਨੀ ਨੇ ਹੀ ਲਾਈ ਹੋਣੀ ਹੈ। ਕੀ ਪਤਾ ਉਹ ਆਪ ਹੀ ਕੁੜੀਆਂ ਮੁਹੱਈਆ ਕਰਦੀ ਹੋਵੇ। ਮੈਂ ਮੰਮਾ ਕੋਲ ਸਾਫ ਮੁੱਕਰ ਗਿਆ ਸੀ।

"ਹੇ ਸੱਚਿਆ ਪਾਤਸ਼ਾਹ! ਮੇਰੇ ਲਾਡਲੇ ਨੂੰ ਇਹ ਬਿਮਾਰੀ ਨਾ ਹੋਵੇ।"

ਉਦੋਂ ਦੀ ਮੰਮੀ ਹਰ ਰੋਜ਼ ਗੁਰਦੁਆਰੇ ਜਾਣ ਲੱਗ ਪਈ। ਹੌਲੀ-ਹੌਲੀ ਇਹ ਬਿਮਾਰੀ ਵਾਲੀ ਗੱਲ ਠੱਪ ਹੋ ਕੇ ਰਹਿ ਗਈ। ਮੈਂ ਆਮ ਜ਼ਿੰਦਗੀ ਜੀਉਣ ਲੱਗ ਪਿਆ ਸੀ। ਇਨਫੀਲਡ ਮੇਰੇ ਥੱਲੇ ਹੁੰਦਾ। ਕਦੇ ਪਿੰਡ ਤੇ ਕਦੇ ਸ਼ਹਿਰ ਦੇ ਗੇੜੇ ਮਾਰਦਾ। ਯਾਰਾਂ ਦੀਆਂ ਮਹਿਫ਼ਿਲਾਂ ਜੁੜਨ ਲੱਗ ਪਈਆਂ ਸਨ। ਵਿਸਕੀ ਪੀਣ ਲਈ ਰੈਸਟੋਰੈਂਟ ਜਾਣਾ ਹੁੰਦਾ ਸੀ। ਫੇਰ ਘਰ ਆ ਕੇ ਕੰਪਿਊਟਰ ਔਨ ਕਰਕੇ ਬਹਿ ਜਾਂਦਾ। ਅੱਧੀ ਰਾਤ ਤੱਕ

ਚੈਟਿੰਗ ਚਲਦੀ।

ਮੈਂ ਨੌਕਰੀ ਨੂੰ ਨਈਂ ਭੁੱਲਿਆ ਸੀ। ਕੰਪਨੀ ’ਤੇ ਕੇਸ ਕਰਨ ਲਈ ਨੱਠ ਭੱਜ ਕਰਨ ਲੱਗਾ। ਮੇਰੇ ਨਾਲ ਸੱਤ ਹੋਰ ਬੰਦੇ ਕੇਸ ਕਰਨ ਲਈ ਤਿਆਰ ਹੋ ਗਏ ਸਨ। ਇਸ ਤੋਂ ਪਹਿਲਾ ਕਿ ਅਸੀਂ ਕੇਸ ਲਾਉਂਦੇ, ਥਰੀ ਸਟਾਰ ਸ਼ਿਪਿੰਗ ਕੰਪਨੀ ਨੇ ਆਪਣੀ ਵੈਬਸਾਈਟ ’ਤੇ ਉਨ੍ਹਾਂ ਅਧਿਕਾਰੀਆਂ, ਇੰਜੀਨੀਅਰਾਂ ਤੇ ਹੇਠਲੇ ਮੁਲਾਜ਼ਮਾਂ ਦੀ ਬਿਮਾਰੀ ਸਮੇਤ ਲਿਸਟ ਪ੍ਰਿੰਟ ਕਰ ਦਿੱਤੀ, ਜਿਨ੍ਹਾਂ ਦੀ ਛਾਂਟੀ ਕੀਤੀ ਗਈ ਸੀ। ਫ਼ੇਰ ਕੀ ਸੀ, ਮੈਨੂੰ ਈਮੇਲਾਂ ਦੇ ਜਵਾਬ ਦੇਣੇ ਔਖੇ ਹੋ ਗਏ। ਮੰਮੀ ਨੇ ਫ਼ੋਨ ਡਿਸਕਨੈਕਟ ਕਰ ਦਿੱਤੇ ਸਨ ਤੇ ਸੈੱਲ ਫ਼ੋਨ ਦਾ ਸਵਿੱਚ ਆਫ਼। ਉਸਦੀ ਧੌਣ ਹੇਠਾਂ ਡਿੱਗ ਪਈ ਸੀ। ਅੱਖਾਂ ਧਰਤੀ ਵਿੱਚ ਗੱਡੀਆਂ ਗਈਆਂ ਸਨ। ਇਹ ਸਾਡੇ ’ਤੇ ਕੰਪਨੀ ਦਾ ਐਡਾ ਵੱਡਾ ਅਟੈਕ ਸੀ,ਅਸੀਂ ਉਸ ਉੱਤੇ ਕੇਸ ਤਾਂ ਕੀ ਕਰਨਾ ਸੀ। ਮੈਂ ਅੱਪਸੈੱਟ ਹੋ ਗਿਆ ਸੀ। ਮੈਂ ਕੂਕਾਂ ਮਾਰਦਾ। ਕੰਧ ਵਿਚ ਸਿਰ ਮਾਰਨ ਲੱਗ ਪੈਂਦਾ। ਚੁਬਾਰੇ ਚੜ੍ਹ ਜਾਂਦਾ। ਕੰਪਨੀ ਵਾਲਿਆਂ ਤੇ ਡਾਕਟਰਾਂ ਦੀ ਮਾਂ ਭੈਣ ਇਕ ਕਰਦਾ।

ਉਦੋਂ ਮੈਨੂੰ ਇਸ ਕਮਰੇ ਵਿੱਚ ਸਿਫ਼ਟ ਕੀਤਾ ਗਿਆ ਸੀ। ਮੇਰੇ ਨਾਲ ਵਾਲੇ ਕਮਰੇ ਵਿੱਚ ਭਈਆ ਹੁੰਦਾ ਸੀ। ਉਹਦਾ ਮੰਜਾ ਵੀ ਮੇਰੇ ਵਾਲੇ ਕਮਰੇ ਵਿੱਚ ਡਾਹ ਦਿੱਤਾ ਸੀ। ਭਈਆ ਤਾਂ ਕੰਮ ਵਿੱਚ ਫਸਿਆ ਰਹਿੰਦਾ। ਮੇਰੀ ਅਵਾਜ਼ ਵੀ ਕੋਠੀ ਅੰਦਰ ਨਹੀਂ ਪੁੱਜਦੀ ਸੀ। ਮੈਂ ਮੰਮੀ ਨਾਲ ਲੜ ਪਿਆ ਸੀ। ਆਖ਼ਰ ਇੱਕ ਦਿਨ ਉਸਨੇ ਸਿਰੇ ਦੀ ਗੱਲ ਆਖ ਦਿੱਤੀ ਸੀ।

“ਅਸੀਂ ਤੈਨੂੰ ਵਰਲਡ ਲੈਵਲ ਦਾ ਇੰਜੀਨੀਅਰ ਬਣਾਇਆ ਤੇ ਤੂੰ ਸਾਨੂੰ ਕੀ ਦਿੱਤਾ, ਓਏ?... ਬਦਨਾਮੀ। ਸਾਡਾ ਲੋਕਾਂ ਵਿੱਚ ਜੀਣਾ ਹਰਾਮ ਕੀਤਾ, ਇਹਦੇ ਨਾਲੋਂ ਤਾਂ ਚੰਗਾ ਸੀ ਕੁਲੱਛਣਿਆ ਜੰਮਦਾ ਹੀ ਮਰ ਜਾਂਦਾ। ਸਬਰ ਕਰ ਲੈਂਦੇ।”

ਮੰਮਾ ਦੇ ਬੋਲ ਅਜੇ ਵੀ ਮੇਰੇ ਸਿਰ ਵਿੱਚ ਵੱਜ ਰਹੇ ਹਨ। ਕੰਪਨੀ ਦੀ ਵੈੱਬਸਾਈਟ ’ਤੇ ਪ੍ਰਿੰਟ ਲਿਸਟ ਮੈਨੂੰ ਬੇਚੈਨ ਕਰ ਰਹੀ ਸੀ। ਡਾਕਟਰੀ ਰਿਪੋਰਟਾਂ ਪ੍ਰੇਸ਼ਾਨ ਕਰ ਰਹੀਆਂ ਹਨ ਤੇ ਉੱਤੋਂ ਮੰਮੀ ਦੀਆਂ ਗਾਲ੍ਹਾਂ?...ਡੈਡੀ ਦੇ ਕੀਰਨੇ।

ਬੱਸ ਇੱਕ ਆਹ ਯੋਧਾ... ਮੇਰਾ ਗਿਰਾਸੀਮ। ਸੁੱਤਾ ਕਿੰਨਾ ਪਿਆਰਾ ਲੱਗਦਾ। ਮੈਂ ਇਹਦਾ ਈਵਾਨ ਇਲੀਚ...। ਮੈਂ...? ਨਹੀਂ।

ਹਾਂ ... ਈਵਾਨ ਇਲੀਚ ਕਦੇ ਵੀ ਮੇਰੀ ਜ਼ਿੰਦਗੀ ਦਾ ਹਿੱਸਾ ਨਾ ਬਣਿਆ। ..ਹੁਣ ਜ਼ਰੂਰ ਬਣਿਆ ਹੋਇਆ ਹੈ। ਸ਼ਿਪ ਵਾਲੇ ਈਵਾਨ ਨੂੰ ਤਾਂ ਮੈਂ ਭੁੱਲ ਗਿਆ ਸੀ। ਇਹ ਤੇ ਜਦੋਂ ਮੈਨੂੰ ਕੰਪਨੀ ਨੇ, ਡਾਕਟਰਾਂ ਨੇ ਤੇ ਮੇਰੇ ਮੰਮਾ ਡੈਡ ਨੇ ਮੈਨੂੰ ਰੋਗ ਲਾ ਦਿੱਤਾ। ਰੈਸਟੋਰੈਂਟ, ਕੈਫ਼ੇ ਤੇ ਨੈੱਟ ਮੇਰੀ ਜ਼ਿੰਦਗੀ ਦੇ ਹਿੱਸੇ ਬਣਕੇ ਰਹਿ ਗਏ ਸਨ। ਮੈਂ ਨੈੱਟ ਤੇ ਵੀ ਉਹੀ ਕੁਝ ਦੇਖਦਾ ਸੀ, ਜੋ ਆਪ ਬੰਦਰਗਾਹਾਂ ਦੀਆਂ ਪੱਬਾਂ, ਕਲੱਬਾਂ ’ਤੇ ਕਰਦਾ ਰਿਹਾ ਸੀ। ਜਦੋਂ ਮਨ ਅੱਕ ਜਾਂਦਾ, ਕੋਈ ਫਿਲਮ ਦੇਖਣ ਬੈਠ ਜਾਂਦਾ। ਇੱਕ ਦਿਨ ਨੈੱਟ ’ਤੇ ਕਿਸੇ ਨਵੀਂ ਮੂਵੀ ਦੀ ਸਰਚ ਕਰ ਰਿਹਾ ਸੀ। ਪਤਾ ਨਹੀਂ ਯੂ ਟਿਊਬ ਵਿਚੋਂ ‘ਡੈੱਥ ਆਫ਼ ਈਵਾਨ ਇਲੀਚ’ ਮੂਵੀ ਮੇਰੀ ਕਿਵੇਂ ਨਜ਼ਰੀਂ ਚੜ੍ਹ ਗਈ। ਮੈਂ ਉਸੇ ਵੇਲੇ ਓਹਨੂੰ ਡਾਊਨਲੋਡ ਕਰ ਲਿਆ ਸੀ। ਫ਼ੇਰ ਮੈਨੂੰ ਵਾਰ-ਵਾਰ ਇਹੀ ਫਿਲਮ ਦੇਖਣ ਦਾ ਭੁਸ ਪੈ ਗਿਆ। ਮੰਮਾ ਮੈਨੂੰ ਇਹ ਫਿਲਮ ਦੇਖਣ ਤੋਂ ਵਰਜਦੀ ਰਹਿੰਦੀ

ਪਰ ਮੈਂ ਇਹ ਫਿਲਮ ਦੇਖਣ ਦਾ ਹੱਠ ਨਾ ਛੱਡਿਆ।

ਜਿੱਦਣ ਮੈਂ ਇਹ ਫਿਲਮ ਨਾ ਦੇਖਣੀ ਮੈਨੂੰ ਅੱਚਵੀਂ ਲੱਗ ਜਾਣੀ। ਜਿੱਦਾਂ ਮੈਨੂੰ ਸ਼ਰਾਬ ਅਤੇ ਸਿਗਰਟ ਦੀ ਤਲਬ ਉਠਦੀ, ਉਵੇਂ ਇਸ ਮੂਵੀ ਦੀ। ਮੈਂ ਕੰਪਿਊਟਰ ਔਨ ਕਰਨ ਤੋਂ ਪਹਿਲਾਂ ਪੈੱਗ ਲਾਉਂਦਾ। ਦੂਜਾ ਪੈੱਗ...। ਫਿਰ ਮੂਵੀ ਦੇਖਣੀ ਸ਼ੁਰੂ ਕਰਦਾ। ਮੂਵੀ ਦਾ ਦੂਜਾ ਹਿੱਸਾ ਮੌਤ ਲਈ ਤੜਫ਼ ਰਹੇ ਈਵਾਨ ਉੱਤੇ ਫੋਕਸ ਹੈ। ਇਹ ਹਿੱਸਾ ਆਉਂਦਾ ਤਾਂ ਮੇਰੇ ਪੈੱਗ ਵੱਧ ਜਾਂਦੇ। ਨਾਲੋਂ ਨਾਲ ਸਿਗਰਟ ਦੇ ਕੱਸ਼ ਖਿੱਚਣ ਲੱਗ ਪੈਂਦਾ। ਕਮਰੇ ਵਿੱਚ ਧੂੰਆਂ ਹੀ ਧੂੰਆਂ ਹੋ ਜਾਂਦਾ।

ਮੈਂ ਆਪਣੇ ਆਪ ਨੂੰ ਈਵਾਨ ਇਲੀਚ ਸਮਝਣ ਲੱਗ ਪਿਆ। ਮੈਂ ਉਹਦੇ ਵਾਂਗ ਰੋਣ ਲੱਗ ਪੈਂਦਾ।... ਕਸ਼ਟ? ਮੌਤ?? ਮੈਂ ਕਰਾਹੁਣ ਲੱਗ ਪੈਂਦਾ। ਲੱਤਾਂ ਪੈਰ ਮਾਰਦਾ। ਮੇਰਾ ਸਾਹ ਘੁਟਣ ਲੱਗ ਪੈਂਦਾ। ਮੈਂ ਕੱਪੜੇ ਪਾੜ ਸੁੱਟਦਾ। ...ਅਰਬਾਜ਼ ਨੂੰ ਗਾਲ੍ਹਾਂ ਕੱਢਦਾ। ਮੇਰੇ ਸਾਹਮਣੇ ਪਰਾਸਕੋਵੀਆ ਆ ਖੜ੍ਹਦੀ। ਗੋਰੀ ਚਿੱਟੀ, ਲੰਮੀ, ਪਤਲੀਆਂ ਬਾਹਾਂ, ਸਾਫ ਧੌਣ, ਲਿਸ਼ਕਦੇ ਵਾਲ ਤੇ ਹਿਰਨੀ ਵਰਗੀਆਂ ਅੱਖਾਂ ਵਾਲੀ ਪਰਾਸਕੋਵੀਆ। ਪਰ ਮੈਂ ਤਾਂ ਕੁਆਰਾ ਸੀ। ... ਪਰਾਸਕੋਵੀਆ ਤੇ ਮੈਡਮ ਸਤਿੰਦਰ ਕੌਰ ਰਲਗੱਡ ਹੋਣ ਲਗਦੀਆਂ। ਮੈਡਮ ਸਤਿੰਦਰ ਕੁੱਤੇ ਨੂੰ ਦੁੱਧ ਪਿਲਾ ਰਹੀ ਹੁੰਦੀ ਤੇ ਮੈਂ ਹਰਸੇਵ ਬੈੱਡ ਤੇ ਪਿਆ ਤੜਫ਼ ਰਿਹਾ ਹੁੰਦਾ।

"ਮੰਮਾ ਨੇ ਕੁੱਤੇ ਨੂੰ ਸ਼ੇਰ ਬਣਾ ਲਿਆ ਤੇ ਪੁੱਤ ਦਾ ਪਲੀਦਾ ਕਰ ਲਿਆ। ...ਪਰਾਸਕੋਵੀਆ ਜਿਹੀ ਨਾ ਹੋਵੇ।"

–ਗਧਿਆ, ਪਰਾਸਕੋਵੀਆ ਵਰਗੀਆਂ ਪਤਨੀਆਂ ਹੋ ਸਕਦੀਆਂ, ਮਾਵਾਂ ਨਈਂ।

ਇੰਦਰਪ੍ਰੀਤ ਦੀ ਘੂਰੀ ਈ ਮੇਲ ਵਿਚੋਂ ਵੀ ਦਿਖਦੀ ਪਈ ਸੀ।

* * * * * * * * * * * * * * *

–ਲੋਕ ਹਨੇਰੇ ਵਿੱਚ ਹੀ ਮਰ ਜਾਂਦੇ ਹਨ। ...ਤੇ ਪਿਛਲਿਆਂ ਲਈ ਅਲਾਮਤਾਂ ਛੱਡ ਜਾਂਦੇ ਹਨ। ਮੈਂ ਚਾਹੁੰਦੀ ਆਂ ਕਿ ਤੂੰ ਖੁਦ ਚਾਨਣ ਬਣ।

ਇੰਦਰਪ੍ਰੀਤ ਨੇ ਪਹਿਲੀ ਵਾਰ ਇਹ ਮੇਲ ਮੈਨੂੰ ਸੈਂਡ ਕੀਤੀ ਸੀ। ਮੈਂ ਸ਼ਿਪ ਦੀ ਰੰਗੀਨ ਦੁਨੀਆਂ ਵਿੱਚ ਇਹਨੂੰ ਭੁੱਲ ਚੁੱਕਾ ਸੀ। ਜਦੋਂ ਮੈਂ ਪਿੰਡ ਮੁੜਿਆ ਸੀ ਤਾਂ ਵੀ ਇਹ ਮੇਰੇ ਚਿੱਤ ਚੇਤੇ ਨਹੀਂ ਸੀ। ਮੰਮੀ ਡੈਡੀ ਨੇ ਮੈਨੂੰ ਕੋਠੀ ਦੇ ਬਾਹਰਲੇ ਹਿੱਸੇ ਵੱਲ ਧੱਕ ਦਿੱਤਾ ਸੀ। ਤੇ ਕੰਪਨੀ ਨੇ ਮੈਨੂੰ ਵੈੱਬਸਾਈਟਡ ਕਰ ਦਿੱਤਾ ਸੀ। ਸ਼ਾਇਦ ਕੰਪਨੀ ਦੀ ਵੈੱਬਸਾਈਟ ਤੋਂ ਈ ਇਹਨੂੰ ਮੇਰੀ ਬਿਮਾਰੀ ਦਾ ਪਤਾ ਲੱਗਾ ਹੋਣਾ। ਤਾਹੀਓਂ ਈ–ਮੇਲ ਕੀਤੀ ਸੀ। ਇਹਨੂੰ ਮੈਡੀਕਲ ਕਾਲਜ ਵਿੱਚ ਦਾਖ਼ਲਾ ਨਾ ਮਿਲਣ ਦਾ ਸੁਣ ਕੇ ਮੈਨੂੰ ਦੁੱਖ ਵੀ ਹੋਇਆ ਸੀ। ਦਾਰੂ ਪੀ ਕੇ ਆਪਣੀ ਮੰਮੀ ਸਮੇਤ ਸਾਰੇ ਟੀਚਰਾਂ ਨੂੰ ਗਾਲ੍ਹਾਂ ਵੀ ਕੱਢੀਆਂ। ਫ਼ਿਰ ਇਹ ਸੁਣ ਕੇ ਹੋਰ ਨਿਰਾਸ਼ਾ ਹੋਈ ਸੀ ਕਿ ਬੀ ਐੱਸ ਸੀ ਬੀ ਐੱਡ ਕਰਕੇ ਨੌਕਰੀ ਨਹੀਂ ਸੀ ਮਿਲੀ। ਉਹ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਰਹੀ ਹੈ। ਸਿਰਫ਼ ਦੋ ਹਜ਼ਾਰ ਰੁਪਏ 'ਚ। ਕੋਈ ਚੰਗਾ ਰਿਸ਼ਤਾ ਵੀ ਨਹੀਂ ਮਿਲ ਰਿਹਾ।

ਉਦਾਂ ਰਿਸ਼ਤੇ ਬਾਰੇ ਸੁਣ ਕੇ ਮੈਂ ਅੰਦਰੋਂ ਖੁਸ਼ ਵੀ ਹੋਇਆ ਸੀ। ਮੇਰੀ ਬਿਮਾਰੀ ਲੋਕਾਂ ਦੇ ਨੈੱਟ ਤੇ ਚੜ੍ਹ ਚੁੱਕੀ ਸੀ। ਕੋਈ ਕੁੜੀ ਅੱਖ ਚੁੱਕ ਕੇ ਵੀ ਨਾ ਦੇਖਦੀ। ਮੈਂ ਕੁੜੀਆਂ ਲਈ ਤਰਸ ਗਿਆ ਸੀ। ਮੈਨੂੰ ਦਿਨੇ ਰਾਤ ਬੰਦਰਗਾਹਾਂ ਯਾਦ ਆਉਂਦੀਆਂ।

ਪੱਬਾਂ, ਕਲੱਬਾਂ ਵਿੱਚ ਥਰ ਥਰਾਉਂਦੇ ਜਿਸਮ ਧੂਹ ਪਾਉਂਦੇ। ਇਹ 'ਮੱਛੀ' ਤਾਂ ਆਪਣੇ ਆਪ ਮੇਰੇ ਜਾਲ ਵਿੱਚ ਫਸ ਰਹੀ ਸੀ। ਮੇਰੀ ਪੁਰਾਣੀ ਫਰੈਂਡ। ਮੈਂ ਓਹਨੂੰ ਈ-ਮੇਲ ਕੀਤੀ ਸੀ।

–ਇਕ ਇੰਦਰਪ੍ਰੀਤ ਤੂੰ ਹੀ ਮੇਰੀ ਫਰੈਂਡ ਏ, ਜਿਹਨੂੰ ਮੈਂ ਅੱਜ ਵੀ ਪਿਆਰ ਕਰਦਾਂ। ਹੋਰ ਸਭ ਮੈਨੂੰ ਖਾ ਗਈਆਂ। ...ਮੌਤ ਦੇ ਮੌਕੇ ਇੱਕ ਤੂੰ ਹੀ ਸਹਾਰਾ ਏਂ।–

–ਤੂੰ ਮੇਰੀ ਕਲਾਸ ਦਾ ਲਾਇਕ ਮੁੰਡਾ ਸੀ। ਤੇ ਲਾਇਕ ਬੰਦੇ ਮਰਨੇ ਨਹੀਂ ਚਾਹੀਦੇ। ਦੇਸ਼ ਨੂੰ ਬੜੀ ਲੋੜ ਆ।–

ਉਦੋਂ ਮੈਂ ਮੰਜਾ ਨਹੀਂ ਸੀ ਮੱਲਿਆ। ਮੈਂ ਓਹਨੂੰ ਆਪਣੇ ਜੱਫੇ ਵਿੱਚ ਲੈਣਾ ਚਾਹੁੰਦਾ ਸੀ। ਪਰ ਉਹ...। ਉਹਦੀ ਜਦੋਂ ਵੀ ਈ-ਮੇਲ ਆਉਂਦੀ ਜਾਂ ਫੋਨ। ਮੇਰੇ ਵਿੱਚ ਜਾਨ ਆ ਜਾਂਦੀ। ਮੈਂ ਬਿਮਾਰੀ ਨੂੰ ਭੁੱਲ ਜਾਂਦਾ। ਉਹ ਮੈਨੂੰ ਜਿਉਂਦਾ ਕਰ ਦਿੰਦੀ। ਇਕ ਪਾਸੇ ਟਾਲਸਟਾਏ ਦੀ ਪਰਾਸਕੋਵੀਆ ਤੇ ਦੂਜੇ ਪਾਸੇ ਉਹ। ਇਹ ਨਾਵਲ ਮੈਂ ਉਹਨੂੰ ਵੀ ਪੜ੍ਹਾਇਆ ਸੀ। ਜਦੋਂ ਮੈਂ ਪਰਾਸਕੋਵੀਆ ਦੇ ਮੁਕਾਬਲੇ ਓਹਨੂੰ ਮਹਾਨ ਦੱਸਦਾ। ਉਹ ਕੁਝ ਨਾ ਬੋਲਦੀ।

* * * * * * * * * * * * * * * 

ਹੁਣ ਤਾਂ ਮੈਥੋਂ ਬੋਲਿਆ ਵੀ ਘੱਟ ਜਾਂਦਾ ਹੈ। ਉਦੋਂ ਮੈਂ ਜ਼ਿਆਦਾ ਸ਼ਰਾਬ ਪੀ ਲੈਂਦਾ ਸੀ। ਪੂਰੀ ਸੁਰਤ ਨਾ ਰਹਿੰਦੀ। ਰੱਬ ਦੀ ਮਾਂ-ਭੈਣ ਇੱਕ ਕਰ ਦਿੰਦਾ। ਚੀਕ ਚਿਹਾੜਾ ਪਾ ਦਿੰਦਾ। ਨਾ ਦਿਨ ਮੁੱਕਦਾ ਤੇ ਨਾ ਰਾਤ। ਮੈਂ ਰੋਜ਼ ਹਨੇਰੇ ਨੂੰ ਉਡੀਕਦਾ...ਮੌਤ ਨੂੰ। ਬੱਸ 'ਈਵਾਨ ਇਲੀਚ ਦੀ ਮੌਤ' ਫਿਲਮ ਲਾ ਕੇ ਬਹਿ ਜਾਂਦਾ। ਪੈੱਗ ਅੰਦਰ ਸੁੱਟੀ ਜਾਂਦਾ। ਮੈਨੂੰ ਡਰ ਲੱਗਣ ਲੱਗ ਪੈਂਦਾ। ਮੇਰੀਆਂ ਕੂਕਾਂ ਹੋਰ ਉੱਚੀਆਂ ਹੋ ਜਾਂਦੀਆਂ।

"ਮੈਂ ਜਾ ਰਿਹਾ ਹਾਂ।" ਮੇਰੀ ਚੀਕ ਨਿਕਲ ਜਾਂਦੀ।

ਇੰਦਰਪ੍ਰੀਤ ਦੀ ਹੌਂਸਲੇ ਵਾਲੀ ਈ-ਮੇਲ ਆ ਜਾਂਦੀ। ਮੈਂ ਉਸੇ ਵਕਤ ਉਹਨੂੰ ਫੋਨ ਦੀ ਘੰਟੀ ਮਾਰ ਦਿੰਦਾ।

"ਪ੍ਰੀਤ ਮੈਂ ਥੱਕ ਗਿਆ। ਮੈਨੂੰ...। ਤੂੰ ਮੇਰੇ ਕੋਲ ਆਜਾ।"

"ਤੂੰ 'ਕੱਲਾ ਨਹੀਂ ਥੱਕਿਆ। ਗਲੋਬਲੀਕਰਨ ਨੇ ਸਾਰੀ ਦੁਨੀਆਂ ਥੱਕਾਅ ਦਿੱਤੀ ਆ। ਇਹ ਬਿਮਾਰੀਆਂ, ਇਹ ਖੁੱਲ੍ਹ-ਖੇਡ, ਨਸ਼ੇ, ਚਿੰਤਾ, ਖੋਖਲਾਪਣ... ਇਹ ਸੱਭਿਆਚਾਰ ਸਭ ਉਸੇ ਦੀ ਦੇਣ ਹੈ।"

ਸਾਲੀ ਕਾਮਰੇਡਣੀ ਬਣ ਜਾਂਦੀ ਏ, ਬਿਜਲੀ ਵਾਲਿਆਂ ਵਾਂਗ। ਬਈ ਦੱਸ, ਜੇ ਤੂੰ ਆ ਨਹੀਂ ਸਕਦੀ, ਜ਼ਖ਼ਮਾਂ 'ਤੇ ਲੂਣ ਕਾਹਤੋਂ ਛਿੜਕਦੀ ਏਂ। ਤੇਰਾ ਕੀ ਘੱਸਣ ਲੱਗਾ, ਜੇ ਰਾਤ ਕਟਾ ਦਿਆ ਕਰੇ। ਮੈਂ ਤਾਂ ਪਾਗਲ ਹੋਇਆ ਪਿਆ ਸੀ। ਦਿਮਾਗ ਫਟਣ ਨੂੰ ਫਿਰਦਾ ਸੀ। ਮੇਰੀਆਂ ਅੱਖਾਂ ਅੱਗੇ ਸਮੁੰਦਰ ਹੁੰਦਾ। ਤੂਫ਼ਾਨ ਸਮੇਂ ਇੰਜਣ ਕੰਟਰੋਲ ਰੂਮ ਵਿੱਚ ਅਲਾਰਮ ਵੱਜਦੇ ਸੁਣਦੇ। ਟੋਟੇ ਹੋਇਆ ਸ਼ਿਪ...। ਪਾਣੀ ਵਿਚੋਂ ਲਾਸ਼ਾਂ ਬਾਹਰ ਆਉਣ ਲੱਗਦੀਆਂ। ਉਹ ਪਾਣੀ 'ਤੇ ਤੁਰਨ ਲੱਗ ਪੈਂਦੀਆਂ। ਫ਼ੇਰ ਮੇਰੇ ਵੱਲ...। ਅਫ਼ਸਰਾਂ ਦੀਆਂ ਪਤਨੀਆਂ ਨੰਗੀਆਂ ਹੁੰਦੀਆਂ। ਉਨ੍ਹਾਂ ਦੀਆਂ ਛਾਤੀਆਂ ਦੀ ਜਗ੍ਹਾ ਵੱਡੇ-ਵੱਡੇ ਦੰਦ ਹੁੰਦੇ। ਤੇ ਉਹ ਮੈਨੂੰ ਨੋਚ ਲੈਂਦੇ। ਮੈਂ ਫ਼ਰਸ਼ 'ਤੇ ਸਿਰ ਪਟਕਣ ਲੱਗ ਪੈਂਦਾ।

ਉਨ੍ਹਾਂ ਦੇ ਮਰਿਓ ਪਤੀ ਕੰਧਾਂ 'ਤੇ ਲਟਕ ਜਾਂਦੇ। ਉਨ੍ਹਾਂ ਦੇ ਲਿੰਗ ਮੇਰੇ ਵੱਲ ਵੱਧਣ ਲੱਗ ਪੈਂਦੇ। ਮੈਂ ਸਮੁੰਦਰ ਵੱਲ ਨੂੰ ਭੱਜ ਲੈਂਦਾ। ਸਮੁੰਦਰ ਵਿੱਚ ਪਾਣੀ ਤਾਂ ਹੈ ਹੀ ਨਈਂ ਸੀ। ਸਿਰਫ਼ ਖ਼ੂਨ ਸੀ। ਚਾਰੇ ਪਾਸੇ ਖ਼ੂਨ ਹੀ ਖ਼ੂਨ, ਠਾਠਾਂ ਮਾਰਦਾ ਨਜ਼ਰ ਆਉਂਦਾ। ਮੈਂ ਵਾਪਸ ਭੱਜ ਲੈਂਦਾ।

ਮੰਮੀ ਡੈਡੀ ਬਹੁਤ ਘਾਬਰ ਗਏ ਸਨ। ਉਹ ਮੈਨੂੰ ਕਦੇ ਕਿਸੇ ਡਾਕਟਰ ਕੋਲ ਲਈ ਫ਼ਿਰਦੇ, ਕਦੇ ਕਿਸੇ ਕੋਲ। ਡੇਢ ਮਹੀਨਾ ਚੱਢਾ ਹਸਪਤਾਲ ਵਿੱਚ ਦਾਖ਼ਲ ਕਰੀ ਰੱਖਿਆ। ਮੈਨੂੰ ਡਾਕਟਰਾਂ ਕੋਲੋਂ ਭੈਅ ਆਉਂਦਾ ਸੀ। ਉਹਨੀਂ ਬਿਮਾਰੀ ਲਾ ਦੇਣੀ ਸੀ। ਅੱਜ ਕੱਲ੍ਹ ਦੇ ਡਾਕਟਰਾਂ ਦਾ ਇਹ ਕਿੱਤਾ ਆ। ਨਾਲੇ ਕੀ ਪਤਾ ਮੇਰੀ ਕੰਪਨੀ ਵਾਲਿਆਂ ਨਾਲ ਰਲੇ ਹੋਏ ਹੋਣ। ਬਿਜਲੀ ਵਾਲੇ ਕਹਿੰਦੇ ਸੀ ਵਿਦੇਸ਼ੀ ਕੰਪਨੀਆਂ ਤਾਂ ਦੇਸ਼ ਚਲਾ ਰਹੀਆਂ। ਮੈਂ ਹਸਪਤਾਲੋਂ ਭੱਜ ਆਇਆ ਸੀ। ਮੈਂ ਘਰ ਆ ਕੇ ਲੁਕ ਗਿਆ। ਇਥੇ ਵੀ ਹਸਪਤਾਲ ਵਾਂਗ ਡਰ ਆਉਣ ਲੱਗਾ। ਖ਼ੂਨ ਨਾਲ ਭਰਿਆ ਸਮੁੰਦਰ, ਲਾਸ਼ਾਂ... ਕੰਧਾਂ ਮੇਰਾ ਖਹਿੜਾ ਨਹੀਂ ਛੱਡ ਰਹੀਆਂ ਸਨ। ਮੈਂ ਮੰਮੀ ਡੈਡੀ ਨੂੰ ਕਿਹਾ ਵੀ।

"ਇਸ ਕਮਰੇ ਨੇ ਮੈਨੂੰ ਖਾ ਜਾਣਾ। ...ਮੈਨੂੰ ਕੋਠੀ ਅੰਦਰ ਲੈ ਜਾਓ।"

ਇਹ ਸੁਣ ਕੇ ਉਹ ਹੋਰ ਸਹਿਮ ਗਏ। ਉਨ੍ਹਾਂ ਨੂੰ ਕਿਹੜਾ ਮੇਰੇ ਉੱਤੇ ਤਰਸ ਆਉਂਦਾ ਸੀ। ਪਹਿਲਾਂ ਤਾਂ ਸਮੁੰਦਰ ਵਿਚੋਂ ਬੰਦੇ ਉੱਠ ਕੇ ਆਉਂਦੇ ਸਨ। ਫ਼ਿਰ ਫ਼ਰਸ਼ 'ਤੇ ਪਾਣੀ ਹੀ ਪਾਣੀ ਹੋਣ ਲੱਗ ਪਿਆ। ਪਾਣੀ ਦੀਆਂ ਲਹਿਰਾਂ ਉਠਦੀਆਂ। ਉਨ੍ਹਾਂ ਲਹਿਰਾਂ ਵਿਚੋਂ ਬੰਦੇ ਬਾਹਰ ਆ ਜਾਂਦੇ। ਮੇਰੇ ਕੋਲ ਤਾਂ ਕੋਈ ਹਥਿਆਰ ਵੀ ਨਹੀਂ ਸੀ। ਨਈਂ ਤਾਂ ਵੱਢ ਨਾ ਦਿੰਦਾ। ਉਦਾਂ ਮੇਰੇ ਕੋਲ ਹਥਿਆਰਾਂ ਦਾ ਘਾਟਾ ਵੀ ਨਈਂ ਸੀ। ਡੈਡੀ ਦੇ ਬਿਜਲੀ ਵਾਲੇ ਯਾਰ ਆਏ। ਮੈਂ ਉਨ੍ਹਾਂ ਨੂੰ ਵੀ ਸੁਲ੍ਹਾ ਮਾਰੀ ਸੀ।

"ਜੇ ਕਿਸੇ ਦਾ ਕੰਡਾ ਕੱਢਣਾ ਹੋਇਆ ਤਾਂ ਦੱਸ ਦਿਓ। ਮੇਰੇ ਕੋਲ ਉਹ ਵਾਸ਼ਿੰਗਟਨ ਵਾਲੀ ਦਾ ਸੈੱਲ ਫੋਨ ਨੰਬਰ ਹੈਗਾ ਆ। ਬੱਸ ਇੱਕ ਰਾਤ ਉਹਦੇ ਨਾਲ ਕਟਾਉਣੀ ਆ। ਫਿਰ ਹੱਡ ਰਗੜ-ਰਗੜ ਕੇ ਮਰੂ।"

"ਅੱਛਾ...।" ਉਹ ਬੁੱਲ੍ਹਾਂ 'ਚ ਹੱਸਦੇ ਹੋਏ ਹੁੰਗਾਰਾ ਭਰਦੇ।

"ਕਰਾਂ ਨੀਲੀਆਂ ਅੱਖਾਂ ਵਾਲੀ ਨਾਲ ਗੱਲ?"

ਇਹ ਜਮਦੂਤ ਵੀ ਭੈੜੇ ਹਨ। ਜਿਹਦੇ ਮਗਰ ਪੈ ਜਾਂਦੇ ਖਹਿੜਾ ਨਈਂ ਛੱਡਦੇ। ਮੈਂ ਉਦਾਂ ਭਈਏ ਤੋਂ ਵੀ ਮਾਫੀ ਮੰਗ ਲੈਣੀ ਸੀ। ਮੈਨੂੰ ਤਾਂ ਲਿੰਗ ਤੇ ਛਾਤੀਆਂ ਦਿਸਦੀਆਂ ਸਨ। ਭਈਏ ਨੂੰ ਵੀ ਦਿਸਣ ਲੱਗ ਪਏ ਸਨ। ਜਦੋਂ ਉਹ ਕੰਧ 'ਤੇ ਖੜ੍ਹੇ ਹੁੰਦੇ। ਮੈਂ ਉਨ੍ਹਾਂ 'ਤੇ ਅਟੈਕ ਕਰ ਦਿੰਦਾ। ਮੈਂ ਆਪਣੇ ਸਿਰ ਨਾਲ ਉਨ੍ਹਾਂ ਦੇ ਅੰਗ ਭੰਨਦਾ ਸੀ। ਭਈਆ ਕਹਿੰਦਾ ਮੈਂ ਆਪਣੇ ਹਥਿਆਰ ਉਹ 'ਤੇ ਚਲਾਉਂਦਾ ਹਾਂ। ਉਹ ਰਾਤੋਂ ਰਾਤ ਭੱਜ ਗਿਆ ਸੀ।

ਮੈਂ ਇਕੱਲਾ ਰਹਿ ਗਿਆ ਸੀ। ਇਸ ਕਮਰੇ ਵਿੱਚ ਇਕੱਲਾ ਬੰਦਾ ਸੌਂ ਸਕਦਾ? ਇੰਦਰਪ੍ਰੀਤ ਨੂੰ ਆਉਣ ਲਈ ਫੋਨ ਕਰਦਾ। ਉਹ ਵੀ ਨਈਂ ਆਉਂਦੀ। ਮੈਂ ਚਾਹੁੰਦਾ ਸੀ ਉਹ ਇੱਕ ਵਾਰ...। ਰਹੀ ਡੈਡੀ ਦੀ ਗੱਲ, ਅੱਵਲ ਤਾਂ ਉਹਨੇ ਮੇਰੇ ਨਾਲ ਪੈਣਾ ਨਈਂ ਸੀ। ਜੇ ਪੈ ਵੀ ਜਾਂਦਾ, ਉਹਦਾ ਕੋਈ ਫ਼ਾਇਦਾ ਨਈਂ ਸੀ। ਪੀਤੀ ਵਿੱਚ ਉਹਨੂੰ ਕਿਹੜਾ ਸੁਰਤ ਰਹਿੰਦੀ ਆ। ਮੰਮੀ ਨੂੰ ਸੱਦਿਆ ਤਾਂ ਉਹਨੇ ਮੇਰੇ 'ਤੇ ਝੂਠਾ ਦੋਸ਼ ਲਾ

ਦਿੱਤਾ। ਅਖੇ ਮੈਂ ਉਹਦੇ ਵੱਲ ਭੁੱਖੀਆਂ ਨਜ਼ਰਾਂ ਨਾਲ ਦੇਖਦਾਂ।

ਕਲਯੁੱਗ ਆ ਗਿਆ। ਕੋਈ ਬੰਦਾ ਆਪਣੀ ਮਾਂ ਬਾਰੇ ਵੀ...। ਮੇਰੇ ਅੰਗ ਕੱਟੇ ਜਾਣ ਓ ਰੱਬਾ। ਕਿੱਦਾਂ ਦੀਆਂ ਬਿਮਾਰੀਆਂ ਲੱਗਣ ਲੱਗ ਪਈਆਂ। ਉਦੋਂ ਡਰ ਹੁਣ ਨਾਲੋਂ ਵੀ ਜ਼ਿਆਦਾ ਲੱਗਦਾ ਸੀ। ਭਈਏ ਨੂੰ ਕੀ ਦੋਸ਼ ਦੇਵਾਂ। ਮੇਰੇ ਆਪਣਿਆਂ ਦਾ ਕੀ ਹਾਲ ਏ? ਉਹ ਕਰਨਬੀਰ ਨੇ ਕਦੇ ਫੋਨ ਨਈਂ ਕੀਤਾ। ਦੱਸੋਂ ਭਲਾ ਮੈਂ ਓਹਨੂੰ ਫੋਨ ਵਿਚੋਂ ਖਾ ਜਾਊਂਗਾ। ਉਦਾਂ ਮੇਰੀ ਮੰਮੀ ਇਵੇਂ ਸੋਚਦੀ ਆ। ਇਹਨੇ ਉਹਨੂੰ ਵਰਜਿਆ ਹੋਣਾ। ਉਹਨੇ ਇਕ ਵਾਰ ਦੋ ਲੱਖ ਰੁਪਿਆ ਭੇਜਿਆ। ਮੁੜ ਕੇ ਬੁਲਾਉਣ ਤੋਂ ਵੀ ਜਾਂਦਾ ਲੱਗਾ। ਮੰਮੀ ਡੈਡੀ ਨਾਲ ਗਿੱਟ ਮਿੱਟ ਕਰਦਾ ਰਹਿੰਦਾ ਏ। ਉਹਨਾਂ ਨੂੰ ਡਾਲਰ ਭੇਜਦਾ ਆ। ਅੱਜ-ਕੱਲ੍ਹ ਉਹ ਮੰਮੀ ਦਾ ਲਾਡਲਾ ਪੁੱਤ ਆ। ਜਿੰਨੇ ਦਿਨ ਭਈਆ ਭੱਜਿਆ ਰਿਹਾ। ਇਹ ਮੇਰੇ ਅੰਦਰ ਨਹੀਂ ਵੜੀ। ਮੈਂ ਚਾਹੇ ਚੀਕਾਂ ਮਾਰਦਾ ਰਿਹਾਂ। ਭੁੱਖਾ ਪਿਆ ਰਿਹਾਂ। ਇਹਨੇ ਕਮਰੇ ਦੇ ਬਾਹਰ ਘੁੰਮੀ ਜਾਣਾ। ਇਹਦੀ ਅੰਦਰ ਆਉਣ ਦੀ ਹਿੰਮਤ ਨਾ ਪੈਣੀ। ਪਤਾ ਨਈਂ ਇਹ ਮੈਥੋਂ ਡਰਦੀ ਸੀ ਜਾਂ ਭੂਤਾਂ ਤੋਂ। ਕਹਿੰਦੀ ਸੀ-

"ਕਿਤੇ ਇਹ ਪ੍ਰੇਤ ਜਾਂ ਬਿਮਾਰੀ ਸਾਨੂੰ ਨਾ ਚੁੰਬੜ ਜਾਏ।"

ਡੈਡੀ ਨੇ ਡਿਊਟੀ ਤੋਂ ਆਉਣਾ। ਉਹਨੇ ਵੀ ਅੰਦਰ ਨਾ ਵੜਨਾ। ਬਿਮਾਰੀ ਦਾ ਉਹਨੂੰ ਵੀ ਡਰ ਸੀ। ਪਹਿਲਾਂ ਉਹਨੇ ਪੈੱਗ ਲਾ ਕੇ ਕਾਇਮ ਹੋਣਾ। ਫ਼ੇਰ ਰੋਟੀ ਪਾਣੀ ਦੇਣ ਅੰਦਰ ਵੜਨਾ। ਜਿੱਦਣ ਉਹਦੇ ਕੋਲ ਬੋਤਲ ਨਾ ਹੋਣੀ। ਉਹਨੇ ਆਂਢ-ਗੁਆਂਢ 'ਚੋਂ ਬੰਦਾ ਲੈ ਕੇ ਅੰਦਰ ਆਉਣਾ। ਮੈਨੂੰ ਦੇਖ ਕੇ ਪਸੀਨੋ ਪਸੀਨਾ ਹੋ ਜਾਣਾ। ਉਨਾ ਤਾਂ ਇਸ ਬਿਮਾਰੀ ਤੋਂ ਮੈਂ ਨਹੀਂ ਸਹਿਮਿਆ ਹੋਣਾ, ਜਿੰਨੇ ਇਹ ਡਰ ਗਏ ਸਨ।

...ਮੇਰੀ ਦਰਦ ਨਾਲ ਚੀਕ ਨਿਕਲ ਗਈ ਹੈ। ਗਿਰਾਸੀਮ ਉੱਠ ਖੜ੍ਹਿਆ ਹੈ। ਮੇਰੇ ਮੂੰਹ 'ਤੇ ਹੱਥ ਫ਼ੇਰ ਕੇ ਫ਼ਿਰ ਸੌਂ ਗਿਆ ਹੈ। ਕਈ ਰਾਤਾਂ ਤੋਂ ਪੂਰੀ ਤਰ੍ਹਾਂ ਸੁੱਤਾ ਨਹੀਂ। ਮੇਰੇ ਦਰਦ ਬਹੁਤ ਹੁੰਦਾ ਸੀ। ਇਹ ਜਾਗਦਾ ਰਿਹਾ। ਇਹਦਾ ਅਸਲ ਨਾਂ ਰਾਜੇਸ਼ ਹੈ। ਇਹ ਮੰਮਾ ਦਾ ਸਟੂਡੈਂਟ ਰਿਹਾ। ਇਹਨੇ ਬਾਰ੍ਹਵੀਂ ਕੀਤੀ ਹੋਈ ਹੈ। ਨੇੜਲੇ ਪਿੰਡ ਥਾਂਦੀਆਂ ਤੋਂ ਹੈ। ਮੇਰੀ ਦੇਖ ਭਾਲ ਲਈ ਮੰਮਾ ਨੇ ਚੱਢਾ ਹਸਪਤਾਲ ਵਾਲਿਆਂ ਨਾਲ ਇਹਦੇ ਬਾਰੇ ਗੱਲ ਤੋਰੀ ਸੀ। ਉੱਦਣ ਮੈਂ ਹਸਪਤਾਲੋਂ ਭੱਜਿਆ ਸੀ। ਉਹਨਾਂ ਨੂੰ ਕੀ ਸੀ? ਡਾਕਟਰਾਂ ਨੇ ਤਾਂ ਪੈਸੇ ਬਟੋਰਨੇ ਸਨ। ਉਹਨੀਂ ਸਾਨੂੰ ਰਾਜੇਸ਼ ਦੇ ਦਿੱਤਾ ਸੀ। ਇਹ ਮੈਨੂੰ ਵੀ ਪਸੰਦ ਸੀ ਤੇ ਮੰਮੀ ਡੈਡੀ ਨੂੰ ਵੀ। ਇਹ ਮੰਮੀ ਡੈਡੀ ਨੂੰ ਡਰਿਓ ਦੇਖ ਕੇ ਹੱਸ ਪਿਆ ਸੀ।

"ਇਹ ਬਿਮਾਰੀ ਖ਼ਤਰਨਾਕ ਜ਼ਰੂਰ ਆ, ਮੈਡਮ ਜੀ। ਕਿਸੇ ਨੂੰ ਕੁਝ ਨਈਂ ਕਹਿੰਦੀ। ਮੈਂ ਬਿਮਾਰੀ ਨਾਲ ਸਿੱਝ ਲਵਾਂਗਾ।"

ਮੁੰਡਾ ਬੀਬਾ ਆ। ਨਿਡਰ ਵੀ ਆ ਤੇ ਸਮਝਦਾਰ ਵੀ। ਇਹਦੀ ਤਨਖਾਹ ਦੀ ਸੈਟਲਮੈਂਟ ਹੋ ਗਈ ਸੀ। ਇਹ ਵਿਚਾਰਾ ਜਿੰਨਾ ਕਰ ਸਕਦਾ ਹੈ, ਕਰੀ ਜਾਂਦਾ ਆ। ਮੈਨੂੰ ਮੰਮੀ ਡੈਡੀ ਤੋਂ ਬਾਅਦ ਬਹੁਤਾ ਗੁੱਸਾ ਇੰਦਰਪ੍ਰੀਤ 'ਤੇ ਆ। ਦੇਖੋ, ਮੈਂ ਉਹਨੂੰ ਪਿਆਰ ਕਰਦਾਂ। ਤੇ ਉਹ...।'

* * * * * * * * * * * * * * *

ਹਰਸੇਵ ਬੈੱਡ 'ਤੇ ਪਿਆ ਤੜਫ਼ ਰਿਹਾ ਹੁੰਦਾ। ਉਹਦੀਆਂ ਹੱਡੀਆਂ ਵਿੱਚ

ਦਰਦ ਰਹਿੰਦਾ। ਜਿਉਂ ਹੀ ਦਵਾਈ ਉਹਦੇ ਅੰਦਰ ਜਾਂਦੀ, ਉਹਦੇ ਕੰਨਾਂ 'ਚੋਂ ਧੂੰਆਂ ਨਿਕਲਦਾ। ਪੇਟ ਵਿੱਚ ਜਿੱਦਾਂ ਅੱਗ ਬਲ ਜਾਂਦੀ। ਪੇਟ ਕੱਸਿਆ-ਕੱਸਿਆ ਰਹਿੰਦਾ।

ਰਾਜੇਸ਼ ਸਾਰੀ ਸਾਰੀ ਰਾਤ ਉਹਦੇ ਪੈਰਾਂ ਦੀ ਮਾਲਸ਼ ਕਰਦਾ। ਜਦੋਂ ਪੇਟ ਬਹੁਤ ਜ਼ਿਆਦਾ ਕੱਸਿਆ ਜਾਂਦਾ, ਦੇਸੀ ਤੇਲ ਦੀ ਮਾਲਸ਼ ਨਾਲ ਨਰਮ ਕਰਦਾ। ਉਹਦੇ ਨਾਲ ਬੱਚਿਆਂ ਵਾਂਗ ਲਾਡ ਲਡਾਉਂਦਾ। ਉਹਨੂੰ ਚੁੰਮਦਾ, ਦਿਲਾਸਾ ਦਿੰਦਾ। ਉਹਦਾ ਮੂੰਹ ਧੋਂਦਾ, ਕੰਘੀ ਕਰਦਾ। ਰਾਤ ਪੈਂਦੀ...। ਉਹ ਆਪਣੇ ਘਰ ਜਾਣ ਤੋਂ ਇਨਕਾਰ ਕਰ ਦਿੰਦਾ। ਉਹਦੇ ਨਾਲ ਹੀ ਸੌਂ ਜਾਂਦਾ। ਉਹਦੀ ਛਾਤੀ ਦਬਾਉਂਦਾ, ਸਿਰ ਘੁੱਟਦਾ। ਜਦੋਂ ਉਹ ਉਹਨੂੰ ਇਹ ਸਾਰਾ ਕੁਝ ਕਰਦੇ ਨੂੰ ਦੇਖਦਾ, ਉਹ ਇੰਦਰਪ੍ਰੀਤ ਨੂੰ ਫੋਨ ਕਰਦਾ-

"ਮੈਂ ਇਹਦਾ ਨਾਂ ਗਿਰਾਸੀਮ ਰੱਖ ਦਿਆਂ?"

"ਰਾਜੇਸ਼ ਨਾਂ ਕੋਈ ਮਾੜਾ ਨਈਂ।"

ਪਰ ਇੰਦਰਪ੍ਰੀਤ ਦੇ ਰੋਕਣ ਦੇ ਬਾਵਜੂਦ ਉਹਨੇ ਉਹਦਾ ਨਾਂ ਗਿਰਾਸੀਮ ਰੱਖ ਦਿੱਤਾ। ਹੌਲੀ-ਹੌਲੀ ਉਹਨੂੰ ਉਹਦਾ ਰਾਜੇਸ਼ ਨਾਂ ਭੁੱਲ ਹੀ ਗਿਆ। ਤੇ ਉਹ ਉਹਦਾ ਗਿਰਾਸੀਮ ਹੋ ਗਿਆ।

ਗਿਰਾਸੀਮ ਰੋਟੀ ਖਵਾਉਣ ਦੀ ਕੋਸ਼ਿਸ਼ ਕਰਕੇ ਹਟਿਆ, ਪਚੀ ਨਈਂ। ਪੇਟ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਚੁੱਕੀ ਹੈ। ਕੋਈ ਵੀ ਭਾਰੀ ਚੀਜ਼ ਪੇਟ ਝਲਦਾ ਨਈਂ। ਉਹਦਾ ਚਿੱਤ ਕਦੇ ਮਿੱਠਾ ਖਾਣ ਨੂੰ ਕਰਦਾ ਹੈ ਤੇ ਕਦੇ ਕੌੜਾ। ਗਿਰਾਸੀਮ ਕਦੇ ਕੋਈ ਮਠਿਆਈ ਲਿਆਉਂਦਾ ਹੈ ਤੇ ਕਦੇ ਕੁਝ ਹੋਰ। ਫਿਰ ਉਹ ਮੂੰਹ ਸਲੂਣਾ ਕਰਨ ਲਈ ਕਦੇ ਗੋਲਗੱਪੇ, ਕਦੇ ਸਮੋਸੇ, ਕਦੇ ਨਮਕੀਨ ਤੇ ਕਦੇ ਕੁਝ ਹੋਰ ਖਿਲਾਉਂਦਾ ਹੈ। ਪਰ ਉਹਦੇ ਅੰਦਰ ਕੁਝ ਨਈਂ ਲੰਘ ਰਿਹਾ। ਜੀਭ ਦੇ ਛਾਲਿਆਂ ਨੇ ਸਵਾਦ ਵੀ ਖਤਮ ਕਰ ਦਿੱਤੇ ਹਨ। ਗਿਰਾਸੀਮ ਉਹਨੂੰ ਪੁਚਕਾਰ ਪੁਚਕਾਰ ਕੇ ਖੁਆ ਰਿਹਾ ਹੈ।

"ਗਿਰਾਸੀਮ, ਜੇ ਮੈਂ ਸਾਰਾ ਕੁਝ ਖਾਣਾ ਪੀਣਾ ਬੰਦ ਕਰ ਦਿਆਂ। ਫਿਰ ਇਸ ਢਿੱਡ ਤੇ ਸਿਰ ਨੂੰ ਪੁੱਛਾਂ- ਹੁਣ ਤੁਸੀ ਖੁਸ਼ ਹੋ?"

ਇੰਨੀ ਗੱਲ ਕਹਿ ਕੇ ਹਰਸੇਵ ਠਹਾਕਾ ਮਾਰ ਕੇ ਹੱਸਿਆ ਹੈ। ਗਿਰਾਸੀਮ ਚੁੱਪ ਬੈਠਾ ਹੈ। ਉਹ ਉਹਦੀ ਚੁੱਪ ਨੂੰ ਸਮਝਦਾ ਹੈ। ਉਹ ਉਹਦਾ ਧਿਆਨ ਹਟਾਉਣ ਲਈ ਬੀਚ ਦੇ, ਕਰੂਜ਼ ਦੇ ਚੁਟਕਲੇ ਸੁਣਾਉਣ ਲੱਗ ਪਿਆ ਹੈ। ਗਿਰਾਸੀਮ ਉਹਦੇ ਚੁਟਕਲਿਆਂ ਵਿੱਚ ਖੁੱਭ ਗਿਆ ਹੈ।

'ਸਾਡਾ ਸ਼ਿਪ ਆਪਣੇ ਰੂਟ 'ਤੇ ਜਾ ਰਿਹਾ ਸੀ। ਪੋਰਟਲੈਂਡ ਦੇ ਤੱਟ ਤੋਂ ਜਪਾਨੀ ਜਹਾਜ਼ ਸਾਡੇ ਨਾਲ ਰਲਿਆ ਸੀ। ਉਸ ਵਿੱਚ ਕਿੰਨੀਆਂ ਸਾਰੀਆਂ ਜਵਾਨ ਗੋਰੀਆਂ ਬੈਠੀਆਂ ਸਨ। ਅਸੀਂ ਉਨ੍ਹਾਂ ਨੂੰ ਦੇਖ ਕੇ ਆਪਣੀਆਂ ਕਮੀਜ਼ਾਂ ਲਾਹ ਦਿੱਤੀਆਂ, ਜਦੋਂ ਗੋਰੀਆਂ ਨੇ ਲਾਹੀਆਂ, ਅਸੀਂ ਧੜੱਮ ਕਰਕੇ ਜਹਾਜ਼ ਵਿਚਲੇ ਪਾਣੀ ਵਿੱਚ ਡਿੱਗ ਪਏ ਸਾਂ।'

ਗਿਰਾਸੀਮ ਹੱਸ-ਹੱਸ ਕੇ ਲੋਟਪੋਟ ਹੋ ਰਿਹਾ ਹੈ। ਤੇ ਹਰਸੇਵ ਰੋ ਰਿਹਾ ਹੈ।

ਉਹਦੇ ਜ਼ੋਰ ਨਾਲ ਦਰਦ ਉਠਿਆ ਹੈ। ਗਿਰਾਸੀਮ ਚੁੱਕ ਕੇ ਟੁਆਇਲਟ ਸੀਟ ਤੇ ਬਿਠਾਉਂਦਾ ਹੈ। ਖੂਨ ਦੇ ਕਤਰਿਆਂ ਨਾਲ ਸਾਰੀ ਸੀਟ ਲਹੂ ਲੁਹਾਣ ਹੋ ਗਈ ਹੈ। ਉਹਨੇ ਉਹਨੂੰ ਸਾਫ਼ ਕਰਕੇ ਬੈੱਡ 'ਤੇ ਲਿਆ ਪਾਇਆ ਹੈ। ਸੀਟ ਸਾਫ਼ ਕਰਕੇ ਉਹਨੂੰ ਹੌਂਸਲਾ ਦੇਣ ਲੱਗ ਪਿਆ ਹੈ। ਹਰਸੇਵ ਦੀ ਜਾਨ ਨਿਕਲਦੀ ਜਾ ਰਹੀ ਹੈ। ਪਤਾ ਨਈਂ

ਉਹਦੇ ਅੰਦਰ ਕਿਹੜਾ ਵਾਇਰਸ ਵੜ ਚੁੱਕਾ ਹੈ। ਜਿਹੜਾ ਉਹਦੀ ਜਾਨ ਲੈ ਰਿਹਾ ਹੈ। ਗਿਰਾਸੀਮ ਉਹਨੂੰ ਚੁੱਪ ਕਰਾ ਰਿਹਾ ਹੈ।

"ਭਰਾ ਜੀ, ਸ਼ਬਦਾਂ ਨਾਲ ਦਰਦਾਂ ਨੂੰ ਮਾਰਿਆ ਨਈਂ ਜਾ ਸਕਦਾ।"

ਗਿਰਾਸੀਮ, ਹਰਸੇਵ ਦੀ ਗੱਲ ਸੁਣ ਕੇ ਚੁੱਪ ਕਰ ਗਿਆ ਹੈ। ਉਹਨੂੰ ਇੱਕਲੇ ਨੂੰ ਰੋਣ ਲਈ ਛੱਡ ਕੇ ਬਾਹਰ ਵਰਾਂਡੇ ਦੀ ਨੁੱਕਰ ਵਿੱਚ ਬੈਠ ਗਿਆ ਹੈ। ਅੱਧੀ ਰਾਤ ਬੀਤ ਚੁੱਕੀ ਹੈ। ਹਰਸੇਵ ਨੇ ਗਿਰਾਸੀਮ ਤੋਂ ਇੱਕ ਗਲਾਸ ਵਿਸਕੀ ਦਾ ਲੈ ਕੇ ਪੀਤਾ ਹੈ। ਇਸ ਨਾਲ ਉਸਦਾ ਥੋੜ੍ਹਾ ਦਰਦ ਘੱਟ ਗਿਆ ਹੈ। ਉਹ ਇੱਕ ਹੋਰ ਪੈੱਗ ਲਾ ਕੇ ਸੌਣਾ ਚਾਹੁੰਦਾ ਹੈ। ਨਾਲ ਪਿਆ ਗਿਰਾਸੀਮ ਉਹਦੇ ਹੱਥਾਂ ਨੂੰ ਪਲੋਸ ਰਿਹਾ ਹੈ।

"ਗਿਰਾਸੀਮ, ਉਹਨਾਂ ਗਲੀਆਂ ਵਿੱਚ ਗਏ ਤਾਂ ਸਾਰੇ ਈ...। ਉਸ ਕੰਬਖ਼ਤ ਰੱਬ ਨੂੰ ਪੁੱਛ, ਮੇਰਾ ਪੈਰ ਈ ਚਿੱਕੜ ਵਿੱਚ ਫਸਾਣਾ ਸੀ।"

ਹਰਸੇਵ ਨੇ ਹਉਂਕਾ ਲਿਆ ਹੈ। ਦੂਜਾ ਪੈੱਗ ਅੰਦਰ ਸੁਟਿਆ ਹੈ। ...ਗਿਰਾਸੀਮ ਉਹਨੂੰ ਸੁਲਾਉਣ ਦੀ ਕੋਸ਼ਿਸ਼ ਵਿੱਚ ਹੈ। ਸ਼ਾਇਦ ਉਹਦੀ ਅੱਖ ਲੱਗ ਗਈ ਹੈ।

ਸਭ ਤੋਂ ਭਿਆਨਕ ਸਜ਼ਾ ਜਾਗਾ ਕੱਟਣਾ ਹੈ। ਪਿਛਲੇ ਦੋ ਸਾਲਾਂ ਤੋਂ ਉਹਦੀਆਂ ਅੱਖਾਂ ਨੀਂਦ ਲਈ ਤਰਸ ਗਈਆਂ ਹਨ। ਕੋਈ ਮੰਨ ਨਹੀਂ ਸਕਦਾ ਕਿ ਮੌਤ ਇੱਦਾਂ ਵੀ ਆਉਂਦੀ ਹੈ। ਇੰਦਰਪ੍ਰੀਤ ਉਹਨੂੰ ਨੀਂਦ ਨਾ ਆਉਣ ਤੋਂ ਵੀ ਚਿੰਤਤ ਹੈ। ...ਤੇ ਦਸਤ ਤੋਂ ਵੀ। ਉਹ ਇਸ ਬਿਮਾਰੀ ਦੇ ਸਿਮਟਮ ਨੂੰ ਲੈ ਕੇ ਕਈ ਦਿਨਾਂ ਤੋਂ ਨੈੱਟ 'ਤੇ ਸਰਚ ਕਰ ਰਹੀ ਹੈ। ਫਿਰ ਉਨ੍ਹੇ ਸਾਇਕੈਟਰਿਸਟ ਤੋਂ ਸਲਾਹ ਲਈ। ਉਹ ਘੱਟੋ-ਘੱਟ ਉਹਦੀ ਮਾਨਸਿਕ ਪੀੜਾ ਘਟਾਉਣਾ ਚਾਹੁੰਦੀ ਹੈ।

ਉਹਨੇ ਉਹਦੇ ਮੰਮੀ ਡੈਡੀ ਨੂੰ ਸਾਇਕੈਟਰਿਸਟ ਨਾਲ ਮਿਲਾਇਆ ਸੀ। ਉਸ ਡਾਕਟਰ ਦੀ ਦਵਾਈ ਦਾ ਥੋੜ੍ਹਾ ਜਿਹਾ ਅਸਰ ਹੋਇਆ ਸੀ। ਉਹਦੀ ਪੀੜ ਤਾਂ ਪਹਿਲਾਂ ਵਾਂਗ ਹੀ ਸੀ ਪਰ ਦਵਾਈ ਨਾਲ ਮਨ ਹੌਲਾ ਹੋ ਗਿਆ ਸੀ। ਉਹ ਹੁਣ ਰਾਤ ਨੂੰ ਚੀਕਾਂ ਨਈਂ ਮਾਰਦਾ। ...ਢਿੱਡ ਵਿੱਚ ਮੁੱਕੇ ਨਹੀਂ ਮਾਰਦਾ। ਕੰਧਾਂ ਵਿੱਚ ਸਿਰ ਨਈਂ ਮਾਰਦਾ। ਤੇ ਨਾ ਹੀ ਦਰਦ ਵੇਲੇ ਉਹ ਰੱਸਾ ਲੱਭਦਾ ਹੈ। ਮਨ ਤਾਂ ਖ਼ੁਦਕੁਸ਼ੀ ਕਰਨ ਨੂੰ ਕਰਦਾ ਹੈ ਪਰ ਉਹ ਟਾਲ ਦਿੰਦਾ ਹੈ।

ਹੁਣ ਗਿਰਾਸੀਮ ਉਹਨੂੰ ਚਿਕਨ ਸੂਪ ਨਾਲ ਦੋ ਚਾਰ ਬੁਰਕੀਆਂ ਵੀ ਖੁਆ ਦਿੰਦਾ ਹੈ। ਪਹਿਲਾਂ ਨਾਲੋਂ ਉਹ ਥੋੜ੍ਹਾ ਸ਼ਾਂਤ ਰਹਿੰਦਾ ਹੈ। ਟੈਲੀਵੀਜ਼ਨ ਦੇਖ ਲੈਂਦਾ ਹੈ। ਕੰਪਿਊਟਰ ਆਪ ਤਾਂ ਚਲਾ ਨਹੀਂ ਸਕਦਾ। ਗਿਰਾਸੀਮ ਨੂੰ ਲਾਈ ਰੱਖਦਾ ਹੈ। ਉਹ ਹੀ ਉਹਦੀ ਮੇਲ ਪੜ੍ਹਦਾ ਤੇ ਭੇਜਦਾ ਹੈ।

ਡਾਕਟਰ ਇਲਾਜ ਤਾਂ ਕਰ ਰਿਹਾ ਹੈ ਪਰ ਜ਼ਖ਼ਮ ਨਹੀਂ ਠੀਕ ਹੋ ਰਹੇ। ਡਾਕਟਰ ਜਿਸ ਨੂੰ ਪਾਈਲਜ਼ ਕਹਿ ਰਿਹਾ ਹੈ, ਦਰਅਸਲ ਫੰਗਸ ਇਨਫੈਕਸ਼ਨ ਹੈ। ਨਵੇਂ ਡਾਕਟਰ ਨੇ ਉਸਦੀ ਦਰਦ ਭਰੀ ਇਨਫੈਕਸ਼ਨ ਤਾਂ ਹਟਾ ਦਿੱਤੀ। ਪਰ ਉਸ ਤੋਂ ਬਾਅਦ ਭਾਰ ਬੜੀ ਤੇਜ਼ੀ ਨਾਲ ਘੱਟਣ ਲੱਗ ਪਿਆ ਹੈ। ਕਦੇ ਛੇ ਫੁੱਟ ਦੋ ਇੰਚ ਤੇ ਅੱਸੀ ਕਿਲੋ ਭਾਰ ਵਾਲਾ ਗੱਭਰੂ ਬਵੰਜਾ ਕਿਲੋ ਦਾ ਰਹਿ ਗਿਆ ਹੈ। ਉਹਦਾ ਮੂੰਹ ਚੁਗਲ ਵਰਗਾ ਬਣ ਗਿਆ ਹੈ। ਉਹਨੇ ਜਵਾਨੀ ਵਿੱਚ ਹੀ ਬੁਢਾਪਾ ਦੇਖ ਲਿਆ ਹੈ। ਉਸਨੇ ਆਪਣੀ ਵਸੀਅਤ ਆਪਣੀ ਮੰਮੀ ਨੂੰ ਭਿਜਵਾਈ ਸੀ।

"ਮੰਮੀ, ਮੇਰੀਆਂ ਪਸਲੀਆਂ ਦੀ ਟੋਕਰੀ ਬਣਾ ਲੈਣੀ। ਮੇਰੀ ਰੀੜ ਦੀ ਹੱਡੀ

ਤਾਂ ਤੋੜ ਦਿੱਤੀ ਗਈ ਸੀ ਪਰ ਇਹ ਮਜ਼ਬੂਤ ਬੜੀ ਹੈ। ਜਿਥੇ ਬਿੰਨਾ ਰੱਖੀਦਾ, ਉਸ ਮੋਟੀ ਛਿੱਟੀ ਦੀ ਜਗ੍ਹਾ ਇਹਨੂੰ ਵਰਤ ਲੈਣਾ। ...ਅਲਵਿਦਾ।" ਉਹਦੀ ਵਸੀਅਤ ਪੜ੍ਹ ਕੇ ਮਾਪੇ ਬਹੁਤ ਤੜਫੇ ਸਨ।

ਦਿਨ ਬ ਦਿਨ ਮੌਤ ਉਹਦੇ ਚਿਹਰੇ 'ਤੇ ਆਪਣੀ ਇਬਾਰਤ ਲਿਖ ਰਹੀ ਹੈ। ਟੁਆਇਲਟ ਜਾਣ ਵੇਲੇ ਤਕਲੀਫ਼ ਘੱਟ ਗਈ ਸੀ। ਪਰ ਮੂੰਹ ਦੇ ਛਾਲੇ ਪਾਥੀਆਂ ਵਾਂਗ ਪੱਥੇ ਗਏ ਸਨ। ਮੂੰਹ ਵਿੱਚ ਪਾਣੀ ਦਾ ਤੁਪਕਾ ਹੀ ਜਾਂ ਸੂਪ ਦਾ ਚਮਚ ਹੀ ਮਸਾਂ ਲੰਘਦਾ। ਡਾਕਟਰ ਨੇ ਦੱਸਿਆ ਸੀ – ਭੋਜਨ ਨਾਲੀ ਵਿੱਚ ਵੀ ਫੰਗਸ ਇਨਫੈਕਸ਼ਨ ਹੋ ਗਈ ਹੈ। ਤੇ ਜੇ ਅੱਗੇ ਮਿਹਦੇ ਵਿੱਚ ਚਲੇ ਗਈ ਤਾਂ ਇਸ ਦੀ ਮੌਤ ਅਟੱਲ ਹੈ। ...ਖ਼ੈਰ, ਉਹਦੇ ਮੰਮੀ ਡੈਡੀ ਉਹਨੂੰ ਹਸਪਤਾਲ ਲੈ ਗਏ। ਜਦੋਂ ਇਨਫੈਕਸ਼ਨ ਥੋੜ੍ਹੀ ਕੰਟਰੋਲ ਵਿੱਚ ਆ ਗਈ। ਫਿਰ ਘਰ ਲੈ ਆਏ। ਉਹ ਗਿਰਾਸੀਮ ਕੋਲ ਰੋਣ ਲੱਗ ਪੈਂਦਾ–

"ਮੈਨੂੰ ਪਤਾ ਹੈ, ਮੈਂ ਵੀ ਮਰ ਜਾਵਾਂਗਾ, ਈਵਾਨ ਇਲੀਚ ਵਾਂਗ। ...ਉਹਨੂੰ ਇੱਕ ਵੱਖੀ ਦਾ ਦਰਦ ਲੈ ਬੈਠਾ ਤੇ ਮੈਂ...ਤਾਂ ਉਸ ਬਿਮਾਰੀ ਨਾਲ ਮਰ ਰਿਹਾ ਹਾਂ ਜਿਸ ਦਾ ਕੋਈ ਇਲਾਜ ਹੀ ਨਹੀਂ। ...ਹਾਏ ਓਏ! ਇੰਨੀ ਭਿਆਨਕ ਮੌਤ...।"

ਉਹਨੂੰ ਕੋਈ ਰਸਤਾ ਨਹੀਂ ਦਿਸ ਰਿਹਾ। ਚਾਰੇ ਪਾਸੇ ਧੁੰਦ ਹੀ ਧੁੰਦ ਹੈ। ...ਈਵਾਨ ਇਲੀਚ ਦੀ ਮੌਤ ਤਾਂ ਉਸਨੂੰ ਆਪਣੇ ਅੱਗੇ ਕੁਝ ਵੀ ਨਹੀਂ ਲੱਗ ਰਹੀ। ਜਿਹੜੀ ਮੌਤ ਉਹ ਮਰ ਰਿਹਾ ਹੈ, ਉਹ ਬਹੁਤ ਭਿਆਨਕ ਹੈ। ਅੱਜ ਉਹਨੇ ਇੰਦਰਪ੍ਰੀਤ ਨੂੰ ਦੋ ਮੇਲਾਂ ਸੈਂਡ ਕਰਵਾਈਆਂ।

–ਮੌਤ ਕੀ ਹੁੰਦੀ ਹੈ? ਜ਼ਿੰਦਗੀ ਕੀ ਹੁੰਦੀ ਹੈ? ...ਇਹਦਾ ਅਹਿਸਾਸ ਡੈੱਥ ਬੈੱਡ 'ਤੇ ਪਏ ਬੰਦੇ ਨੂੰ ਹੀ ਹੁੰਦਾ ਹੈ।–

–ਜੇ ਮੈਂ 'ਡੈੱਥ ਆਫ ਈਵਾਨ ਇਲੀਚ' ਫ਼ਿਲਮ ਨਾ ਦੇਖਦਾ ਸ਼ਾਇਦ ਮੈਂ ਮਰਨਾ ਨਹੀਂ ਸੀ।–

ਔਰਤ ਨੂੰ ਜਿਸਮ ਤੇ ਮਾਸ ਦੀ ਗੁੱਡੀ ਸਮਝਣ ਵਾਲਾ ਹਰਸੇਵ ਆਖ਼ਰੀ ਸਾਹਾਂ 'ਤੇ ਹੈ। ਇੰਦਰਪ੍ਰੀਤ ਉਹਦੇ ਘਰ ਨਈਂ ਆਉਂਦੀ। ਫ਼ੋਨ ਜਾਂ ਨੈੱਟ ਰਾਹੀਂ ਸੰਪਰਕ ਬਣਾਈ ਰੱਖਦੀ ਹੈ। ਉਹ ਜਾਣਦੀ ਹੈ ਕਿ ਦੀਵੇ ਦੀ ਲੋਅ ਦੇ ਆਖ਼ਰੀ ਭਬਾਕੇ ਬਚੇ ਹਨ। ਉਹ ਤਾਂ ਉਸ ਲੋਅ ਨੂੰ ਮੁੜ ਭਾਂਬੜ ਬਣਾ ਦੇਣਾ ਚਾਹੁੰਦੀ ਹੈ। ਉਹ ਉਸੇ ਡਾਕਟਰ ਤੋਂ ਇਲਾਜ ਕਰਵਾਉਣ ਲਈ ਉਹਦੇ ਮੰਮੀ ਡੈਡੀ 'ਤੇ ਜ਼ੋਰ ਪਾ ਰਹੀ ਹੈ, ਜਿਸ ਦੀ ਦਵਾਈ ਨਾਲ ਉਹ ਕਮਜ਼ੋਰ ਤਾਂ ਹੋਇਆ, ਪਰ ਉਸ ਦੇ ਜਖ਼ਮ ਠੀਕ ਹੋ ਗਏ ਸਨ। ਹੁਣ ਡਾਇਰੀਏ ਦੇ ਤਾਜ਼ੇ ਹਮਲੇ ਨੇ ਉਨ੍ਹਾਂ ਨੂੰ ਹੱਥਾਂ ਪੈਰਾਂ ਦੀਆਂ ਪਾ ਦਿੱਤੀਆਂ ਹਨ। ਉਹ ਸਰੀਰ ਸਾਂਭਣ ਦੇ ਕਾਬਲ ਨਈਂ ਰਿਹਾ। ਉਹਦੇ ਕੋਲੋਂ ਆਪਣਾ ਹੱਥ ਵੀ ਉਠਾਇਆ ਨਹੀਂ ਜਾਂਦਾ। ਦੋ ਮਹੀਨਿਆਂ ਵਿੱਚ ਹੀ ਉਸਦਾ ਭਾਰ ਬਵੰਜਾ ਕਿਲੋ ਤੋਂ ਘੱਟ ਕੇ ਅਠਾਈ ਕਿਲੋ ਰਹਿ ਗਿਆ ਹੈ। ਖਾਣੇ ਦੇ ਨਾਂ 'ਤੇ ਉਹਨੂੰ ਕਚਿਆਣ ਆਉਂਦੀ ਹੈ। ਗਿਰਾਸੀਮ ਜੂਸ ਜਾਂ ਪਾਣੀ ਚਮਚੇ ਨਾਲ ਪਿਲਾਉਂਦਾ ਹੈ। ਉਹਦੇ ਵਿੱਚ ਸਾਹ–ਸਤ ਨਹੀਂ ਰਿਹਾ। ਇੰਦਰਪ੍ਰੀਤ ਦਿਹਾੜੀ ਵਿੱਚ ਕਈ ਵਾਰ ਫੋਨ ਕਰਦੀ ਹੈ। ਪਰ ਉਹ ਬੋਲਦਾ ਨਹੀਂ। ਉਹਦੀ ਅਵਾਜ਼ ਵੀ ਨਹੀਂ ਨਿਕਲਦੀ। ਉਹਨੂੰ ਟੱਟੀ ਪਿਸ਼ਾਬ ਦਾ ਵੀ ਪਤਾ ਨਈਂ ਲਗਦਾ।

ਹਰਸੇਵ ਦੇ ਸਰੀਰ ਦੀਆਂ ਹਰਕਤਾਂ ਹੌਲੀ ਹੋ ਗਈਆਂ ਹਨ। ਇੰਦਰਪ੍ਰੀਤ ਦਾ

ਵਿਸ਼ਵਾਸ ਵੀ ਤਿੜਕ ਗਿਆ ਹੈ। ਉਹਦੇ ਨੈੱਟ ਦੀ ਸਰਚ ਉਹਨੂੰ ਦੱਸ ਰਹੀ ਹੈ ਕਿ ਕੁਝ ਦੇਰ ਤੱਕ ਉਹ ਆਪਣੇ ਹੱਥ ਪੈਰ ਹਿਲਾਉਣ ਤੋਂ ਵੀ ਅਵਾਜ਼ਾਰ ਹੋ ਜਾਵੇਗਾ।... ਤੇ ਇੰਝ ਹੀ ਹੋਇਆ। ਬੱਸ ਇਹ ਆਖ਼ਰੀ ਵਕਤ ਆਉਣ ਤੋਂ ਪਹਿਲਾਂ ਦੇ ਦਿਨ ਹਨ।

ਗਿਰਾਸੀਮ ਹਰ ਪਲ ਉਸਦੀ ਸੇਵਾ ਵਿੱਚ ਲੱਗਾ ਰਹਿੰਦਾ ਹੈ। ਉਸਦੀ ਮੰਮੀ ਦੋ ਵਕਤ ਉਸਦੇ ਰੂਮ ਵਿੱਚ ਆਉਂਦੀ ਹੈ। ਗੁਟਕਾ ਉਹਦੇ ਹੱਥ ਵਿੱਚ ਹੁੰਦਾ ਹੈ। ਕੁਰਸੀ ਤੇ ਬੈਠ ਜਾਂਦੀ ਹੈ। ਸਿਰ ਢੱਕ ਲੈਂਦੀ ਹੈ। ਪਾਠ ਪੜ੍ਹਦੀ ਹੈ। ਮੱਥਾ ਟੇਕ ਕੇ ਤੁਰ ਜਾਂਦੀ ਹੈ। ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਉਹਦਾ ਡੈਡੀ ਵੀ ਉਹਦੇ ਕਮਰੇ ਵਿੱਚ ਜ਼ਰੂਰ ਆਉਂਦਾ ਹੈ। ਪ੍ਰਸ਼ਾਦ ਵੰਡ ਕੇ ਜਾਣਾ ਉਸ ਦਾ ਨਿੱਤਨੇਮ ਬਣਿਆ ਹੋਇਆ ਹੈ।

ਡਾਕਟਰ ਕਹਿ ਰਿਹਾ ਸੀ, ਹਰਸੇਵ ਨੂੰ ਜੋ ਬੁਖ਼ਾਰ ਹੈ, ਉਹ ਉਸਦੀ ਦਵਾਈ ਕਰਕੇ ਹੈ। ਪਰ ਬੁਖ਼ਾਰ ਤਾਂ ਟੁੱਟ ਹੀ ਨਹੀਂ ਰਿਹਾ। ਗਿਰਾਸੀਮ ਉਸ ਕੋਲ ਕਦੇ ਸੂਪ, ਕਦੇ ਦੁੱਧ ਤੇ ਕਦੇ ਜੂਸ ਲੈ ਕੇ ਖੜ੍ਹਾ ਹੁੰਦਾ ਹੈ। ਉਹ ਥੋੜ੍ਹੀ ਜਿਹੀ ਅੱਖ ਪੁੱਟਦਾ, ਉਹ ਚਮਚਾ ਉਹਦੇ ਮੂੰਹ ਵਿੱਚ ਪਾ ਦਿੰਦਾ। ਹਰਸੇਵ ਦੀ ਸਾਰੀ ਚਮੜੀ ਪਹਿਲਾਂ ਤਾਂ ਕਾਲੀ ਹੋ ਗਈ ਸੀ, ਫਿਰ ਥੋੜ੍ਹੇ ਦਿਨਾਂ ਬਾਅਦ ਲਹਿਣੀ ਸ਼ੁਰੂ ਹੋ ਗਈ। ਥੱਲਿਓਂ ਨਵੇਂ ਜਨਮੇ ਬੱਚੇ ਵਰਗੀ ਚਮੜੀ ਨਿਕਲ ਰਹੀ ਸੀ। ਉਸਦੇ ਮਨ ਦੀ ਅਜੀਬ ਦਸ਼ਾ ਸੀ। ਉਹ ਮਨ ਹੀ ਮਨ ਆਖ ਰਿਹਾ ਸੀ–

"ਇਹ ਮੇਰੀ ਚਮੜੀ ਨਹੀਂ ਲਹਿ ਰਹੀ। ਇਹ ਤਾਂ ਮੌਤ ਹੈ ਜੋ ਮੇਰੇ ਜਿਸਮ ਤੇ ਉਤਰ–ਚੜ੍ਹ ਰਹੀ ਹੈ। ਮੈਂ ਮਰ ਰਿਹਾ ਹਾਂ। ...ਮੈਂ ਪ੍ਰੀਤ ਨੂੰ ਮਿਲਣਾ ਚਾਹੁੰਦਾ ਹਾਂ। ਪਰ ਮੈਂ ਕਿਵੇਂ ਦੱਸਾਂ? ਮੇਰੀ ਅਵਾਜ਼...ਮੇਰੇ ਹੱਥ?"

ਉਹ ਡੁਸਕਦਾ ਰਿਹਾ। ਗਿਰਾਸੀਮ ਉਹਦੇ ਨਾਲ ਲੇਟ ਗਿਆ। ਉਹਨੇ ਹਰਸੇਵ ਨੂੰ ਜੱਫ਼ੀ 'ਚ ਲਿਆ। ਉਹਨੂੰ ਉਹਦੀ ਛਾਤੀ ਨਾਲ ਲੱਗ ਕੇ ਚੈਨ ਤਾਂ ਪੈ ਗਈ ਹੈ ਪਰ ਉਹਦਾ ਸਾਹ ਨਹੀਂ ਨਿਕਲ ਰਿਹਾ। ਉਹ ਉਸਦੀ ਛਾਤੀ ਨਾਲ ਬੱਚੇ ਵਾਂਗ ਲੱਗਿਆ ਹੋਇਆ। ਵਿਲਕੀ ਜਾ ਰਿਹਾ। ਉਹਦੇ ਹੰਝੂ ਵੀ ਬਾਹਰ ਨਹੀਂ ਡਿੱਗ ਰਹੇ। ਜਿਵੇਂ ਹੰਝੂ ਬਾਹਰ ਕੱਢਣ ਦੀ ਤਾਕਤ ਵੀ ਇਸ ਬਿਮਾਰੀ ਨੇ ਖੋਹ ਲਈ ਹੋਵੇ। ...ਗਿਰਾਸੀਮ ਨੇ ਜੱਫ਼ੀ ਢਿੱਲੀ ਕੀਤੀ ਹੈ।

ਬੁਖ਼ਾਰ ਨਾਲ ਹਰਸੇਵ ਦਾ ਸਰੀਰ ਤਪਦਾ ਪਿਆ। ਉਹ ਪਾਣੀ ਦੀਆਂ ਪੱਟੀਆਂ ਰੱਖਣ ਲੱਗ ਪਿਆ। ਨਾਲੋਂ ਨਾਲ ਇੰਦਰਪ੍ਰੀਤ ਨੂੰ ਫ਼ੋਨ 'ਤੇ ਦੱਸੀ ਵੀ ਜਾ ਰਿਹਾ। ਖ਼ੂਨ ਵਿੱਚ ਇਨਫੈਕਸ਼ਨ ਹੋ ਗਈ ਹੈ। ਵਾਇਰਸ ਦਾ ਹਮਲਾ ਉਹਦੇ ਸਾਰੇ ਔਰਗਨ 'ਤੇ ਹੋਣ ਵਾਲਾ ਹੈ। ਇਹ ਉਨ੍ਹਾਂ ਲਈ ਬੜਾ ਭਿਆਨਕ ਸਮਾਂ ਹੈ। ਉਹਦੇ ਮੰਮੀ ਤੇ ਡੈਡੀ ਦੇਖ ਕੇ ਮੁੜ ਜਾਂਦੇ ਹਨ। ਪਾਠ ਅਤੇ ਅਰਦਾਸਾਂ ਵਿੱਚ ਖੁੱਭ ਜਾਂਦੇ ਹਨ।

ਮਸੀਂ ਰਾਤ ਲੰਘੀ ਹੈ। ਹਰਸੇਵ ਦੇ ਕੰਨ ਮੁੜ ਗਏ ਹਨ। ...ਕੰਨਾਂ, ਅੱਖਾਂ ਤੇ ਮੂੰਹ ਵਿਚੋਂ ਅਜੀਬ ਜਿਹੇ ਪਦਾਰਥ ਦਾ ਰਿਸਾਅ ਹੋਇਆ ਹੈ। ਉਸਦੀਆਂ ਅੱਖਾਂ ਛੱਤ ਵੱਲ ਟਿਕੀਆਂ ਹੋਈਆਂ ਹਨ। ਉਹਦੇ ਮੰਮੀ ਡੈਡੀ ਮੌਤ ਲਈ ਪ੍ਰਮਾਤਮਾ ਅੱਗੇ ਅਰਦਾਸ ਕਰ ਰਹੇ ਹਨ। ਗਿਰਾਸੀਮ ਨੂੰ ਸਮਝ ਨਹੀਂ ਲੱਗ ਰਹੀ, ਉਹਦਾ ਸਾਹ ਕਿਉਂ ਨਹੀਂ ਨਿਕਲ ਰਿਹਾ। ...ਪਤਾ ਨਈਂ ਉਹਦੇ ਕੀ ਮਨ ਆਇਆ ਹੈ। ਉਹਨੇ ਕੰਪਿਊਟਰ

ਆਨ ਕੀਤਾ ਹੈ। 'ਡੈੱਥ ਆਫ ਈਵਾਨ ਇਲੀਚ' ਮੂਵੀ ਦਾ ਅੰਤਿਮ ਹਿੱਸਾ ਦੇਖਣ ਲੱਗ ਪਿਆ ਹੈ।

'ਈਵਾਨ ਇਕੱਲਾ ਰਹਿਣ ਲਈ ਚੀਕ ਰਿਹਾ ਹੈ। ਕੱਪੜਿਆਂ ਨੂੰ ਪਾੜ ਰਿਹਾ ਹੈ। ਉਹ ਚੀਕਾਂ ਤੇ ਬਾਹਾਂ ਮਾਰ ਰਿਹਾ ਹੈ। ਪਰਾਸਕੋਵੀਆ ਆਉਂਦੀ ਹੈ। ਉਸਦੀ ਪੀੜ ਹੋਰ ਵੱਧ ਜਾਂਦੀ ਹੈ। ...ਪਰਾਸਕੋਵੀਆ ਚਲੇ ਜਾਂਦੀ ਹੈ। ਉਸਦਾ ਪੁੱਤ ਆਉਂਦਾ ਹੈ। ਉਹਦਾ ਹੱਥ ਚੁੰਮਦਾ ਹੈ। ਉਹ ਸ਼ਾਂਤ ਹੋ ਜਾਂਦਾ ਹੈ।'

ਗਿਰਾਸੀਮ ਉਹਦੇ ਮੰਮੀ ਡੈਡੀ ਨੂੰ ਕਮਰੇ 'ਚੋਂ ਬਾਹਰ ਨਿਕਲਣ ਲਈ ਹੱਥ ਜੋੜਦਾ ਹੈ। ਉਹ ਵਾਹਿਗੁਰੂ ਵਾਹਿਗੁਰੂ ਕਰਦੇ ਕਮਰੇ ਵਿੱਚੋਂ ਬਾਹਰ ਚਲੇ ਜਾਂਦੇ ਹਨ। ਗਿਰਾਸੀਮ ਨੇ ਫੋਨ 'ਤੇ ਇੰਦਰਪ੍ਰੀਤ ਦਾ ਆਉਣ ਲਈ ਮਿੰਨਤ ਤਰਲਾ ਕੀਤਾ ਹੈ।

...ਇੰਦਰਪ੍ਰੀਤ ਕਮਰੇ ਅੰਦਰ ਆਣ ਵੜੀ ਹੈ। ਉਹਨੇ ਆਉਂਦਿਆਂ ਹੀ ਉਹਦੇ ਮੱਥੇ 'ਤੇ ਹੱਥ ਫੇਰਿਆ । ਉਂਗਲਾਂ ਨਾਲ ਵਾਲਾਂ ਦੀ ਕੰਘੀ ਕੀਤੀ ਹੈ। ਹਰਸੇਵ ਮੁਸਕਰਾ ਪਿਆ। ਉਹਨੇ ਉੱਠ ਕੇ ਪ੍ਰੀਤ ਨੂੰ ਜੱਫ਼ੀ ਵਿੱਚ ਲੈਣਾ ਚਾਹਿਆ ਹੈ ਪਰ ਉਹਤੋਂ ਉੱਠ ਨਈਂ ਹੋਇਆ। ਉਹਨੂੰ ਤੁੜਾਹੇ ਤੋੜਦੇ ਨੂੰ ਦੇਖ ਕੇ ਇੰਦਰਪ੍ਰੀਤ ਦੀਆਂ ਅੱਖਾਂ ਵਿੱਚੋਂ ਅੱਥਰੂ ਡਿੱਗੇ ਹਨ। ਚੁੰਨੀ ਭਿੱਜ ਗਈ ਹੈ। ਉਹਨੇ ਉਹਦਾ ਹੱਥ ਚੁੰਮਿਆ ਹੈ। ਗਿਰਾਸੀਮ ਕੰਪਿਊਟਰ ਟੇਬਲ 'ਤੇ ਸਿਰ ਸੁੱਟੀ ਭੁਸਕੀ ਜਾ ਰਿਹਾ ਹੈ।

ਹੁਣ ਹਰਸੇਵ ਦੇ ਦਿਮਾਗ ਵਿੱਚ ਈਵਾਨ ਇਲੀਚ ਹੈ। ਉਸਦੇ ਸਾਹਾਂ ਦੀ ਖੜ-ਖੜ ਹੈ। ਉਸਨੂੰ ਲੱਗ ਰਿਹਾ ਹੈ ਈਵਾਨ ਵਾਂਗ ਉਸਦੇ ਸਾਹ ਵੀ ਖੜਕ ਰਹੇ ਹਨ। ਛਾਤੀ ਵਿੱਚ ਬਲਗਮ ਭਰੀ ਹੋਈ ਹੈ। ... ਅੰਦਰ ਪੀੜ ਹੋ ਰਹੀ ਹੈ। ਇਹ ਮਰਨ ਪੀੜ ਹੈ। ...ਪਤਾ ਨਈਂ ਉਸ ਅੰਦਰੋਂ ਕਿੰਨਾ ਦਰਦ ਉਠਿਆ ਹੈ ਕਿ ਮੂੰਹੋਂ ਇੱਕ ਭਿਆਨਕ ਚੀਕ ਨਿਕਲੀ ਹੈ। ...ਨਬਜ਼ ਰੁਕ ਗਈ ਹੈ। ਹੁਣ ਕੁਝ ਨਈਂ ਬਚਿਆ। ਉਸਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ। ਗਿਰਾਸੀਮ ਨੇ ਉੱਠ ਕੇ ਉਸ ਦੀਆਂ ਅੱਖਾਂ 'ਤੇ ਹੱਥ ਫੇਰਿਆ ਹੈ। ਅੱਖਾਂ ਮੀਟੀਆਂ ਗਈਆਂ ਹਨ। ਇੰਦਰਪ੍ਰੀਤ ਨੂੰ ਹਰਸੇਵ ਦੇ ਕਹੇ ਸ਼ਬਦ ਉਸਦੇ ਕੰਨਾਂ ਵਿੱਚ ਗੂੰਜਣ ਲੱਗੇ ਹਨ-

"ਕੀ ਤੂੰ ਮੌਤ ਦੇਖੀ ਹੈ।... ਨਹੀਂ, ਮੈਂ ਦੇਖੀ ਹੈ। ਇਹ ਇੱਥੇ ਹੈ? ... ਮੇਰੇ ਪੇਟ ਵਿੱਚ।" ਉਸ ਨੇ ਆਪਣੇ ਪੇਟ ਦੇ ਹੇਠਾਂ ਜ਼ੋਰ ਦੇਣੀ ਹੱਥ ਮਾਰ ਕੇ ਆਖਿਆ ਸੀ।

ਤੇ ਹੁਣ... ਹੁਣ ਮੌਤ ਪੇਟ ਦੀ ਥਾਂ ਉਸਦੇ ਸਾਰੇ ਜਿਸਮ 'ਤੇ ਫੈਲ ਚੁੱਕੀ ਹੈ।

(2009)

# ਉਣੀਂਦੀ ਨਦੀ

ਕਈ ਦਿਨਾਂ ਦਾ ਮਨ ਕਾਹਲਾ ਪਿਆ ਹੋਇਆ। ਸਵੇਰ ਦੀ ਆਪਣੇ ਆਪ ਨੂੰ ਸਹਿਜ ਕਰਨ ਵਿਚ ਲੱਗੀ ਹੋਈ ਹਾਂ। ਆਪਣੇ ਸੇਵਕਾਂ ਦੇ ਚਿਹਰਿਆਂ ’ਤੇ ਜਲੌਅ ਦੇਖ ਕੇ ਖੁਸ਼ ਵੀ ਹਾਂ। ਉਨ੍ਹਾਂ ਦੇ ਸਿਰੜ ’ਤੇ ਹੈਰਾਨ ਵੀ। ਉਨ੍ਹਾਂ ਦੀ ਮਿਹਨਤ ਰੰਗ ਲੈ ਆਈ। ਵਿਚਾਰੇ ਦਿਨ ਰਾਤ ਨੱਠੇ ਭੱਜੇ ਫਿਰ ਰਹੇ ਹਨ। ਮੇਰੇ ਨਿੱਕੇ ਜਿਹੇ ਇਸ਼ਾਰੇ ’ਤੇ...। ਮੇਰੇ ਵਿਚ ਐਨੀ ਸ਼ਰਧਾ! ਮੈਂ ਤਾਂ ਉਸ ਪ੍ਰਭੂ ਦਾ ਇਕ ਅੰਸ਼ ਹਾਂ। ਉਹਦੀ ਅਨਿਨ ਭਗਤ। ਉਹ ਮੈਨੂੰ ਹੀ ਪ੍ਰਭੂ ਦੇ ਰੂਪ ਵਿਚ ਦੇਖ ਰਹੇ ਹਨ। ਮੇਰੀ ਭਗਤੀ ਵਿਚ ਲੀਨ ਰਹਿੰਦੇ ਨੇ। ਮੈਂ ਮੱਠ ’ਚੋਂ ਬਾਹਰ ਆਈ ਹਾਂ। ਮਨ ਹੋਰ ਪਾਸੇ ਪਾਉਣ ਲਈ ਫੁੱਲ ਬੂਟਿਆਂ ਵਿਚ ਖੋਹ ਜਾਣ ਦੀ ਕੋਸ਼ਿਸ਼ ਕਰਦੀ ਹਾਂ। ਮੇਰਾ ਵਾਰ-ਵਾਰ ਧਿਆਨ ਮੁੱਖ ਦੁਆਰ ’ਤੇ ਚਿਪਕੇ ਪੋਸਟਰ ਵੱਲ ਜਾ ਰਿਹਾ। ...ਮੈਂ ਮੁੱਖ ਦੁਆਰ ਕੋਲ ਆਈ ਹਾਂ। ਪੋਸਟਰ ਪੜ੍ਹਨ ਲੱਗੀ ਹਾਂ-

ਪਿਆਰੇ ਪ੍ਰੇਮੀ ਜਨੋ,

ਆਪ ਸਭ ਦੇ ਆਦੇਸ਼ ਨੂੰ ਭਗਵਾਨ ਸ੍ਰੀ ਦਾ ਆਦੇਸ਼ ਸਮਝਦੇ ਹੋਏ, ਆਪ ਦੀ ਸ਼ਰਧਾ ਅਤੇ ਪ੍ਰੇਮ ਅੱਗੇ ਨਤ-ਮਸਤਕ ਹੁੰਦੇ ਹੋਏ 1008 ਸ੍ਰੀ ਸੁਆਮੀ ਪਰਮਾਨੰਦ ਜੀ ਮੰਡਲੇਸ਼ਵਰ ਦੀ ਯਾਦ ਵਿਚ ਮੱਠ ਦੀ ਉਸਾਰੀ ਦਾ ਕਾਰਜ ਸੰਪੂਰਨ ਹੋ ਗਿਆ ਹੈ। 27 ਮਾਰਚ ਦਾ ਸ਼ੁਭ ਦਿਵਸ ਮੂਰਤੀ ਸਥਾਪਨਾ ਲਈ ਨਿਯਤ ਕੀਤਾ ਗਿਆ ਹੈ। ਇਸ ਦਿਨ ਸਾਡੇ ਪੂਜਯ ਮਾਤਾ ਸ੍ਰੀ ਸਾਧਵੀ ਉਤਰਾ ਜੀ ਆਪਣੇ ਪਤਿਤਪਾਵਨ ਕਰ ਕਮਲਾਂ ਨਾਲ ਸ਼ੁਭ ਆਰੰਭ ਕਰਨਗੇ। ਆਪ ਸਭ ਮਾਤਾ ਸ੍ਰੀ ਦੇ ਪਵਿੱਤਰ ਪ੍ਰਵਚਨ ਸ੍ਰਵਣ ਕਰਦੇ ਹੋਏ...

ਪੋਸਟਰ ਪੜ੍ਹਨਾ ਵਿਚੇ ਛੱਡ ਬਗੀਚੀ ਵਿਚ ਆ ਬੈਠੀ ਹਾਂ। ਸਮਾਗਮ ਦੀ ਤਿਆਰੀ ਵੱਲ ਧਿਆਨ ਚਲਾ ਗਿਆ ਹੈ। ਮੇਰੇ ਭਰਾਵਾਂ ਹਰੀਸ਼ ਚੰਦਰ, ਸ਼ਾਮ ਲਾਲ ਤੇ ਸਮੂਹ ਸੇਵਕਾਂ ਨੇ ਦਿਨ ਰਾਤ ਇਕ ਕਰਕੇ ਇਸ ਮੱਠ ਦੀ ਉਸਾਰੀ ਕਰਵਾਈ ਹੈ। ਸਭੀ ਜਨ ਸਮਾਗਮ ਦੀਆਂ ਤਿਆਰੀਆਂ ਵਿਚ ਮਗਨ ਹਨ। ਉਹ ਆਪੋ-ਆਪਣੀਆਂ ਜ਼ੁੰਮੇਵਾਰੀਆਂ ਸ਼ਰਧਾ ਨਾਲ ਨਿਭਾਅ ਰਹੇ ਹਨ। ਹਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਤੋਂ ਆਸ਼ੀਰਵਾਦ ਲੈਂਦੇ ਹਨ। ਪਰ ਉਹ...। ਪ੍ਰਭੂ ਦੇ ਵੈਰੀ ਨੇ ਮੇਰਾ ਲਹੂ ਪੀਤਾ ਪਿਆ। ਹੁਣ ਹਾਅ ਪੋਸਟਰ ਹੀ ਲੈ ਲਓ। ਇਹ ਮੈਂ ਨ੍ਹੀ ਛਪਵਾਇਆ। ਇਹਦੇ ਉਤੇ ਮੇਰੀ, ਸੁਆਮੀ ਪਰਮਾਨੰਦ ਜੀ ਅਤੇ ਮੱਠ ਦੀ ਫੋਟੋ ਛਪੀ ਹੋਈ ਹੈ। ਮੇਰੀ ਮਹਿਮਾ ਕੀਤੀ ਹੋਈ ਹੈ। ਮੂਰਤੀ ਸਥਾਪਨਾ ਲਈ...ਮੇਰੇ ਪ੍ਰਵਚਨ ਸੁਣਨ ਲਈ ਸ਼ਰਧਾਲੂਆਂ ਨੂੰ ਸੱਦਾ ਦਿੱਤਾ ਗਿਆ ਹੈ। ਮੈਂ ਆਪਣੇ ਸੇਵਕਾਂ ਨੂੰ ਕਿਵੇਂ ਨਾਂਹ ਕਰ ਸਕਦੀ ਹਾਂ। ਇਹ ਸਾਰਾ ਉਸ ਭਗਵਾਨ ਦਾ ਜਾਂ ਉਨ੍ਹਾਂ ਦਾ ਹੀ ਪ੍ਰਤਾਪ ਹੈ। ਦੂਜੇ ਮੱਠ ਵਾਲਿਆਂ ਬਥੇਰੇ ਅੜਿੱਕੇ ਡਾਹੇ। ਜਦੋਂ ਤਕ ਉਸਰ ਨ੍ਹੀਂ ਗਿਆ, ਮੈਂ ਚਿੰਤਾ ਵਿਚ ਡੁੱਬੀ ਰਹੀ। ਮੈਤੋਂ ਵੱਧ ਚਿੰਤਾ ਮੇਰੇ ਭਰਾਵਾਂ ਨੂੰ ਸੀ। ਹੁਣ ਉਹਨਾਂ ਦਾ ਸਾਰਾ ਜ਼ੋਰ ਸਮਾਗਮ ਦੀਆਂ ਤਿਆਰੀਆਂ ਵਿਚ ਲੱਗਾ ਹੋਇਆ। ਦੋਨੋਂ ਮੈਤੋਂ ਛੋਟੇ ਨੇ। ਮੱਠ ਚੜ੍ਹਾਉਣ ਵੇਲੇ ਵੀ ਇਨ੍ਹਾਂ ਪੂਰਾ ਸਟੈਂਡ ਲਿਆ ਸੀ-

"ਉੱਤਰਾ ਭੈਣ, ਇਸ ਘਰ ਦਾ ਦਸਤੂਰ ਰਿਹਾ – ਜੋ ਮਾਪਿਆਂ ਨੇ ਕਹਿ 'ਤਾ। ਬੱਚਿਆਂ ਨੇ ਕਹੇ 'ਤੇ ਫੁੱਲ ਚੜ੍ਹਾਅ ਤੇ।"

ਉਦੋਂ ਮੇਰੀ ਹਾਲਤ ਬੜੀ ਤਰਸਯੋਗ ਸੀ। ਆਪਣੇ ਹੱਥੀਂ ਭਾਲੇ ਹਾਣ ਦਾ ਕੀ ਕਰਦੀ? ਮੈਂ ਤੇ ਰਿਸ਼ੀ ਇਕ ਹੋਣ ਦਾ ਫ਼ੈਸਲਾ ਲੈ ਚੁੱਕੇ ਸਾਂ। ਮੇਰੇ ਤਨ ਮਨ 'ਤੇ ਉਹਦਾ ਨਾਂ ਪੂਰੀ ਤਰ੍ਹਾਂ ਉਕਰਿਆ ਪਿਆ ਸੀ। ਕਿਹੜਾ ਰੀਮੂਵਰ ਲੈ ਕੇ ਮਿਟਾ ਦਿੰਦੀ।

"ਨਾਲੇ ਇਹ ਕੋਈ ਪਾਪ ਨ੍ਹੀਂ ਕਰ ਰਹੇ। ਭਗਵਾਨ ਦੇ ਚਰਨੀਂ ਲਾ ਰਹੇ ਆ।" ਸ਼ਾਮ ਲਾਲ ਪ੍ਰਵਚਨ ਸੁਣਾਉਣ ਵਾਂਗ ਬੋਲਿਆ ਸੀ।

ਉਸ ਦਿਨ ਮੈਨੂੰ ਧਰਤੀ ਪ੍ਰੇਮ ਵਿਹੂਣੀ ਜਾਪੀ ਸੀ। ਮੈਂ ਧਰਤੀ ਵਿਚ ਧਸ ਜਾਣਾ ਚਾਹੁੰਦੀ ਸੀ। ਇਹ ਸੋਚ ਕੇ ਕਿ ਸਾਡੇ ਪਿਆਰ ਦੇ ਬੀਜੇ ਬੀਜ ਹੀ ਪੁੰਗਰ ਪੈਣਗੇ। ਸਾਡੀਆਂ ਰਹਿ ਗਈਆਂ ਖਾਹਸ਼ਾਂ ਪੂਰੀਆਂ ਕਰ ਦੇਣਗੇ। ਪਰ ਭਗਵਾਨ ਨੂੰ ਇਹ ਮਨਜ਼ੂਰ ਨ੍ਹੀਂ ਸੀ। ਮੋਈਆਂ ਸੱਧਰਾਂ ਨੂੰ ਫ਼ਲ ਕਿੱਥੋਂ ਲੱਗਣਾ ਸੀ। ਕਦੇ ਸੁੱਕੀਆਂ ਕੁੱਖਾਂ ਨੂੰ ਵੀ ਬੀਅ ਨਸੀਬ ਹੋਇਆ?

"ਸਾਡੀ ਸੁੱਖ ਦਾ ਕੀ ਬਣੂੰਗਾ, ਬੇਟਾ?" ਝਾਈ ਬੁੜਬੁੜਾਈ ਸੀ।

ਮੈਂ ਆਪਣੇ ਮਾਂ-ਬਾਪ ਤੇ ਭਰਾਵਾਂ ਅੱਗੇ ਚੁੱਪ ਸੀ। ਮੇਰੀ ਹਾਲਤ ਤਾਂ ਸੁੱਕੇ ਪੱਤਿਆਂ ਵਰਗੀ ਸੀ। ਜਿਹੜੇ ਝੜ ਜਾਂਦੇ ਆ। ਰੁਲ਼ ਜਾਂਦੇ ਆ। ਸੜ ਜਾਂਦੇ ਆ। ਵਿਚਾਰੇ ਆਪਣੀ ਮੌਤੇ ਆਪ ਹੀ ਮਰ ਜਾਂਦੇ ਆ। ਹੁਣ ਤਾਂ ਜਲ਼ ਜਾਣਾ ਗੈਸਾਂ ਦਾ ਯੁੱਗ ਆ ਗਿਆ। ਪੱਤਿਆਂ ਦੀ ਕੋਈ ਅੱਗ ਵੀ ਨਈਂ ਬਾਲ਼ਦਾ। ਹੋਰ ਨ੍ਹੀਂ ਬੰਦਾ ਰਾਖ ਬਣ ਕੇ 'ਸ਼ਾਂਤ' ਹੋ ਜਾਂਦਾ ਸੀ। ਉਹਦਾ ਨਵਾਂ 'ਜਨਮ' ਹੋ ਜਾਂਦਾ। ਹੁਣ ਤੇ 'ਰੂਹਾਂ' ਦੇ ਭਟਕਣ ਤੋਂ ਸਿਵਾਅ ਕੋਈ ਚਾਰਾ ਨ੍ਹੀਂ ਰਹਿ ਗਿਆ।

ਮੈਂ ਪਿੰਡ ਵਿਚ ਜੰਮੀ ਪਲੀ ਤੇ ਸ਼ਹਿਰ 'ਚ ਪੜ੍ਹੀ। ਕੀ ਪਤਾ ਸੀ ਮੇਰੀ ਤਕਦੀਰ ਵਿਚ ਜੇਜੋਂ ਲਿਖਿਆ ਹੋਇਆ ਸੀ? ਪਹਿਲੀ ਵਾਰ ਛੋਟੀ ਹੁੰਦੀ ਮਾਂ-ਪਿਓ ਨਾਲ ਇਥੇ ਮੱਠ ਵਿਚ ਆਈ ਸੀ। ਬੱਸ ਫੇਰ ਕੀ ਸੀ? ਮਹੀਨੇ ਵਿਚ ਇਕ ਦੋ ਵਾਰ ਆ ਹੀ ਜਾਈਦਾ ਸੀ। ਮੱਥਾ ਟੇਕਣ। ਮੱਠ ਦੀ ਸੇਵਾ ਕਰਨੀ। ਸੁਆਮੀ ਜੀ ਦੇ ਚਰਨ ਛੂਹਣੇ। ਸਾਡਾ ਸਾਰੇ ਪਰਿਵਾਰ ਦਾ ਮੱਠ ਵਿਚ ਅਥਾਹ ਵਿਸ਼ਵਾਸ ਸੀ। ਮੱਠ ਦੀ ਹਰ ਚੀਜ਼ ਨੂੰ ਸਤਿਕਾਰ ਨਾਲ ਦੇਖਿਆ ਜਾਂਦਾ ਸੀ। ਜਿੱਥੇ ਪ੍ਰਭੂ ਨਾਲ ਪ੍ਰੇਮ ਸੀ ਉਥੇ ਡਰ ਵੀ ਸੀ। ਮੈਨੂੰ ਮੱਠ ਚੰਗਾ ਲਗਦਾ ਸੀ। ਇਥੋਂ ਦੇ ਸੁਆਮੀ ਜੀ, ਪੰਡਤ ਤੇ ਸ਼ਰਧਾਲੂ ਚੰਗੇ ਲਗਦੇ ਸਨ। ਮੱਠ ਵਿਚ ਸਫ਼ਾਈ ਬੜੀ ਸੀ। ਫੁੱਲ ਬੂਟੇ... ਬਾਗ ਬਗੀਚੀ। ਹਰ ਚੀਜ਼ ਖਿੱਚਦੀ ਸੀ।

ਇਕ ਵਾਰ ਡਾਇਟ ਦਾ ਟੂਰ ਵੀ ਇਥੇ ਆਇਆ ਸੀ। ਮੈਂ ਹੀ ਆਪਣੇ ਅਧਿਆਪਕਾਂ ਨੂੰ ਦੱਸ ਪਾਈ ਸੀ। ਉੱਚੀਆਂ-ਉੱਚੀਆਂ ਪਹਾੜੀਆਂ ਨੇ ਮਨ ਮੋਹ ਲਿਆ ਸੀ। ਮੀਂਹ ਪੈ ਕੇ ਹਟਿਆ ਸੀ। ਦੂਰ-ਦੂਰ ਤੱਕ ਫ਼ੈਲੀਆਂ ਪਹਾੜੀਆਂ ਉੱਤੇ ਹਰਿਆਵਲ, ਛੋਟੇ-ਵੱਡੇ ਦਰਖ਼ਤ, ਘਾਹ ਦੀਆਂ ਪੌੜੀਦਾਰ ਚਰਾਦਾਂ ਦੇ ਦ੍ਰਿਸ਼ ਵਾਤਾਵਰਣ ਨੂੰ ਸੁਹਾਵਣਾ ਬਣਾ ਰਹੇ ਸਨ। ਫੇਰ ਮੈਂ ਰਿਸ਼ੀ ਨਾਲ ਇਨ੍ਹਾਂ ਪਹਾੜੀਆਂ ਵਿਚ ਆਉਣ ਲੱਗ ਪਈ। ਉਸਨੇ ਆਪਣੀ ਫਿਲਾਸਫੀ ਘੋਟਣ ਲੱਗ ਪੈਣਾ।

"ਜੇਜੋਂ ਨੂੰ ਰਾਜਿਆਂ ਤੇ ਵਪਾਰੀਆਂ ਨੇ ਆਪਣੇ ਐਸ਼ੋ-ਆਰਾਮ ਲਈ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸਾਇਆ ਹੋਣਾ।"

ਅਸੀਂ ਸੜਕ ਦੇ ਕੰਡੇ ਮਲ੍ਹੇ ਝਾੜੀਆਂ ਦਾ ਆਨੰਦ ਮਾਣਨਾ। ਨਾਲੇ ਕੰਡੇ ਲੁਆਉਣੇ, ਨਾਲੇ ਬੇਰ ਖਾਣੇ। ਬਾਂਦਰਾਂ ਦੀਆਂ ਝਪਟਾਂ। ਹਾਏ! ਮਰ ਜਾਂ।...ਰਿਸ਼ੀ ਦੀਆਂ ਸ਼ਰਾਰਤਾਂ ਮੇਰਾ ਖਹਿੜਾ ਨ੍ਹੀਂ ਛੱਡ ਰਹੀਆਂ।

ਮੇਰੀ ਭੂਆ ਦੀ ਧੀ ਪੂਨਮ ਦਾ ਵਿਆਹ ਉਹਦੇ ਦੋਸਤ ਸੁਤੰਤਰ ਨਾਲ ਹੋਇਆ ਸੀ। ਰਿਸ਼ੀ ਪਹਿਲੀ ਵਾਰ ਬਰਾਤ ਵਿਚ ਦੇਖਿਆ ਸੀ। ਕੀ ਪਤਾ ਸੀ ਵਿਆਹ ਦਾ ਸ਼ੁਗਲ ਮੇਲਾ ਪ੍ਰੇਮ ਵਿਚ ਵਟ ਜਾਊਗਾ। ਇਹ ਚਾਰ-ਪੰਜ ਦੋਸਤ ਸੁਤੰਤਰ ਜੀਜਾ ਜੀ ਨਾਲ ਸਾਡੇ ਘਰ ਆਉਣ ਲੱਗ ਪਏ। ਮੈਂ ਪਹਿਲਾਂ ਹੀ ਕਿਸੇ ਅਣਜਾਣ ਰੂਹ ਦੀ ਤਲਾਸ਼ ਵਿਚ ਸਾਂ। ਕਿਸੇ ਲਈ ਸੁਪਨੇ ਸਾਂਭ ਕੇ ਰੱਖੇ ਹੋਏ ਸਨ। ਆਪਣੀਆਂ ਪਲਕਾਂ ’ਚ ਸਾਂਭੇ ਸੁਪਨੇ ਉਹਦੀ ਝੋਲੀ ਪਾ ਦਿੱਤੇ। ਆਪਣਾ ਇਕ ਇਕ ਸਾਹ ਇਹਦੇ ਨਾਂ ਕਰ ਦਿੱਤਾ। ਇਹਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਟਿਕਿਆ ਰਹਿੰਦਾ। ਮੈਨੂੰ ਇਉਂ ਲੱਗਦਾ-ਜੇ ਉਹ ਮੇਰੀ ਜ਼ਿੰਦਗੀ ਵਿਚ ਨਾ ਆਉਂਦਾ ਤਾਂ ਮੇਰੀ ਜ਼ਿੰਦਗੀ ਕਬਰਾਂ ਦੇ ਕੁੱਜੇ ਵਰਗੀ ਹੋ ਜਾਣੀ ਸੀ।

ਰਿਸ਼ੀ ਆਮ ਮੁੰਡਿਆਂ ਵਾਂਗ ਥੋੜ੍ਹਾ ਸੀ? ਉਹ ਮੈਨੂੰ ਸਭ ਤੋਂ ਅਲੱਗ ਲਗਦਾ। ਜਿੱਦਾਂ ਉਹਨੇ ਮੈਨੂੰ ਪਿਆਰ ਕੀਤਾ, ਇੱਦਾਂ ਦੁਨੀਆਂ ’ਚ ਕੋਈ ਨ੍ਹੀਂ ਕਰ ਸਕਦਾ। ਕਿੰਨਾ ਅਲੱਗ...ਕਿੰਨਾ ਚੰਗਾ...। ਮੇਰੇ ਕੰਡਾ ਵੀ ਚੁਭ ਜਾਣਾ। ਨੱਠੇ ਨੇ ਆਉਣਾ। ਮੇਰੀਆਂ ਅੱਖਾਂ ’ਚ ਹੰਝੂ ਤਾਂ ਕਦੇ ਆਉਣ ਹੀ ਨ੍ਹੀਂ ਸੀ ਦਿੰਦਾ। ਇਸ ਤੋਂ ਉਪਰ ਕੋਈ ਸੁੱਖ, ਕੋਈ ਪ੍ਰੇਮ ਨ੍ਹੀਂ ਹੋ ਸਕਦਾ। ਉਹ ਮੈਨੂੰ ਮੇਰਾ ਰੱਬ ਹੀ ਜਾਪਦਾ। ਜਿਉਂ ਇਸ ਧਰਤੀ ਉਪਰ ਕੋਈ ਫਰਿਸ਼ਤਾ ਉਤਰ ਆਇਆ ਹੋਵੇ।

ਅਸੀਂ ਇਕ ਦੂਜੇ ਦਾ ਹੱਥ ਫੜੀ ਪਹਾੜੀ ਦੀ ਟੀਸੀ ’ਤੇ ਬੈਠੇ ਹਾਂ। ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾਈ।...ਕੋਈ ਸੁੱਧ ਨ੍ਹੀਂ ਹੈ। ਚਾਰੇ ਪਾਸੇ ਚੁੱਪ। ਪ੍ਰੇਮ ਦੇ ਸਰੋਵਰ ’ਚ ਐਨਾ ਡੂੰਘਾ ਉਤਰ ਜਾਂਦੇ ਹਾਂ ਕਿ ਕਿਸੇ ਭਾਸ਼ਾ ਦੀ ਲੋੜ ਨ੍ਹੀਂ ਰਹਿੰਦੀ। ਇਕ ਦੂਜੇ ਦਾ ਰੂਪ ਵਟਾ ਲੈਂਦੇ ਹਾਂ।...ਮੈਂ ਉਹ ਹੋ ਜਾਂਦੀ ਹਾਂ ਤੇ ਉਹ ਮੈਂ।

ਇਕ ਸੁਪਨੇ ਵਿਚੋਂ ਨਿਕਲੀ ਹਾਂ। ਦੂਜੇ ਵਿਚ ਆ ਵੜੀ ਹਾਂ।...ਉਹ ਧਰਤੀ ’ਤੇ ਮਿਲਦਾ ਨਾ। ਉਹਨੂੰ ਲੱਭਦੀ ਬਾਵਰੀ ਹੋ ਜਾਂਦੀ।...ਦੂਰ ਕਿਸੇ ਹੋਰ ਗ੍ਰਹਿ ’ਤੇ ਪਹੁੰਚ ਜਾਂਦੀ। ਉਹ ਉਥੇ ਦੇਵਤਾ ਬਣ ਬੈਠਾ ਹੁੰਦਾ।...ਪ੍ਰੇਮ ਦਾ ਦੇਵਤਾ। ਮੈਂ ਪਰੀ ਬਣ ਜਾਂਦੀ। ਉਹ ਮੇਰੇ ਨਾਲ ਲੁਕਣ ਮੀਟੀ ਖੇਡਦਾ। ਲੁਕ ਜਾਂਦਾ। ਲੱਭਦਾ ਨਾ। ਮੈਂ ਹਾਰ ਕੇ ਧਰਤੀ ’ਤੇ ਆ ਜਾਂਦੀ। ਕੋਠੇ ’ਤੇ ਚੜ੍ਹ ਮੰਜੇ ਉਤੇ ਪੈ ਜਾਂਦੀ। ਤਾਰਿਆਂ ਵਿਚੋਂ ਉਹਦਾ ਚਿਹਰਾ ਤੱਕਦੀ। ਕੋਈ ਨਾ ਕੋਈ ਤਾਰਾ ਉਹਦਾ ਰੂਪ ਵਟਾ ਲੈਂਦਾ। ਉਸ ਤਾਰੇ ਨਾਲ ਪਿਆਰ ਉੱਮੜ-ਉੱਮੜ ਪੈਂਦਾ। ਆਪਣੀ ਬੁੱਕਲ ’ਚ ਉਸ ਤਾਰੇ ਨਾਲ ਇਕਮਿੱਕ ਹੋਈ ਸਾਰੀ ਰਾਤ ਭਿੱਜਦੀ ਰਹਿੰਦੀ। ਉਮਰਾਂ ਜਿੱਡੀ ਉਹ ਰਾਤ ਹੋ ਜਾਣ ਦੀ ਪ੍ਰਾਰਥਨਾ ਕਰਦੀ।

ਟੱਲ ਵੱਜਾ ਹੈ। ਇਸਨੇ ਮੈਤੋਂ ਮੇਰਾ ਪ੍ਰੇਮ ਸੰਸਾਰ ਖੋਹ ਲਿਆ ਹੈ। ਜੇ ਮੇਰਾ ਪ੍ਰਭੂ ਮੇਰੇ ’ਤੇ ਮਿਹਰਬਾਨ ਹੋ ਜਾਂਦਾ। ਮੇਰਾ ਉਹਦੇ ਨਾਲ ਵਿਆਹ ਹੋ ਜਾਣਾ ਸੀ। ਰਿਸ਼ਤੇਦਾਰੀ ਵਿਚ ਹੋਏ ਇਕ ਵਿਆਹ ਨੇ ਹੀ ਸਾਰਾ ਪੰਗਾ ਪਾਇਆ। ਸੀ। ਪੂਨਮ ਭੈਣ ਤੇ ਸੁਤੰਤਰ ਜੀਜਾ ਜੀ ਨਾਲ ਰਿਸ਼ੀ ਤੇ ਹੋਰ ਦੋ-ਤਿੰਨ ਦੋਸਤ ਵਿਆਹ ’ਤੇ ਆਏ ਹੋਏ ਸਨ। ਡੋਲੀ ਗਈ ਤਾਂ ਇਹ ਵੀ ਤੁਰ ਪਏ ਸਨ। ਮੇਰੀ ਜ਼ਿੱਦ ਸੀ ਕਿ ਰਾਤ ਰਹਿਣ। ਇਹ ਟੈਕਸੀ ਕਰਕੇ ਆਏ ਹੋਏ ਸਨ। ਮੈਂ ਟੈਕਸੀ ਦੇ ਪਹੀਏ ਮੋਹਰੇ ਇਕ ਪੈਰ ਕਰ ਦਿੱਤਾ

ਸੀ। ਦੋਨਾਂ ਪਾਸਿਆਂ ਦੀ ਅੜੀ ਸੀ।

ਇਸ ਇਮਤਿਹਾਨ ਵਿਚੋਂ ਮੈਂ ਪਾਸ ਹੋ ਗਈ ਸੀ।

ਟੈਕਸੀ ਦਾ ਪਹੀਆ ਮੇਰੇ ਪੈਰ ਉੱਤੋਂ ਦੀ ਲੰਘ ਗਿਆ ਸੀ। ਮੇਰਾ ਪੈਰ ਜ਼ਖ਼ਮੀ ਹੋ ਗਿਆ ਸੀ। ਪਲੱਸਤਰ ਲਾਉਣਾ ਪਿਆ ਸੀ। ਡੇਢ ਮਹੀਨਾ ਮੰਜੇ 'ਤੇ ਪਈ ਰਹੀ ਸੀ। ਘਰਦਿਆਂ ਨੂੰ ਅਸਲ ਘਟਨਾ ਦਾ ਪਤਾ ਨ੍ਹੀਂ ਲੱਗਿਆ ਸੀ। ਉਸ ਤੋਂ ਬਾਅਦ ਰਿਸ਼ੀ ਮੇਰਾ ਹੋ ਕੇ ਰਹਿ ਗਿਆ ਸੀ। ਉਹ ਪੂਨਮ ਭੈਣ ਤੇ ਸੁਤੰਤਰ ਜੀਜਾ ਜੀ ਨਾਲ ਖ਼ਬਰ ਲੈਣ ਆ ਜਾਂਦਾ।

ਮੇਰਾ ਪੈਰ ਠੀਕ ਹੋ ਗਿਆ ਸੀ। ਉਸ ਤੋਂ ਬਾਅਦ ਹੀ ਮੇਰੇ ਸੁਪਨੇ ਵੱਡੇ ਹੋਏ। ਰਿਸ਼ੀ ਘਰ ਆ ਜਾਂਦਾ। ਮੈਂ ਫੁਲਕਾਰੀ ਕੱਢ ਰਹੀ ਹੁੰਦੀ। ਉਹਦੇ ਉੱਤੇ ਦੇ ਦਿੰਦੀ। ਉਹ ਮੇਰੇ ਉੱਤੇ ਦੇ ਦਿੰਦਾ। ਮੇਰਾ ਚਿਹਰਾ ਸੂਹਾ ਲਾਲ ਹੋ ਜਾਂਦਾ।

"ਉੱਤਰਾ, ਬੜੀ ਫ਼ਬਦੀ ਏ।"

ਮੈਂ ਸੰਗ ਜਾਂਦੀ। ਮੂੰਹ ਗੋਡਿਆਂ ਵਿਚ ਦੇ ਲੈਂਦੀ। ਉਨ੍ਹਾਂ ਦਿਨਾਂ ਵਿਚ ਈ ਪਿਤਾ ਜੀ ਓਪਰੀਆਂ-ਓਪਰੀਆਂ ਗੱਲਾਂ ਕਰਨ ਲੱਗ ਪਏ-

"ਭਗਵਾਨ ਵੀ ਇਮਤਿਹਾਨ ਲੈਂਦਾ। ਬੜਾ ਧੋਖਾ ਕੀਤਾ ਉਹਨੇ ਮੇਰੇ ਨਾਲ। ਜੇ ਕਿਤੇ ਜੇਠਾ ਪੁੱਤ ਜੰਮ ਪੈਂਦਾ। ਐਨੇ ਖਲਜਗਣ ਨਾ ਕਰਨੇ ਪੈਂਦੇ।"

ਉਨ੍ਹਾਂ ਮੈਨੂੰ ਅਧਿਆਪਕ ਦੀ ਟ੍ਰੇਨਿੰਗ ਲਈ ਸ਼ਹਿਰ ਵਿਚ ਰਹਿੰਦੀ ਵਿਧਵਾ ਫ਼ੌਜਣ ਚਾਚੀ ਕੋਲ ਛੱਡ ਦਿੱਤਾ ਸੀ। ਸ਼ਰੀਕੇ ਵਿਚੋਂ ਚਾਚੀ ਲਗਦੀ ਸੀ। ਘਰਦਿਆਂ ਨੂੰ ਆਪਣੀ ਜ਼ੁੰਮੇਵਾਰੀ ਤੋਂ ਮੁਕਤ ਹੋਣ ਦੀ ਕਾਹਲ ਸੀ। ਰਿਸ਼ੀ ਨੇ ਵੀ ਥੋੜ੍ਹੀ ਦੂਰ ਕਮਰਾ ਕਿਰਾਏ 'ਤੇ ਲੈ ਲਿਆ ਸੀ। ਮੈਂ ਡਾਇਟ ਤੋਂ ਵਾਪਸੀ 'ਤੇ ਉਹਦੇ ਕੋਲ ਠਹਿਰ ਜਾਂਦੀ। ਉਹ ਮੁਹੱਬਤ ਦੇ ਤਾਰੇ ਤੋੜ ਕੇ ਮੇਰੀ ਝੋਲੀ ਪਾ ਦਿੰਦਾ। ਮੈਂ ਮਦਹੋਸ਼ ਹੋਈ ਮੀਰਾਂ ਵਾਂਗ ਰਾਗ ਅਲਾਪਣ ਲੱਗ ਪੈਂਦੀ। ਮੇਰੀਆਂ ਅੱਖਾਂ ਝੀਲ ਤੋਂ ਸਮੁੰਦਰ ਹੋ ਜਾਂਦੀਆਂ।

ਚਾਚੀ ਸਾਡੀ ਮਦਦਗਾਰ ਬਣ ਗਈ ਸੀ। ਰਿਸ਼ੀ ਨੂੰ ਮਿਲਣ ਦਾ ਟਾਇਮ ਸੈਟ ਕਰਦੀ ਤਾਂ ਕਦੇ ਕਦਾਈਂ ਲੇਟ ਹੋ ਜਾਂਦੀ। ਇਕ ਐਤਵਾਰ ਚਾਚੀ ਦੇ ਬੱਚਿਆਂ ਨੇ ਫ਼ਿਲਮ ਦੇਖਣ ਦਾ ਮੂਡ ਬਣਾਇਆ। ਮੈਂ ਬਾਰ੍ਹਾਂ ਵਜੇ ਦਾ ਰਿਸ਼ੀ ਨਾਲ ਟਾਇਮ ਸੈਟ ਕਰ ਲਿਆ। ਬੱਚੇ ਫ਼ਿਲਮ ਦੇਖਣ ਨਾ ਗਏ। ਹਾਰ ਕੇ ਸਹੇਲੀ ਨੂੰ ਮਿਲਣ ਦਾ ਬਹਾਨਾ ਬਣਾ ਕੇ ਗਈ ਸੀ। ਦੁਪਿਹਰ ਦੇ ਦੋ ਵੱਜ ਗਏ ਸਨ। ਅੰਤਾਂ ਦੀ ਗਰਮੀ। ਆਰਾਮ ਨਾਲ ਬੂਹਾ ਢੋਅ ਕੇ ਸੁੱਤਾ ਹੋਇਆ। ਧੁੱਪ ਵਿਚ ਲੂਹ ਹੁੰਦੀ ਗਈ ਸੀ। ਮੇਰਾ ਸੁਰਖ ਹੋਇਆ ਚਿਹਰਾ ਦੇਖ ਕੇ ਘਾਬਰ ਗਿਆ ਸੀ। ਅੰਦਰ ਲਿਜਾ ਕੇ ਮੈਨੂੰ ਘੁੱਟ ਲਿਆ ਸੀ। ਮੈਂ ਉਹਦੇ ਕੋਲ ਦੋ ਘੰਟੇ ਰਹੀ ਸੀ। ਉੱਦਣ ਰਾਤ ਉਹਦੇ ਸੁਪਨਿਆਂ ਵਿਚ ਕੱਟ ਦਿੱਤੀ। ਤੜਕੇ ਭੈੜਾ ਜਿਹਾ ਸੁਪਨਾ ਆਇਆ-

ਘਰ ਰਿਸ਼ੀ ਬਾਰੇ ਪਤਾ ਲੱਗ ਗਿਆ ਸੀ। ਹਫ਼ੜਾ-ਦਫ਼ੜੀ ਮੱਚ ਗਈ। ਅਸੀਂ ਘਰਾਂ ਤੋਂ ਭੱਜ ਗਏ ਸਾਂ। ਮੰਦਰ ਵਿਚ ਜਾ ਕੇ ਵਿਆਹ ਕਰਵਾ ਲਿਆ। ਕਿਰਾਏ ਦੇ ਕਮਰੇ ਵਿਚ ਰਹਿਣ ਲੱਗ ਪਏ ਸੀ। ਅਸੀਂ ਇਕ ਦੂਜੇ ਦੀਆਂ ਬਾਹਾਂ ਵਿਚ ਬੇਸੁਰਤ ਪਏ ਸਾਂ। ਪਿਉ-ਭਰਾ ਤੇ ਚਾਚੇ-ਤਾਏ ਆਏ। ਉਨ੍ਹਾਂ ਸਾਨੂੰ ਵੱਢ ਸੁੱਟਿਆ। ਸਾਡੇ ਲਾਗੇ ਪਿੰਡ ਮਹਿੰਦਪੁਰ ਹੈ। ਪਿੰਡ ਵਿਚ ਬਾਬੇ ਦਿਆਲੇ ਦਾ ਮੰਦਰ ਹੈ। ਪਿਤਾ ਜੀ ਦੱਸਿਆ ਕਰਦੇ ਸਨ ਕਿ ਰਾਤ ਸਮੇਂ ਉਨ੍ਹਾਂ ਦੇ ਅੰਗ ਖਿਲਰ ਜਾਂਦੇ। ਦਿਨੇ ਬਾਬਾ ਜੀ ਦੀ

ਕਰਾਮਾਤ ਨਾਲ ਜੁੜ ਜਾਂਦੇ।

ਜੇ ਅਸੀਂ ਵੀ ਸੁਪਨਾ ਸੱਚ ਕਰ ਲੈਂਦੇ। ਜਿੰਨੇ ਵੀ ਸਾਡੇ ਅੰਗ ਘਰਦਿਆਂ ਨੇ, ਸਮਾਜ ਨੇ, ਸ਼ਰਧਾ ਨੇ ਤੇ ਵਿਸ਼ਵਾਸ ਨੇ ਵੱਢੇ ਸਨ। ਸ਼ਾਇਦ ਮੁੜ ਜੁੜ ਜਾਂਦੇ। ਹੁਣ ਤੇ ਯਾਦਾਂ ਹੀ ਰਹਿ ਗਈਆਂ ਹਨ।

ਥੋੜ੍ਹੇ ਦਿਨਾਂ ਬਾਅਦ ਰਿਸ਼ੀ ਨੂੰ ਮਿਲਣ ਦੀ ਫੇਰ ਗੜਬੜ ਹੋ ਗਈ ਸੀ। ਚਾਚੀ ਨੇ ਹੌਂਸਲਾ ਦਿੱਤਾ ਸੀ–

"ਉੱਤਰਾ, ਤੜਕੇ ਚਲੇ ਜਾਈਂ। ਉਹ ਕਿਹੜਾ ਕੁੰਡਾ ਲਾ ਕੇ ਰੱਖਦਾ।"

ਤੜਕੇ ਘਰੋਂ ਨਿਕਲੀ ਤਾਂ ਨ੍ਹੇਰਾ ਵੱਢ ਖਾਣ ਨੂੰ ਪਵੇ। ਮੈਂ ਔਖੀ ਸੌਖੀ ਕਮਰੇ ਤੱਕ ਪੁੱਜ ਗਈ ਸੀ। ਉਹਦੇ ਘਰਾੜਿਆਂ ਦੀਆਂ ਡਰਾਉਣੀਆਂ–ਡਰਾਉਣੀਆਂ ਆਵਾਜ਼ਾਂ ਨੇ ਮੈਨੂੰ ਹੋਰ ਡਰਾ ਦਿੱਤਾ ਸੀ। ਟੇਬਲ 'ਤੇ ਕਿਤਾਬਾਂ, ਨੋਟਸ, ਪੈੱਨ ਖਿਲਰੇ ਪਏ ਸਨ। ਇਵੇਂ ਲੱਗਾ ਜਿਵੇਂ ਬਹੁਤ ਲੇਟ ਸੁੱਤਾ ਹੋਵੇ। ਉਹਨੂੰ ਕੋਈ ਸੁਰਤ ਨ੍ਹੀਂ ਸੀ। ਮੈਂ ਸਭ ਤੋਂ ਪਹਿਲਾ ਕੰਮ ਸਫ਼ਾਈ ਕਰਨ ਦਾ ਕੀਤਾ। ਫੇਰ ਭਾਂਡੇ ਮਾਂਜੇ, ਨਲਕੇ ਕੋਲ ਬਹਿ ਕੇ ਕੱਪੜੇ ਧੋਤੇ। ਦਿਨ ਚੜ੍ਹ ਆਇਆ ਸੀ। ਸਾਰੇ ਕੰਮ ਨਿਬੇੜ ਕੇ ਪਰੌਂਠੇ ਪਕਾਉਣ ਲੱਗ ਪਈ। ਜਿਉਂ ਹੀ ਰਸੋਈ ਚੋਂ ਧੂੰਆਂ ਉੱਠਿਆ। ਉਦੋਂ ਤੱਕ ਉਹਦੀ ਅੱਖ ਖੁੱਲ੍ਹ ਗਈ ਸੀ।

ਰਸੋਈ ਵਿਚ ਆ ਵੜਿਆ ਸੀ। ਭਾਂਡਿਆਂ ਦੀ ਟੋਕਰੀ ਵੱਲ ਨਿਗ੍ਹਾ ਮਾਰੀ। ਧੋਤੇ ਹੋਏ ਕੱਪੜਿਆਂ ਵੱਲ ਵੇਖਣ ਲੱਗ ਗਿਆ। ਸਾਫ਼–ਸੁਥਰਾ ਕਮਰਾ ਟੇਢੀਆਂ ਅੱਖਾਂ ਨਾਲ ਦੇਖਿਆ ਸੀ। ਮੈਂ ਪਰੌਂਠਿਆਂ ਵਾਲਾ ਥਾਲ ਉਹਦੇ ਮੋਹਰੇ ਰੱਖ ਦਿੱਤਾ ਸੀ। ਉਹਦਾ ਗੁੱਸਾ ਜਾਂਦਾ ਲੱਗਾ ਸੀ।

ਫਾਈਨਲ ਪੇਪਰ ਆਏ ਤਾਂ ਚਾਚੀ ਨੇ ਰਿਸ਼ੀ ਨੂੰ ਮਿਲਣ ਤੋਂ ਵਰਜ ਦਿੱਤਾ ਸੀ। ਮੇਰੀ ਫ਼ੇਵਰੇਟ ਟੀਚਰ ਨੇ ਸਾਰੀਆਂ ਕੁੜੀਆਂ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ–

"ਇਨਸਾਨ ਨੂੰ ਪਰਫ਼ੈਕਟ ਬਣਨਾ ਚਾਹੀਦਾ।...ਜੋ ਲੋਕ ਪਰਫ਼ੈਕਟ ਹੁੰਦੇ ਹਨ, ਉਹ ਪੜ੍ਹਾਈ...ਪਿਆਰ...ਹਰ ਖੇਤਰ ਵਿਚ ਮੰਜ਼ਲਾਂ ਮਾਰ ਲੈਂਦੇ ਹਨ।"

ਮੈਂ ਪੜ੍ਹਾਈ ਦੇ ਇਮਤਿਹਾਨ ਵਿਚੋਂ ਤਾਂ ਪਾਸ ਹੋ ਗਈ। ਦੋਨਾਂ ਨੂੰ ਸਕੂਲ ਟੀਚਰ ਦੀ ਨੌਕਰੀ ਮਿਲ ਗਈ। ਖੁਸ਼ੀ ਦੀ ਕੋਈ ਹੱਦ ਨ੍ਹੀਂ ਸੀ। ਮੈਂ ਤੇ ਰਿਸ਼ੀ ਖੁਸ਼ੀ ਵਿਚ ਉੱਡੇ ਫਿਰ ਰਹੇ ਸਾਂ। ਅਸੀਂ ਚਾਚੀ ਨਾਲ ਵਿਆਹ ਦੀ ਗੱਲ ਕੀਤੀ ਸੀ।

ਚਾਚੀ ਨੇ ਪਿਤਾ ਜੀ ਨਾਲ ਗੱਲ ਤੋਰੀ। ਉਹ ਲੋਹਾ ਲਾਖਾ ਨਾ ਹੋਏ। ਉਹਨਾਂ ਮੋਹਰੋਂ ਆਪਣੀ ਸਮੱਸਿਆ ਰੱਖ ਦਿੱਤੀ–

"ਪੁੱਤ, ਸਾਡੇ ਬੱਚਾ ਨ੍ਹੀਂ ਸੀ ਹੋ ਰਿਹਾ। ਅਸੀਂ ਵੈਦਾਂ, ਹਕੀਮਾਂ, ਡਾਕਟਰਾਂ, ਸਾਧਾਂ–ਸੰਤਾਂ ਕੋਲੋਂ ਬਥੇਰਾ ਇਲਾਜ ਕਰਵਾਇਆ। ਦੋਨੋਂ ਜੀਅ ਬਾਰਾਂ ਸਾਲ ਭੱਸੜਾਂ ਭੰਨਾਉਂਦੇ ਰਹੇ। ਪਰ ਤੇਰੀ ਮਾਂ ਦੀ ਕੁੱਖ ਹਰੀ ਨਾ ਹੋਈ। ਕਿਸੇ ਨੇ ਮੱਠ ਸੁੱਖ ਸੁੱਖਣ ਦੀ ਦੱਸ ਪਾਈ ਸੀ।"

ਮੇਰਾ ਬਾਪ ਮੇਰੇ ਜੰਮਣ ਤੋਂ ਪਹਿਲਾਂ ਦੀ ਕਹਾਣੀ ਸੁਣਾਉਣ ਲੱਗ ਪਿਆ ਸੀ। ਅਸਿੱਧੇ ਢੰਗ ਨਾਲ ਪਹਿਲਾਂ ਵੀ ਗੱਲ ਕਰਦੇ ਰਹਿੰਦੇ ਸਨ। ਮੈਨੂੰ ਮੱਠ ਲਿਜਾਂਦੇ ਰਹਿਣਾ। ਉਥੇ ਕਈ–ਕਈ ਦਿਨ ਰੱਖੀ ਛੱਡਣਾ। ਪਰ ਮੈਨੂੰ ਅਸਲ ਕਹਾਣੀ ਦੀ ਹੁਣ

ਸਮਝ ਆਉਣ ਲੱਗੀ ਸੀ। ਝਾਈ ਨੇ ਸਿੱਖਿਆ ਦੇਣੀ–

"ਪੁੱਤ, ਇਹ ਭਗਵਾਨ ਸ਼ਿਵ ਦਾ ਮੱਠ ਆ। ਤੇਰਾ ਆਪਣਾ ਘਰ। ਤੂੰ ਬਹੁਤੀ ਦੁਨਿਆਵੀਂ ਚੱਕਰਾਂ 'ਚ ਨਾ ਪਵੀਂ। ਸੁਆਮੀ ਜੀ ਦੇ ਚਰਨੀਂ ਲੱਗ ਜਾਈਂ।"

ਉਦੋਂ ਮੈਂ ਇਹਦੇ ਅਰਥ ਨ੍ਹੀਂ ਸੀ ਸਮਝਦੀ। ਕੋਈ ਖੁੱਲ੍ਹ ਕੇ ਗੱਲ ਵੀ ਨ੍ਹੀਂ ਸੀ ਕਰਦਾ। ਮੱਠ ਸਾਡਾ ਸੀ। ਸ਼ਰਧਾ ਨਾਲ ਮੱਥਾ ਟੇਕਣ ਜਾਣਾ। ਮੱਠ ਦੀ ਤੇ ਲੋਕਾਂ ਦੀ ਸੇਵਾ ਕਰਨਾ ਹੀ ਸਾਡਾ ਕਰਮ ਸੀ। ਜਿੱਥੇ ਜਾ ਕੇ ਸਾਡੇ ਸਿਰ ਝੁਕਦੇ ਸਨ। ਜਿਸ ਥਾਂ ਤੋਂ ਬਿਨਾਂ ਜੀਉਣਾ ਸਾਡੇ ਲਈ ਅਸੰਭਵ ਸੀ। ਉਸ ਨੂੰ ਲੈ ਕੇ ਘਰ ਵਿਚ ਸੋਗ ਪੈ ਗਿਆ ਸੀ। ਪਿਤਾ ਜੀ ਦੇ ਬੋਲ ਮਸਾਂ ਹੀ ਨਿਕਲ ਰਹੇ ਸਨ–

"ਮੈਂ ਭਗਵਾਨ ਸ਼ਿਵ ਦੇ ਮੱਠ ਸੁੱਖ ਸੁੱਖੀ ਸੀ। ਹੇ ਮੇਰੇ ਪ੍ਰਭੂ, ਤਿੰਨ-ਚਾਰ ਬੱਚੇ ਮੇਰੀ ਝੋਲੀ ਪਾ ਦਿਓ। ਪਹਿਲਾ ਬੱਚਾ ਤੇਰੇ ਚੜ੍ਹਾਊਂਗਾ। ਉਸ ਪਰਮੇਸ਼ਵਰ ਨੇ ਮਿਹਰ ਕੀਤੀ। ਪਰ ਪਹਿਲੀ ਬੇਟੀ ਦੇ ਦਿੱਤੀ। ਮੈਂ ਸੁੱਖ ਸੁੱਖਣ ਵੇਲੇ ਧੋਖਾ ਖਾ ਗਿਆ। ਮੇਰੇ ਲਾਲ ਹੁੰਦਾ। ਮੈਂ ਪੰਜ-ਛੇ ਸਾਲ ਦੇ ਨੂੰ ਚੜ੍ਹਾ ਦੇਣਾ ਸੀ।" ਪਿਤਾ ਜੀ ਦੁਹੱਥੜੀ ਮਾਰ ਕੇ ਭੁੱਬੀਂ ਰੋ ਪਏ ਸਨ।

"ਧੀਆਂ ਦੇ ਦੁੱਖ ਡਾਹਢੇ ਹੁੰਦੇ ਨੇ। ਪਤਾ ਨ੍ਹੀਂ ਤੂੰ ਕਿਹੜੇ ਕਸ਼ਟਾਂ ਵਿੱਚੋਂ ਲੰਘੇਂ। ਇਸੇ ਕਰਕੇ ਅਸੀਂ ਤੈਨੂੰ ਪੜ੍ਹਾਇਆ। ਨੌਕਰੀ ਲੁਆਇਆ। ਪੁੱਤ, ਅਸੀਂ ਆਪਣਾ ਫ਼ਰਜ਼ ਪੂਰਾ ਕੀਤਾ। ਹੁਣ ਤੂੰ ਪਿੱਠ ਨਾ ਦਿਖਾਈਂ। ਨ੍ਹੀਂ ਤੇ ਟੱਬਰ 'ਤੇ ਕਹਿਰ ਵਾਪਰੂ। ਸ਼ਿਵ ਬੜੀ ਕਰਨੀ ਵਾਲੇ ਨੇ। ਬਖਸ਼ਣ ਨ੍ਹੀਂ ਲੱਗੇ।" ਝਾਈ ਜੀ ਨੇ ਮੈਨੂੰ ਕਲਾਵੇ ਵਿਚ ਲੈ ਲਿਆ ਸੀ।

"ਬੇਟਾ, ਭਾਰਤ ਦਾ ਇਹ ਪਹਿਲਾ ਮੱਠ ਹੈ, ਜਿੱਥੇ ਸ਼ੇਸ਼ਨਾਗ ਤੇ ਪੰਚਮੁਖੀ ਸ਼ਿਵਲਿੰਗ ਸਥਾਪਤ ਹੈ। ਇਹਨੂੰ ਮੁਗਲ ਬਾਦਸ਼ਾਹ ਬਾਬਰ ਨੇ ਬਣਾਇਆ ਸੀ। ਨੇਪਾਲ ਦੇ ਸ਼ਹਿਨਸ਼ਾਹ ਨੇ ਚਾਲੀ ਮਣ ਦਾ ਅਸ਼ਟਧਾਤੂ ਦਾ ਟੱਲ ਭੇਂਟ ਕੀਤਾ ਸੀ। ਇਥੇ ਜਿਹਨੇ ਸੁੱਖ ਸੁੱਖੀ, ਪੂਰੀ ਹੋਈ। ਜਿਹਨੇ ਸੁੱਖ ਨ੍ਹੀਂ ਉਤਾਰੀ, ਉਨ੍ਹਾਂ ਦੇ ਕੁਲ ਦਾ ਬੀਅ ਨਾਸ਼ ਹੋ ਗਿਆ। ...ਭਗਵਾਨ ਸਾਡੇ 'ਤੇ ਰਹਿਮ ਕਰੋ।" ਪਿਤਾ ਜੀ ਮੱਠ ਅਤੇ ਭਗਵਾਨ ਦੀਆਂ ਫੋਟੋਆਂ ਅੱਗੇ ਝੁਕੇ ਹੋਏ ਸਨ।

ਮੈਂ ਤੀਏ ਦਿਨ ਸਕੂਲ ਗਈ। ਰੋਣਹਾਕੀ ਹੋਈ ਪਈ ਸੀ। ਰਿਸ਼ੀ ਪਹਿਲੋਂ ਆਇਆ ਬੈਠਾ ਸੀ। ਉਸਨੂੰ ਸਾਰੀ ਗੱਲ ਦੱਸੀ। ਉਹ ਮੈਨੂੰ ਪੈ ਨਿਕਲਿਆ–

"ਆਪਣੇ ਝੂਠੇ ਵਿਸ਼ਵਾਸਾਂ ਨੂੰ ਪੱਠੇ ਪਾਉਣ ਲਈ ਤੈਨੂੰ ਕਿਉਂ ਦਾਅ 'ਤੇ ਲਾਇਆ ਜਾ ਰਿਹਾ। ਦੋ ਹੋਰ ਹੈਗੇ ਆ। ਉਨ੍ਹਾਂ ਨੂੰ...।"

ਮੈਂ ਉਹਨੂੰ ਜੇਠੇ ਬੱਚੇ ਦੀ ਸੁੱਖ ਬਾਰੇ ਸਮਝਾਉਣ ਲੱਗ ਪਈ। ਮੈਂ ਭਗਵਾਨ ਅਤੇ ਮੱਠ ਨਾਲ ਜੁੜੀਆਂ ਕਰਾਮਾਤਾਂ ਬਾਰੇ ਦੱਸਿਆ। ਜਿਨ੍ਹਾਂ ਪਰਿਵਾਰਾਂ ਨੇ ਸੁੱਖਾਂ ਨ੍ਹੀਂ ਉਤਾਰੀਆਂ, ਉਨ੍ਹਾਂ ਦੇ ਉੱਜੜੇ ਵੰਸ਼ਾਂ ਬਾਰੇ ਦੱਸਿਆ। ਪਿਤਾ ਜੀ ਦੀਆਂ ਸੁਣਾਈਆਂ ਗੱਲਾਂ ਰਿਸ਼ੀ ਨੂੰ ਦੱਸੀਆਂ। ਮੇਰੇ ਅੰਦਰ ਭਗਵਾਨ ਦੇ ਘਰ ਬਾਰੇ ਜੋ ਡਰ ਸੀ, ਉਹ ਮੈਂ ਵਿਅਕਤ ਕਰ ਦਿੱਤਾ। ਰਿਸ਼ੀ ਭੜਕ ਪਿਆ ਸੀ–

"ਇਥੇ ਕੋਈ ਭਗਵਾਨ ਦਾ ਘਰ ਨ੍ਹੀਂ ਹੈ। ਸਭ ਰੱਬ ਦੇ ਨਾਂ 'ਤੇ ਸਿਆਸਤ ਹੋ ਰਹੀ ਹੈ। ਸਿਆਸਤਦਾਨ ਡੇਰਿਆਂ, ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਤੇ ਗਿਰਜਿਆਂ ਜ਼ਰੀਏ ਸਿਆਸਤ ਚਲਾਉਂਦੇ ਆ। ਭਾਰਤ ਦੀ ਬਦਕਿਸਮਤੀ ਆ ਕਿ

ਧਰਮ ਸਿਆਸਤ ਦੇ ਘੋੜੇ ਚੜ੍ਹਿਆ ਹੋਇਆ ਹੈ।...ਤੇ ਤੁਹਾਡੇ ਵਰਗੇ ਪੜ੍ਹੇ ਲਿਖੇ ਲੋਕ ਉਨ੍ਹਾਂ ਦੀ ਮਾਰ ਹੇਠ ਆਏ ਹੋਏ ਆ।"

ਉਦੋਂ ਉਹਦੀਆਂ ਗੱਲਾਂ ਦੀ ਮੈਨੂੰ ਸਮਝ ਨ੍ਹੀਂ ਸੀ ਲੱਗੀ। ਉਹਨੇ ਦੱਬ ਕੇ ਮੱਠ ਦੇ ਖਿਲਾਫ਼... ਉਥੋਂ ਦੇ ਸੁਆਮੀ ਜੀ ਅਤੇ ਚੇਲਿਆਂ ਦੇ ਖਿਲਾਫ਼ ਭੜਾਸ ਕੱਢੀ ਸੀ। ਅਜਿਹਾ ਸੁਣਨਾ ਮੇਰੀ ਬਰਦਾਸ਼ਤ ਤੋਂ ਬਾਹਰ ਸੀ। ਮੈਂ ਮੱਠ ਦੇ ਖਿਲਾਫ਼ ਇਕ ਸ਼ਬਦ ਵੀ ਨ੍ਹੀਂ ਸੁਣਨਾ ਚਾਹੁੰਦੀ ਸੀ। ਮੈਂ ਇਹ ਵੀ ਨ੍ਹੀਂ ਚਾਹੁੰਦੀ ਸੀ ਕਿ ਮੇਰਾ ਰਿਸ਼ੀ ਪਾਪ ਦਾ ਭਾਗੀਦਾਰ ਬਣੇ। ਉਹ ਮੇਰਾ ਪਿਆਰ ਸੀ। ਉਹਦੇ ਪਿਆਰ ਵਿਚ ਡੁੱਬੀ ਰਹਿਣਾ ਚਾਹੁੰਦੀ ਸਾਂ। ਮੈਂ ਪਿਆਰ ਦੀ ਨਦੀ ਨੂੰ ਕਿੱਦਾਂ ਆਖ ਦਿੰਦੀ ਕਿ ਆਪਣਾ ਵਹਾਅ ਮੋੜ ਲੈ। ਪਰ ਉਹਦਾ ਕਹਿਣਾ ਸੀ–

"ਤੂੰ ਮੱਲੋ ਮੱਲੀ ਉਸ ਦਰਿਆ ਵਿਚ ਰਲਣਾ ਚਾਹੁੰਦੀ ਆਂ। ਜਿਹੜਾ ਪਹਿਲੋਂ ਹੀ ਰੇਗਿਸਤਾਨ ਬਣਿਆ ਹੋਇਆ।"

ਮੈਂ ਰਿਸ਼ੀ ਨਾਲ ਸਹਿਮਤ ਨ੍ਹੀਂ ਸੀ। ਮੱਠ ਤੋਂ ਕਿਵੇਂ ਮੂੰਹ ਮੋੜ ਲੈਂਦੀ। ਸਾਨੂੰ ਸਾਰੇ ਸਾਹ ਉਥੋਂ ਹੀ ਮਿਲੇ ਹੋਏ ਸਨ। ਮੱਠ ਦੇ ਕਣ-ਕਣ ਨਾਲ ਰਿਸ਼ੀ ਜਿੰਨਾ ਹੀ ਪਿਆਰ ਤੇ ਵਿਸ਼ਵਾਸ ਸੀ। ਅਸੀਂ ਲਾਚਾਰ ਸੀ। ਸਾਡੇ ਵਿਸ਼ਵਾਸ ਸਨ। ਮੈਨੂੰ ਬੇਵੱਸ ਦੇਖ ਰਿਸ਼ੀ ਤੁਰ ਪਿਆ ਸੀ।

"ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਹੋਇਆ ਕਿ ਦੋਸਤੀ, ਪਿਆਰ ਤੇ ਚਾਹਤ ਵੀ ਕਦੇ-ਕਦੇ ਬੇਵੱਸ ਹੋ ਜਾਂਦੇ ਹਨ।..ਜੇ ਤੂੰ ਮੱਠ ਚੜ੍ਹਨਾਂ, ਇਹਨੂੰ ਮੇਰੀ ਆਖ਼ਰੀ ਮੁਲਾਕਾਤ ਸਮਝੀਂ।"

ਮੇਰੇ ਲੱਖ ਤਰਲੇ ਕੱਢਣ ਦੇ ਬਾਵਜੂਦ ਉਹ ਤੁਰਦਾ ਬਣਿਆ ਸੀ। ਮੈਂ ਉਸ ਦਿਨ ਘਰ ਨ੍ਹੀਂ ਜਾਣਾ ਚਾਹੁੰਦੀ ਸੀ। ਛੁੱਟੀ ਹੋਈ ਤਾਂ ਪਿਤਾ ਜੀ ਲੈਣ ਆਏ ਹੋਏ ਸਨ। ਮੈਂ ਘਰ ਗਈ ਤਾਂ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

"ਭਗਵਾਨ, ਮੈਨੂੰ ਮਾਫ਼ ਕਰੀਂ। ਆਪਣੀ ਬੱਚੀ ਸਮਝ ਕੇ। ਮੈਂ ਰਿਸ਼ੀ ਨਾਲ...।"

ਸ਼ਬਦ ਮੇਰੇ ਮੂੰਹ ਵਿਚ ਹੀ ਸਨ। ਬਾਪ ਮੇਰੇ ਦੇ ਹੱਥ ਕੰਬਣ ਲੱਗ ਪਏ ਸਨ। ਝਾਈ ਨੂੰ ਦੰਦਲ ਪੈ ਗਈ। ਭਰਾ ਉਹਨੂੰ ਸੰਭਾਲਣ ਲੱਗ ਪਏ। ਪਿਤਾ ਜੀ ਮੇਰੇ ਦੁਆਲੇ ਹੋ ਗਏ। ਮੇਰੀਆਂ ਮਿੰਨਤਾਂ ਕਰਨ ਲੱਗ ਪਏ। ਮੈਂ ਚੁੱਪ ਸੀ। ਫੇਰ ਉਹ ਵੀ ਚੁੱਪ ਕਰਕੇ ਬੈਠ ਗਏ। ਉਨ੍ਹਾਂ ਦੇ ਚਿਹਰੇ ਦੇ ਕਈ ਰੰਗ ਬਦਲੇ। ਕਾਹਲੀ ਨਾਲ ਉਠੇ, ਪਤਾ ਨ੍ਹੀਂ ਕਿੱਧਰ ਨੂੰ ਚਲੇ ਗਏ। ਝਾਈ ਨੂੰ ਹੋਸ਼ ਆ ਗਈ ਸੀ।

ਹਰੀਸ਼ ਵੀ ਬਾਹਰ ਨਿਕਲ ਗਿਆ ਸੀ। ਉਹਨੀਂ ਪੈਰੀਂ ਚੀਕਾਂ ਮਾਰਦਾ ਮੁੜ ਆਇਆ ਸੀ। ਸਾਰੇ ਜਣੇ ਉਹਦੇ ਦੁਆਲੇ ਇਕੱਠੇ ਹੋ ਗਏ ਸਨ।

"ਪਿਤਾ ਜੀ ਨੇ ਖੂਹ ਵਿਚ...।"

ਅਸੀਂ ਸਾਰੇ ਖੂਹ ਵੱਲ ਭੱਜ ਲਏ। ਉਨ੍ਹਾਂ ਦੁਆਲੇ ਲੋਕਾਂ ਦਾ ਝੁਰਮਟ ਸੀ। ਉਨ੍ਹਾਂ ਦੇ ਢਿੱਡ ਵਿਚੋਂ ਪਾਣੀ ਕੱਢਿਆ ਜਾ ਰਿਹਾ ਸੀ। ਸਾਡੇ ਸ਼ਰੀਕੇ ਵਿਚੋਂ ਲੱਗਦੇ ਬਾਬੇ ਨੇ ਧਰਵਾਸ ਦਿੱਤਾ ਸੀ–

"ਜੈ ਚੰਦ ਬਚ ਗਿਆ। ਭਾਈ, ਹੁਣ ਇਹਨੂੰ ਦੂਜੀ ਵਾਰ ਮਰਨ ਲਈ ਮਜ਼ਬੂਰ ਨਾ ਕਰਿਓ।"

ਬਾਬੇ ਨੇ ਸ਼ਾਇਦ ਮੈਨੂੰ ਸੁਣਾ ਕੇ ਕਿਹਾ ਸੀ। ਹੁਣ ਸਭ ਕੁਝ ਮੇਰੇ ’ਤੇ ਨਿਰਭਰ ਸੀ। ਮੈਂ ਦੋਨਾਂ ਧਿਰਾਂ ਦੇ ਵਿਚਕਾਰ ਲਟਕ ਗਈ ਸੀ। ਨਾ ਜਮਾਉਣ ਤੇ ਪਾਲਣ ਵਾਲਿਆਂ ਨੂੰ ਛੱਡ ਸਕਦੀ ਸੀ ਤੇ ਨਾ ਆਪਣੇ ਪਿਆਰ ਨੂੰ ਧੱਕਾ ਦੇ ਸਕਦੀ ਸੀ। ਮੈਂ ਕਮਰੇ ਵਿਚ ਆ ਕੇ ਸੋਚਾਂ ਵਿਚ ਡੁੱਬ ਗਈ ਸੀ। ਮੈਂ ਰਿਸ਼ਤਿਆਂ ਦੇ ਚੱਕਰਵਿਊ ’ਚੋਂ ਬਾਹਰ ਕੱਢਣ ਵਾਲੇ ਅਭਿਮੰਨਿਯੂ ਦਾ ਇੰਤਜ਼ਾਰ ਕਰਨ ਲਗਦੀ। ਪਰ ਮੇਰਾ ਅਭਿਮੰਨਿਯੂ...। ਉਸੇ ਵਕਤ ਪਿਤਾ ਜੀ ਦੀ ਲਾਸ਼ ਖੂਹ ਵਿਚੋਂ ਨਿਕਲਦੀ ਪ੍ਰਤੀਤ ਹੁੰਦੀ।...ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ। ਦਿਨ ਦਿਹਾੜੇ ਭੈੜੇ-ਭੈੜੇ ਸੁਪਨੇ ਆਉਣ ਲੱਗ ਪਏ। ਹਨੇਰੀ ਆ ਗਈ ਸੀ। ਬਿਜਲੀ ਕੜਕੀ ਸੀ। ਮੈਨੂੰ ਲੱਗਿਆ ਭਗਵਾਨ ਸ਼ਿਵ ਆ ਗਏ ਹਨ। ਮੈਨੂੰ ਉਨ੍ਹਾਂ ਦਾ ਖੌਫ਼ ਖਾਣ ਲੱਗਾ। ਤ੍ਰਿਸ਼ੂਲ ਨਿਕਲਿਆ। ਮੈਂ ਸਹਿਮ ਗਈ। ਮੈਂ ਡਰਦੀ ਨੇ ਹੱਥ ਜੋੜ ਦਿੱਤੇ।

“ਭਗਵਾਨ, ਮੈਂ ਤੇਰੇ ਦਰ ਦੀ ਦਾਸੀ ਬਣਾਂਗੀ।”

ਮੈਨੂੰ ਲੱਗਿਆ ਕਮਰੇ ਵਿਚ ਰੋਸ਼ਨੀ ਹੋ ਗਈ ਹੈ। ਭਗਵਾਨ ਦੀ ਮੂਰਤੀ ਵੱਲ ਨਿਗਾਹ ਮਾਰੀ। ਉਹਨਾਂ ਦੇ ਚਿਹਰੇ ’ਤੇ ਮੁਸਕਰਾਹਟ ਸੀ। ਮੇਰਾ ਫ਼ੈਸਲਾ ਸੁਣ ਕੇ ਘਰ ਵਿਚ ਮਾਹੌਲ ਸੁਖਾਵਾਂ ਹੋ ਗਿਆ ਸੀ।

ਮੈਂ ਅਗਲੇ ਹਫ਼ਤੇ ਉੱਤਰਾ ਤੋਂ ਮਾਤਾ ਸ੍ਰੀ ਬਣ ਗਈ ਸੀ।

ਮੈਨੂੰ ਭਗਵਾਂ ਪੁਆਇਆ ਜਾ ਰਿਹਾ ਸੀ।...ਪਰ ਮੈਂ ਤਾਂ ਪਹਿਲਾਂ ਹੀ ਰਿਸ਼ੀ ਦੇ ਪਿਆਰ ’ਚ ਭਗਵਾਂ ਪਾਈ ਜੋਗਣ ਹੋਈ ਬੈਠੀ ਸੀ। ਮੈਨੂੰ ਸਾਧਣੀ ਬਣਾਉਣ ਦੀਆਂ ਰਸਮਾਂ ਨਿਭਾਈਆਂ ਜਾ ਰਹੀਆਂ ਸਨ। ਮੈਨੂੰ ਰਿਸ਼ੀ ਦਾ ਖਿਆਲ ਆਈ ਜਾ ਰਿਹਾ ਸੀ। ਕਿਸੇ ਖੂੰਜੇ ਬੈਠਾ ਕੁਰਲਾ ਰਿਹਾ ਨਜ਼ਰ ਆ ਰਿਹਾ ਸੀ। ਉਹਦੀਆਂ ਅੱਖਾਂ ’ਚ ਵੀ ਪਾਣੀ ਸੀ ਤੇ ਮੇਰੀਆਂ ਅੱਖਾਂ ਵਿਚ ਵੀ। ਉਹਦੀ ਉੱਤਰਾ ਸਾਧਣੀ ਬਣ ਗਈ ਸੀ।

ਮੈਂ ਮੱਠ ਰਹਿਣ ਲੱਗੀ। ਮੱਠ ਘਰ ਤੋਂ 25 ਕਿਲੋਮੀਟਰ ਦੂਰ ਹੋਣਾਂ। ਸਕੂਲ ਦੋਨਾਂ ਦੇ ਵਿਚਾਲੇ ਸੀ। ਮੈਂ ਘਰ ਨਾ ਰਹਿਣ ਦਾ ਫ਼ੈਸਲਾ ਕੀਤਾ ਸੀ। ਮੱਠ ਤੋਂ ਸਕੂਲ ਜਾਂਦੀ ਤੇ ਸਕੂਲ ਤੋਂ ਮੱਠ। ਮੋਹਰੇ ਸ਼ਿਵਰਾਤਰੀ ਆ ਗਈ। ਸ਼ਿਵਰਾਤਰੀ ’ਤੇ ਭਾਰੀ ਮੇਲਾ ਲਗਦਾ ਹੈ। ਹਫ਼ਤਾ ਪਹਿਲਾਂ ਦੂਰੋਂ-ਦੂਰੋਂ ਸੰਤ ਮਹਾਤਮਾ ਆਉਣ ਲੱਗ ਪਏ ਸਨ। ਇਕ ਨਾਂਗੇ ਸਾਧੂਆਂ ਦੀ ਟੋਲੀ ਵੀ ਆਈ ਸੀ। ਇਹ ਮੇਰੇ ਮਨ ਪਸੰਦ ਦੇ ਸਾਧੂ ਸਨ। ਮੇਰੇ ਸਤਿਕਾਰ ਦੇ ਪਾਤਰ। ਮੈਂ ਇਹਨਾਂ ਤੋਂ ਬਹੁਤ ਕੁਝ ਸਿੱਖਿਆ ਸੀ। ਸਾਰੇ ਨਾਂਗੇ ਸਾਧੂਆਂ ਨੇ ਆਪਣੀਆਂ ਇੰਦਰੀਆਂ ਨੂੰ ਸੰਗਲ ਲਾਏ ਹੋਏ ਸਨ। ਮੈਂ ਉਨ੍ਹਾਂ ਦੇ ਸਬਰ ਅਤੇ ਸਿਦਕ ਤੋਂ ਬਲਿਹਾਰੇ ਜਾਂਦੀ।

ਇਕ ਰਾਤ ਰੌਲਾ ਪੈ ਗਿਆ। ਅੱਖ ਖੁੱਲ੍ਹੀ ਤਾਂ ਰੌਲੇ ਵਾਲੀ ਜਗ੍ਹਾ ਚਲੇ ਗਈ ਸੀ। ਇਕ ਨਾਂਗਾ ਸਾਧੂ ਲੰਮਾ ਪਾਇਆ ਹੋਇਆ ਸੀ। ਉਹਦੀ ਇੰਦਰੀ ਦਾ ਕੜਾ ਟੁੱਟਿਆ ਹੋਇਆ ਸੀ। ਉਸਨੇ ਨਾਲ ਪਏ ਇਕ ਸੇਵਾਦਾਰ ਨਾਲ ਬਦਫੈਲੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਨੰਗੇ ਹੋਏ ਸੇਵਾਦਾਰ ਨੇ ਰੌਲਾ ਪਾ ਦਿੱਤਾ ਸੀ। ਸੁਆਮੀ ਜੀ ਨੇ ਨਾਂਗੇ ਸਾਧ ਦੇ ਘੋਟਣਾ ਫੇਰਨਾ ਸ਼ੁਰੂ ਕੀਤਾ ਤਾਂ ਉਹ ਅੜਾਹਟ ਪਾਉਣ ਲੱਗ ਪਿਆ ਸੀ। ਮੈਂ ਪੀੜਤ ਸੇਵਾਦਾਰ ਕੋਲ ਬੈਠ ਗਈ। ਵਿਚਾਰਾ ਡਰਿਆ ਪਿਆ ਸੀ। ਰੰਗ ਪੀਲਾ ਭੂਕ। ਡਰ ਅਤੇ ਸ਼ਰਮ ਨਾਲ ਸਹਿਮਿਆ ਬੈਠਾ ਸੀ। ਕੁਟਾਪਾ ਕਰਨ ਤੋਂ ਪਿੱਛੋਂ ਨਾਂਗੇ

ਸਾਧ ਨੂੰ ਮੱਠ ਤੋਂ ਭਜਾ ਦਿੱਤਾ ਸੀ। ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਜਦੋਂ ਮੇਰੀ ਅੱਖ ਲਗਦੀ, ਉਸ ਸੇਵਾਦਾਰ ਦੀ ਜਗ੍ਹਾ ਮੈਂ ਹੁੰਦੀ। ਨਾਂਗੇ ਸਾਧੂਆਂ ਦੇ ਸੰਗਲ, ਕੜੇ ਟੁੱਟ ਜਾਂਦੇ। ਮੈਨੂੰ...। ਉੱਠ ਕੇ ਬੈਠ ਜਾਂਦੀ। ਦੁਬਾਰਾ ਪੈਂਦੀ ਤਾਂ ਸੁਪਨਾ ਸ਼ੁਰੂ ਹੋ ਜਾਂਦਾ। ਮੱਠ ਵਾਲੇ ਸਾਧੂ ਉਨ੍ਹਾਂ ਦੀ ਥਾਂ ਲੈ ਲੈਂਦੇ।

ਅਗਲੀ ਰਾਤ ਮੈਂ ਭੈੜੇ ਸੁਪਨੇ ਦੀ ਸ਼ਿਕਾਰ ਹੋ ਗਈ। ਮੱਠ ਵਿਚ ਵੱਡੇ ਸ਼ਿਵਲਿੰਗ ਦੇ ਨਾਲ ਛੋਟੇ-ਛੋਟੇ ਸ਼ਿਵਲਿੰਗ ਵੀ ਹਨ। ਕਹਿੰਦੇ ਇਕ ਬਾਦਸ਼ਾਹ ਨੇ ਜੇਜੋਂ 'ਤੇ ਹਮਲਾ ਕੀਤਾ ਸੀ। ਸੈਨਿਕ ਮੱਠ ਲੁੱਟਣ ਆ ਗਏ। ਇਕ ਹਮਲਾਵਰ ਨੇ ਤਲਵਾਰ ਨਾਲ ਸ਼ਿਵਲਿੰਗ ਵੱਢ ਦਿੱਤਾ ਸੀ। ਜਿਥੇ-ਜਿਥੇ ਉਹ ਡਿੱਗਿਆ, ਉਥੇ-ਉਥੇ ਹੋਰ ਕਿੰਨੇ ਸ਼ਿਵਲਿੰਗ ਉੱਗ ਆਏ ਸਨ। ਮੈਂ ਸਾਰੀ ਰਾਤ ਅੱਧ ਸੁੱਤੀ ਰਹੀ। ਉਸ ਰਾਤ ਮੇਰੇ ਦੁਆਲੇ ਵੀ ਸ਼ਿਵਲਿੰਗ ਉੱਗ ਆਏ ਸਨ। ਸ਼ਿਵਲਿੰਗ ਮੇਰੇ ਵੱਲ ਨੂੰ ਉੱਚੇ ਹੋਣ ਲੱਗਦੇ। ਮੇਰੀ ਚੀਕ ਨਿਕਲ ਜਾਂਦੀ।

ਸਵੇਰਾ ਹੋਇਆ ਤਾਂ ਮੱਠ ਵਿਚ ਰਾਤ ਨਾ ਰਹਿਣ ਦਾ ਨਿਰਣਾ ਲੈ ਲਿਆ ਸੀ। ਘਰਦਿਆਂ ਨੇ, ਸੁਆਮੀ ਜੀ ਨੇ ਮੈਨੂੰ ਬਥੇਰਾ ਸਮਝਾਇਆ ਪਰ ਉਹ ਮੈਨੂੰ ਸਹਿਮ 'ਚੋਂ ਨਾ ਕੱਢ ਸਕੇ। ਮੈਂ ਕਿਹੋ ਜਿਹੀ ਸਾਧਣੀ ਸੀ। ਗੇਰੂਏ ਰੰਗ ਦੇ ਕੱਪੜੇ ਨਾ ਪਾਉਂਦੀ। ਸਵੇਰੇ ਸਕੂਲ ਜਾਂਦੀ। ਬੱਚੇ ਪੜ੍ਹਾਉਂਦੀ। ਸਕੂਲ ਤੋਂ ਮੱਠ। ਸ਼ਾਮ ਪੈਂਦੀ ਤਾਂ ਪਿੰਡ ਨੂੰ ਚਲੇ ਜਾਂਦੀ। ਰੋਜ਼ਾਨਾ ਪੰਜਾਹ ਕਿਲੋਮੀਟਰ ਦਾ ਸਫ਼ਰ ਸਰੀਰ ਦਾ ਚਕਨਾਚੂਰ ਕਰ ਦਿੰਦਾ। ਰਿਸ਼ੀ ਮੇਰੇ ਨਾਲ ਲੜ ਝਗੜ ਕੇ ਘਰ ਬਹਿ ਗਿਆ ਸੀ। ਪਰ ਉਹ ਹਮੇਸ਼ਾ ਮੈਨੂੰ ਮੇਰੇ ਸੰਗ ਲਗਦਾ। ਮੈਂ ਭਗਵਾਨ ਨਾਲ ਲਿਵ ਲਾ ਲੈਂਦੀ। ਭਗਵਾਨ ਦੇ ਧੜ ਉਤੇ ਉਹਦਾ ਮੂੰਹ ਲੱਗ ਜਾਂਦਾ। ਮੈਂ ਉਹਦੇ ਸੁਪਨਿਆਂ ਵਿਚ ਗੁੰਮ ਹੋ ਜਾਂਦੀ।

ਉਹ ਯੋਗੀ ਹੋ ਜਾਂਦਾ। ਕੰਨਾਂ 'ਚ ਮੁੰਦਰਾਂ ਪਾ ਲੈਂਦਾ। ਦਰ-ਦਰ 'ਤੇ ਜਾ ਕੇ ਭਿੱਖਿਆ ਮੰਗਦਾ-

"ਮੈਂ ਰਾਂਝਾਂ ਯੋਗੀ ਬਨਿਆ। ਮੇਰੀ ਝੋਲੀ ਪਾਓ ਹੀਰ ਵੇ।"

ਭਗਵੇਂ ਕੱਪੜਿਆਂ ਵਿਚ ਸੋਹਣਾ ਲਗਦਾ। ਮੱਥੇ 'ਤੇ ਤੇਜ ਝਲਕਦਾ। ਚਿਹਰਾ ਜਿਉਂ ਅੱਗ ਦਾ ਗੋਲਾ ਇਉਂ ਮਘਦਾ।...ਆਖਦਾ 'ਪ੍ਰੇਮ ਦੀ ਲਾਲੀ ਮੇਰੇ ਮੁੱਖ 'ਤੇ ਛਾਈ। ਮੈਂ ਸੂਰਜ ਆਪਣੀ ਧਰਤੀ ਦਾ।' ਫਿਰ ਉਹ ਸੂਰਜ ਤੋਂ ਸਮੁੰਦਰ ਬਣ ਜਾਂਦਾ। ਉਸ ਵਿਚ ਮੈਂ ਇਕ ਮੱਛਲੀ ਹੁੰਦੀ। ਜਿਸ 'ਤੇ ਸਿਰ ਮੇਰਾ ਹੁੰਦਾ। ਮੈਂ ਆਖਦੀ-

"ਮੱਛਲੀ ਜਲ ਦੀ ਰਾਣੀ ਹੈ। ਜੀਵਨ ਉਸਦਾ ਪਾਣੀ ਹੈ। ਬਾਹਰ ਕੱਢੇਂਗਾ ਤਾਂ ਮਰ ਜਾਏਗੀ।"

ਏਨੇ ਨੂੰ ਮਗਰਮੱਛ ਆ ਜਾਂਦਾ। ਉਸਦਾ ਸਿਰ ਮੇਰੇ ਪਿਓ ਦਾ ਹੁੰਦਾ। ਨਾਲ ਭਰਾਵਾਂ ਦੇ ਸਿਰ ਲੱਗ ਜਾਂਦੇ। ਉਹ ਮੈਨੂੰ ਸਮੁੰਦਰ 'ਚੋਂ ਬਾਹਰ ਕੱਢ ਕੇ ਤਪਦੀ ਰੇਤ 'ਤੇ ਸੁੱਟ ਦਿੰਦੇ।

ਅਗਲੇ ਦਿਨ ਅਸੀਂ ਸ਼ਾਹ ਤਲਾਈ ਜਾਂਦੇ ਹਾਂ। ਚਰਨ ਗੰਗਾ ਪੁੱਜਦੇ ਹਾਂ। ਇਧਰ ਵੀ ਝਰਨਾ, ਉਧਰ ਵੀ ਝਰਨਾ। ਵਿਚਕਾਰ ਪੱਥਰ। ਚਾਨਣੀ ਰਾਤ। ਚੰਦ ਦੀ ਰੋਸ਼ਨੀ ਸਾਡੇ ਚਿਹਰਿਆਂ 'ਤੇ ਪੈ ਰਹੀ ਹੈ। ਉਹ ਚਰਨ ਗੰਗਾ ਤੋਂ ਪਾਣੀ ਦੀ ਚੂਲੀ ਭਰ ਕੇ ਲਿਆਉਂਦਾ। ਮੇਰੇ ਬੁੱਲ੍ਹਾਂ ਨੂੰ ਲਾਉਂਦਾ ਹੈ। ਪਾਣੀ ਵਾਸ਼ਪ ਬਣ ਕੇ ਉੱਡੀ ਜਾ ਰਿਹਾ। ਉਹ ਵਾਰ-ਵਾਰ ਪਾਣੀ ਲਾਈ ਜਾ ਰਿਹਾ ਹੈ। ਮੈਂ ਕਾਰਨ ਪੁੱਛਿਆ ਤਾਂ ਹੱਸ

ਪਿਆ–

“ਬੁੱਲ੍ਹ ਸੁੱਚੇ ਹੁੰਦੇ ਹਨ, ਵਾਸ਼ਨਾ ਤੋਂ ਬਗੈਰ।”

ਮੈਂ ਉਹਦੇ ਸੁਪਨਿਆਂ ਵਿਚ ਜੀਉਂਦੀ ਹਾਂ। ਜਿਸ ਦਿਨ ਮੇਰੇ ਮੱਠ ਚੜ੍ਹਨ ਦੀ ਰਸਮ ਹੋਈ ਸੀ, ਸੜਿਆ ਜਿਹਾ ਰੂਪੋਸ਼ ਹੋ ਗਿਆ ਸੀ। ਮੈਂ ਤਾਂ ਪੂਨਮ ਭੈਣ ਕੋਲ ਵੀ ਮਿਲਣ ਲਈ ਸਿਫ਼ਾਰਸ਼ਾਂ ਪਾਈਆਂ ਤੇ ਜੀਜਾ ਜੀ ਕੋਲ ਵੀ। ਪਰ ਉਹ...। ਉਹਨੂੰ ਖ਼ਤ ਵੀ ਲਿਖੇ–

‘ਤੂੰ ਏਨਾ ਨਿਰਮੋਹਾ ਹੋਏਂਗਾ, ਮੈਂ ਸੋਚਿਆ ਵੀ ਨ੍ਹੀਂ ਸੀ। ਤੇਰੇ ਤੋਂ ਬਗੈਰ ਟਿਕਾਅ ਨਹੀਂ ਆਉਂਦਾ। ਆਵੇ ਵੀ ਕਿਵੇਂ? ਮੇਰਾ ਮੁਰਸ਼ਦ ਹੀ ਖੋਹ ਲਿਆ ਗਿਆ। ਕਿਸੇ ਕੋਲ ਖੋਹਣ ਦੇ ਹੱਕ ਹੋਣਗੇ। ਪਰ ਤੂੰ ਕਿਉਂ ਖੋਹ ਹੋ ਜਾਣ ਵਾਲਿਆਂ ਵਿਚ ਸ਼ਾਮਿਲ ਹੋ ਗਿਆ। ਮੈਨੂੰ ਆਸ ਆ ਤੂੰ ਜ਼ਰੂਰ ਮਿਲਣ ਆਏਂਗਾ। ਤੇਰੀ....।’

ਸਕੂਲ ਵਿਚ ਅੱਧੀ ਛੁੱਟੀ ਹੋਈ ਸੀ। ਸਟਾਫ਼ ਚਾਹ ਦੁਆਲੇ ਹੋ ਗਿਆ ਸੀ। ਨਲਕੇ ’ਤੇ ਬੱਚੇ ਫੱਟੀਆਂ ਧੋਣ ਲੱਗੇ ਹੋਏ ਸੀ। ਮੈਂ ਗਰਾਊਂਡ ਵੱਲ ਨੂੰ ਆ ਨਿਕਲੀ। ਮਿੱਟੀ ਵਿਚ ਉਂਗਲਾਂ ਫੇਰਨ ਲੱਗੀ। ਉਹਦਾ ਨਾਂ ਲਿਖ ਹੋ ਗਿਆ। ਪਤਾ ਨ੍ਹੀਂ ਕੀ ਝੱਲ ਉੱਠਿਆ। ਉਹਦਾ ਨਾਂ ਲਿਖ–ਲਿਖ ਮਿਟਾਈ ਗਈ। ਕਈ ਰਿਸ਼ਤੇ ਫ਼ੱਟੀ ’ਤੇ ਲਿਖੀ ਇਬਾਰਤ ਵਰਗੇ ਹੁੰਦੇ ਹਨ, ਜੋ ਇਕ ਵਾਰ ਪੂੰਝਣ ’ਤੇ ਮਿਟ ਜਾਂਦੇ ਹਨ। ਪਰ ਕੰਬਖਤ ਨਾ ਉਹਦਾ ਨਾਂ ਮਿਟਦਾ ਐ ਤੇ ਨਾ ਈ ਰਿਸ਼ਤਾ। ਘਰ ਆ ਕੇ ਖ਼ਤ ਲਿਖਣ ਬਹਿ ਗਈ–

‘ਮੈਨੂੰ ਪੂਨਮ ਨੇ ਦੱਸਿਆ ਕਿ ਤੂੰ ਸ਼ਰਾਬ ਪੀਣ ਲੱਗ ਪਿਆਂ। ਮੱਘੇ ਮਾਰਦਾਂ–

“....ਹੱਟੇ ਕੱਟੇ ਸਾਧ ਮੇਰੀ ਉੱਤਰਾ ਨੂੰ ਉਧਾਲ ਕੇ ਲੈ ਗਏ।”

ਮੈਂ ਕਿਹੜਾ ਮਨੀ ਪਲਾਂਟ ਦੀ ਬੇਲ ਹਾਂ। ਤੇਰੇ ਖ਼ਤਾਂ ’ਚ ਊਟ ਪਟਾਂਗ ਲਿਖਿਆ ਹੁੰਦਾ। ਬਹੁਤੀ ਸਿੱਖਿਆ ਨਾ ਦਿਆ ਕਰ। ਅੱਖਾਂ ਤੋਂ ਓਹਲੇ ਤੇ ਮਰੇ ਹੋਏ ਬੰਦੇ ਵਿਚਕਾਰ ਬਹੁਤਾ ਫ਼ਰਕ ਨਹੀਂ ਹੁੰਦਾ।...ਤੂੰ ਉਸ ਦਿਨ ਪੱਤਰਕਾਰਾਂ ਨਾਲ ਮੱਠ ਵਿਚ ਆਇਆ ਸੀ। ਮੇਰੇ ਧਰਤੀ ਨਾਲ ਪੱਬ ਨਹੀਂ ਸੀ ਲਗਦੇ। ਇਸ ਜਿਸਮ ਵਿਚ ਜਾਨ ਪੈ ਗਈ ਸੀ। ਤੇਰਾ ਆਉਣਾ ਝੂਠ ਜਿਹਾ ਲੱਗਿਆ ਸੀ। ਜਿਵੇਂ ਮੈਂ ਸੁਪਨਾ ਦੇਖ ਰਹੀ ਹੋਵਾਂ। ਸੋਚਣ ਲੱਗੀ–ਇਹ ਇੱਥੇ ਕਿਵੇਂ? ਏਹੀ ਸੋਚਦੀ ਨੇ ਮੈਂ ਉਸ ਦਿਨ ਨੁਕਸਾਨ ਕਰਾ ਲਿਆ ਸੀ। ਤੁਸੀਂ ਤੁਰਦੇ ਬਣੇ ਸੀ। ਇਹ ਤਾਂ ਬਾਅਦ ਵਿਚ ਪਤਾ ਲੱਗਾ ਕਿ ਅੱਜ ਕੱਲ੍ਹ ਤੁਸੀਂ ਭਗਵਾਨ ਦੇ ਘਰਾਂ ਖਿਲਾਫ਼ ਮੁਹਿੰਮ ਵਿੱਢੀ ਹੋਈ ਹੈ–ਉੱਤਰਾ।’

ਰਿਸ਼ੀ ਵਿਆਹਿਆ ਗਿਆ। ਅਗਲੀ ਕੀ ਸੋਚੂ। ਮੈਂ ਇਹ ਸੋਚ ਕੇ ਪਿੱਛੇ ਹਟ ਗਈ। ਮੇਰੀ ਕਿਸਮਤ ਨੇ ਤਾਂ ਸਾਥ ਨ੍ਹੀਂ ਦਿੱਤਾ। ਉਹ ਰਾਜ਼ੀ ਰਹੇ। ਸਕੂਲ ਵਿਚ ਬੱਚਿਆਂ ਨਾਲ ਮਨ ਪਰਚਾਅ ਲਈਦਾ ਸੀ। ਨਾਲੇ ਮੱਠ ਦੀ ਹਰ ਵਸਤ ਵਿਚ ਰਚਮਿਚ ਗਈ ਸੀ।

ਲੋਕ ਸੁੱਖੀਆਂ ਸੁੱਖਾਂ ਲਾਹੁਣ ਆਉਂਦੇ। ਇਕ ਵਾਰ ਇਕ ਟੱਬਰ ਸੁੱਖ ਦੇਣ ਆਇਆ। ਮੇਰੇ ਬਾਰੇ ਜਾਣ ਕੇ ਉਨ੍ਹਾਂ ਦਾ ਬਜ਼ੁਰਗ ਬੜਾ ਹੈਰਾਨ ਹੋਇਆ–

“ਪੁੱਤ ਚੜ੍ਹਾਉਂਦੇ ਸੁਣੇ ਸੀ ਤੇ ਦੇਖੇ ਵੀ। ਪਰ ਧੀ ਚੜ੍ਹਾਈ ਪਹਿਲੀ ਵਾਰ ਦੇਖੀ ਹੈ।”

ਮੱਠ ਵਿਚ ਸਾਰੇ ਆਪਣੇ ਆਪ ਨੂੰ ਸ਼ੁੱਧ ਬ੍ਰਾਹਮਣ ਦਸਦੇ ਸਨ। ਸਿਰਫ਼ ਵੱਡੇ ਸੰਤ ਪਰਮਾ ਨੰਦ ਜੀ ਨੂੰ ਸੁਆਮੀ ਜੀ ਕਹਿੰਦੇ। ਬਾਕੀ ਇਕ ਦੂਜੇ ਨੂੰ ਪੰਡਤ ਜੀ–ਪੰਡਤ ਜੀ ਕਹਿ ਕੇ ਬੁਲਾਉਂਦੇ। ਮੈਨੂੰ ਪੁੱਛ ਲੈਂਦੇ–

"ਆਪ ਕੌਨ ਸੇ ਬ੍ਰਾਹਮਨ ਵੰਸ਼ ਸੇ ਹੈਂ?"

ਮੈਂ ਇਨ੍ਹਾਂ ਨੂੰ ਕੀ ਦਸਦੀ। ਪਿਓ ਲੋਕਾਂ ਦਾ ਲਾਗਪੁਣਾ ਕਰਦਾ ਸੀ। ਅਗਾਂਹ ਭਰਾ ਵਾਲ ਕੱਟਣ ਲੱਗ ਪਏ। ਸਾਡੇ ਗੋਤ ਵਾਲਿਆਂ ਨੂੰ ਬਰਾਦਰੀ ਵਿਚ ਬੜਾ ਮਾਣ ਮਿਲਦਾ। ਪਰ ਮੱਠ ਵਿਚ...। ਇਹ ਲੋਕ ਗੱਲਾਂ ਏਹੋ ਜਿਹੀਆਂ ਕਰਦੇ ਰਹਿੰਦੇ। ਮੈਂ ਚਾਹੁੰਦੀ ਸੀ ਮੱਠ ਸਭਨਾਂ ਲੋਕਾਂ ਲਈ ਹੋਵੇ। ਮੈਂ ਸੁਆਮੀ ਜੀ ਅੱਗੇ ਮੱਠ ਵਿਚ ਲਾਇਬਰੇਰੀ ਖੋਲ੍ਹਣ ਅਤੇ ਸਕੂਲ ਚਲਾਉਣ ਦੀ ਤਜਵੀਜ਼ ਰੱਖੀ। ਆਮਦਨ ਥੋੜ੍ਹੀ ਸੀ? ਦੋ ਸੌ ਅੱਸੀ ਖੇਤ ਜ਼ਮੀਨ ਦੇ। ਚੜ੍ਹਾਵਾ ਵੱਖਰਾ। ਮੈਂ ਤਨਖਾਹ ਦਿੰਦੀ ਸੀਗੀ। ਪਰ ਉਨ੍ਹਾਂ ਨੂੰ ਵਿਹਲ ਕਿੱਥੋਂ। ਸੁਆਮੀ ਜੀ ਤਾਂ ਮਾਤਾ ਨਿਰਜਲਾ ਨਾਲ ਵਚਨ ਬਿਲਾਸ ਕਰਦੇ ਰਹਿੰਦੇ। ਬ੍ਰਹਮਚਾਰੀ ਬੰਦਾ ਤੇ...। ਇਕ ਰਿਸ਼ੀ ਵਰਗਾ ਸ਼ੰਕਰਨੰਦ ਹੈਗਾ। ਬੋਲ ਪੈਂਦਾ–

"ਮਾਤਾ ਜੀ ਤਾਂ ਸੁਆਮੀ ਜੀ ਦੀ ਰਾਧਾ ਆ।"

ਕਈ ਵਾਰ ਉਹ ਮੈਨੂੰ ਰਿਸ਼ੀ ਲੱਗਣ ਲੱਗ ਪੈਂਦਾ। ਉਹਨੂੰ ਦੇਖਕੇ ਮੇਰਾ ਸਰੀਰ ਭਖਣ ਲੱਗ ਪੈਂਦਾ। ਚਿਹਰਾ ਲਾਲ ਹੋ ਜਾਂਦਾ। ਸੁਆਮੀ ਜੀ ਝੱਟ ਮੇਰੇ ਸਿਰ 'ਤੇ ਹੱਥ ਰੱਖ ਦਿੰਦੇ।

"ਉੱਤਰਾ ਬੇਟਾ। ਘਬਰਾਉਣਾ ਨ੍ਹੀਂ। ਇਹ ਮੱਠ ਤੇਰਾ ਆਪਣਾ ਆ। ਮੇਰੇ ਹੁੰਦਿਆਂ...।"

ਉਨ੍ਹਾਂ ਦਾ ਹੱਥ ਮੇਰੀ ਪਿੱਠ 'ਤੇ ਆ ਜਾਂਦਾ। ਮੇਰੇ ਤਨ 'ਚੋਂ ਲਹਿਰ ਉਠਦੀ। ਤਨ ਮਨ ਮੱਚ ਉਠਦਾ। ਸੁਆਮੀ ਜੀ ਦੇ ਹੱਥਾਂ ਦੀ ਤਪਸ਼ ਮੈਤੋਂ ਝੱਲੀ ਨਾ ਜਾਂਦੀ। ਮੈਂ ਪ੍ਰੇਸ਼ਾਨ ਹੋ ਉਠਦੀ।

ਮੇਰਾ ਚਿੱਤ ਖ਼ਰਾਬ ਹੋ ਜਾਂਦਾ। ਸ਼ਰਧਾਲੂ ਆਉਂਦੇ। ਸਾਰੀਆਂ ਸਮਾਧਾਂ 'ਤੇ ਮੰਦਰਾਂ ਵਿਚ ਮੱਥਾ ਟੇਕਦੇ। ਫੇਰ ਸਾਰੇ ਪੰਡਤਾਂ ਦੇ ਪੈਰੀਂ ਹੱਥ ਲਾਉਂਦੇ। ਜਦੋਂ ਸ਼ਰਧਾਲੂ ਮੇਰੇ ਪੈਰਾਂ ਨੂੰ ਸਪਰਸ਼ ਕਰਦੇ, ਮੈਂ ਤੜਫ਼ਣ ਲਗਦੀ। ਸ਼ੰਕਰਾਨੰਦ ਵਲ ਦੇਖਦੀ। ਹੋਰ ਪਾਗਲ ਹੋ ਜਾਂਦੀ। ਮੈਤੋਂ ਮੇਰੇ ਸਰੀਰ ਦਾ ਸੇਕ ਨਾ ਝੱਲਿਆ ਜਾਂਦਾ। ਮੈਂ ਉੱਠ ਕੇ ਸਰੋਵਰ ਵੱਲ ਚਲੇ ਜਾਂਦੀ। ਕੱਪੜੇ ਵੀ ਨਾ ਲਾਹੁੰਦੀ। ਠੰਡਾ ਪਾਣੀ ਆਪਣੇ ਸਰੀਰ 'ਤੇ ਪਾਉਣ ਲੱਗ ਪੈਂਦੀ। ਮਸੀਂ ਸ਼ਾਂਤ ਹੁੰਦੀ। ਘਰ ਜਾਂਦੀ। ਉੱਥੇ ਹੋਰ ਵੀ ਮਾੜਾ ਹਾਲ ਹੁੰਦਾ। ਨਾਲ ਦੇ ਕਮਰਿਆਂ ਵਿਚ ਭਰਾ ਭਰਜਾਈਆਂ ਹੁੰਦੇ। ਮੇਰੇ ਕੰਨ ਬੜੇ ਤੇਜ਼ ਹਨ। ਕੰਧਾਂ ਵਿਚੋਂ ਵੀ ਆਵਾਜ਼ਾਂ ਸੁਣ ਲੈਂਦੇ। ਭਰਾ ਭਰਜਾਈਆਂ ਤਾਂ ਮਿੰਟਾਂ ਵਿਚ ਸ਼ਾਂਤ ਹੋ ਕੇ ਸੌਂ ਜਾਂਦੇ। ਪਰ ਮੈਂ ਸਾਰੀ ਰਾਤ ਨਾ ਸੌਂਦੀ। ਪਾਸੇ ਮਾਰਦੀ ਦੀ ਰਾਤ ਨਿਕਲ ਜਾਂਦੀ।

ਮਾਤਾ ਨਿਰਜਲਾ ਜੀ ਤੀਰਥ ਯਾਤਰਾ 'ਤੇ ਸੰਤਾਂ ਦੀ ਇਕ ਟੋਲੀ ਨਾਲ ਚਲੇ ਗਏ। ਉਨ੍ਹਾਂ ਦਿਨਾਂ ਵਿਚ ਮੇਰੀ ਹਾਲਤ ਵਿਗੜੀ ਹੋਈ ਸੀ। ਇਕ ਦਿਨ ਤਾਂ ਮੈਂ ਰੋ ਹੀ ਪਈ। ਸੁਆਮੀ ਜੀ ਮੈਨੂੰ ਚੁੱਪ ਕਰਾਉਣ ਲੱਗ ਪਏ। ਮੇਰੀ ਪਿੱਠ 'ਤੇ ਉਨ੍ਹਾਂ ਦਾ ਹੱਥ ਤੇਜ਼ ਹੋ ਗਿਆ। ਮੇਰੇ ਸਰੀਰ ਵਿਚੋਂ ਤਾਂ ਅੱਗ ਦੀਆਂ ਲਪਟਾਂ ਨਿਕਲਣ। ਸੁਆਮੀ

ਜੀ ਤੋਂ ਤਾਂ ਬਚਾਅ ਕਰ ਲਿਆ। ਰਾਤ ਉਥੇ ਰਹਿ ਪਈ। ਮੈਤੋਂ ਰਿਹਾ ਨਾ ਗਿਆ। ਮੈਂ ਸ਼ੰਕਰਾਨੰਦ ਨੂੰ ਆਪਣੇ ਕੋਲ ਸੱਦ ਲਿਆ ਸੀ।...ਮਸਾਂ ਸ਼ਾਂਤ ਹੋਈ ਸੀ।

ਜਿੰਦਾਂ-ਜਿੰਦਾਂ ਉਮਰ ਵਡੇਰੀ ਹੁੰਦੀ ਜਾ ਰਹੀ ਹੈ, ਮੇਰੇ ਅੰਦਰਲੀ ਗਰਮੀ ਵਧਦੀ ਜਾ ਰਹੀ ਹੈ। ਉੱਨੀ ਸਾਲ ਦੀ ਨੌਕਰੀ 'ਚ ਆਈ ਸੀ। ਉਦੋਂ ਹੀ ਮੱਠ ਚਾੜ੍ਹ ਦਿੱਤੀ ਗਈ। ਮੈਨੂੰ ਨੌਕਰੀ ਤੇ... ਨੇ ਨਿਗਲ ਲਿਆ। ਡੈਪਰੈਸ਼ਨ ਦੀ ਮਰੀਜ਼ ਬਣ ਗਈ। ਜਲ਼ ਜਾਣਾ ਬਲੱਡ ਪ੍ਰੈਸ਼ਰ ਤਾਂ ਥੱਲੇ ਆਉਂਦਾ ਈ ਨ੍ਹੀਂ।

ਪੰਜਾਹ ਸਾਲ ਦੀ ਉਮਰ ਵਿਚ ਆ ਕੇ ਮੈਂ ਦੋ ਫ਼ੈਸਲੇ ਕੀਤੇ। ਪਹਿਲਾਂ ਨੌਕਰੀ ਤੋਂ ਪ੍ਰੀਮਿਚਊਰ ਰਿਟਾਇਰਮੈਂਟ ਲਈ। ਦੂਜਾ ਪੱਕੇ ਤੌਰ 'ਤੇ ਮੱਠ ਰਹਿਣ ਲੱਗੀ। ਭਰਾ ਭਰਜਾਈਆਂ ਵੀ ਏਹੀ ਚਾਹੁੰਦੇ ਸਨ ਕਿ ਮੈਂ ਮੱਠ ਰਵਾਂ। ਸ਼ਾਮ ਲਾਲ ਦੇ ਦੋ ਮੁੰਡੇ ਹਨ। ਹਰੀਸ਼ ਦੇ ਮੁੰਡਾ ਕੁੜੀ ਹੈ। ਦੋਨੋਂ ਭਰਾ ਮੈਨੂੰ ਇਕ-ਇਕ ਬੱਚਾ ਦੇਣ ਲਈ ਤਿਆਰ ਹਨ। ਸ਼ਾਮ ਲਾਲ ਕਹਿੰਦਾ ਮੱਠ ਲਈ ਮੇਰਾ ਮੁੰਡਾ ਲੈ ਲੈ। ਹਰੀਸ਼ ਕਹਿੰਦਾ ਦੋਨਾਂ ਨਿਆਣਿਆਂ 'ਚੋਂ ਜਿਹੜਾ ਮਰਜ਼ੀ ਲੈ ਲੈ। ਉਹ ਕੁੜੀ ਨੂੰ ਮੋਹਰੇ ਕਰ ਦਿੰਦਾ ਹੈ। ਜਦੋਂ ਦੇ ਪਿਤਾ ਤੇ ਝਾਈ ਜੀ ਦੁਨੀਆਂ ਤੋਂ ਚਲਦੇ ਹੋਏ ਹਨ, ਇਹ ਸਵੇਰੇ ਮੱਠ ਆ ਜਾਂਦੇ ਤੇ ਸ਼ਾਮ ਨੂੰ ਘਰ ਜਾਂਦੇ ਹਨ। ਪ੍ਰਬੰਧਕੀ ਕੰਮਾਂ ਵਿਚ ਦਖ਼ਲ ਦਿੰਦੇ ਹਨ। ਹੁਣ ਤਾਂ ਦੋਨੋਂ ਭਰਾ ਰਹਿੰਦੇ ਹੀ ਮੱਠ ਵਿਚ ਹਨ, ਜਿੱਦਣ ਦਾ ਇਹ ਬਣਨ ਲੱਗਾ। ਇਹਨੀਂ ਦੁਕਾਨਾਂ ਦੇ ਆਪਣੇ ਕੰਮ ਛੱਡੇ ਹੋਏ ਹਨ। ਨਵਾਂ ਮੱਠ ਬਣਾਉਣ ਵਿਚ ਲੱਗੇ ਰਹੇ। ਹੁਣ ਸਮਾਗਮ ਦੀ ਤਿਆਰੀ ਵਿਚ ਖੁਭੇ ਹੋਏ ਹਨ। ਜਦ ਕਿ ਮੈਂ ਕੁਝ ਹੋਰੇ ਸੋਚੀ ਜਾ ਰਹੀ ਹਾਂ।

ਕੱਲ੍ਹ ਮੈਡੀਕਲ ਕਾਲਿਜ ਦਾ ਇਕ ਡਾਕਟਰ ਮੱਥਾ ਟੇਕਣ ਆਇਆ ਸੀ। ਸੁਆਮੀ ਸ਼ੰਕਰਾਨੰਦ ਰੂਹਾਂ, ਪੁਨਰ-ਜਨਮ ਤੇ ਬੰਦੇ ਦੇ ਮਨ ਬਾਰੇ ਪ੍ਰਵਚਨ ਸੁਣਾ ਰਹੇ ਸਨ। ਉਸ ਡਾਕਟਰ ਨੇ ਦੱਸਿਆ-

"ਮੈਂ ਅੱਜ ਤੋਂ ਅਠਾਰਾਂ ਸਾਲ ਪਹਿਲਾਂ ਮੈਡੀਕਲ ਕਾਲਿਜ ਪੜ੍ਹਾਉਣ ਲੱਗਾ ਸੀ। ਉਦੋਂ ਇਕ ਪ੍ਰੇਮੀ ਜੋੜਾ ਮੇਰੇ ਸਟੂਡੈਂਟ ਸਨ। ਐਕਸੀਡੈਂਟ ਵਿਚ ਕੁੜੀ ਮਾਰੀ ਗਈ। ਮੁੰਡਾ ਇਹ ਕਹਿ ਕੇ ਕਾਲਿਜ ਛੱਡ ਗਿਆ - 'ਮੈਂ ਅਨੁਸ਼ਿਕਾ ਤੋਂ ਬਿਨਾਂ ਨਹੀਂ ਰਹਿ ਸਕਦਾ। ਉਹ ਮੁੜ ਕੇ ਜਨਮ ਲਏਗੀ। ਪੜ੍ਹੇਗੀ। ਮੈਡੀਕਲ ਕਾਲਿਜ ਵਿਚ ਦਾਖ਼ਲਾ ਲਊਗੀ। ਮੈਂ ਉਹਦਾ ਪਿਆਰ ਪਾਉਣ ਲਈ ਤਦ ਪੜ੍ਹਨ ਲੱਗਾਂਗਾ।' ਇਸ ਸੈਸ਼ਨ ਵਿਚ ਉਹਨੇ ਇਹ ਕਹਿ ਕੇ ਕਾਲਿਜ ਜੁਆਇਨ ਕਰ ਲਿਆ ਕਿ ਅਨੂਸ਼ਿਕਾ ਅਨੂਦੀਪ ਦੇ ਨਾਂ ਹੇਠ ਦਾਖ਼ਲ ਹੋ ਚੁੱਕੀ ਹੈ।"

ਡਾਕਟਰ ਦੀ ਇਸ ਗੱਲ ਨੇ ਮੈਨੂੰ ਚੱਕਰ ਵਿਚ ਪਾਇਆ ਹੋਇਆ। ਸੋਚਿਆ ਕਿ ਜਿਹੜਾ ਰਿਸ਼ੀ ਇਨ੍ਹਾਂ ਗੱਲਾਂ ਨੂੰ ਮੰਨਦਾ ਨ੍ਹੀਂ, ਧਾਰਮਿਕ ਸਥਾਨਾਂ ਖਿਲਾਫ਼ ਪ੍ਰੋਪੇਗੰਡਾ ਕਰਦਾ ਪਿਆ, ਇਨ੍ਹਾਂ ਨਾਲ ਗੱਲ ਕਰਾਵਾਂ? ਫੇ ਸੋਚਿਆ, ਉਹਨੇ ਕਿਹੜਾ ਮੰਨਣਾ। ਕਹੇਗਾ-

"ਮੁੰਡਾ ਮਾਨਸਿਕ ਰੋਗੀ ਆ।"

ਉਹ ਮਾਨਸਿਕ ਰੋਗੀ ਹੋਵੇ ਜਾਂ ਨਾ ਪਰ ਮੇਰਾ ਦਿਮਾਗ ਖ਼ਰਾਬ ਹੋ ਗਿਆ ਸੀ। ਗੱਲ ਪੁਨਰ ਜਨਮ ਦੀ ਨ੍ਹੀਂ ਹੈ। ਮਹੱਤਤਾ ਤਾਂ ਅਠਾਰ੍ਹਾਂ ਸਾਲ ਇੰਤਜ਼ਾਰ ਕਰਨ ਦੀ ਹੈ। ਅੱਜ ਵੀ ਉਹ ਅਨੂਸ਼ਿਕਾ ਨੂੰ ਅਨੂਦੀਪ ਵਿਚੋਂ ਲੱਭ ਰਿਹਾ। ਮੈਂ ਵੀ ਤਾਂ ਇਥੇ

ਹਰ ਆਉਣ ਵਾਲੇ ਮਰਦ ਵਿਚੋਂ ਰਿਸ਼ੀ ਲੱਭਦੀ ਹਾਂ। ਪਰ ਉਹ...। ਜਦੋਂ ਦੀ ਮੈਂ ਇਥੇ ਪੱਕੇ ਤੌਰ 'ਤੇ ਰਹਿਣ ਲੱਗੀ ਹਾਂ, ਉਹ ਹੋਰ ਚਿੜ ਗਿਆ ਹੈ। ਕਿਤੇ ਉਹਨੂੰ ਸ਼ੰਕਰਾਨੰਦ ਦਾ ਨਾ ਪਤਾ ਲੱਗ ਗਿਆ ਹੋਵੇ?

ਸੁਤੰਤਰ ਤੇ ਪੂਨਮ ਫਗਵਾੜੇ ਝੁੱਗੀ ਝੌਂਪੜੀ ਵਾਲੇ ਬੱਚਿਆਂ ਲਈ ਸਕੂਲ ਚਲਾਉਂਦੇ ਹਨ। ਨਿਆਣਿਆਂ ਨੂੰ ਭੀਖ ਮੰਗਣ, ਚੋਰੀਆਂ ਕਰਨ, ਲਿਫ਼ਾਫ਼ੇ ਚੁਗਣ, ਕਬਾੜ ਦੇ ਕੰਮਾਂ ਤੋਂ ਹਟਾ ਕੇ ਪੜ੍ਹਨ ਲਾਏ ਹੋਇਆ। ਦਸਤਕਾਰੀ ਕੰਮ ਵੀ ਕਰਾਉਂਦੇ ਹਨ। ਤਾਂ ਕਿ ਬੱਚਿਆਂ ਦਾ ਗੁਜ਼ਾਰਾ ਤੇ ਸਕੂਲ ਦਾ ਪ੍ਰਬੰਧ ਚੱਲੇ। ਇਸ ਕੰਮ ਲਈ ਮੈਂ ਸੁਆਮੀ ਪਰਮਾਨੰਦ ਜੀ ਦੀਆਂ ਮਿੰਨਤਾਂ ਕਰਦੀ ਰਹੀ। ਪਤਾ ਨ੍ਹੀਂ ਉਹ ਲੋਕਾਂ ਨੂੰ ਗਿਆਨ ਦੇਣ ਤੋਂ ਡਰਦੇ ਸੀ ਜਾਂ ਪੈਸਾ ਖਰਚਣ ਤੋਂ। ਪਰ ਉਹ ਧੰਨ ਐ। ਸਭ ਕੁਝ ਗਰੀਬ ਬੱਚਿਆਂ ਲਈ ਕਰਦੇ ਹਨ। ਜਿੱਦਣ ਮੈਂ ਉਦਾਸ ਹੋਵਾਂ, ਉਨ੍ਹਾਂ ਦੇ ਸਕੂਲ ਚਲੇ ਜਾਂਦੀ ਹਾਂ। ਪਿੱਛੇ ਜਿਹੇ ਗਈ ਤਾਂ ਰਿਸ਼ੀ ਵੀ ਆਇਆ ਹੋਇਆ ਸੀ।

ਮੈਂ ਗੇਰੂਏ ਰੰਗ ਦਾ ਕੁੜਤਾ ਤੇ ਧੋਤੀ ਪਹਿਨੇ ਹੋਏ ਸਨ। ਸਿਰ 'ਤੇ ਦੁਪੱਟਾ ਬੰਨ੍ਹ ਲੈਂਦੀ ਹਾਂ। ਗਲ ਵਿਚ ਮਾਲਾ ਪਾ ਕੇ ਰੱਖਦੀ ਹਾਂ। ਬਾਹਾਂ ਵਿਚ ਰੁਦਰਾਸ ਦੇ ਮਣਕਿਆਂ ਦੀ ਮਾਲਾ। ਮਣਕਿਆਂ ਵਿਚ ਚਿੱਟੇ ਰੰਗ ਦਾ ਧਾਗਾ। ਉਂਗਲੀਆਂ ਵਿਚ ਸੁੱਚੇ ਮੋਤੀ, ਮੂੰਗਾ ਤੇ ਪੁਖਰਾਜ ਵਾਲੀਆਂ ਮੁੰਦੀਆਂ-ਛੱਲੇ। ਪੈਰਾਂ ਵਿਚ ਲੱਕੜ ਦੀਆਂ ਖੜਾਵਾਂ। ਉਹਨੂੰ ਦੇਖ ਕੇ ਮੇਰੀ ਯਾਤਰਾ ਸਫ਼ਲ ਹੋ ਗਈ ਸੀ। ਉਨ੍ਹਾਂ ਦਾ ਸਕੂਲ ਤੀਰਥ ਸਥਾਨ ਲੱਗਿਆ ਸੀ।

ਮੇਰੇ ਕੋਲ ਢੇਰ ਸਾਰੀਆਂ ਗੱਲਾਂ ਸਨ। ਜਿਵੇਂ ਕਈ ਜਨਮਾਂ ਦੀਆਂ ਇਕੱਠੀਆਂ ਹੋਈਆਂ ਹੋਣ। ਉਹਦਾ ਧਿਆਨ ਮੇਰੀਆਂ ਗੱਲਾਂ ਵਿਚ ਨ੍ਹੀਂ ਸੀ। ਕਦੇ ਮੇਰੇ ਕੱਪੜਿਆਂ ਵੱਲ ਵੇਖਦਾ। ਕਦੇ ਮਾਲਾਵਾਂ ਵੱਲ ਤੇ ਕਦੇ ਖੜਾਵਾਂ ਵੱਲ। ਮੈਂ ਬੋਲੀ ਜਾ ਰਹੀ ਸੀ। ਉਹ ਤੁਰਦਾ ਬਣਿਆ। ਜੇ ਚਾਰ ਬੋਲ ਸਾਂਝੇ ਕਰ ਜਾਂਦਾ। ਉਹਦਾ ਕੀ ਵਿਗੜ ਜਾਣਾ ਸੀ? ਮੇਰੀ ਇਕ ਜਨਮ ਦੀ ਪਿਆਸ ਬੁਝ ਜਾਣੀ ਸੀ। ਮੇਰੇ ਹਿੱਸੇ ਦਾ ਸਾਰਾ ਪਿਆਰ ਆਪਣੀ ਪਤਨੀ ਦੀ ਝੋਲੀ ਪਾ ਦਿੱਤਾ। ਪਚਵੰਜਾ ਸਾਲ ਨੂੰ ਟੱਪੀਓ ਆਂ। ਮੈਂ ਵੀ ਉਹਦੀ ਪਤਨੀ ਦੀ ਤਰ੍ਹਾਂ ਮਾਂ ਬਣਨਾ ਚਾਹੁੰਦੀ ਸੀ। ਕਿਉਂਕਿ ਔਰਤ ਬੱਚਾ ਪੈਦਾ ਕਰਕੇ ਵੱਡਾ ਕਾਰਜ ਕਰਦੀ ਹੈ। ਮਰਦ ਖੋਜਾਂ ਕਰਦੇ ਹਨ। ਪਰ ਮਾਂ ਨਾਲੋਂ ਵੱਡਾ ਕੰਮ ਨਹੀਂ ਕਰਦੇ। ਇਥੇ ਸ਼ਰਧਾਲੂ ਆਉਂਦੇ ਹਨ, ਬੱਚਿਆਂ ਦਾ ਮੱਥਾ ਟਿਕਾਉਣ। ਮੈਂ ਕਿਹਦਾ ਮੱਥਾ ਟਿਕਾਵਾਂ? ਮੇਰੇ ਬੱਚੇ...।

ਅੱਜ ਦਾ ਇਹ ਜੇਜੋਂ ਖਾਣ ਨੂੰ ਪੈਂਦਾ। ਘਰਦਿਆਂ ਤੋਂ ਚੋਰੀ ਰਿਸ਼ੀ ਨਾਲ ਆ ਜਾਂਦੀ ਹੁੰਦੀ ਸੀ। ਜੇ ਕਿਤੇ ਆ ਨਾ ਹੋਣਾ, ਤਾਂ ਚੈਨ ਨਾ ਆਉਣਾ। ਉਦੋਂ ਇਹ ਮੇਰੇ ਲਈ ਸੈਰ ਸਪਾਟੇ ਦਾ ਕੇਂਦਰ ਸੀ। ਇਹਦੇ ਆਲੇ ਦੁਆਲੇ ਪਹਾੜੀਆਂ ਅਤੇ ਚਰਾਦਾਂ ਨੇ ਮਨ ਮੋਹ ਲੈਣਾਂ। ਬੜਾ ਸਕੂਨ ਮਿਲਣਾ। ਰਿਸ਼ੀ ਨੇ ਚਾਮ੍ਹਲ ਜਾਣਾ-

"ਮੱਲੋ ਮੱਲੀ ਸਾਧ ਹੋਣ ਨੂੰ ਚਿੱਤ ਕਰਦਾ।"

ਕੀ ਪਤਾ ਸੀ ਮਾੜੀ ਕਿਸਮਤ ਦਾ। ਇਹ ਵੀ ਮੇਰੀ ਕਿਸਮਤ ਵਿਚ ਲਿਖ ਹੋਣਾ ਸੀ। ਜਦੋਂ ਪਹਿਲਾਂ ਪਹਿਲ ਪਿਤਾ ਜੀ ਤੇ ਝਾਈ ਜੀ ਨਾਲ ਮੱਠ ਆਉਣਾ ਸ਼ੁਰੂ ਕੀਤਾ ਸੀ। ਉਦੋਂ ਮੇਰੇ ਲਈ ਮੱਠ ਵਿਚਲਾ ਸਰੋਵਰ, ਮੰਦਰ, ਟੱਲ, ਬਹੁਤ ਸਾਰੀਆਂ ਸਮਾਧਾਂ ਅਜੂਬਾ ਸਨ। ਸਾਡੀ ਸ਼ਰਧਾ ਬੇਈਂ ਹਾਰੇ ਵੱਲ ਸਾਧੂਆਂ ਦੇ ਕੱਚੇ ਪੱਕੇ ਭੋਰਿਆਂ

ਵੱਲ ਲੈ ਤੁਰਦੀ। ਪਿਤਾ ਜੀ ਜੇਜੋਂ ਬਾਰੇ ਦੱਸਦੇ–

"ਇਸ ਨਗਰ ਨੂੰ ਫਲੇਆਲੀ ਵੀ ਕਹਿੰਦੇ ਸੀ। ਖੱਡ ਵਿਚੋਂ ਇਕ ਰਾਹ ਜਾਂਦਾ ਸੀ। ਜਿਸ ਨੂੰ ਰਾਤ ਸਮੇਂ ਫਲਾਅ ਭਾਵ ਲੱਕੜੀ ਦਾ ਫਾਟਕ ਲਾ ਕੇ ਬੰਦ ਕਰ ਦਿੱਤਾ ਜਾਂਦਾ ਸੀ।"

ਅੱਜ ਕੱਲ੍ਹ ਮੇਰੇ ਲਈ ਵੀ ਫਾਟਕ ਲੱਗੇ ਹੋਏ ਹਨ। ਰਿਸ਼ੀ ਦਸਦਾ ਸੀ–ਉਹਦੇ ਨਾਨਕਿਆਂ ਦਾ ਬਾਬਾ ਠਾਕੁਰ ਦਾਸ ਕੁਤਬੇਵਾਲ ਮਨੁੱਖਤਾ ਦੀ ਆਜ਼ਾਦੀ ਤੇ ਖੁਸ਼ਹਾਲੀ ਲਈ ਲੜਦਾ ਰਿਹਾ। ਪੁਲਿਸ ਬਾਬੇ ਨੂੰ ਜੂਹ ਬੰਦ ਕਰ ਦਿੰਦੀ ਸੀ। ਮੈਨੂੰ ਕਾਸ ਲਈ ਜੂਹ ਬੰਦ ਕੀਤਾ ਹੋਇਆ? ਦੱਖਣ ਵਾਲੇ ਪਾਸੇ ਇਕ ਖੂਹ ਹੈ। ਇਹ ਜੇਠੇ ਬੱਚੇ ਦੀ ਬਲੀ ਮੰਗਦਾ। ਮੈਂ ਵੀ ਜੇਠੀ ਹਾਂ। ਸ਼ਾਇਦ ਮੇਰੀ ਵੀ ਬਲੀ ਦਿੱਤੀ ਹੋਈ ਹੈ।

ਇਹਨਾਂ ਅੱਥਰੂਆਂ ਨੂੰ ਕਿੰਝ ਰੋਕਾਂ। ਜਿਸ ਕੁੜੀ ਦੀ ਬਲੀ ਦਿੱਤੀ ਗਈ ਹੋਵੇ, ਉਹ ਰੋ ਬਿਨੀ ਸਕਦੀ? ਮੇਰੇ ਰਾਹ ਵਿਚ ਤਾਂ ਕੱਚੇ ਪੱਕੇ ਭੋਰੇ ਹਨ। ਜਦੋਂ ਤੁਰਾਂਗੀ, ਉਨ੍ਹਾਂ ਵਿਚ ਡਿੱਗਾਂਗੀ। ਲੱਤਾਂ ਬਾਹਾਂ ਦੇ ਹੁੰਦਿਆਂ ਹੋਇਆਂ ਵੀ ਪੂਰਨ ਵਾਂਗ ਖੂਹ ਵਿਚ ਡਿੱਗੀ ਰਹਾਂਗੀ। ਕੋਈ ਗੋਰਖ ਨਾਥ ਬਿਨੀ ਬਹੁੜਿਆ। ਜਿਹੜਾ ਖੂਹ 'ਚੋਂ ਕੱਢ ਲੈਂਦਾ। ਇਥੇ ਤਾਂ ਸਾਰਿਆਂ ਨੂੰ ਆਪੋ ਆਪਣੀ ਪਈ ਹੋਈ ਹੈ। ਭਰਾ ਟੱਬਰ ਸਮੇਤ ਮੱਠ ਆ ਬੈਠੇ ਹਨ।

ਇਕ ਦਿਨ ਸੁਪਨੇ ਵਿਚ ਰਿਸ਼ੀ ਆ ਗਿਆ। ਉਹਨੇ ਚਾਰ ਗੱਲਾਂ ਕਹੀਆਂ–

–"ਭਗਵਾਨ ਦੇ ਨਾਂ 'ਤੇ ਕਾਰੋਬਾਰ 'ਚ ਕਦੇ ਘਾਟਾ ਨ੍ਹੀਂ ਪੈਂਦਾ।"

–"ਇਹ ਮੱਠ ਦੀਆਂ ਖੱਟੀਆਂ ਖਾਂਦੇ ਆ। ਇਹਨਾਂ ਤੈਨੂੰ ਚਾੜ੍ਹਿਆ ਇਸੇ ਲਈ ਸੀ।"

–"ਆਉਣ ਵਾਲੇ ਸਾਲਾਂ ਵਿਚ ਮੱਠ ਨੂੰ ਤੇਰੇ ਭਰਾ ਚਲਾਉਣਗੇ।"

ਚੌਥੀ ਗੱਲ ਮੈਨੂੰ ਭੁੱਲ ਗਈ। ਬਿਮਾਰੀਆਂ ਨੇ ਯਾਦਾਸ਼ਤ ਖੋ ਦਿੱਤੀ ਹੈ। ਉਂਝ ਰਿਸ਼ੀ ਦੀਆਂ ਗੱਲਾਂ ਸੱਚੀਆਂ ਲਗਦੀਆਂ ਹਨ। ਇਕ ਦਿਨ ਬਾਜ਼ਾਰ ਵਿਚੋਂ ਲੰਘੀ ਸੀ। ਕਿਸੇ ਹੋਰ ਨੇ ਵੀ ਮਿਹਣਾ ਮਾਰਿਆ ਸੀ :–

"...ਨੇ ਮੱਠ ਸਾਂਭਣਾ ਐ। ਤਾਹੀਓਂ ਨੱਠੇ, ਭੱਜੇ ਫਿਰਦੇ ਐ।"

ਸੁਆਮੀ ਪਰਮਾਨੰਦ ਜੀ ਕੈਂਸਰ ਤੋਂ ਪੀੜਤ ਸੀ। ਜਦੋਂ ਉਹ ਇਸ ਦੁਨੀਆਂ ਤੋਂ ਗਏ, ਮੱਠ 'ਤੇ ਕਬਜ਼ਾ ਕਰਨ ਲਈ ਕਈ ਸਰਗਰਮ ਹੋ ਗਏ ਸਨ। ਨਿਰਜਲਾ ਚਾਹੁੰਦੀ ਸੀ ਉਹਨੂੰ ਜਾਂ ਉਹਦੇ ਮੁੰਡੇ ਨੂੰ ਗੱਦੀ ਸੰਭਾਲੀ ਜਾਏ। ਚਾਰ–ਪੰਜ ਹੋਰ ਬ੍ਰਾਹਮਣ ਉਹਦੇ ਨਾਲੋਂ ਵੀ ਕਾਹਲੇ ਸਨ। ਮੇਰੇ ਭਰਾ ਮੇਰਾ ਹੱਕ ਜਤਾ ਰਹੇ ਸਨ। ਇਨ੍ਹਾਂ ਨੇ ਲੋਕਲ ਪੱਧਰ 'ਤੇ ਸਰਗਰਮੀਆਂ ਵਿੱਢੀਆਂ। ਥਾਂ–ਥਾਂ ਮੇਰੇ ਸਤਿਸੰਗ ਕਰਾਏ। ਝੂਠੀਆਂ ਸੱਚੀਆਂ ਕਰਾਮਾਤਾਂ ਮੇਰੇ ਨਾਂ ਲਾਈਆਂ। ਪ੍ਰਚਾਰੀਆਂ ਵੀ।

ਮੱਠ ਬਨਾਰਸ ਦੇ ਅੰਡਰ ਆਉਂਦਾ ਏ। ਗੱਦੀ ਬਾਰੇ ਉਨ੍ਹਾਂ ਫ਼ੈਸਲਾ ਕਰਨਾ ਹੁੰਦਾ ਹੈ। ਦਾਅਵੇਦਾਰਾਂ ਨੂੰ ਗੱਦੀ ਨਸੀਬ ਨਾ ਹੋਈ। ਯੂ. ਪੀ. ਤੋਂ ਇਕ ਸੁਆਮੀ ਗੋਬਰਧਨ ਦਾਸ ਭੇਜੇ ਗਏ ਹਨ। ਵੈਸੇ ਮੈਨੂੰ ਯਕੀਨ ਨ੍ਹੀਂ ਆਉਂਦਾ। ਸ਼ੰਕਰਾਨੰਦ ਦਸਦਾ ਸੀ–

"ਬਨਾਰਸ ਡੇਰਿਆਂ ਦੀ ਬੋਲੀ ਲਗਦੀ ਆ। ਜਿਹੜਾ ਵੱਧ ਬੋਲੀ ਦੇ ਜਾਵੇ, ਉਹ ਮੱਠ ਦਾ ਸੁਆਮੀ ਬਣ ਜਾਂਦਾ। ਦੋ ਸੌ ਅੱਸੀ ਖੇਤਾਂ ਦੇ ਚੜ੍ਹਾਵੇ ਦਾ ਮਸਲਾ।

ਯੂ. ਪੀ. ਵਾਲੇ ਗੋਬਰਧਨ ਦਾਸ ਨੇ ਮੱਲ ਮਾਰ ਲਈ। ਨਾਲੇ ਮੰਤਰੀ ਦੀ ਸਿਫ਼ਾਰਸ਼ ਵੀ ਆ।...ਹੈਰਾਨ ਕਿਉਂ ਹੁੰਦੇ ਹੋ, ਮਾਤਾ ਸ੍ਰੀ। ਅਗਲਿਆਂ ਨੇ ਵੋਟਾਂ ਨ੍ਹੀਂ ਲੈਣੀਆਂ?''

ਧਰਮ, ਵਪਾਰ ਤੇ ਸਿਆਸਤ ਦੇ ਸੰਬੰਧਾਂ ਬਾਰੇ ਵਿਚ ਪੈ ਕੇ ਪਤਾ ਲੱਗਦਾ। ਮੈਂ ਐਵੇਂ ਰਿਸ਼ੀ ਨੂੰ ਦੋਸ਼ ਦੇਈ ਜਾਂਦੀ ਸੀ। ਉਹ ਸੱਚਾ ਆ-

''ਘਰਾਂ ਲਈ ਤਾਂ ਇਨਸਾਨਾਂ ਦੀ, ਰਿਸ਼ਤਿਆਂ ਦੀ ਤੇ ਮੋਹ ਦੀਆਂ ਕੰਧਾਂ ਦੀ ਲੋੜ ਹੁੰਦੀ ਹੈ। ਮੱਠਾਂ ਨੂੰ, ਡੇਰਿਆਂ ਨੂੰ ਲੋੜ ਹੁੰਦੀ ਹੈ ਝੂਠੇ ਵਿਸ਼ਵਾਸਾਂ ਦੀ, ਅਹੰਕਾਰ ਦੀ, ਸਿਆਸਤ ਦੀ, ਧਨ ਦੀ ਤੇ...ਤੇਰੇ ਜਿਹੀਆਂ ਨਿਮਾਣੀਆਂ ਦੀ।''

ਮੈਨੂੰ ਇਕ ਗੱਲ ਸਮਝ ਨ੍ਹੀਂ ਲੱਗੀ। ਰਿਸ਼ੀ ਮੇਰੇ ਜ਼ਿਹਨ ਵਿਚ ਕਿਉਂ ਫਸਿਆ ਹੋਇਆ? ਉਹ ਤਾਂ ਮੁਰਦਾ। ਮੈਂ ਕਿਆਮਤ ਦਾ ਉਹ ਦਿਨ ਉਡੀਕਦੀ ਰਹੀ। ਜਿਸ ਦਿਨ ਪਰਲੋਂ ਆਏਗੀ ਤੇ ਮੁਰਦੇ ਉਠ ਬੈਠਣਗੇ। ਮੈਨੂੰ ਨਿਮਾਣੀ ਨੂੰ ਕੀ ਪਤੈ। ਮੁਰਦੇ ਵੀ ਕਦੇ ਉੱਠੇ ਆ? ਜੀਉਂਦੇ ਹੋਏ ਆ? ਐਵੇਂ ਭਰਮ ਵਿਚ ਜੀਉਂਦੀ ਰਹੀ।

ਬਨਾਰਸ ਵਾਲਿਆਂ ਵਲੋਂ ਸੁਆਮੀ ਗੋਬਰਧਨ ਦਾਸ ਜੀ ਨੂੰ ਗੱਦੀ 'ਤੇ ਬਿਠਾਉਣ ਦੀ ਦੇਰ ਸੀ, ਭਰਾਵਾਂ ਨੇ ਹੰਗਾਮਾ ਕਰ ਦਿੱਤਾ। ਸੇਵਕ ਤੇ ਇਲਾਕੇ ਦੇ ਸ਼ਰਧਾਲੂ ਉਨ੍ਹਾਂ ਦੇ ਨਾਲ ਹਨ। ਮੇਰੀ ਰਾਇ ਬਿਨੀ ਲਈ। ਇਕ ਤਰ੍ਹਾਂ ਘੋਸ਼ਣਾ ਈ ਕਰਤੀ-

''ਜੇ ਮਾਤਾ ਸ੍ਰੀ ਉੱਤਰਾ ਜੀ ਨੂੰ ਗੱਦੀ ਨ੍ਹੀਂ ਸੌਂਪਣੀ। ਅਸੀਂ ਹੋਰ ਮੱਠ ਦੀ ਉਸਾਰੀ ਕਰ ਲਵਾਂਗੇ।''

ਮੈਂ ਨਾਂਹ ਨੁੱਕਰ ਕਰੀ ਜਾਵਾਂ। ਭਰਾਵਾਂ ਨੇ ਸੇਵਕਾਂ ਨੂੰ ਮੇਰੇ ਮਗਰ ਪਾ ਦਿੱਤਾ। ਸੁਆਮੀ ਸ਼ੰਕਰਾਨੰਦ ਨੇ ਵੀ ਮੇਰੇ ਹੱਕ ਵਿਚ ਸਟੈਂਡ ਲੈ ਲਿਆ। ਮੈਂ ਲਾਇਬਰੇਰੀ ਲਈ ਜ਼ਿੱਦ ਕੀਤੀ। ਹਰੀਸ਼ ਹੱਸ ਕੇ ਬੋਲਿਆ-

''ਮਾਤਾ ਸ੍ਰੀ, ਮੱਠ ਵਿਚ 'ਕੱਲਾ ਗਿਆਨ ਦਾ ਖ਼ਜ਼ਾਨਾ ਨ੍ਹੀਂ ਹੋਣਾ। ਅਸੀਂ ਇਹਨੂੰ ਸਟੱਡੀ ਸੈਂਟਰ ਵਜੋਂ ਸਥਾਪਤ ਕਰਾਂਗੇ।''

ਮੈਂ ਸਕੂਲ ਬਾਰੇ ਬੋਲਣ ਹੀ ਲੱਗੀ ਸੀ। ਸ਼ਾਮ ਲਾਲ ਨੇ ਪਹਿਲੋਂ ਹੀ ਹੱਥ ਜੋੜ ਦਿੱਤੇ-

''ਪ੍ਰਾਚੀਨ ਸਮੇਂ ਵਿਚ ਵਿੱਦਿਆ ਮੰਦਰਾਂ ਵਿਚ ਹੀ ਦਿੱਤੀ ਜਾਂਦੀ ਸੀ, ਮਾਤਾ ਸ੍ਰੀ।''

ਮੈਂ ਉਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਣਾ ਚਾਹੁੰਦੀ ਸੀ। ਸ਼ੰਕਰਾਨੰਦ ਨੇ ਜ਼ਿਆਦਾ ਜ਼ੋਰ ਪਾਇਆ ਤਾਂ ਮੈਂ ਮੰਨ ਗਈ। ਸਤਿਸੰਗ ਹੋਣ ਲੱਗੇ। ਭਰਾਵਾਂ ਦਾ ਪ੍ਰਾਪੇਗੰਡਾ ਬੜਾ ਜ਼ਬਰਦਸਤ ਸੀ। ਸ਼ਰਧਾਲੂਆਂ ਦਾ ਹੜ੍ਹ ਆ ਗਿਆ। ਮਾਇਆ ਦੇ ਢੇਰ ਲਾ ਦਿੱਤੇ। ਭੱਠਿਆਂ ਵਾਲੇ ਇੱਟਾਂ ਸੁੱਟ ਗਏ। ਦੁਕਾਨਦਾਰ ਸੀਮੇਂਟ ਸਰੀਏ ਦੇ ਟਰੱਕ ਭਰ-ਭਰ ਛੱਡ ਗਏ। ਸ਼ਰਧਾਲੂਆਂ ਵਿਚੋਂ ਮਿਸਤਰੀ ਮਜ਼ਦੂਰ ਨਿੱਤਰ ਆਏ। ਭੂਮੀ ਪੂਜਨ ਕਰਨ ਦੀ ਦੇਰ ਸੀ। ਮੱਠ ਦੀ ਉਸਾਰੀ ਲਈ ਬੱਚੇ, ਬੁੱਢੇ, ਔਰਤਾਂ ਤੇ ਮਰਦਾਂ ਦਾ ਹੜ੍ਹ ਉੱਮੜ ਆਇਆ। ਜੇ ਰਿਸ਼ੀ ਕੋਲ ਹੁੰਦਾ। ਉਸਨੇ ਕਹਿਣਾ ਸੀ-

''ਕਿਰਤ ਦੀ ਲੁੱਟ ਸਭ ਤੋਂ ਵੱਧ ਡੇਰਿਆਂ ਵਿਚ ਹੁੰਦੀ ਆ।''

ਜਦੋਂ ਇਹ ਮੈਂ ਸੋਚ ਰਹੀ ਸੀ, ਤਦ ਸ਼ੰਕਰਾਨੰਦ ਨੇ ਮੇਰੇ ਮਨ ਦੀ ਬਾਤ ਬੁੱਝ ਲਈ ਸੀ। ਉਸਨੇ ਕਿਰਤ ਅਤੇ ਸੇਵਾ ਦਾ ਅੰਤਰ ਸਪੱਸ਼ਟ ਕੀਤਾ ਸੀ।

"ਇਹ ਤਾਂ ਚੰਗੇ ਫਲ ਦੀ ਪ੍ਰਾਪਤੀ ਲਈ ਸੇਵਾ ਕਰ ਰਹੇ ਹਨ।"

ਕੁਝ ਮਹੀਨਿਆਂ ਵਿੱਚ ਹੀ ਸ਼ਰਧਾਲੂਆਂ ਨੇ ਮੱਠ ਦੀ ਇਮਾਰਤ ਉਸਾਰ ਦਿੱਤੀ ਹੈ। ਪਰਸੋਂ ਨੂੰ ਮੂਰਤੀ ਸਥਾਪਨਾ ਦਿਵਸ ਹੈ। ਭਗਵਾਨ ਸ਼ਿਵਜੀ ਅਤੇ ਸੁਆਮੀ ਪਰਮਾਨੰਦ ਜੀ ਦੀਆਂ ਮੂਰਤੀਆਂ ਹਨ। ਮੇਰੀ ਸਿਹਤ ਵਿਗੜੀ ਹੋਈ ਹੈ। ਨੈਣਾਂ 'ਚ ਨੀਂਦ ਨ੍ਹੀਂ। ਜਿਵੇਂ ਸਦੀਆਂ ਤੋਂ ਉਣੀਂਦੀ ਹੋਵਾਂ। ਪਤਾ ਨ੍ਹੀਂ ਕਿਉਂ ਮੈਂ ਸਵੇਰ ਦੀ ਉਲਝੀ ਹੋਈ ਆ। ਹਾਅ ਪੋਸਟਰ ਮੇਰੀਆਂ ਕਰਾਮਾਤਾਂ ਨਾਲ ਭਰਿਆ ਪਿਆ। ਕੀ ਮੈਂ ਸੱਚ ਮੁੱਚ ਦੇਵੀ ਆਂ? ਸ਼ਕਤੀਆਂ ਨਾਲ ਭਰਪੂਰ। ਮੈਨੂੰ ਕਈ ਦਿਨਾਂ ਦਾ ਆਪਣਾ ਆਪ ਝੂਠਾ-ਝੂਠਾ ਲੱਗਣ ਲੱਗ ਪਿਆ। ਅੱਜ ਕੁਝ ਜ਼ਿਆਦਾ ਈ ਲਗਦਾ। ਐਨਾ ਝੂਠ ਤੂਫ਼ਾਨ! ਉਹ ਵੀ ਭਗਵਾਨ ਦੇ ਨਾਂ 'ਤੇ। ਮੈਂ ਹਾਰੀ ਹੋਈ ਔਰਤ ਤੇ ਕਰਾਮਾਤਾਂ...! ਤੌਬਾ! ਤੌਬਾ! ਮੈਨੂੰ ਵੱਡੀ ਸਾਧਣੀ...ਮਾਤਾ ਸ੍ਰੀ ਦੀ ਉਪਾਧੀ ਦਿੱਤੀ ਗਈ ਹੈ।

ਮੈਂ ਬਗੀਚੀ ਵਿਚੋਂ ਉੱਠੀ ਹਾਂ। ਮੁੜ ਦੁਆਰ ਕੋਲ ਆ ਗਈ ਹਾਂ। ਪੋਸਟਰ 'ਤੇ ਨਿਗ੍ਹਾ ਗੱਡ ਲਈ ਹੈ। ਦੁਬਾਰਾ ਪੋਸਟਰ ਪੜ੍ਹਣ ਲੱਗ ਪਈ ਹਾਂ।...ਇਹ ਕੀ? ਮੇਰੇ ਹੱਥ ਤੇਜ਼-ਤੇਜ਼ ਚੱਲਣ ਲੱਗ ਪਏ ਹਨ। ਪੋਸਟਰ ਪਾੜਨ ਲੱਗ ਪਈ ਹਾਂ। ਕੋਈ ਵੀ ਪੋਸਟਰ ਦੀਵਾਰ 'ਤੇ ਰਹਿਣ ਨ੍ਹੀਂ ਦੇਣਾ। ਮੈਨੂੰ ਸਾਹ ਚੜ੍ਹ ਗਿਆ ਹੈ। ਸਾਰੇ ਪੋਸਟਰ ਪਾੜ ਸੁੱਟੇ ਹਨ। ਸਾਹੋ ਸਾਹ ਹੋਈ ਜ਼ਮੀਨ 'ਤੇ ਬਹਿ ਗਈ ਹਾਂ।

(2006)

# ਬਲ਼ਦੇ ਚਿਰਾ.ਗ

ਮੈਂ ਕੱਲ੍ਹ ਸਾਰਾ ਦਿਨ ਪਟਿਆਲਾ ਸ਼ਹਿਰ ਦੀਆਂ ਮਹਿਰਾਬਾਂ ਨਾਲ ਗੱਲਾਂ ਕਰਦਾ ਰਿਹਾ। ਅੱਜ ਦਿਲ ਨਾਲ ਗੱਲਾਂ ਕਰ ਰਿਹਾ ਹਾਂ। ਆਪਣੀ ਮੁਹੱਬਤ ਦਾ ਹਿਸਾਬ ਕਿਤਾਬ ਕਰ ਰਿਹਾ ਹਾਂ। ਤਣ-ਪੱਤਣ ਵੀ ਲੱਭ ਰਿਹਾਂ ਹਾਂ। ਝੂਰ ਵੀ ਰਿਹਾ ਹਾਂ। ਜਿਉਣ ਦਾ ਹੱਲ ਵੀ ਲੱਭ ਰਿਹਾ ਹਾਂ।

"ਹਾਂ, ਬਈ ਬੱਲਿਆ। ਕਰ ਕਾਰ ਸਟਾਰਟ।" ਮੈਂ ਗੁਰਜੀਤ ਸਿੰਘ ਨੂੰ ਬੰਗਾ ਜਾਣ ਲਈ ਤੋਰ ਲਿਆ ਹੈ।

ਕਾਰ ਨੇ ਪਟਿਆਲੇ ਨੂੰ ਅਲਵਿਦਾ ਕਿਹਾ ਹੈ ਤੇ ਸਰਹਿੰਦ ਵੱਲ ਚਾਲੇ ਪਾ ਲਏ ਹਨ। ਆਹ ਚੜ੍ਹਦਾ ਪੰਜਾਬ ਵੀ ਮੇਰਾ ਆਪਣਾ ਹੈ। ਮੈਂ 'ਆਵਾਮੀ ਥਿਏਟਰ ਗਰੁੱਪ ਲਾਹੌਰ' ਦਾ ਕਲਾਕਾਰ ਹਾਂ।

"ਤੁਸੀਂ ਸਲੀਮ ਕਾਸ਼ਦੀ ਸਾਹਿਬ ਨਾਲ ਕਿਵੇਂ ਜੁੜ ਗਏ?" ਗੁਰਜੀਤ ਸਿੰਘ 'ਅਵਾਮੀ ਥਿਏਟਰ ਗਰੁੱਪ' ਦੇ ਡਾਇਰੈਕਟਰ ਨਾਲ ਜੁੜਨ ਦੇ ਸਬੱਬ ਬਾਰੇ ਪੁੱਛਣ ਲੱਗ ਪਿਆ ਹੈ।

ਸਲੀਮ ਮੇਰੇ ਪੋਤੇ ਦਾ ਦੋਸਤ ਹੈ। ਉਸ ਨੂੰ ਬਜ਼ੁਰਗ ਸਿੱਖ ਪਾਤਰ ਦੇ ਅਭਿਨੈ ਲਈ ਕਲਾਕਾਰ ਦੀ ਜ਼ਰੂਰਤ ਸੀ। ਉਹਨੇ ਮੈਨੂੰ ਚੁਣ ਲਿਆ। ਦਰਅਸਲ ਜਦੋਂ ਸਾਨੂੰ ਲਹਿੰਦੇ ਪੰਜਾਬ ਹੀ ਰਹਿਣਾ ਪੈ ਗਿਆ, ਮੈਂ ਸਿੱਖਾਂ ਵਾਂਗ ਦਾਹੜੀ-ਮੁੱਛ ਰੱਖ ਲਏ। ਸਿਰ 'ਤੇ ਪੱਗ ਬੰਨ੍ਹਣ ਲੱਗ ਪਿਆ ਸੀ। ਕੁੜਤਾ ਪਜਾਮਾ ਪਹਿਨਦਾ ਹਾਂ। ਕੋਈ ਪੰਜ ਸਾਲ ਪਹਿਲਾਂ ਦੀ ਗੱਲ ਹੋਣੀ ਏ। ਉਦੋਂ ਇਥੇ ਆਉਣ ਦਾ ਖਿਆਲ ਵੀ ਨਹੀਂ ਸੀ ਕੀਤਾ। ਬੱਸ ਐਵੇਂ ਸਲੀਮ ਕਾਸ਼ਦੀ ਨੂੰ ਹਾਂ ਕਰ ਦਿੱਤੀ। ਮੈਨੂੰ ਲੱਗਾ ਸੀ ਜਿਵੇਂ ਨਿਰਮਲਾ ਦੇ ਨੇੜੇ ਹੋਣ ਲੱਗਾ ਹਾਂ। ਮੈਨੂੰ ਬੰਦਾ ਸਿੰਘ ਬਹਾਦਰ ਦੀ ਫ਼ੌਜ ਦੇ ਬੁੱਢੇ ਜਰਨੈਲ ਦਾ ਰੋਲ ਮਿਲ ਗਿਆ ਸੀ। ਨਾਟਕ ਦੇ ਅਠਾਰਾਂ ਸ਼ੋਅ ਕਰ ਚੁੱਕੇ ਹਾਂ।

ਅਠਾਰਵਾਂ ਸ਼ੋਅ ਕੱਲ੍ਹ ਯੂਨੀਵਰਸਿਟੀ ਕੀਤਾ ਸੀ। ਅਸੀਂ ਜਿਸ ਦਿਨ ਪਟਿਆਲਾ ਆਏ। ਸਾਡੇ ਵਿਚੋਂ ਕੁਝ ਨੇ ਵੀ. ਸੀ. ਸਾਹਿਬ ਨੂੰ ਆਪਣੀ ਜਨਮ ਭੋਂਇ ਦਿਖਾਉਣ ਲਈ ਕਿਹਾ ਸੀ। ਉਂਝ ਮੈਂ ਪਿਛਲੇ ਸਾਲ ਇਹ ਸ਼ੋਅ ਅੰਮ੍ਰਿਤਸਰ ਵੀ ਕਰ ਗਿਆ ਹਾਂ। ਉਦੋਂ ਮੇਰੇ ਕੋਲ ਨਵਾਂ ਸ਼ਹਿਰ ਦਾ ਵੀਜ਼ਾ ਨਹੀਂ ਸੀ। ਇਸ ਵਾਰ ਲੈ ਕੇ ਆਇਆ ਹਾਂ। ਕੱਲ੍ਹ ਵੀ. ਸੀ. ਸਾਹਿਬ ਨੇ ਸਾਡੇ ਪਿੰਡ ਦਿਖਾਉਣ ਦਾ ਪ੍ਰਬੰਧ ਕਰ ਦਿੱਤਾ ਸੀ। ਪੰਜਾਬੀ ਡਿਪਾਰਟਮੈਂਟ ਵਾਲਿਆਂ ਨੇ ਆਪਣਾ ਰਿਸਰਚ ਸਕਾਲਰ ਗੁਰਜੀਤ ਸਿੰਘ ਮੇਰੇ ਨਾਲ ਤੋਰ ਦਿੱਤਾ। ਉਂਝ ਇਹ ਹੈ ਬੜਾ ਸਿਆਣਾ। ਪੁੱਛ ਰਿਹਾ-

"ਖਾਨ ਸਾਹਿਬ, ਅੱਜ ਕੱਲ੍ਹ ਦੋਨਾਂ ਦੇਸ਼ਾਂ ਦੀ ਦੋਸਤੀ ਦੇ ਨਾਂ 'ਤੇ ਸਿਆਸਤ ਨਈਂ ਹੋ ਰਹੀ?"

ਸਭ ਤੋਂ ਪਹਿਲਾਂ ਮੈਂ ਇਹਨੂੰ ਖਾਨ ਸਾਹਿਬ ਕਹਿਣ ਤੋਂ ਰੋਕਿਆ ਹੈ। ਰਹੀ ਗੱਲ ਸਿਆਸਤ ਦੀ। ਵਿਦੇਸ਼ੀ ਹਾਕਮ ਪਹਿਲਾਂ ਹਥਿਆਰ ਵੇਚਣ ਲਈ ਦੋਨਾਂ ਮੁਲਕਾਂ ਨੂੰ ਲੜਾਉਂਦੇ ਸਨ। ਹੁਣ ਤਿਜ਼ਾਰਤ ਕਰਨ ਡਹਿ ਪਏ। ਆਪਣਾ ਮਾਲ ਵੇਚਦੇ ਨੇ। ਸਾਡੇ ਮੁਲਕਾਂ ਦੇ ਕੁਦਰਤੀ ਸਾਧਨਾਂ ਨੂੰ ਹਥਿਆਉਂਦੇ ਹਨ। ਇਹ ਵਿਚਾਰ ਕਿਸੀ

ਨਾਟਕ ਸਕਰਿਪਟ ਦੇ ਨ੍ਹੀਂ। ਮੇਰੇ ਅੰਦਰੋਂ ਚੀਸ ਉੱਠੀ ਹੈ। ਸਤਵੰਜਾ ਸਾਲ ਪਹਿਲਾਂ ਵੀ ਉੱਠੀ ਸੀ। ਇਹ ਦੋ ਹਜ਼ਾਰ ਚਾਰ ਦਾ ਵਰ੍ਹਾ ਹੈ। ਉਜਾੜੇ ਵੇਲੇ ਮੈਂ ਉੱਨੀ ਸਾਲ ਦਾ ਹੋਣਾ। ਤੇ ਉਹ ਅਠਾਰਾਂ ਸਾਲ ਦੀ।

ਮੈਂ ਸਰਹਿੰਦ ਵਿਚਲੀ ਮਸਜਿਦ ਕੋਲ ਕਾਰ ਖੜ੍ਹੀ ਕਰਵਾਈ ਹੈ। ਸਿਜਦਾ ਕੀਤਾ ਏ। ਤੇ ਤੁਰ ਪਏ ਹਾਂ।

"ਬਾਪੂ ਜੀ, ਤੁਸੀਂ ਮੁੱਢ ਤੋਂ ਈ ਬੰਗਾ ਵਸਦੇ ਸੀ?"

ਪਤਾ ਈ ਨ੍ਹੀਂ ਕਿੰਨੀਆਂ ਪੀੜ੍ਹੀਆਂ ਤੋਂ ਸਾਡੇ ਵਾਲਦੈਨ ਉਥੇ ਮੁਕੀਮ ਸਨ। ਬੰਗਾ ਅੱਜ ਵੀ ਮੇਰੇ ਚੇਤਿਆਂ ਵਿਚ ਵਸਿਆ ਹੋਇਆ ਏ।...ਤੇ ਇਨਸ਼ਾ ਅੱਲ੍ਹਾ ਜਦ ਤੱਕ ਸਾਹ ਚਲਦੇ ਨੇ, ਵਸਦਾ ਰਹੇਗਾ। ਮੇਰਾ ਆਪਣਾ ਦੋਆਬਾ। ਮੈਂ ਉਹਨੂੰ ਕਦੇ ਭੁੱਲਣਾ ਵੀ ਨ੍ਹੀਂ। ਭੁੱਲਣਾ ਤਾਂ ਇਕ ਪਾਸੇ ਬੰਦਾ ਕਦੇ ਆਪਣੀ ਜਨਮ ਭੋਂਇ ਨਾਲੋਂ ਟੁੱਟਦਾ ਨਹੀਂ। ਸਾਗਰ ਪੱਟੀ ਵਿਚ ਸਾਡਾ ਮੁਹੱਲਾ ਹੁੰਦਾ ਸੀ। ਇਸ ਮੁਹੱਲੇ ਦੀ ਖਾਸੀਅਤ ਸੀ ਕਿ ਉਥੇ ਹੋਰ ਧਰਮਾਂ ਤੇ ਜਾਤਾਂ ਦੇ ਲੋਕ ਵੀ ਵਸਦੇ ਸਨ। ਜ਼ਿਆਦਾਤਰ ਵਪਾਰੀ ਸਨ। ਛੋਟੇ ਵਪਾਰੀ।

ਮੇਰੇ ਅੱਬਾ ਸਾਬਣ ਵੇਚਣ ਦਾ ਕਸਬ ਕਰਦੇ ਸੀ। ਤਰਾਜੂ ਮਾਰਕਾ ਸਾਬਣ। ਬੜੇ ਸੋਹਣੇ ਵਸਦੇ ਸਨ। ਬਸ ਉਜਾੜ ਦਿੱਤੇ ਗਏ। ਸਾਥੋਂ ਸਾਡਾ ਮੁਲਕ ਖੋਹ ਲਿਆ। ਹੁਣ ਜਿਹੜੇ ਸਿਆਸਤਦਾਨ ਦੋਸਤੀ ਦੀਆਂ...ਅਮਨ ਦੀਆਂ ਗੱਲਾਂ ਕਰ ਰਹੇ ਹਨ। ਇਨ੍ਹਾਂ ਦੇ ਵਡਾਰੂਆਂ ਨੇ ਸਾਨੂੰ ਪਾਕਿਸਤਾਨੀ ਬਣਾ ਦਿੱਤਾ।

ਕੁਰਾਲੀ ਟੱਪ ਆਏ ਹਾਂ। ਚੰਡੀਗੜ੍ਹ-ਜਲੰਧਰ ਰੋਡ 'ਤੇ ਪੈ ਗਏ ਹਾਂ। ਇਕ ਕਾਰ ਨੇ ਸਾਨੂੰ ਓਵਰ ਟੇਕ ਕੀਤਾ ਹੈ। ਗੁਰਜੀਤ ਮੂਡ ਬਦਲਣ ਲਈ ਕਹਿ ਰਿਹਾ- ਕਾਰ ਵਿਚ ਪ੍ਰੇਮੀ ਜੋੜਾ ਬੈਠਾ। ਉਹ ਇਕ ਦੂਜੇ ਨਾਲ ਛੇੜਖਾਨੀ ਕਰ ਰਹੇ ਹਨ। ਗੁਰਜੀਤ ਨੇ ਕਾਰ ਉਨ੍ਹਾਂ ਦੇ ਪਿੱਛੇ ਲਾ ਲਈ ਹੈ। ਲਗਦਾ ਇਹ ਕਮਲਾ ਲੁਤਫ਼ ਲੈਣ ਲੱਗ ਪਿਆ। ਉਨ੍ਹਾਂ ਕਾਰ ਤੇਜ਼ ਕਰ ਲਈ ਹੈ। ਗੁਰਜੀਤ ਮੁਸਕਰਾ ਪਿਆ ਹੈ।

"ਬਾਪੂ ਜੀ, ਤੁਸੀਂ ਵੀ ਇੱਦੇਂ ਚੋਹਲ ਮੋਹਲ ਕਰਦੇ ਹੁੰਦੇ ਸੀ?" ਇਹ ਪਿਛਲੇ ਚਾਰ ਦਿਨਾਂ ਤੋਂ ਮੇਰੇ ਨਾਲ ਏ। ਮੇਰੇ ਕਈ ਭੇਤ ਜਾਣ ਗਿਆ ਏ।

ਮੇਰੇ ਦੋ ਭਾਈ ਤੇ ਇਕ ਭੈਣ ਸੀ। ਮੈਂ ਸਭ ਤੋਂ ਛੋਟਾ ਸੀ। ਮੇਰੇ ਅੱਬਾ ਅਬਦੁੱਲ ਰਸ਼ੀਦ ਦੁਕਾਨ 'ਤੇ ਬੈਠਦੇ। ਅੰਮੀ ਘਰ ਦੇ ਕੰਮ ਵਿਚ ਰੁਝੇ ਰਹਿੰਦੇ। ਬਾਕੀ ਭੈਣ ਭਰਾ ਨੂੰ ਤਾਂ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਮੈਂ ਪੰਜ ਜਮਾਤਾਂ ਤੱਕ ਤਾਅਲੀਮ ਯਾਫ਼ਤਾ ਹੋ ਗਿਆ ਸੀ। ਨਿਰਮਲਾ ਮੈਤੋਂ ਇਕ ਜਮਾਤ ਪਿੱਛੇ ਸੀ। ਉਹ ਤੋਂ ਛੋਟੇ ਮਨੋਹਰ ਤੇ ਇੰਦਰ ਛੋਟੀਆਂ ਜਮਾਤਾਂ ਵਿਚ ਪੜ੍ਹਦੇ ਸਨ। ਨਿਰਮਲਾ ਗਜ਼ਬ ਦੀ ਸੁਨੱਖੀ ਸੀ। ਸੁੰਦਰ ਵੀ ਤੇ ਚੁਸਤ ਵੀ।...ਸਲੀਕੇ ਵਾਲੀ। ਹਿੰਦੂ ਬ੍ਰਾਹਮਣਾਂ ਦਾ ਇਹ ਘਰ ਸਾਡੇ ਘਰ ਦੇ ਬਿਲਕੁਲ ਸਾਹਮਣੇ ਸੀ। ਦਰਮਿਆਨ ਇਕ ਗਲੀ ਸੀ। ਨਿਰਮਲਾ ਦੇ ਬਾਊ ਜੀ ਸ਼ਿਵ ਨਾਥ ਮਹਿਕਮਾ-ਏ-ਰੇਲਵੇ ਵਿਚ ਮੁਲਾਜ਼ਮਤ ਕਰਦੇ ਸਨ। ਝਾਈ ਚਾਂਦ ਰਾਣੀ ਮੇਰੀ ਅੰਮੀ ਵਾਂਗ ਘਰ ਦੇ ਕੰਮਾਂ ਵਿਚ ਖਪੀ ਰਹਿੰਦੀ।

ਨਵਾਂ ਸ਼ਹਿਰ ਦੀਆਂ ਕਚਹਿਰੀਆਂ ਵਾਲਾ ਚੰਡੀਗੜ੍ਹ ਚੌਂਕ ਆ ਗਿਆ। ਇਥੇ ਸਾਡੇ ਮੁਹੱਲੇ ਦੇ ਹਿੰਦੂ ਤੇ ਮੁਸਲਮਾਨ ਤਰੀਕਾਂ ਭੁਗਤਣ ਆਉਂਦੇ ਹੁੰਦੇ ਸਨ। ਸਾਡੇ ਘਰਾਂ ਤੋਂ ਥੋੜ੍ਹੀ ਦੂਰ ਮਸਜਿਦ ਸੀ। ਇਹ ਛੋਟੀ ਇੱਟ ਦੀ ਬਣੀ ਹੋਈ ਸੀ। ਸਾਡੇ

ਭਾਈਚਾਰੇ ਵਾਲੇ ਇਹਦੇ ਵਿਚ ਵਾਧਾ ਕਰਨ ਲੱਗੇ ਸਨ। ਹਿੰਦੂਆਂ ਨੇ ਉਸਾਰੀ ਰੋਕ ਦਿੱਤੀ ਸੀ। ਫਿਰ ਇਹ ਝਗੜਾ ਕਚਹਿਰੀਆਂ ਤੱਕ ਜਾ ਪੁੱਜਾ ਸੀ। ਮੇਰੇ ਅੱਬੂ ਤੇ ਨਿਰਮਲਾ ਦੇ ਬਾਊ ਇਸ ਝਗੜੇ ਤੋਂ ਦੂਰ ਰਹੇ ਸਨ। ਉਂਝ ਉਨ੍ਹਾਂ ਦੇ ਆਪਸੀ ਤੁਅੱਲਕਾਤ ਬਹੁਤੇ ਅੱਛੇ ਨਹੀਂ ਸਨ। ਸਿਰਫ਼ ਬੋਲ ਚਾਲ ਹੀ ਸੀ। ਉਹ ਸਾਡੇ ਘਰ ਦਾ ਅੰਨ ਪਾਣੀ ਵੀ ਮੂੰਹ ਨ੍ਹੀਂ ਸੀ ਲਾਉਂਦੇ। ਹੋ ਸਕਦੈ ਇਹ ਭੇਦਭਾਵ ਹੋਵੇ ਜਾਂ ਮਜ਼੍ਹਬਾਂ ਦੀ ਨਫ਼ਰਤ ਹੋਵੇ। ਉਦੋਂ ਹਵਾ ਵੀ ਉਲਟ ਵਗ ਰਹੀ ਸੀ। ਪਰ ਸਾਡੇ ਨਿਆਣਿਆਂ ਵਿਚਕਾਰ ਕੋਈ ਲੜਾਈ ਝਗੜਾ ਨ੍ਹੀਂ ਸੀ।

ਨਿਰਮਲਾ, ਉਹਦੇ ਦੋਨੋਂ ਭਾਈ, ਮੈਂ ਅਤੇ ਗਲੀ ਦੇ ਹੋਰ ਬੱਚੇ ਸਕੂਲੋਂ ਆ ਕੇ ਇਕੱਠੇ ਹੋ ਜਾਂਦੇ। ਸਾਡੇ ਨਾਲ ਹੀ ਸ਼ੇਖਾਂ ਦਾ ਚੌਂਕ ਸੀ। ਉਥੇ ਸ਼ਾਮ ਤੱਕ ਖੇਡਦੇ ਰਹਿੰਦੇ। ਕਦੇ ਗੁੱਲੀ ਡੰਡਾ, ਕਦੇ ਲੁਕਣਮੀਟੀ, ਕਦੇ ਪਿੱਠੂ ਕੈਮ ਤੇ ਕਦੇ ਸਟਾਪੂ ਜਿਹੀਆਂ ਖੇਡਾਂ ਵਿਚ ਮਸ਼ਗੂਲ ਰਹਿੰਦੇ। ਹਨੇਰਾ ਹੋ ਜਾਣਾ ਪਰ ਅਸੀਂ ਖੇਡਣੋਂ ਨਾ ਹਟਦੇ। ਮਾਵਾਂ ਘੇਰ-ਘੇਰ ਘਰਾਂ ਨੂੰ ਲਿਜਾਂਦੀਆਂ।

"ਵੇ ਪੁੱਤਰ, ਨਮਾਜ਼ ਦਾ ਵਕਤ ਹੋ ਗਿਆ।" ਮੇਰੀ ਅੰਮਾ ਦੀ ਆਵਾਜ਼ ਆਉਂਦੀ।

ਅਸੀਂ ਕਿਤੇ ਲੱਭਦੇ ਸਾਂ? ਹੱਥ ਨਾ ਆਉਂਦੇ। ਜਦੋਂ ਥੋੜ੍ਹੇ ਵੱਡੇ ਹੋਏ। ਕੁੜੀਆਂ-ਮੁੰਡੇ ਅੱਡ-ਅੱਡ ਖੇਡਣ ਲਾ ਦਿੱਤੇ। ਬੜਾ ਦੁੱਖ ਲੱਗਾ। ਮੇਰੀ ਤੇ ਨਿਰਮਲਾ ਦੀ ਬਣਦੀ ਬੜੀ ਸੀ। ਕਿੱਡੇ ਕੁ ਵੱਡੇ ਹੋ ਗਏ ਸੀ? ਪ੍ਰਾਇਮਰੀ ਪਾਸ ਕੀਤੀ ਸੀ। ਐਵੇਂ ਜੁਦਾ ਕਰ ਦਿੱਤੇ। ਇਹ ਪੰਗਾ ਨਿਰਮਲਾ ਦੀ ਝਾਈ ਨੇ ਪਾਇਆ ਸੀ। ਉਦੋਂ ਸਾਡੀ ਉਮਰ ਦੇ ਪਿੰਡਾਂ ਦੇ ਕੁੜੀਆਂ ਮੁੰਡੇ ਨੰਗੇ ਤੁਰੇ ਫਿਰਦੇ ਸਨ। ਮਸੰਦਾਂ ਦੇ ਮੁਹੱਲੇ ਵਾਲਾ ਮੋਹਣਾ ਵੀ ਕਛਹਿਰਾ ਨ੍ਹੀਂ ਸੀ ਪਾਉਂਦਾ ਹੁੰਦਾ। ਸਾਡੇ ਤੋਂ ਬਹੁਤ ਛੋਟਾ ਸੀ। ਸ਼ਾਇਦ ਮਨੋਹਰ ਦੀ ਉਮਰ ਦਾ ਸੀ।

"ਓਏ ਬੱਲਿਆ, ਰੋਕੀ ਓ ਜਰਾ ਕੁ ਗੱਡੀ...। ਆਪਣੇ ਭਗਤ ਸੁੰਹ ਨੂੰ ਮਿਲ ਲਵਾਂ।"

ਖਟਕੜ ਕਲਾਂ ਕੋਲੋਂ ਲੰਘ ਹੋ ਚੱਲਿਆ ਸੀ। ਇਹ ਤਾਂ ਭਗਤ ਸਿੰਘ ਨੇ ਜਿਵੇਂ ਆਪ ਆਵਾਜ਼ ਮਾਰੀ ਹੋਵੇ। 'ਤੁਸੀਂ ਬੜੀ ਛੇਤੀ ਭੁੱਲ ਚੱਲੇ ਓ। ਮੈਨੂੰ ਤਾਂ ਤੁਸੀਂ ਦੋਵੇਂ ਇਕੋ ਈ ਸੀ।' ਜਿਵੇਂ ਸਾਡਾ ਸ਼ਹੀਦ ਮੈਨੂੰ ਉਲਾਂਭਾ ਦੇ ਰਿਹਾ ਹੋਵੇ।... 'ਨਹੀਂ...ਨਹੀਂ।' ਬੱਸ ਇੰਨਾ ਹੀ ਮੇਰੇ ਮੂੰਹੋਂ ਨਿਕਲਿਆ ਹੈ।...ਬੁੱਤ ਨੂੰ ਸਲਾਮ ਕੀਤਾ ਹੈ। ਕੰਨਾਂ ਵਿਚ ਇਨਕਲਾਬ ਜ਼ਿੰਦਾਬਾਦ ਦੀਆਂ ਆਵਾਜ਼ਾਂ ਗੂੰਜਣ ਲੱਗ ਪਈਆਂ ਹਨ। ਇਨ੍ਹਾਂ ਆਵਾਜ਼ਾਂ ਵਿਚ ਈ ਮਾਰ ਵੱਢ ਦੀਆਂ ਚੀਕਾਂ ਵੀ ਰਲ ਗਈਆਂ ਹਨ। ... ਆਹ ਚੀਕ ਜਿਵੇਂ ਅੰਮਾ ਨੇ ਮਾਰੀ ਹੋਵੇ। ਨਹੀਂ ਆਫ਼ਸਾਂ ਦੀ ਸੀ। ਮੈਂ ਭਰੀਆਂ ਅੱਖਾਂ ਨਾਲ ਗੱਡੀ ਵਿਚ ਬੈਠ ਗਿਆ ਹਾਂ।

ਮੈਂ ਪਟਿਆਲੇ ਦੇ ਉਨ੍ਹਾਂ ਅਦੀਬਾਂ ਦਾ ਧੰਨਵਾਦ ਕਰਦਾ, ਜਿਨ੍ਹਾਂ ਮੈਨੂੰ ਬੰਗਾ ਪੁੱਜਦਾ ਕਰਨ ਲਈ ਹੰਭਲਾ ਮਾਰਿਆ। ਅਸੀਂ ਸ਼ਹਿਰ ਵਿਚ ਦਾਖ਼ਲ ਹੋ ਗਏ ਹਾਂ। ਇਹ ਤਾਂ ਮੇਰਾ ਆਪਣਾ ਸ਼ਹਿਰ ਈ ਨ੍ਹੀਂ ਪਛਾਣ ਹੋ ਰਿਹਾ। ਵੱਡੀਆਂ ਵੱਡੀਆਂ ਇਮਾਰਤਾਂ ਤਾਮੀਰ ਹੋ ਗਈਆਂ ਹਨ। ਐਨੀਆਂ ਸੋਹਣੀਆਂ ਤੇ ਐਨੀਆਂ ਵੱਡੀਆਂ ਦੁਕਾਨਾਂ! ਸਾਡੇ ਵੇਲੇ ਤਾਂ ਚਾਲੀ-ਪੰਜਾਹ ਦੁਕਾਨਾਂ ਹੁੰਦੀਆਂ ਸਨ।

"ਜੁਆਨਾ, ਆਹ ਥਾਣੇ ਕੋਲੋਂ ਸੱਜੇ ਮੋੜ ਲਈਂ। ਇਹ ਆ ਸਾਡਾ ਸਾਗਰ ਪੱਟੀ ਵਾਲਾ ਰੋਡ।...ਹਾਂ, ਹੁਣ ਗੱਡੀ ਸਾਈਡ 'ਤੇ ਲਾ ਲੈ।" ਮੈਂ ਗੁਰਜੀਤ ਤੋਂ ਗੱਡੀ ਪਾਰਕ ਕਰਵਾ ਕੇ ਆਪਣੇ ਮੁਹੱਲੇ ਵੱਲ ਤੁਰ ਪਿਆ ਹਾਂ।

ਰਾਤ ਜਦੋਂ ਮੈਂ ਇਥੇ ਆਉਣ ਦੀ ਤਿਆਰੀ ਕਰ ਰਿਹਾ ਸੀ। ਮੇਰੇ ਚੇਤਿਆਂ ਦੀ ਪਟਾਰੀ ਵਿਚ ਕੁਝ ਨਾਂ ਬਚੇ ਰਹਿ ਗਏ ਹਨ। ਜਿਹੜੇ ਰੌਲਿਆਂ ਵਾਲੇ ਸਾਲ ਤੋਂ ਪਹਿਲਾਂ ਸਾਡੇ ਲਾਗੇ ਰਹਿੰਦੇ ਸਨ। ਉਹ ਨਾਂ ਮੈਂ ਕਾਗਜ਼ 'ਤੇ ਉਤਾਰ ਲਏ ਸਨ। ਹੁਣ ਮੈਂ ਉਹ ਕਾਗਜ਼ ਦਾ ਟੁਕੜਾ ਗੁਰਜੀਤ ਨੂੰ ਫੜਾਇਆ ਹੈ। ਉਹ ਸਾਹਮਣੇ ਵਾਲੀ ਟੀ ਸਟਾਲ ਦੇ ਅੰਦਰ ਜਾ ਵੜਿਆ ਹੈ। ਗੁਰਜੀਤ ਨੇ ਦੁਕਾਨਦਾਰ ਨੂੰ ਮੇਰੇ ਬਾਰੇ ਦੱਸਿਆ ਹੈ।

"ਖਾਨ ਸਾਹਿਬ, ਅੰਦਰ ਆ ਜਾਓ।... ਪਹਿਲਾਂ ਲੱਸੀ ਪੀਓ।" ਦੁਕਾਨਦਾਰ ਨੇ ਆਵਾਜ਼ ਦਿੱਤੀ ਹੈ।

ਉਹ ਨਾਵਾਂ ਵਾਲੀ ਪਰਚੀ ਵੀ ਪੜ੍ਹੀ ਜਾ ਰਿਹਾ ਹੈ। ਪੁਰਾਣੀਆਂ ਗੱਲਾਂ ਵੀ ਪੁੱਛੀ ਜਾ ਰਿਹਾ ਹੈ। ਜਿੰਨੇ ਨਾਂ ਲਿਖੇ ਹੋਏ ਹਨ। ਉਹ ਕੁਝ ਨੂੰ ਜਾਣਦਾ ਨਹੀਂ। ਕੁਝ ਫੌਤ ਹੋ ਗਏ ਹਨ ਤੇ ਕੁਝ ਪ੍ਰਦੇਸ਼ ਜਾ ਵਸੇ ਹਨ।

"ਇਹ ਆਪਣੇ ਸਰਦਾਰ ਮੋਹਣ ਸਿੰਘ ਹੈਗੇ ਨੇ। ਹੀਮੇ ਵਾਲੇ ਪਾਸੇ ਜ਼ਮੀਨ ਇਨ੍ਹਾਂ ਦੀ ਆ। ਤੁਸੀਂ ਚਲੋ ਘਰ ਨੂੰ। ਮੈਂ ਮੋਟਰ ਤੋਂ ਲੱਭ ਕੇ ਲਿਆਉਂਨਾ।" ਲੱਸੀ ਪਿਲਾ ਕੇ ਦੁਕਾਨਦਾਰ ਮੋਹਣੇ ਵੱਲ ਚਲਾ ਗਿਆ ਹੈ।

ਅਸੀਂ ਵੀ ਤੁਰ ਪਏ ਹਾਂ। ਮੁਹੱਲੇ ਦਾ ਤਾਂ ਨਕਸ਼ਾ ਬਦਲਿਆ ਹੋਇਆ। ਸਿਰਫ਼ ਆਹ ਗਲੀ ਪਛਾਣੀ ਜਾ ਰਹੀ ਹੈ। ਜਾਂ ਆਹ ਖੰਡਰ ਹੋਏ ਮਕਾਨ ਪੁਰਾਣੇ ਹਨ।

"ਬਾਪੂ ਜੀ, ਆਹ ਖੂਹ ਤੁਹਾਡੀ ਪ੍ਰੇਮ ਕਹਾਣੀ ਵਾਲਾ ਨ੍ਹੀਂ ਏ?"

ਕਮਾਲ ਏ ਗੁਰਜੀਤ ਦੇ। ਮੈਂ ਤੇ ਕੋਲੋਂ ਲੰਘ ਚੱਲਿਆ ਸੀ। ਇਕ ਤੇ ਖੂਹ ਬੰਦ ਕੀਤਾ ਹੋਇਆ। ਆਲੇ ਦੁਆਲੇ ਤੋਂ ਢਕਿਆ ਵੀ ਹੋਇਆ। ਅਸੀਂ ਇਥੇ ਹੀ ਵੁਜ਼ੂ ਕਰਨ ਆਉਂਦੇ ਸਾਂ। ਚੁਬੱਚਿਆਂ 'ਚ ਛਾਲਾਂ ਮਾਰ-ਮਾਰ ਨਹਾਉਂਦੇ। ਜਦੋਂ ਛੋਟੇ ਸੀ, ਭੈਣ ਆਫ਼ਸਾਂ ਪਾਣੀ ਦੇ ਡੋਲ ਭਰ-ਭਰ ਸਾਡੇ 'ਤੇ ਸੁੱਟਦੀ। ਫਿਰ ਵੱਡੇ ਹੋਏ ਤਾਂ ਆਪ ਨਹਾਉਣ ਲੱਗ ਪਏ।

ਨਿਰਮਲਾ ਉਦੋਂ ਚੌਦਾਂ ਸਾਲ ਦੀ ਸੀ। ਖੂਹ 'ਚੋਂ ਪਾਣੀ ਭਰਨ ਆਉਂਦੀ। ਡੋਲੀ ਛੋਟੀ ਸੀ। ਖਿੱਚ ਲੈਂਦੀ। ਇਕ ਦਿਨ ਉਹਦਾ ਡੋਲ ਨਾਲ ਵਾਹ ਪੈ ਗਿਆ। ਡੋਲ ਭਾਰਾ ਸੀ। ਉਹਨੇ ਖੂਹ 'ਚ ਡੋਲ ਵਗ੍ਹਾਇਆ। ਉਹਤੋਂ ਖਿੱਚ ਨਾ ਹੋਵੇ। ਮੈਂ ਮਦਦ ਕਰਾਉਣ ਲੱਗਾ। ਦੋਵੇਂ ਜ਼ੋਰ ਨਾਲ ਲੱਜ ਖਿੱਚਣ ਲੱਗ ਪਏ। ਮੇਰਾ ਹੱਥ ਉਹਦੇ ਹੱਥ ਉਤੇ ਰੱਖਿਆ ਗਿਆ। ਐਵੇਂ ਅਚਾਨਕ ਹੀ। ਹੱਥ ਨਾਲ ਹੱਥ ਛੂਹਣ ਦੀ ਦੇਰ ਸੀ, ਕਰੰਟ ਵਰਗਾ ਝਟਕਾ ਲੱਗਿਆ। ਲੱਜ ਹੱਥੋਂ ਛੁੱਟ ਗਈ। ਡੋਲ ਲੱਜ ਸਮੇਤ ਖੂਹ ਵਿਚ ਜਾ ਡਿੱਗਿਆ। ਅਸੀਂ ਵੀ ਪਿਛਾਂਹ ਵੱਲ ਨੂੰ ਡਿੱਗ ਪਏ ਸਾਂ। ਇਕ ਦੂਜੇ ਦਾ ਹੱਥ ਫੜਿਆ ਹੋਇਆ ਸੀ। ਅੱਖਾਂ 'ਚ ਅੱਖਾਂ ਪਾ ਕੇ ਇਕ ਦੂਜੇ ਵੱਲ ਤੱਕ ਰਹੇ ਸਾਂ।

"ਨਿਰਮਲਾ....।" ਝਾਈ ਦੀ ਆਵਾਜ਼ ਕੜਕੀ ਸੀ।

"ਹਾਏ, ਰਾਮ! ਮਰਜਾਂ!" ਨਿਰਮਲਾ ਨੇ ਘਰ ਨੂੰ ਦਬੀੜ ਵੱਟ ਲਈ ਸੀ।

ਅਸੀਂ ਇਕ ਦੂਜੇ ਦੇ ਪਿਆਰ 'ਚ ਖੋ ਗਏ ਸੀ। ਮੈਨੂੰ ਉਹਤੋਂ ਸਿਵਾਅ ਦੂਜਾ

ਹੋਰ ਕੋਈ ਦਿਸਦਾ ਨ੍ਹੀਂ ਸੀ। ਜਿੱਦਾਂ ਅਸੀਂ ਇਕ ਦੂਜੇ ਲਈ ਬਣੇ ਹੋਈਏ। ਜਿਉਂ-ਜਿਉਂ ਅਸੀਂ ਵੱਡੇ ਹੋ ਰਹੇ ਸੀ। ਸਾਡੇ ਦਰਮਿਆਨ ਖਿੱਚ ਵੱਧਦੀ ਗਈ। ਉਹ ਕੋਠੇ ਚੜ੍ਹਦੀ। ਮੈਂ ਆਪਣੇ ਕੋਠੇ ਚੜ੍ਹ ਜਾਂਦਾ। ਇਕ ਦੂਜੇ ਨੂੰ ਦੇਖੇ ਬਿਨਾਂ ਦਿਨ ਨਾ ਲੰਘਦਾ।

ਇਸ ਤੋਂ ਪਹਿਲਾਂ ਕਿ ਗੁਰਜੀਤ ਮੈਨੂੰ ਚੌਂਕ ਬਾਰੇ ਸਵਾਲ ਕਰੇ। ਮੈਂ ਘਰ ਜਾਣ ਦੀ ਬਜਾਏ ਸੱਜੇ ਹੱਥ ਮੁੜ ਗਿਆ ਹਾਂ। ਆਹ ਨਾਲ ਤਾਂ ਮੁਸਤਫ਼ਾ ਚੌਂਕ ਹੈਗਾ। ...ਮੈਂ ਇਹਨੂੰ ਚੌਂਕ ਵਿਚ ਲੈ ਆਇਆ ਹਾਂ। ਉਦੋਂ ਰੋਜ਼ਿਆਂ ਦੇ ਦਿਨ ਸਨ। ਮੈਂ ਵੀ ਰੋਜ਼ਾ ਰੱਖਿਆ ਸੀ। ਨਿਆਣਾ ਸੀ। ਭੁੱਖ ਬਰਦਾਸ਼ਤ ਨਾ ਹੋਵੇ। ਨਿਰਮਲਾ ਇਥੇ ਚੌਂਕ ਵਿਚ ਮਿਲ ਪਈ। ਮੈਨੂੰ ਦੇਖ ਕੇ ਹੱਸੀ ਜਾਵੇ। ਮੈਨੂੰ ਉਹਤੇ ਖਿੱਝ ਚੜ੍ਹ ਗਈ। ਉਹ ਹੱਸਦੀ-ਹੱਸਦੀ ਆਪਣੇ ਘਰ ਚਲੇ ਗਈ ਸੀ। ਮੈਂ ਵੀ ਘਰ ਜਾ ਕੇ ਮੰਜੀ 'ਤੇ ਢਹਿ ਪਿਆ। ਥੋੜ੍ਹੇ ਚਿਰ ਬਾਅਦ ਉਹਦਾ ਪੈਗਾਮ ਆ ਗਿਆ। ਮੈਂ ਪੜ੍ਹਕੇ ਘਰੋਂ ਬਾਹਰ ਨਿਕਲ ਗਿਆ। ਨ੍ਹੇਰਾ ਹੋ ਗਿਆ ਸੀ।

ਆਹ ਉਹ ਖੂੰਜਾ ਸੀ, ਜਿਥੇ ਉਹ ਖੜ੍ਹੀ ਸੀ। ਮੈਂ ਉਸੇ ਕੰਧ ਕੋਲ ਆ ਖੜ੍ਹਾ ਹੋਇਆ ਹਾਂ। ਉਹਨੇ ਕਾਲੀ ਚੁੰਨੀ ਦੀ ਬੁੱਕਲ ਮਾਰੀ ਹੋਈ ਸੀ। ਇਕ ਲੜ ਖੋਲ੍ਹ ਕੇ ਰੋਟੀ ਮੇਰੇ ਮੋਹਰੇ ਕਰ ਦਿੱਤੀ ਸੀ। ਮੇਰੀ ਹੀਰ ਸਲੇਟੀ ਰੋਟੀ ਦੀ ਪੂਣੀ ਬਣਾ ਕੇ ਮੇਰੇ ਮੂੰਹ ਵਿਚ ਪਾਉਣ ਲੱਗ ਪਈ ਸੀ। ਮੈਂ ਉਹਦੀਆਂ ਅੱਖਾਂ ਦੇ ਸਾਗਰ 'ਚ ਡੁੱਬਿਆ ਸਾਰੀ ਰੋਟੀ ਖਾ ਗਿਆ ਸੀ।

ਅਸੀਂ ਆਪਣੇ ਘਰ ਪੁੱਜ ਗਏ ਹਾਂ। ਵਾਹ! ਇਥੇ ਤਾਂ ਮੇਲਾ ਲੱਗਾ ਹੋਇਆ। ਪਟਿਆਲੇ ਵਾਲੇ ਅਦੀਬਾਂ ਨੇ ਬੰਗਾ ਦੇ ਅਦੀਬਾਂ ਨੂੰ ਫ਼ੋਨ ਕਰ ਦਿੱਤਾ ਸੀ। ਮੇਰੇ ਗਲ ਫੁੱਲਾਂ ਦੇ ਹਾਰ ਪਾਏ ਜਾ ਰਹੇ ਹਨ। ਸਭਾ ਦੇ ਪ੍ਰਧਾਨ ਬੀਸਲਾ ਸਾਹਿਬ ਤੇ ਸਕੱਤਰ ਹੀਓਂ ਸਾਹਿਬ ਵੱਲੋਂ ਮੈਨੂੰ ਪੁਰਖ਼ਲੂਸ ਖੁਸ਼ਆਮਦੀਦ ਕਿਹਾ ਗਿਆ ਹੈ। ਠੰਡੇ ਦੀਆਂ ਬੋਤਲਾਂ ਖੁੱਲ੍ਹ ਗਈਆਂ ਹਨ। ਮਿਠਾਈ ਆ ਗਈ ਹੈ। ਪਲੇਟਾਂ ਵਿਚ ਪਕੌੜੇ ਸੱਜ ਗਏ ਹਨ। ਕੱਪਾਂ ਵਿਚੋਂ ਚਾਹ ਲਪਟਾਂ ਮਾਰ ਰਹੀ ਹੈ।

ਹਰ ਕੋਈ ਕਲਾਵੇ ਭਰ ਰਿਹਾ ਹੈ। ਪੁਰਾਣੀਆਂ ਯਾਦਾਂ ਸਾਂਝੀਆਂ ਕਰ ਰਹੇ ਹਨ। ਇਨ੍ਹਾਂ ਵਿਚੋਂ ਕੋਈ ਵੀ ਮੇਰਾ ਵਾਕਫ਼ ਨ੍ਹੀਂ ਹੈ। ਪਰ ਗੱਲਾਂ ਇੰਝ ਕਰ ਰਹੇ ਹਨ ਜਿਵੇਂ ਸਦੀਆਂ ਤੋਂ ਜਾਣਦੇ ਹੋਣ। ਮੈਨੂੰ ਪਿਆਰ ਨਾਲ ਨੱਕੋ ਨੱਕ ਭਰ ਦਿੱਤਾ ਹੈ। ਇਹ ਉਹੀ ਲੋਕ ਨੇ? ਮੈਨੂੰ ਕੋਈ ਫ਼ਰਕ ਨਹੀਂ ਦਿਸ ਰਿਹਾ। ਮੇਰੀ ਦੋਆਬੀ ਬੋਲੀ ਬੋਲਦੇ ਹਨ। ਜੇ ਕੋਈ ਬਦਲਾਅ ਦਿਸਦੈ। ਉਹ ਮਕਾਨ ਉਸਾਰੀ ਦਾ ਹੈ। ਮੇਰੇ ਆਪਣੇ ਘਰ ਦਾ ਨਕਸ਼ਾ ਬਦਲਿਆ ਪਿਆ। ਨਵੇਂ ਮਾਲਕ ਵੱਸੇ ਹੋਏ ਹਨ। ਇਨ੍ਹਾਂ ਦੇ ਚਾਅ ਵਿਚ ਧਰਤੀ ਨਾਲ ਪੈਰ ਨ੍ਹੀਂ ਲੱਗ ਰਹੇ। ਨੱਠ-ਨੱਠ ਕੇ ਖਾਣ ਪੀਣ ਦਾ ਸਮਾਨ ਵਰਤਾਅ ਰਹੇ ਹਨ। ਹੁਣ ਮਕਾਨ ਬਾਰੇ ਦੱਸ ਰਹੇ ਹਨ।

"ਬਾਕੀ ਤਾਂ ਸਾਰਾ ਕੁਝ ਅਸੀਂ ਬਣਾਇਆ। ਪਿਛਲੇ ਦੋ ਕਮਰੇ ਤੁਹਾਡੇ ਵਾਲੇ ਹਨ। ਖਾਸਕਰ ਉਨ੍ਹਾਂ ਦੀਆਂ ਕੰਧਾਂ ਦਰਵਾਜ਼ੇ। ਰੋਸ਼ਨਦਾਨ ਬਹੁਤ ਮਜ਼ਬੂਤ ਸਨ ਸੀਖਾਂ ਵਾਲੇ। ਪਰ ਬੱਚਿਆਂ ਨੇ ਪੁਟਾ ਕੇ ਆਧੁਨਿਕ ਲੁਆ ਦਿੱਤੇ, ਚਾਰ-ਪੰਜ ਸਾਲ ਪਹਿਲਾਂ।...ਆਓ ਦੇਖੀਏ।"

ਅਸੀਂ ਅੰਦਰ ਆਏ ਹਾਂ। ਮੈਂ ਦਰਵਾਜ਼ਿਆਂ ਨੂੰ ਟੋਹਿਆ ਹੈ। ਕੰਧਾਂ 'ਤੇ ਹੱਥ ਫੇਰ ਰਿਹਾ ਹਾਂ। ਕੈਮਰੇ ਫਟਾਫਟ ਫ਼ੋਟੋ ਖਿੱਚ ਰਹੇ ਹਨ। ਮੈਂ ਰੋਸ਼ਨਦਾਨਾਂ 'ਤੇ ਨਿਗ੍ਹਾ ਟਿਕਾ

ਲਈ ਹੈ। ਮੁਸਕਰਾ ਪਿਆ ਹਾਂ।

ਮੈਂ ਤੇ ਨਿਰਮਲਾ ਇਕ ਦੂਜੇ ਨੂੰ ਖ਼ਤੋਂ ਖ਼ਿਤਾਬਤ ਕਰਦੇ। ਉਹ ਕਾਗਜ਼ ਦੇ ਟੁਕੜੇ ’ਤੇ ਮੁਹੱਬਤ ਦਾ ਪੈਗਾਮ ਲਿਖਦੀ। ਖਾਲੀ ਮਾਚਿਸ ਦੀ ਡੱਬੀ ’ਚ ਕਾਗਜ਼ ਪਾਉਂਦੀ। ਆਪਣੇ ਘਰ ਦੇ ਵਿਹੜੇ ’ਚ ਥੋੜ੍ਹੀ ਮਿੱਟੀ ਚੁੱਕ ਕੇ ਡੱਬੀ ਵਿਚ ਪਾ ਦਿਆ ਕਰਦੀ। ਇਸ ਨਾਲ ਡੱਬੀ ਭਾਰੀ ਹੋ ਜਾਂਦੀ। ਉਹ ਗਲੀ ਤੇ ਸਾਡੇ ਘਰ ਵਾਲਿਆਂ ਦੀ ਅੱਖ ਤੋਂ ਬਚਾ ਕੇ ਡੱਬੀ ਸਾਡੇ ਕੋਠੇ ਦੇ ਰੋਸ਼ਨਦਾਨ ਰਾਹੀਂ ਅੰਦਰ ਸੁੱਟ ਦਿਆ ਕਰਦੀ। ਮੈਂ ਖ਼ਤ ਦੀ ਇਬਾਰਤ ਪੜ੍ਹਨ ਤੋਂ ਬਾਅਦ ਖਾਲੀ ਡੱਬੀ ਉਨ੍ਹਾਂ ਦੇ ਘਰ ਸੁੱਟ ਦਿਆ ਕਰਦਾ ਸੀ। ਇਹ ਇਸ ਗੱਲ ਦਾ ਸੰਕੇਤ ਹੁੰਦਾ ਸੀ ਕਿ ਮੈਨੂੰ ਖ਼ਤ ਮਿਲ ਗਿਆ ਹੈ।

ਮੈਂ ਦਿਨ ਵਿਚ ਕਈ-ਕਈ ਵਾਰ ਖ਼ਤ ਪੜ੍ਹਨਾ। ਜਵਾਬ ਬਾਰੇ ਸੋਚੀ ਜਾਣਾ। ਖ਼ਤ ਲਿਖ ਲੈਣਾ। ਡੱਬੀ ਵਿਚ ਪਾ ਕੇ ਉਨ੍ਹਾਂ ਦੇ ਘਰ ਸੁੱਟ ਦੇਣਾ। ਇਹ ਡੱਬੀ ਹੀ ਸਾਡਾ ਕਾਸਿਦ ਸੀ। ਅਸੀਂ ਸਾਰੀ ਉਮਰ ਸਾਥ ਨਿਭਾਉਣ ਅਤੇ ਇਕ ਦੂਜੇ ਨਾਲ ਨਿਕਾਹ ਕਰਨ ਦੀ ਸਹੁੰ ਖਾਧੀ ਸੀ। ਹੌਲੀ-ਹੌਲੀ ਆਪਣੇ ਸੁਪਨਿਆਂ ਨੂੰ ਅੰਜ਼ਾਮ ਦੇਣ ਲੱਗੇ।

ਮੈਂ ਅਜੇ ਰੋਸ਼ਨਦਾਨ ਨਾਲੋਂ ਟੁੱਟ ਨਹੀਂ ਪਾਇਆ। ਪ੍ਰੈੱਸ ਵਾਲੇ ਆਪਣੇ ਕੈਮਰੇ ਚੁੱਕੀ ਕੋਠੇ ਉੱਤੇ ਜਾ ਚੜ੍ਹੇ ਹਨ। ਮੈਨੂੰ ਵੀ ਲੈ ਗਏ ਹਨ। ਇਲੈਕਟ੍ਰੋਨਿਕ ਮੀਡੀਏ ਵਾਲਿਆਂ ਨੇ ਕੋਠੇ ਉੱਤੇ ਘੁੰਮਦਿਆਂ ਦੇ ਸ਼ਾਟ ਲੈਣੇ ਹਨ। ਮੇਰੀ ਨਿਗ੍ਹਾ ਨਿਰਮਲਾ ਦੇ ਕੋਠੇ ਵੱਲ ਗਈ ਹੈ। ਹਉਂਕਾ ਨਿਕਲ ਗਿਆ ਹੈ।

“ਅੰਕਲ ਜੀ, ਜਰਾ ਮੁਸਕਰਾ ਕੇ।” ਕੈਮਰਾਮੈਨ ਨੇ ਕਿਹਾ ਹੈ।

ਹੁਣ ਬਨੇਰਿਆਂ ਦੇ ਉੱਤੇ ਜੰਗਲੇ ਲੱਗ ਗਏ ਹਨ। ਉਦੋਂ ਤਿੰਨ ਤਿੰਨ ਵਾਰ ਇੱਟਾਂ ਦੇ ਲੱਗੇ ਹੋਏ ਸਨ। ਦੀਵਾਲੀ ਵਾਲੀ ਰਾਤ ਨੂੰ ਯਾਦ ਕਰਕੇ ਮੁਸਕਰਾ ਪਿਆ ਹਾਂ। ਕੈਮਰਾਮੈਨ ਓ. ਕੇ. ਕਹਿ ਰਿਹਾ ਏ। ਨਿਰਮਲਾ, ਮਨੋਹਰ ਤੇ ਇੰਦਰ ਬਨੇਰਿਆਂ ’ਤੇ ਦੀਵੇ ਬਾਲ਼ ਰਹੇ ਸਨ। ਮੈਂ ਵੀ ਆਪਣੇ ਕੋਠੇ ’ਤੇ ਦੀਵੇ ਬਾਲ਼ਣ ਲੱਗ ਪਿਆ ਸੀ। ਅੰਮੀ ਨੂੰ ਅਜੀਬ ਜਿਹਾ ਲੱਗ ਰਿਹਾ ਸੀ। ਉਹਨੇ ਮੈਨੂੰ ਦਬਕਿਆ ਵੀ। ਮੈਂ ਆਪਣੀ ਧੁੰਨ ਵਿਚ ਮਸਤ ਸੀ। ਨਿਰਮਲਾ ਗਲੀ ਵਾਲੇ ਪਾਸੇ ਬਨੇਰੇ ’ਤੇ ਦੀਵੇ ਰੱਖ ਰਹੀ ਸੀ। ਮੈਂ ਹੌਲੀ ਦੇਣੀ ਕਿਹਾ ਸੀ-

“ਪਤੈ? ਮੈਂ ਕਿਉਂ ਇਹ ਦੀਵੇ ਬਾਲ਼ ਰਿਹਾ ਹਾਂ?”

“ਇਹ ਸਾਡੀ ਮੁਹੱਬਤ ਦੀ ਰੋਸ਼ਨੀ ਏ।” ਉਸਨੇ ਭਰਾਵਾਂ ਤੋਂ ਅੱਖ ਬਚਾ ਕੇ ਸਹਿਜ ਸੁਭਾਅ ਜਵਾਬ ਦਿੱਤਾ ਸੀ। ਸੁਣ ਕੇ ਠਰੀ ਰਾਤ ਵਿਚ ਨਿੱਘ ਆ ਗਿਆ ਸੀ।

“ਆਪਣੀ ਮੁਹੱਬਤ ਨਾਲ ਪੂਰੇ ਜਗਤ ਨੂੰ ਰੋਸ਼ਨ ਕਰਨ ਖ਼ਾਤਰ ਹੀ ਤਾਂ ਅਸੀਂ ਦੀਵੇ ਬਾਲ਼ ਰਹੇ ਹਾਂ।” ਮੈਂ ਹੌਲੀ ਜਿਹੀ ਕਿਹਾ ਸੀ। ਸ਼ਾਇਦ ਉਹਨੂੰ ਸੁਣਿਆ ਨ੍ਹੀਂ ਸੀ।

ਕੈਮਰਾਮੈਨ ਨੇ ਅੱਖਾਂ ’ਤੇ ਹੱਥ ਰੱਖ ਕੇ ਗੁਆਂਢੀਆਂ ਦੇ ਘਰ ਵੱਲ ਦੇਖਣ ਨੂੰ ਕਿਹਾ ਹੈ। ਉਹੀ ਪੁਰਾਣਾ ਘਰ। ਉਹੀ ਰੋਸ਼ਨਦਾਨ। ਖਸਤਾ ਹਾਲਤ ਦੇਖ ਕੇ ਮਨ ਖ਼ਰਾਬ ਹੋ ਗਿਆ ਹੈ। ਕੈਮਰਾਮੈਨ ਇਹ ਉਦਾਸੀ ਭਰੇ ਪਲ ਕੈਮਰੇ ਵਿਚ ਕੈਦ ਕਰ ਰਿਹਾ

ਹੈ।

“ਇਹ ਘਰ ਤਾਂ ਬਾਊ ਜੀ ਸ਼ਿਵ ਨਾਥ ਹੁਰਾਂ ਦੀ ਮਲਕੀਅਤ ਹੁੰਦਾ ਸੀ। ਰੇਲਵੇ ’ਚ ਨੌਕਰੀ ਕਰਦੇ ਸੀਗੇ। ਇਹ ਕਿੱਥੇ ਗਏ?”

“ਉਨ੍ਹਾਂ ਦਾ ਪਤਾ ਨਈਂ। ਨਿਰਮਲਾ ਨਾਂ ਦੀ ਇੱਕ ਬੁੱਢੀ ਆਪਣੇ ਭਰਾਵਾਂ ਭਰਜਾਈਆਂ ਕੋਲ ਰਹਿੰਦੀ ਹੁੰਦੀ ਸੀ। ਉਹਨੇ ਵਿਆਹ ਨ੍ਹੀਂ ਸੀ ਕਰਵਾਇਆ।” ਇਕ ਗੱਭਰੂ ਬੋਲਿਆ ਹੈ।

“ਪੁੱਤਰਾ, ਨਿਰਮਲਾ ਕਿਥੇ ਆ? ਮੈਂ ਉਹਨੂੰ ਮਿਲਣਾ ਚਾਹੁੰਨਾ ਵਾਂ” ਮੈਨੂੰ ਲੱਗਿਆ ਮੇਰੀ ਮੁਹੱਬਤ ਮਿਲ ਜਾਵੇਗੀ।

“ਉਹ ਬਾਬਾ ਮੋਹਣ ਸਿੰਘ ਆ ਗਿਆ। ਉਹਨੂੰ ਸਾਰਾ ਕੁਝ ਪਤੈ। ਇਸ ਟੱਬਰ ਦੇ ਸਭ ਤੋਂ ਵੱਧ ਨੇੜੇ ਦਾ ਬੰਦਾ ਰਿਹਾ ਏ।” ਉਸ ਬੰਦੇ ਨੇ ਲੱਕ ’ਤੇ ਹੱਥ ਰੱਖ ਕੇ ਪੌੜੀ ਚੜ੍ਹ ਰਹੇ ਮੋਹਣੇ ਵੱਲ ਇਸ਼ਾਰਾ ਕੀਤਾ ਹੈ। ਟੀ ਸਟਾਲ ਵਾਲਾ ਵੀ ਨਾਲ ਈ ਏ।

ਮੋਹਣੇ ਨੇ ਮੇਰਾ ਕਲਾਵਾ ਭਰ ਲਿਆ ਹੈ। ਘੁੱਟੀ ਜਾ ਰਿਹਾ ਹੈ। ਮੈਨੂੰ ਛੱਡ ਨ੍ਹੀਂ ਰਿਹਾ। ਮੇਰੇ ਹੱਥ ਚੁੰਮ ਰਿਹਾ। ਪਹਿਲੀ ਵਾਰ ਜਾਪ ਰਿਹਾ ਕੋਈ ਆਪਣਾ ਵੀ ਏ ਏਥੇ ਅਜੇ। ਅੱਖਾਂ ਵਿਚ ਅੱਥਰੂ ਹਨ। ਕੈਮਰੇ ਇਨ੍ਹਾਂ ਪਲਾਂ ਨੂੰ ਫੜ ਰਹੇ ਹਨ। ਮੋਹਣਾ ਮੈਨੂੰ ਬਾਂਹ ਤੋਂ ਫ਼ੜ ਕੇ ਥੱਲੇ ਲੈ ਗਿਆ ਏ। ਨਿਰਮਲਾ ਦੇ ਘਰ ਜਾ ਵੜੇ ਹਾਂ। ਅੰਦਰੋਂ ਘਰ ਤਾਂ ਖੰਡਰ ਬਣਿਆ ਹੋਇਆ ਹੈ।

“ਰਿਆਜ਼, ਨਿਰਮਲਾ ਨਈਂ ਰਹੀ। ਪਿਛਲੇ ਵੀਹ ਵਰ੍ਹੇ ਪੰਜਾਬ ਖ਼ੂਨ ਵਿਚ ਡੁੱਬਿਆ ਰਿਹਾ। ਇਹ ਟੱਬਰ ਵੀ ਉਸ ਦੁਖਾਂਤ ਦੀ ਭੇਟ ਚੜ੍ਹ ਗਿਆ।” ਮੋਹਣੇ ਤੋਂ ਅੱਗੇ ਬੋਲਿਆ ਨਹੀਂ ਗਿਆ।

ਰਿਸ਼ਤੇ ਤਾਂ ਰੂਹ ਦੇ ਹੁੰਦੇ ਹਨ। ਨਿਰਮਲਾ ਨਾਲ ਮੇਰਾ ਰਿਸ਼ਤਾ ਰੂਹ ਦਾ ਸੀ। ਅੱਜ ਸਤਵੰਜਾ ਸਾਲਾਂ ਬਾਅਦ ਵੀ ਉਹ ਮੇਰੀ ਰਗ-ਰਗ...ਮੇਰੇ ਲਹੂ ਵਿਚ ਵਸੀ ਹੋਈ ਹੈ। ਕੋਈ ਰੋਜ਼ ਐਸਾ ਨਹੀਂ ਹੋਣਾ, ਜਿੱਦਣ ਮੈਂ ਉਹਦਾ ਤਸੱਵਰ ਨਾ ਕੀਤਾ ਹੋਵੇ। ਉਹਦਾ ਨਾਂ ਨਾ ਲਿਆ ਹੋਵੇ। ਜਦੋਂ ਮੈਂ ਘਰੋਂ ਤੁਰਨ ਲੱਗਾ। ਮੇਰੇ ਪੋਤੇ ਨੇ ਛੇੜਿਆ।

“ਦਾਦੂ ਜਾਨ ਆਉਂਦੇ ਵਕਤ ਸਾਡੀ ਦਾਦੀ ਨੂੰ ਲੈਈ ਆਉਣਾ।”

ਮੈਂ ਕਿੱਥੋਂ ਲੈ ਜਾਵਾਂ? ਉਹ...। ਮੈਂ ਗੁੰਮ ਸੁਮ ਹੋ ਗਿਆ ਹਾਂ। ਕੈਮਰਿਆਂ ਦੇ ਮੋਹਰੇ ਰੋ ਵੀ ਨਹੀਂ ਸਕਦਾ।

“ਇਕ ਗੱਲ ਦੀ ਢਾਰਸ ਏ। ਜਿਨ੍ਹਾਂ ਆਪਾਂ ਨੂੰ ਸੰਤਾਲੀ ਵੇਲੇ ਵੰਡਿਆ ਸੀ। ਉਹ ਨੱਬੇਵਿਆਂ ਵਿੱਚ ਸਾਨੂੰ ਤੇ ਇਨ੍ਹਾਂ ਨੂੰ ਵੰਡ ਨ੍ਹੀਂ ਸਕੇ।” ਮੋਹਣਾ ਮਾਣ ਨਾਲ ਕਹਿ ਰਿਹਾ ਏ।

ਕਾਸ਼ ਸਾਨੂੰ ਵੀ ਲੁੱਟ ਲੈਂਦੇ। ਵੱਢ ਦਿੰਦੇ। ਮਾਰ ਲੈਂਦੇ। ਪਰ ਵੰਡਦੇ ਨਾ। ਮੇਰੀ ਨਿਰਮਲਾ ਨੂੰ ਮੈਤੋਂ ਜੁਦਾ ਨਾ ਕਰਦੇ। ਮੈਂ ਅਫ਼ਸੋਸ ਵਿਚ ਡੁੱਬਿਆ ਪਿਆ ਹਾਂ। ਮੋਹਣੇ ਦੀਆਂ ਗੱਲਾਂ ਨਹੀਂ ਮੁੱਕ ਰਹੀਆਂ। ਉਹ ਬੰਗੇ ਉਸ ਕੋਲ ਕਿੰਨੇ ਦਿਨ ਠਹਿਰਨਾ, ਬਾਰੇ ਪੁੱਛ ਰਿਹਾ। ਪੁਰਾਣੇ ਮਿੱਤਰਾਂ ਬਾਰੇ ਦੱਸੀ ਜਾ ਰਿਹਾ ਏ। ਮੈਂ ਚਾਹੁੰਨਾ ਉਹ ਨਿਰਮਲਾ ਬਾਰੇ ਗੱਲਾਂ ਕਰੇ। ਪਰ ਉਹ....।

“ਉਂਝ ਤੇ ਮੈਂ ਚਾਹੁੰਦਾ ਸੀ, ਤੂੰ ਕੁਝ ਦਿਨ ਮੇਰੇ ਕੋਲ ਠਹਿਰਦਾ। ਤੇਰਾ ਅੱਜ

ਦਾ ਬੰਗਾ ਤੈਨੂੰ ਦਿਖਾ ਦਿੰਦਾ। ਹੁਣ ਤੂੰ ਘਰ ਜਾਣ ਨੂੰ ਕਿਉਂ ਨਹੀਂ ਮੰਨਦਾ? ਖ਼ੈਰ....ਤੇਰੀਆਂ ਵੀਜ਼ੇ ਦੀਆਂ ਸਮੱਸਿਆਵਾਂ ਨੇ। ਅਜੇ ਜਾਈਂ ਨਾ। ਮੇਰੇ ਕੋਲ ਤੇਰੀ ਸ਼ੈਅ ਏ। ਉਡੀਕ ਲਈਂ। ਮੈਂ ਆਇਆ।" ਮੋਹਣਾ ਕਿਸੇ ਦੇ ਮੋਟਰ ਸਾਇਕਲ 'ਤੇ ਬੈਠ ਕੇ ਚਲਾ ਗਿਆ ਹੈ।

ਮੀਡੀਏ ਵਾਲੇ ਮਸਜਿਦ ਲੈ ਆਏ ਹਨ। ਮੈਂ ਮਸਜਿਦ ਦਾ ਰੂਪ ਦੇਖ ਕੇ ਹੈਰਾਨ ਹੋਇਆ ਹਾਂ। ਉਂਝ ਤੇ ਹਰ ਧਾਰਮਿਕ ਇਮਾਰਤ ਇੱਟਾਂ ਦੀ ਬਣੀ ਹੁੰਦੀ ਹੈ। ਉਹਨੂੰ ਕੋਈ ਵੀ ਰੂਪ ਦਿੱਤਾ ਜਾ ਸਕਦਾ ਹੈ। ਕੀ ਫ਼ਰਕ ਪੈਂਦਾ। ਇਸ ਮਸਜਿਦ ਨੂੰ ਗੁਰਦੁਆਰੇ ਦਾ ਰੂਪ ਦੇ ਦਿੱਤਾ ਗਿਆ ਹੈ। ਇਹ ਤੇ ਇਵੇਂ ਲੱਗ ਰਿਹਾ ਜਿਵੇਂ ਕਿਸੇ ਤ੍ਰੀਮਤ ਦੇ ਖਾਵੰਦ ਨੂੰ ਜਲਾਵਤਨ ਕਰ ਦਿੱਤਾ ਜਾਵੇ ਤੇ ਉਸ ਉਤੇ ਕੋਈ ਚਾਦਰ ਪਾ ਲਵੇ।

ਪੱਤਰਕਾਰਾਂ ਨੇ ਮੈਨੂੰ ਇਬਾਦਤ ਕਰਨ ਲਾ ਦਿੱਤਾ। ਆਪ ਸ਼ਾਟ ਲੈਣ ਲੱਗ ਪਏ ਹਨ।

"ਤੁਸੀਂ ਪਾਕਿਸਤਾਨ ਖੁਸ਼ੀ-ਖੁਸ਼ੀ ਗਏ ਸੀ? ਤੁਹਾਡੇ ਲੋਕਾਂ ਦੀ ਮੰਗ ਜੂ ਸੀ ਵੱਖਰੇ ਦੇਸ਼ ਦੀ।" ਇਕ ਕਾਹਲੇ ਪੱਤਰਕਾਰ ਨੇ ਸਵਾਲ ਕੀਤਾ ਹੈ।

ਇਹਨੂੰ ਕੀ ਦੱਸਾਂ, ਉਹ ਕੀਹਦੀ ਮੰਗ ਸੀ? ਉਹ ਮਨਹੂਸ ਦਿਨ ਨਹੀਂ ਭੁੱਲਣੇ। ਜਦੋਂ ਦੇਸ਼ ਨੂੰ ਤਕਸੀਮ ਕਰਨ ਦਾ ਐਲਾਨ ਹੋਇਆ ਸੀ। ਅੱਬਾ ਜੀ ਕਿਸੇ ਵੀ ਸੂਰਤੇਹਾਲ ਪਾਕਿਸਤਾਨ ਜਾਣਾ ਨ੍ਹੀਂ ਚਾਹੁੰਦੇ ਸਨ।

"ਅਬਦੁਲ ਰਸ਼ੀਦ, ਹੁਣ ਤੇ ਭਾਈ ਜਾਣਾ ਈ ਪੈਣਾ।" ਬਾਊ ਸ਼ਿਵ ਨਾਥ ਨੇ ਪਤਾ ਨ੍ਹੀਂ ਕਿਹੜੀ ਟੋਨ ਵਿਚ ਅੱਬਾ ਜੀ ਨੂੰ ਕਿਹਾ ਸੀ।

ਨਿਰਮਲਾ ਦੇ ਬਾਊ ਕੁਝ ਵੀ ਕਹਿਣ। ਉਹ ਮੈਨੂੰ ਹਰ ਰੋਜ਼ ਖ਼ਤ ਲਿਖਦੀ।

'ਮੇਰੇ ਪਿਆਰੇ ਰਿਆਜ਼ ਅਹਿਮਦ, ਜੇ ਤੂੰ ਚਲਾ ਗਿਆਂ। ਮੈਂ ਕਿਸੇ ਨਾਲ ਵਿਆਹ ਨ੍ਹੀਂ ਕਰਾਵਾਂਗੀ। ਕੁਆਰੀ ਬੈਠੀ ਰਹਾਂਗੀ।' ਇਸ ਗੱਲ 'ਤੇ ਉਹ ਹਰ ਵਾਰ ਜ਼ੋਰ ਦਿੰਦੀ।

ਲਿਹਾਜ਼ਾ, ਮੈਨੂੰ ਕੁਝ ਸੁੱਝ ਨ੍ਹੀਂ ਰਿਹਾ ਸੀ। ਹਿੰਦੂ ਸਿੱਖ ਮੁਸਲਿਮ ਦੰਗੇ ਭੜਕ ਪਏ ਸਨ। ਇਕ ਦਿਨ ਘੁਸਮੁਸੇ ਜਿਹੇ ਵਿਚ ਹਥਿਆਰਬੰਦ ਬੰਦੇ ਸਾਡੇ ਘਰ ਆਏ। ਮੇਰੀ ਭੈਣ ਆਫ਼ਸ਼ਾਂ ਨੂੰ ਚੁੱਕ ਕੇ ਲੈ ਗਏ। ਅਸੀਂ ਤਾਂ ਜੀਉਂਦੇ ਜੀਅ ਮਰ ਗਏ।

"ਅਸੀਂ ਹਿੰਦੂ-ਸਿੱਖ ਭਾਈਚਾਰੇ ਤੋਂ ਐਸੀ ਤਵੱਕੋਂ ਨਈਂ ਸਾਂ ਰੱਖਦੇ।" ਅੱਬੂ ਮੇਰੇ ਦੀ ਜ਼ੁਬਾਨ ਤਾਲੂਏ ਨਾਲ ਜਾ ਲੱਗੀ ਸੀ।

ਮੁਹੱਲੇ ਵਿਚ ਦਹਿਸ਼ਤ ਵਾਲਾ ਮਾਹੌਲ ਸੀ। ਸਾਡਾ ਟੱਬਰ ਘਰ ਵਿਚ ਸਹਿਮਿਆ ਬੈਠਾ ਸੀ। ਅੰਮੀ ਕੋਠੇ ਜਾ ਚੜ੍ਹਦੀ। ਆਫ਼ਸ਼ਾਂ ਲਈ ਰੋਈ ਜਾਂਦੀ। ਉਹਨੂੰ ਇਧਰ-ਉਧਰ ਦੇਖਦੀ। ਫਿਰ ਕਰੀਹੇ ਤੇ ਕਮਾਮ ਪਿੰਡਾਂ ਵਿਚ ਮੁਸਲਮਾਨਾਂ ਦਾ ਕਤਲੇਆਮ ਕਰ ਦਿੱਤਾ ਗਿਆ। ਬੰਗਿਆਂ ਥਾਣੇ ਦੇ ਮੁਸਲਮਾਨ ਥਾਣੇਦਾਰ ਨੂੰ ਵੀ ਬਖਸ਼ਿਆ ਨਾ ਗਿਆ। ਜਿਉਂ ਹੀ ਇਹ ਖ਼ਬਰਾਂ ਫ਼ੈਲੀਆਂ। ਸਾਰਿਆਂ ਨੂੰ ਇੱਥੇ ਮਸਜਿਦ ਵਿੱਚ ਇਕੱਤਰ ਕੀਤਾ ਗਿਆ ਸੀ। ਮੋਹਤਬਰਾਂ ਨੇ ਅਗਲੀ ਰਾਤ ਤੁਰਨ ਦਾ ਫ਼ੈਸਲਾ ਸੁਣਾਇਆ ਸੀ।

ਪੱਤਰਕਾਰ ਸਵਾਲ ਪੁੱਛੀ ਜਾ ਰਹੇ ਹਨ। ਮੇਰੇ ਕੋਲ ਜਵਾਬ ਨ੍ਹੀਂ ਹੈ। ਉਸ ਵੇਲੇ ਸਾਡੇ ਕੋਲ ਵੀ ਬਹੁਤ ਸਵਾਲ ਸਨ। ਮਸਲਨ ਸਾਡੇ ਦੇਸ਼ ਵਿਚੋਂ ਹੀ ਸਾਨੂੰ ਕਿਉਂ

ਕੱਢਿਆ ਜਾ ਰਿਹਾ ਏ? ਪਰ ਕਿਸੇ ਕੋਲ ਜਵਾਬ ਨ੍ਹੀਂ ਸੀ। ਬੱਸ ਬੇਵੱਸੀ ਸੀ।

ਅਸੀਂ ਮਸਜਿਦ ਹੋ ਆਏ ਹਾਂ। ਘਰ ਪ੍ਹੁੰਜ ਗਿਆ ਹਾਂ। ਇਹ ਖਾਣ ਨੂੰ ਪੈਂਦਾ। ਇਸ ਘਰ ਵਿਚੋਂ ਹੀ ਮੇਰੀ ਭੈਣ ਅਗਵਾ ਕੀਤੀ ਸੀ। ਜਬਰ ਜਨਾਹ ਹੋਇਆ ਹੋਏਗਾ। ਕਤਲ ਕਰ ਦਿੱਤੀ ਹੋਏਗੀ। ਨ੍ਹੀਂ ਉਹ ਨੇ ਖੁਦ ਹੀ ਖੂਹ ਵਿਚ ਛਾਲ ਮਾਰ ਦਿੱਤੀ ਹੋਵੇਗੀ। ਇਹ ਵੀ ਤੇ ਹੋ ਸਕਦਾ ਧੱਕੇ ਨਾਲ ਕਿਸੇ ਲੋੜਵੰਦ ਦਾ ਘਰ ਵਸਾ ਦਿੱਤਾ ਹੋਏਗਾ। ਪਰ ਉਹ ਮੇਰਾ ਖਹਿੜਾ ਕਿਉਂ ਨ੍ਹੀਂ ਛੱਡ ਰਹੀ? ਉਹ ਤਾਂ ਮੈਨੂੰ ਕੁੱਛੜ ਚੁੱਕ ਕੇ ਖਿਡਾਂਦੀ ਰਹੀ ਹੈ। ਤੇ ਨਿਰਮਲਾ...। ਮੇਰੀ ਤਬੀਅਤ ਨਾਸਾਜ਼ ਹੋ ਗਈ ਹੈ। ਮੈਂ ਪੱਤਰਕਾਰਾਂ ਨੂੰ ਕਿਹਾ ਹੈ।

"ਬੱਚਿਓ, ਹੁਣ ਬੱਸ।...ਤੁਸੀਂ ਇਥੇ ਬੈਠੋ। ਮੈਂ ਜਰਾ ਕੋਠੇ 'ਤੇ ਚੱਲਿਆ ਹਾਂ। ਉੱਤੇ ਕੋਈ ਆਵੇ ਨਾ।"

ਮੈਂ ਕੋਠੇ 'ਤੇ ਆ ਗਿਆ ਹਾਂ। ਮੇਰੀਆਂ ਲੱਤਾਂ ਬਾਹਾਂ ਵਿਚ ਜਾਨ ਨ੍ਹੀਂ ਰਹੀ। ਮੈਂ ਹੇਠਾਂ ਬੈਠ ਗਿਆ ਹਾਂ। ਛੱਤ ਦੀ ਮਿੱਟੀ ਵਿਚ ਉਂਗਲਾਂ ਫੇਰਨ ਲੱਗ ਪਿਆ ਹਾਂ। ਮਿੱਟੀ ਵਿਚੋਂ ਆਪਣੀ ਭੈਣ ਆਫ਼ਸ਼ਾਂ ਨੂੰ ਲੱਭ ਰਿਹਾ ਹਾਂ। ਮੇਰੇ ਅੱਥਰੂ ਨਿਕਲ ਆਏ ਹਨ। ਬੁੱਲ੍ਹ ਕੰਬ ਰਹੇ ਹਨ। ਮੈਂ ਧਾਹਾਂ ਮਾਰ ਕੇ ਉੱਚੀ-ਉੱਚੀ ਰੋਣਾ ਚਾਹੁੰਦਾ ਹਾਂ ਪਰ ਆਵਾਜ਼ ਨ੍ਹੀਂ ਕੱਢ ਰਿਹਾ। ਖੌਰੇ ਆਵਾਜ਼ ਥੱਲੇ ਨਾ ਪ੍ਹੁੰਜ ਜਾਵੇ। ਮੈਂ ਲਿਟ ਗਿਆ ਹਾਂ। ਮਿੱਟੀ ਵਿਚ ਲੱਤਾਂ ਬਾਹਾਂ ਮਾਰਨ ਲੱਗ ਪਿਆ ਹਾਂ। ਮੈਂ ਨਿਰਮਲਾ ਲਈ ਵੀ ਪਿੱਟ ਸਿਆਪਾ ਕਰਨਾ ਚਾਹੁੰਦਾ ਹਾਂ। ਮੈਂ ਬੰਗਿਆਂ ਦੀ ਖ਼ਾਕ ਵਿਚ ਹੀ ਦਫ਼ਨ ਹੋਣਾ ਚਾਹੁੰਨਾ, ਜਿਥੇ ਉਹ ਕੁਰਬਾਨ ਹੋ ਗਈ। ਉਹ ਬਨੇਰਿਆਂ 'ਤੇ ਮੁਹੱਬਤ ਦੇ ਦੀਵੇ ਬਾਲ਼ਦੀ ਰਹੀ।

ਮੈਂ ਅੱਥਰੂ ਪੂੰਝੇ ਹਨ। ਕੱਪੜੇ ਝਾੜੇ ਹਨ। ਹੇਠਾਂ ਆਪਣੇ ਵਿਹੜੇ ਵਿਚ ਆ ਗਿਆ ਹਾਂ। ਮੇਜ਼ 'ਤੇ ਖਾਣਾ ਲੱਗਾ ਹੋਇਆ ਹੈ। ਮੈਨੂੰ ਉਡੀਕ ਰਹੇ ਸਨ। ਮੇਰੇ ਲਈ ਖਾਣਾ ਪਰੋਸ ਦਿੱਤਾ ਗਿਆ ਹੈ। ਮੈਂ ਬੁਰਕੀ ਮੂੰਹ ਵਿਚ ਪਾਈ ਹੈ। ਅੰਦਰ ਨ੍ਹੀਂ ਲੰਘ ਰਹੀ। ਘਰ ਵਾਲੇ ਖਾਣ ਲਈ ਜ਼ੋਰ ਪਾ ਰਹੇ ਹਨ। ਮੈਂ ਥਾਲੀ ਪਾਸੇ ਕਰਕੇ ਰੱਖ ਦਿੱਤੀ ਹੈ। ਮੈਂ ਪਾਣੀ ਦਾ ਗਲਾਸ ਭਰਿਆ ਹੈ। ਲੰਘ ਤਾਂ ਇਹ ਵੀ ਨ੍ਹੀਂ ਰਿਹਾ। ਮਸੀਂ ਘੁੱਟ ਭਰਦਾ ਹਾਂ। ਗਲਾ ਸਾਫ਼ ਕਰਦਾ ਹਾਂ। ਸ਼ਾਇਦ ਅਦੀਬ ਮੇਰੀ ਹਾਲਤ ਸਮਝ ਗਏ ਹਨ। ਮੈਂ ਚੁੱਪ ਕਰਕੇ ਬੈਠ ਗਿਆ ਹਾਂ। ਗੁਰਜੀਤ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖੀ ਜਾ ਰਿਹਾ। ਸ਼ਾਇਦ ਉਸ ਰਾਤ ਦਾ ਵਾਕਿਆ ਜਾਣਨਾ ਚਾਹੁੰਦਾ ਹੋਵੇ।

ਆਖਰ ਮਨਹੂਸ ਵਕਤ ਨੇ ਆ ਦਰਵਾਜ਼ਾ ਖੜਕਾਇਆ।

ਅਗਲੀ ਰਾਤ ਪੈਂਦਿਆਂ ਹੀ ਅਸੀਂ ਬਹਿਰਾਮ ਕੈਂਪ ਲਈ ਰੁਖਸਤ ਹੋਣ ਦੀ ਤਿਆਰੀ ਕਰ ਲਈ ਸੀ। ਬਾਹਰ ਘੁੱਪ ਹਨੇਰਾ। ਦਿਸੇ ਕੁਝ ਨਾ। ਘਰੋਂ ਨਿਕਲ ਕੇ ਬਾਹਰ ਗਲੀ ਵਿਚ ਆਏ। ਡੱਬੀ ਡਿੱਗਣ ਦਾ ਖੜਾਕ ਹੋਇਆ ਸੀ। ਮੈਂ ਪਿੱਛੇ ਨੂੰ ਮੁੜ ਪਿਆ ਸੀ।

"ਰਿਆਜ਼! ਕਿਥੇ ਨੂੰ ਮੂੰਹ ਚੁੱਕਿਆ?" ਅੱਬਾ ਨੂੰ ਗੁੱਸਾ ਆ ਗਿਆ ਸੀ।

ਭਰਾ ਨੇ ਮੈਨੂੰ ਬਾਹੋਂ ਫ਼ੜ ਕੇ ਖਿੱਚ ਲਿਆ ਸੀ। ਦੇਸ਼ ਕਾਹਦਾ ਵੰਡਿਆ ਗਿਆ। ਮੈਨੂੰ ਤੇ ਨਿਰਮਲਾ ਨੂੰ ਤਕਸੀਮ ਕਰ ਦਿੱਤਾ ਗਿਆ। ਇਹ ਮਾੜਾ ਵਕਤ ਸਾਡੀ ਮੁਹੱਬਤ ਨੂੰ ਨਿਗਲ ਗਿਆ। ਮੇਰੀ ਭੈਣ...ਇਕ ਕੁਆਰੀ ਧੀ ਭੈਣ ਨੂੰ ਰੋਲ ਦਿੱਤਾ

ਗਿਆ।

ਮੋਟਰ ਸਾਇਕਲ ਖੜ੍ਹਾ ਹੋਇਆ ਹੈ। ਮੋਹਣੇ ਨੇ ਮੈਨੂੰ ਇਸ਼ਾਰਾ ਮਾਰਿਆ ਹੈ। ਉਹ ਨਿਰਮਲਾ ਦੇ ਘਰ ਅੰਦਰ ਲੈ ਗਿਆ ਹੈ। ਮਾਚਿਸ ਦੀ ਡੱਬੀ ਮੇਰੇ ਹੱਥਾਂ 'ਤੇ ਰੱਖੀ ਹੈ।

"ਇਹ ਉਹ ਡੱਬੀ ਏ ਜਿਹੜੀ ਉਹਨੇ ਉਸ ਰਾਤ ਰੋਸ਼ਨਦਾਨ ਰਾਹੀਂ ਸੁੱਟੀ ਸੀ। ਤੂੰ ਚੁੱਕ ਨਈਂ ਸੀ ਸਕਿਆ। ਅਗਲੇ ਦਿਨ ਤੁਹਾਡੇ ਘਰ ਦੀ ਲੁੱਟ ਖੋਹ ਹੋਈ ਸੀ। ਤੇ ਡੱਬੀ ਅੰਤ ਨਿਰਮਲਾ ਦੇ ਹੀ ਹੱਥ ਲੱਗੀ ਸੀ।" ਡੱਬੀ ਵਿਚਲੇ ਖ਼ਤ ਦਾ ਚੂਰਾ ਭੂਰਾ ਹੋਇਆ ਪਿਆ।

ਮੋਹਣੇ ਨੇ ਕਾਗਜ਼ਾਂ ਦਾ ਥੱਬਾ ਮੇਰੇ ਮੋਹਰੇ ਰੱਖਿਆ ਹੈ। ਕਾਗਜ਼ਾਂ ਦੀ ਹਾਲਤ ਬੜੀ ਮਾੜੀ ਹੈ। ਬੁਦਬੁਦੇ ਹੋਏ ਪਏ ਹਨ।

"ਭਾਈ ਇਹ ਉਹ ਖ਼ਤ ਨੇ ਜਿਹੜੇ ਤੈਨੂੰ ਲਿਖ-ਲਿਖ ਕੋਲ ਰੱਖਦੀ ਰਹੀ। ਉਹ ਰੋਂਦੀ ਰਹਿੰਦੀ ਸੀ। ਫ਼ਿਰ ਉਹਨੇ ਇਕ ਦਿਨ ਮੈਨੂੰ ਸੱਦਿਆ ਸੀ। ਕਹਿਣ ਲੱਗੀ-ਮੋਹਣ ਭਾਅ ਜੀ, ਆਸ ਤਾਂ ਹੈ ਨਈਂ। ਜੇ ਕਿਤੇ ਜ਼ਿੰਦਗੀ ਵਿਚ ਰਿਆਜ਼ ਨਾਲ ਮਿਲਾਪ ਹੋ ਜਾਵੇ। ਉਹਦੀ ਅਮਾਨਤ ਉਹਨੂੰ ਸੰਭਾਲ ਦਈਂ।"

ਮੈਂ ਦੋ ਕੁ ਖ਼ਤ ਪੜ੍ਹਨ ਤੋਂ ਬਾਅਦ ਝੋਲੇ ਵਿਚ ਪਾ ਲਏ ਹਨ। ਨਿਰਮਲਾ ਦੇ ਘਰ ਦੀ ਮਿੱਟੀ ਚੁੱਕੀ ਹੈ ਤੇ ਆਪਣੇ ਵਿਹੜੇ ਦੀ ਵੀ। ਦੋਨੋਂ ਮਿੱਟੀਆਂ ਡੱਬੀਆਂ ਵਿਚ ਪਾ ਲਈਆਂ ਹਨ। ਡੱਬੀ ਮੱਥੇ ਨੂੰ ਲਾਈ ਹੈ। ਫ਼ੈਸਲਾ ਕੀਤਾ ਕਿ ਲਾਹੌਰ ਜਾ ਕੇ ਵਸੀਅਤ ਲਿਖਾਂਗਾ।

"ਜਦੋਂ ਮੈਂ ਮਰਾਂ। ਇਹ ਡੱਬੀ ਮੇਰੇ ਨਾਲ ਦਫ਼ਨਾ ਦੇਣੀ। ਨਿਰਮਲਾ ਦੇ ਖ਼ਤ ਪੇਪਰਾਂ ਵਿਚ ਛਪਵਾ ਦੇਣੇ ਤਾਂ ਕਿ ਆਉਣ ਵਾਲੇ ਸਮਿਆਂ ਵਿਚ ਕਿਸੇ ਦੀ ਮੁਹੱਬਤ ਦਮ ਨਾ ਤੋੜ ਜਾਏ।"

"ਛੋਟੇ ਵੀਰ, ਮੈਂ ਇਥੇ ਚਿਰਾਗ਼ ਬਾਲ਼ਣਾ ਚਾਹੁੰਨਾ।"

ਇਹ ਸ਼ਬਦ ਮੇਰੇ ਮੂੰਹ ਵਿਚੋਂ ਨਿਕਲੇ ਹੀ ਹਨ। ਮੋਹਣਾ ਦੀਵੇ ਵਿਚ ਤੇਲ ਪਾ ਕੇ ਲੈ ਆਇਆ ਹੈ। ਮੈਂ ਬੱਤੀ ਨੂੰ ਤਿੱਖਾ ਕੀਤਾ ਹੈ ਤੇ ਮਾਚਿਸ ਜਲਾਈ ਹੈ। ਮੈਂ ਸਾਰਿਆਂ ਅੱਗੇ ਹੱਥ ਜੋੜੇ ਹਨ।

"ਦੋਸਤੋ, ਮੇਰੀ ਇਕੋ ਇਕ ਮੰਗ ਆ। ਹਫ਼ਤੇ ਬਾਅਦ ਇਥੇ ਕੋਈ ਦੀਵਾ ਬੱਤੀ ਕਰ ਦਿਆ ਕਰੇ। ਨਿਰਮਲਾ ਦੀ, ਮੇਰੀ ਭੈਣ ਦੀ, ਮੇਰੇ ਭਰਾਵਾਂ ਦੀ...ਮੇਰੀ ਅੰਮਾਂ ਦੀ ਯਾਦ ਵਿਚ।"

"ਮੈਂ ਇਹ ਚਿਰਾਗ਼ ਬਲ਼ਦਾ ਰੱਖਾਂਗਾਂ।" ਮੋਹਣੇ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਹੈ।

ਮੈਂ ਇਸ ਗੱਲੋਂ ਖੁਸ਼ ਆਂ, ਮੈਨੂੰ ਨਿਰਮਲਾ ਦੀ ਨਿਸ਼ਾਨੀ ਮਿਲ ਗਈ। ਪਰ ਭੈਣ ਦਾ ਜ਼ਖ਼ਮ ਉੱਨਾ ਹੀ ਗਹਿਰਾ ਹੈ। ਮੈਂ ਮੋਹਣੇ ਸਮੇਤ ਸਾਰਿਆਂ ਨੂੰ ਭੈਣ ਬਾਰੇ ਪੁੱਛਿਆ ਹੈ। ਪਰ ਆਫ਼ਸ਼ਾਂ ਦੀ ਕੋਈ ਉੱਘ-ਸੁੱਘ ਨ੍ਹੀਂ ਦੇ ਰਿਹਾ। ਇਹ ਜ਼ਖ਼ਮ ਮੈਂ ਨਾਲ ਈ ਲੈ ਕੇ ਜਾ ਰਿਹਾ ਹਾਂ। ਸਭ ਸੱਜਣ ਮਿਲ ਰਹੇ ਹਨ। ਦੁਬਾਰਾ ਆਉਣ ਦਾ ਵਾਅਦਾ ਲੈ ਰਹੇ ਹਨ। ਇਥੋਂ ਜਾਣ ਲਈ ਚਿੱਤ ਤਾਂ ਨ੍ਹੀਂ ਕਰਦਾ। ਪਰ ਕੀ ਕੀਤਾ ਜਾ ਸਕਦਾ? ...ਗੁਰਜੀਤ ਨੇ ਗੱਡੀ ਤੋਰ ਲਈ ਹੈ। ਇਹ ਮੇਰਾ ਇਸ਼ਾਰਾ ਸਮਝ ਗਿਆ ਹੈ। ਗੱਡੀ

ਬਹਿਰਾਮ ਵੱਲ ਨੂੰ ਮੋੜ ਲਈ ਹੈ।

ਅੱਠ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਬਹਿਰਾਮ ਪੁੱਜੇ ਹਾਂ।

"ਗੁਰਜੀਤ ਸਿਆਂ, ਇਹ ਉਹ ਜਗ੍ਹਾ ਏ, ਜਿੱਥੇ ਹੱਲਾ ਹੋਇਆ ਸੀ।" ਬਹਿਰਾਮ ਦੇ ਸਟੇਸ਼ਨ ਦੇ ਲਾਗੇ ਪੁੱਜਦਿਆਂ ਮੇਰੀ ਉਂਗਲੀ ਖੜ੍ਹੀ ਹੋ ਗਈ ਹੈ।

ਉਹ ਪਰ੍ਹੇ ਕੈਂਪ ਸੀ। ਅਸੀਂ ਤਿੰਨ ਦਿਨ ਇਥੇ ਬੈਠੇ ਰਹੇ। ਜਾਣ ਦਾ ਕੋਈ ਪ੍ਰਬੰਧ ਨ੍ਹੀਂ ਸੀ ਹੋ ਰਿਹਾ। ਟ੍ਰੇਨ ਵੀ ਰਾਹ ਵਿਚ ਡੱਕੀ ਹੋਈ ਸੀ। ਤੀਜੇ ਦਿਨ ਇਕ ਟਰੱਕ ਦਾ ਪ੍ਰਬੰਧ ਕੀਤਾ ਸੀ। ਟਰੱਕ ਵਿਚ ਸਮਾਨ ਲੱਦਣ ਹੀ ਲੱਗੇ ਸੀ। ਉਸੇ ਵੇਲੇ ਹਮਲਾ ਹੋ ਗਿਆ। ਹਮਲਾਵਰ ਵੱਡੀ ਗਿਣਤੀ ਵਿਚ ਸਨ। ਸਾਰੇ ਪਾਸੇ ਹਾਹਾਕਾਰ ਮੱਚ ਗਈ। ਭਗਦੜ ਵਿੱਚ ਇਕ ਦੂਜੇ ਦਾ ਸਾਥ ਛੁੱਟ ਗਿਆ। ਘੜੀ ਘੰਟਿਆਂ ਵਿੱਚ ਹੀ ਤਹਿਜ਼ੀਬ ਨੇ ਰੰਗ ਵਟਾ ਲਿਆ ਸੀ। ਜਦੋਂ ਹਮਲਾਵਰ ਗਏ, 'ਆਪੋ-ਆਪਣਿਆਂ' ਦੀ ਭਾਲ ਹੋਣ ਲੱਗੀ। ਦੋਨਾਂ ਭਰਾਵਾਂ ਤੇ ਅੰਮੀ ਦੀਆਂ ਲਾਸ਼ਾਂ ਮਿਲੀਆਂ ਸਨ। ਅੰਮੀ ਪੁੱਤਾਂ ਦੇ ਉਤੇ ਪਈ ਹੋਈ ਸੀ। ਮੈਂ ਤੇ ਅੱਬੂ ਇਕ ਦੂਜੇ ਦੇ ਗਲ ਲੱਗ ਕੇ ਰੋਣ ਲੱਗੇ।

ਮੈਨੂੰ ਲਗਦਾ, ਜੇ ਮੈਂ ਹੋਰ ਕੁਝ ਸਮਾਂ ਇਥੇ ਠਹਿਰ ਗਿਆ, ਪੱਥਰ ਹੋ ਜਾਵਾਂਗਾ। ਮੇਰੀ ਹਾਲਤ ਦੇਖ ਗੁਰਜੀਤ ਨੇ ਗੱਡੀ ਤੋਰ ਲਈ ਹੈ। ਮੇਰੇ ਅੱਥਰੂ ਦੇਖ ਉਹ ਕੁਝ ਬੋਲ ਨ੍ਹੀਂ ਰਿਹਾ। ਗੱਡੀ ਦੀ ਸਪੀਡ ਵਧਾਈ ਜਾ ਰਿਹਾ ਹੈ। ਮੈਂ ਵੀ ਏਹੀ ਚਾਹੁੰਨਾ, ਜਿੰਨਾ ਜਲਦੀ ਹੋ ਸਕੇ ਪਟਿਆਲੇ ਪਹੁੰਚਾ ਦੇਵੇ। ਮੈਂ ਬਾਹਰ ਸੜਕ 'ਤੇ ਨੱਠੇ ਜਾ ਰਹੇ ਦਰਖ਼ਤਾਂ ਵੱਲ ਦੇਖੀ ਜਾ ਰਿਹਾ ਹਾਂ।

"ਬਾਪੂ ਜੀ, ਲਾਹੌਰ ਕਿੱਦਾਂ ਪੁੱਜੇ?" ਗੁਰਜੀਤ ਨੇ ਗੱਡੀ ਵਿੱਚ ਪਸਰੀ ਚੁੱਪ ਨੂੰ ਤੋੜ ਹੀ ਦਿੱਤਾ ਹੈ।

ਅਗਸਤ ਦਾ ਮਹੀਨਾ ਹੋਏਗਾ। ਮੀਂਹ ਬਹੁਤ ਪੈ ਰਹੇ ਸਨ। ਲਾਸ਼ਾਂ ਥਾਂ-ਥਾਂ ਰੁਲ਼ ਰਹੀਆਂ ਸਨ। ਉਹ ਪਾਥੀਆਂ ਵਾਂਗ ਫੁੱਲੀਆਂ ਹੋਈਆਂ ਸਨ। ਮੁਸ਼ਕ ਆਉਂਦਾ ਸੀ। ਪੈਦਲ ਤੁਰੇ ਹੋਏ ਸੀ। ਭੁੱਖਣ ਭਾਣੇ। ਰਾਹ ਵਿੱਚ ਹਮਲਾਵਰ ਹਮਲਾ ਕਰ ਦਿੰਦੇ। ਸਾਡੇ ਨਾਲ ਦੋ ਰਫ਼ਲਾਂ ਵਾਲੇ ਸਨ। ਫ਼ਾਇਰ ਕਰ ਦਿੰਦੇ। ਉਹ ਭੱਜ ਜਾਂਦੇ। ਭਾਰਤੀ ਫੌਂਜ ਨੇ ਉਨ੍ਹਾਂ ਦੀ ਮਦਦ ਕੀਤੀ। ਅੰਮ੍ਰਿਤਸਰ ਦੇ ਨੇੜੇ ਘਿਰ ਗਏ ਸਾਂ। ਸਾਨੂੰ ਚੌਹਾਂ ਪਾਸਿਆਂ ਤੋਂ ਘੇਰਾ ਪਾਇਆ ਹੋਇਆ ਸੀ। ਸਾਡੀਆਂ ਰਫ਼ਲਾਂ ਭਾਰਤੀ ਫ਼ੌਂਜ ਨੇ ਲੈ ਲਈਆਂ ਸਨ। ਸਾਡੇ ਬੰਦੇ ਕਿਰਪਾਨਾਂ ਨਾਲ ਮੁਕਾਬਲਾ ਕਰ ਰਹੇ ਸਨ। ਇਹ ਤੇ ਫ਼ਿਰ ਬਲੋਚ ਰੈਜਮੈਂਟ ਆ ਗਈ। ਉਹਨੀਂ ਘੇਰਾ ਤੋੜਿਆ। ਸਾਡੀ ਰੱਖਿਆ ਕੀਤੀ। ਟਰੱਕ ਮੰਗਵਾਏ। ਉਨ੍ਹਾਂ ਵਿੱਚ ਆਪ ਛੱਡ ਕੇ ਆਏ। ਰਾਹ ਵਿਚ ਜੋ ਕੁਝ ਵਾਪਰਿਆ। ਬਿਆਨ ਨ੍ਹੀਂ ਕਰ ਸਕਦਾ। ਲਾਹੌਰ ਦੇ ਲਾਗੇ ਇਕ ਪਿੰਡ ਵਿਚ ਪੁੱਜ ਗਏ। ਬੱਸ ਉਥੇ ਜਾ ਕੇ ਮੁਕੀਮ ਹੋ ਗਏ। ਕੱਚਾ ਘਰ। ਮੁਸਲਿਮ ਦੰਗਾਕਾਰੀਆਂ ਨੇ ਉਹ ਵੀ ਲੁੱਟਣ ਤੋਂ ਬਾਅਦ ਸਾੜਿਆ ਹੋਇਆ ਸੀ।

"ਫ਼ਿਰ ਆਪਣੀ ਅਮਰ ਮੁਹੱਬਤ ਨਾਲ ਵਾਅਦਾ ਨਈਂ ਨਿਭਾ ਸਕੇ?" ਗੁਰਜੀਤ ਨੇ ਇਕ ਹੋਰ ਸਵਾਲ ਦਾਗਿਆ ਏ।

ਮੈਂ ਨਿਕਾਹ ਦੇ ਹੱਕ ਵਿਚ ਨ੍ਹੀਂ ਸੀ। ਨਿਰਮਲਾ ਨਾਲ ਕੀਤਾ ਵਾਅਦਾ ਯਾਦ ਆ ਜਾਂਦਾ। ਪਰ ਘਰ ਦਾ ਬੁਰਾ ਹਾਲ ਸੀ। ਕੋਲ ਕੋਈ ਪੂੰਜੀ ਨ੍ਹੀਂ ਸੀ। ਖੇਤਾਂ ਵਾਲਿਆਂ ਨੂੰ ਤਾਂ ਖੇਤ ਮਿਲ ਰਹੇ ਸਨ। ਸਾਨੂੰ ਦੁਕਾਨਦਾਰਾਂ ਨੂੰ ਕੀ ਮਿਲਣਾ ਸੀ। ਬੱਸ ਉਹ ਮਕਾਨ

ਮਿਲਿਆ ਸੀ। ਜਿਥੇ ਉਜਾੜ ਪਿਆ ਹੋਇਆ ਸੀ। ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨੀ ਪੈਣੀ ਸੀ। ਨਿਕਾਹ ਦੇ ਮਾਮਲੇ 'ਤੇ ਮੈਂ ਅੜ ਗਿਆ।

"ਕਾਕਾ, ਔਰਤਾਂ ਤੋਂ ਬਿਨਾਂ ਕਾਹਦੇ ਘਰ?"

ਅੱਬੂ ਹਰ ਰੋਜ਼ ਸਮਝਾਉਂਦੇ। ਪਰ ਮੇਰੀ ਤਾਂ ਲਿਵ ਬੰਗੇ ਲੱਗੀ ਹੋਈ ਸੀ। ਮੈਨੂੰ ਲਗਦਾ ਸੀ, ਇਹ ਚਾਰ ਦਿਨਾਂ ਦਾ ਰੌਲਾ ਹੈ। ਮੁੱਕ ਜਾਣਾ ਹੈ। ਫ਼ਿਰ ਆਪਣੇ ਘਰ ਚਲੇ ਜਾਵਾਂਗੇ। ਪਰ ਇਧਰ ਨਾ ਆਉਣ ਲਈ ਦਹਿਸ਼ਤ ਇੰਨੀ ਸੀ, ਹਿੰਮਤ ਨਾ ਪੈਂਦੀ। ਮੈਂ ਦੋ-ਤਿੰਨ ਸਾਲ ਵਾਹਗੇ ਤੱਕ ਆ ਜਾਂਦਾ ਰਿਹਾ ਪਰ ਅਗਾਂਹ ਨਾ ਪੈਰ ਪੁੱਟਦਾ। ਕਦੇ ਕਿਸੇ ਕੋਲ ਨਿਰਮਲਾ ਲਈ ਪੈਗਾਮ ਭੇਜਦਾ। ਕਦੇ ਵਾਹਗੇ ਤੱਕ ਆ ਜਾਣ ਦਾ ਸੱਦਾ ਦਿੰਦਾ। ਪਰ ਉਹ ਨਾ ਆਈ। ਫ਼ਿਰ ਮੈਂ ਖ਼ਤ ਲਿਖਣੇ ਸ਼ੁਰੂ ਕੀਤੇ। ਉਨ੍ਹਾਂ ਦਾ ਵੀ ਜਵਾਬ ਨਾ ਆਇਆ। ਮੈਂ ਨਿਕਾਹ ਨ੍ਹੀਂ ਕਰਵਾਇਆ। ਸੱਤ ਸਾਲ ਤੱਕ ਟਾਲੇ ਵੱਟਦਾ ਰਿਹਾ। ਫ਼ਿਰ ਸਮਝੋ ਅੱਬੂ ਨੇ ਕਰ ਦਿੱਤਾ। ਪੁੱਤ ਪੋਤਿਆਂ ਵਾਲਾ ਵੀ ਹੋ ਗਿਆ। ਉਹ ਹਮੇਸ਼ਾ ਮੇਰੇ ਚੇਤਿਆਂ ਵਿਚ ਵਸੀ ਰਹੀ। ਉਹਦੀ ਸਲਾਮਤੀ ਦੀ ਦੁਆ ਕਰਦਾ ਰਿਹਾ।

"ਤੁਸੀਂ ਪੱਤਰਕਾਰ ਦਾ ਜਵਾਬ ਨ੍ਹੀਂ ਦਿੱਤਾ। ਹੁਣ ਮੈਂ ਪੁੱਛਦਾ। ਤੁਸੀਂ ਉਥੇ ਚੰਗੀ ਤਰ੍ਹਾਂ ਸੈੱਟ ਹੋ ਗਏ?" ਪਤਾ ਨਹੀਂ ਇਹ ਸਵਾਲ ਗੁਰਜੀਤ ਨੇ ਕੀਤਾ ਜਾਂ ਮੇਰੇ ਅੰਦਰ ਨੇ?

ਫੱਗਣ ਤੇ ਚੇਤ ਦੇ ਮਹੀਨੇ ਨਿਕਲੀਆਂ ਮਨਮੋਹਣੀਆਂ ਕਰੂੰਬਲਾਂ ਤੇ ਪੱਤੀਆਂ ਨੂੰ ਜੇਠ ਹਾੜ੍ਹ ਦੀ ਧੁੱਪ ਲੂਹ ਸੁੱਟਦੀ ਹੈ। ਸਾੜ ਸੁੱਟਦੀ ਹੈ। ਜਿਹੜਾ ਪਾਸਾ ਸੂਰਜ ਦੀ ਧੁੱਪ ਵੱਲ ਜ਼ਿਆਦਾ ਹੁੰਦਾ ਹੈ। ਉਹ ਤਾਂ ਲਗਭਗ ਝੁਲਸਿਆ ਹੀ ਜਾਂਦਾ ਹੈ। ਸਾਉਣ ਦੇ ਪਹਿਲੇ ਛਰਾਟੇ ਨਾਲ ਹੀ ਮੁੜ ਜਾਨ ਆ ਜਾਂਦੀ ਹੈ। ਹਰਿਆਵਲ ਦਿਖਣ ਲੱਗ ਪੈਂਦੀ ਹੈ। ਜਿਵੇਂ ਉਨ੍ਹਾਂ ਨਾਲ ਕੁਝ ਵਾਪਰਿਆ ਹੀ ਨਾ ਹੋਵੇ। ...ਤੇ ਸ਼ਾਇਦ ਜ਼ਿੰਦਗੀ ਦਾ ਏਹੀ ਸੱਚ ਹੈ ਪਰ ਮੇਰੇ ਲਈ ਜਾਂ ਸੰਤਾਲੀ ਦੇ ਝੰਬਿਆਂ ਲਈ ਇਹ ਸੱਚ ਕਦੇ ਵੀ ਸੱਚ ਨ੍ਹੀਂ ਰਿਹਾ। ਅਸੀਂ ਅੱਜ ਵੀ ਉਥੇ ਬੰਗਿਆਂ ਵਾਲੇ ਹਾਂ। ਉਥੋਂ ਦੇ ਲੋਕ ਅੱਜ ਵੀ ਸਾਨੂੰ ਪਨਾਹਗੀਰ ਸੱਦਦੇ ਹਨ।

ਫ਼ਿਰ ਦੁਬਾਰਾ ਚੁੱਪ ਪਸਰ ਗਈ ਹੈ।

ਯੂਨੀਵਰਸਿਟੀ ਪੁੱਜ ਗਏ ਹਾਂ। ਮਹਿਮਾਨਾਂ ਨੂੰ ਪਾਰਟੀ ਦਿੱਤੀ ਜਾ ਰਹੀ ਹੈ। ਇਹ ਅੱਧੀ ਰਾਤ ਤੱਕ ਚਲੇਗੀ। ਸਵੇਰੇ ਲਾਹੌਰ ਲਈ ਰੁਖ਼ਸਤ ਹੋਣਾ ਹੈ। ਬਹਿਰਾ ਵਿਸਕੀ ਲੈ ਆਇਆ ਹੈ। ਗੁਰਜੀਤ ਸਰਵ ਕਰਨ ਲੱਗ ਪਿਆ ਏ। ਮੇਰਾ ਮਨ ਨ੍ਹੀਂ ਮੰਨ ਰਿਹਾ। ਮੈਂ ਗਲਾਸੀ ਤੋਂ ਦੂਰੀ ਰੱਖ ਰਿਹਾਂ। ਮੈਂ ਡੱਬੀ ਹੱਥ ਵਿਚ ਫ਼ੜ ਲਈ ਹੈ। ਇਹਨੂੰ ਘੁੰਮਾਈ ਜਾ ਰਿਹਾ। ਗੁਰਜੀਤ ਵਿਸਕੀ ਨਿੱਕੀ-ਨਿੱਕੀ ਘੁੱਟੀ ਪੀਣ ਲੱਗ ਪਿਆ ਹੈ। ਮੈਂ ਡੱਬੀ ਨਾਲ ਛੇੜ ਛਾੜ ਕਰੀਂ ਜਾ ਰਿਹਾ ਹਾਂ। ਬਹਿਰਾ ਰੋਸਟਡ ਮੀਟ ਰੱਖ ਗਿਆ ਹੈ। ਮੈਂ ਡੱਬੀ ਵੱਲ ਇਕ ਟੱਕ ਵੇਖ ਰਿਹਾਂ। ਡੱਬੀ ਨੂੰ ਗਲਾਸੀ ਦੇ ਸਾਹਮਣੇ ਕਰ ਲਿਆ ਹੈ।

"ਬਾਪੂ ਜੀ, ਇਹ ਸਾਡੀ ਦਾਦੀ ਨਿਰਮਲਾ ਦੇ ਨਾਂ ਦਾ। ਪਲੀਜ਼ ਚੁੱਕੋ....। ਦਾਦੀ ਦੀ ਸੁੰਹ।" ਗੁਰਜੀਤ ਸਰੂਰ ਵਿਚ ਆਇਆ ਹੋਇਆ ਹੈ।

ਮੈਨੂੰ ਪਤਾ ਨ੍ਹੀਂ ਕੀ ਝੱਲ ਉੱਠਿਆ। ਮੈਂ ਗਲਾਸੀ ਚੁੱਕਦਾ ਹਾਂ। ਅੰਦਰ ਸੁੱਟ ਲੈਂਦਾ ਹਾਂ।...ਮੈਂ ਤਿੰਨ ਗਲਾਸੀਆਂ ਖਾਲੀ ਕਰ ਚੁੱਕਾਂ। ਮੈਂ ਚੌਥੀ ਨੂੰ ਹੱਥ ਪਾਇਆ

ਹੈ।

“ਬਾਪੂ ਜੀ, ਇੱਦਾਂ ਨਈਂ। ਪਲੀਜ਼..।” ਗੁਰਜੀਤ ਨੇ ਮੇਰਾ ਹੱਥ ਫ਼ੜ ਲਿਆ ਹੈ।

ਹੁਣ ਮੈਂ ਆਰਾਮ ਨਾਲ ਪੈੱਗ ਚੁੱਕਿਆ ਹੈ। ਐਵੇਂ ਵਕਤ ਪਾਸ ਕਰਨ ਲੱਗ ਪਿਆ ਹਾਂ। ਮੇਰਾ ਪੈੱਗ ਵਾਲਾ ਹੱਥ ਦਿਲ ਵੱਲ ਨੂੰ ਰਹਿੰਦਾ। ਕਿਉਂ? ਪਤਾ ਨ੍ਹੀਂ। ਮੈਂ ਕਲਾਵਾ ਭਰਨ ਵਾਂਗ ਗਲਾਸੀ ਨੂੰ ਚੁੱਕਦਾ। ਜਿਵੇਂ ਮੈਂ ਨਿਰਮਲਾ ਦੇ ਕਲਾਵੇ ਭਰ ਰਿਹਾ ਹੋਵਾਂ। ਆਪਣੇ ਪੰਜਾਬੀ ਭਰਾਵਾਂ ਦੇ ਕਲਾਵੇ ਭਰ ਰਿਹਾ ਹੋਵਾਂ। ਮੈਂ ਹਰੇਕ ਨੂੰ ਜੱਫ਼ੀ ਵਿਚ ਲੈਂਦਾ ਹਾਂ। ਇਹ ਸਾਰੇ ਮੇਰੇ ਆਪਣੇ ਹਨ।

“ਫ਼ਿਰ ਉਹ ਕੌਣ ਸਨ? ਜੋ ਮੇਰੀ ਭੈਣ ਆਫ਼ਸ਼ਾਂ ਨੂੰ ਲੈ ਗਏ। ਮੇਰੀ ਅੰਮਾਂ, ਮੇਰੇ ਭਰਾਵਾਂ ਦੇ ਕਾਤਲ?”

ਮੈਂ ਪਹਿਲੇ ਵਾਲੀ ਔਕਾਤ ’ਤੇ ਆ ਗਿਆ ਹਾਂ। ਗਲਾਸੀ ਦੀ ਵਿਸਕੀ ਅੰਦਰ ਸੁੱਟੀ ਜਾ ਰਿਹਾ। ਸਿਗਰਟ ਦਾ ਸੂਟੇ ਤੇ ਸੂਟਾ ਖਿੱਚਣ ਲੱਗ ਪਿਆਂ ਹਾਂ। ਤੇਜ਼...ਤੇਜ਼। ਸਿਗਰਟ ਕਾਹਲ ਵਿਚ ਪੀ ਰਿਹਾ ਹਾਂ। ਮੇਰੇ ਅੰਦਰ ਕੁਛ ਮੱਚ ਰਿਹਾ ਏ। ਸਿਗਰਟ ਮੁੱਕੀ ਹੈ। ਵਿਸਕੀ ਮੂੰਹ ਨੂੰ ਲੱਗ ਗਈ ਏ। ਡੱਬੀ ਦੂਜੇ ਹੱਥ ਵਿਚ ਫ਼ੜ ਲਈ ਹੈ। ਵਿਸਕੀ...। ਅੱਠ ਨੌਂ...। ਗੁਰਜੀਤ ਸਿੰਘ ਭੱਜ ਕੇ ਆ ਗਿਆ ਹੈ। ਮੇਰੇ ਹੱਥੋਂ ਗਲਾਸੀ ਫੜ ਲਈ ਹੈ। ਮੈਨੂੰ ਕੁਰਸੀ ਤੋਂ ਉਠਾ ਲਿਆ ਹੈ। ਰੂਮ ਵੱਲ ਨੂੰ ਲੈ ਕੇ ਤੁਰ ਪਿਆ ਏ। ਇਸ ਨੌਜਵਾਨ ਨੂੰ ਕੀ ਪਤਾ, ਬੇਰਹਿਮ ਵਕਤ ਦੀ ਮਾਰ ਕੀ ਹੁੰਦੀ ਹੈ?

....ਅੱਜ ਸਾਰੀ ਟੀਮ ਦੀ ਲਾਹੌਰ ਦੀ ਵਾਪਸੀ ਹੈ। ਸਰਹੱਦ ’ਤੇ ਅਧਿਕਾਰੀਆਂ ਵਿਚਕਾਰ ਘਿਰੇ ਖੜ੍ਹੇ ਹਾਂ। ਸਵੇਰੇ ਪਟਿਆਲਾ ਤੋਂ ਰੁਖ਼ਸਤ ਹੋਣ ਵੇਲੇ ਮੈਂ ਕੁੜਤਾ ਪਜਾਮਾ ਪਹਿਨਿਆ ਸੀ। ਕੁੜਤੇ ’ਤੇ ਜੈਕਟ ਪਾਈ। ਰੰਗਦਾਰ ਐਨਕ ਲਾਈ। ਮੋਢੇ ਝੋਲਾ ਲਟਕਾਇਆ। ਇਸ ਝੋਲੇ ਵਿਚ ਮਾਚਿਸ ਦੀ ਡੱਬੀ ਹੈ। ਮੈਂ ਡੱਬੀ ਕੱਢ ਕੇ ਜੇਬ ਵਿਚ ਪਾ ਲਈ ਹੈ। ਮੈਂ ਆਪਣੀ ਟੀਮ ਵਿਚੋਂ ਲੰਮਾ ਝੰਮਾ ਤੇ ਬੁੱਢਾ ਹੋਣ ਕਰਕੇ ਵੱਖਰਾ ਹੀ ਪਛਾਣਿਆ ਜਾ ਰਿਹਾ ਹਾਂ। ਬਾਕੀ ਕਤਾਰ ਵਿਚ ਲੱਗੇ ਹੋਏ ਹਨ। ਮੈਂ ਇਕੱਲਾ ਖੜ੍ਹਾ ਹਾਂ।

ਮੈਂ ਡੱਬੀ ਤੇ ਖ਼ਤਾਂ ਕਰਕੇ ਅਧਿਕਾਰੀਆਂ ਤੋਂ ਅੱਖ ਬਚਾਅ ਰਿਹਾ ਹਾਂ। ਵੱਢੀਆਂ ਮੁੱਛਾਂ ਵਾਲਾ ਅਧਿਕਾਰੀ ਮੇਰੀਆਂ ਹਰਕਤਾਂ ਨੋਟ ਕਰੀ ਜਾ ਰਿਹਾ। ਮੈਂ ਬੰਦਿਆਂ ਦੇ ਵਿਚ ਨੂੰ ਵੜ ਗਿਆ ਹਾਂ। ਮੈਂ ਆਪਣੇ ਬੈਗ ਤੇ ਝੋਲੇ ਨੂੰ ਸੰਭਾਲੀ ਜਾ ਰਿਹਾ। ਮੈਂ ਖੜ੍ਹਾ-ਖੜ੍ਹਾ ਸਮਾਨ ਦੀ ਫਰੋਲ਼ਾ-ਫਰਾਲ਼ੀ ਕਰਨ ਲੱਗ ਪਿਆ ਹਾਂ। ਪਤਾ ਨਹੀਂ ਚੈਨ ਕਿਉਂ ਨਹੀਂ ਆ ਰਿਹਾ।

ਮੈਂ ਥੋੜ੍ਹਾ ਚਿਰ ਪਹਿਲਾ ਆਪਣੀ ਕਮੀਜ਼ ਦੀ ਉਪਰ ਵਾਲੀ ਜੇਬ ’ਚੋਂ ਮਾਚਿਸ ਦੀ ਡੱਬੀ ਕੱਢ ਕੇ ਹੱਥ ਵਿਚ ਫ਼ੜ ਲਈ ਸੀ। ਉਸ ਉੱਤੇ ਨਿਗ੍ਹਾ ਟਿਕਾ ਲਈ ਏ। ਡੱਬੀ ਨੂੰ ਹੱਥਾਂ ਵਿਚ ਘੁਮਾਈ ਜਾ ਰਿਹਾ ਹਾਂ। ਚਿਹਰੇ ’ਤੇ ਨਿੰਮ੍ਹੀ-ਨਿੰਮ੍ਹੀ ਮੁਸਕਰਾਹਟ ਉੱਭਰ ਆਈ ਹੈ। ਅਧਿਕਾਰੀ ਦੀਆਂ ਤਾੜਵੀਆਂ ਨਜ਼ਰਾਂ ਨੇ ਮੈਨੂੰ ਡਰਾ ਦਿੱਤਾ। ਮੈਂ ਡੱਬੀ ਮੁੜ ਝੋਲੇ ਵਿਚ ਲੁਕਾ ਲਈ ਹੈ।

ਮੇਰੀ ਵਾਰੀ ਆਈ ਹੈ। ਅਧਿਕਾਰੀਆਂ ਨੇ ਇਕੱਲੀ-ਇਕੱਲੀ ਚੀਜ਼ ਫਰੋਲ਼ ਮਾਰੀ ਹੈ। ਅਦੀਬਾਂ ਵਲੋਂ ਦਿੱਤੀਆਂ ਕਿਤਾਬਾਂ, ਰਸਾਲੇ, ਕੁਝ ਅਖ਼ਬਾਰਾਂ ਦੀਆਂ

ਕਾਤਰਾਂ, ਇਕ-ਇਕ ਸ਼ੈਅ ਨੂੰ ਗਹੁ ਨਾਲ ਵਾਚ ਰਹੇ ਹਨ। ਕੱਪੜੇ ਫਰੋਲ਼ ਮਾਰੇ ਹਨ। ਮਿੱਟੀ ਨਾਲ ਭਰੀ ਡੱਬੀ ਝੋਲੇ 'ਚ ਨਿਕਲ ਆਈ ਆ। ਇਉਂ ਤੱਕ ਰਹੇ ਹਨ ਜਿਵੇਂ ਕੋਈ ਸੁਰਾਗ ਹੱਥ ਲੱਗ ਗਿਆ ਹੋਵੇ। ... ਬੱਸ ਇਨ੍ਹਾਂ ਦੀ ਸੂਈ ਮਾਚਿਸ ਦੀ ਡੱਬੀ 'ਤੇ ਟਿਕ ਗਈ ਹੈ। ਜਾਂ ਫਿਰ ਨਿਰਮਲਾ ਦੇ ਖ਼ਤਾਂ 'ਤੇ। ਇਨ੍ਹਾਂ ਨੇ ਖ਼ਤ ਤੇ ਡੱਬੀ ਆਪਣੇ ਕਬਜ਼ੇ ਵਿਚ ਲੈ ਲਏ ਹਨ। ਮੈਨੂੰ ਲੱਗ ਰਿਹਾ ਜਿਵੇਂ ਕਿਸੇ ਨੇ ਨਿਰਮਲਾ ਮੇਰੇ ਤੋਂ ਦੂਜੀ ਵਾਰ ਖੋਹ ਲਈ ਹੈ। ਮੈਂ ਰੋਣ ਹਾਕਾ ਹੋ ਗਿਆ ਹਾਂ। ਮੇਰਾ ਇੰਜਣ ਠੱਕ-ਠੱਕ ਵੱਜ ਰਿਹਾ ਹੈ।

"ਓਏ, ਤੂੰ ਇੰਡੀਆ ਲਈ ਜਾਸੂਸੀ ਕਰਦਾ?" ਵੱਢੀਆਂ ਮੁੱਛਾਂ ਵਾਲੇ ਨੇ ਝੱਟ ਫ਼ਤਵਾ ਦੇ ਦਿੱਤਾ ਹੈ।

ਮੇਰਾ ਪਾਸਪੋਰਟ ਕਬਜ਼ੇ ਵਿਚ ਕਰਕੇ ਸਾਥੀ ਅਫ਼ਸਰਾਂ ਨਾਲ ਮਸ਼ਵਰਾ ਕਰਨ ਲੱਗ ਪਿਆ ਹੈ। 'ਅਵਾਮੀ ਥਿਏਟਰ ਗਰੁੱਪ' ਦੇ ਕਲਾਕਾਰ ਸਕਿਊਰਿਟੀ ਵਾਲਿਆਂ ਤੋਂ ਫਾਰਗ ਹੋ ਗਏ ਹਨ। ਮੇਰੇ ਇੰਤਜ਼ਾਰ ਵਿਚ ਬਾਹਰ ਬੈਠ ਗਏ ਹਨ। ਮੈਨੂੰ ਹੋਰ ਤਫਤੀਸ਼ ਲਈ ਰੋਕ ਲਿਆ ਹੈ। ਮੈਨੂੰ ਕੁਝ ਸੁੱਝ ਨਹੀਂ ਰਿਹਾ। ਮੈਂ ਕੀ ਕਰਾਂ? ਮੇਰੇ ਪੈਰਾਂ ਹੇਠਲੀ ਜ਼ਮੀਨ ਡੋਲਦੀ ਨਜ਼ਰ ਆ ਰਹੀ ਹੈ।

ਜਦੋਂ ਸਵੇਰੇ ਯੂਨੀਵਰਸਿਟੀ ਤੋਂ ਤੁਰਨ ਲੱਗੇ। ਅਸਮਾਨ ਉੱਤੇ ਕਾਲੀ ਘਟਾ ਚੜ੍ਹ ਆਈ। ਪਹਿਲਾਂ ਮੋਟੇ-ਮੋਟੇ ਮੀਂਹ ਦੇ ਛਿੱਟੇ ਡਿੱਗੇ। ਫ਼ਿਰ ਅਹਿਣ ਪੈਣ ਲੱਗੀ। ਬਰਫ਼ ਦੇ ਡਲ਼ਿਆਂ ਨੇ ਡਰਾ ਦਿੱਤਾ ਸੀ। ਕਿਵੇਂ ਤੁਰਾਂਗੇ? ਜ਼ੋਰ ਨਾਲ ਪੈ ਕੇ ਮੀਂਹ ਬੰਦ ਹੋ ਗਿਆ। ਛੇਤੀ ਹੀ ਬਰਫ਼ ਦੇ ਡਲ਼ੇ ਵੀ ਪਿਘਲ ਗਏ। ਫ਼ਿਰ ਤੁਰ ਪਏ ਸਾਂ। ਹੁਣ ਮੈਂ ਅਧਿਕਾਰੀਆਂ ਵਿਚਕਾਰ ਘਿਰਿਆ ਖੜ੍ਹਾ। ਸੋਚਦਾ ਕਦੇ ਭਾਰਤ-ਪਾਕਿਸਤਾਨ ਵਿਚਕਾਰਲੀ ਬਰਫ਼ ਵੀ ਪਿਘਲੇਗੀ?

ਇਕ ਹੋਰ ਅਫ਼ਸਰ ਮੇਰੇ ਕੋਲ ਆਇਆ ਹੈ। ਇਹ ਸੁਭਾਅ ਤੋਂ ਹੱਸਮੁਖ ਲਗਦਾ। ਮੈਨੂੰ ਪਾਸੇ ਨੂੰ ਲੈ ਗਿਆ ਹੈ। ਸਵਾਲ ਕਰਨ ਲੱਗ ਪਿਆ ਏ। ਮੈਂ ਜਵਾਬ ਦੇਈ ਜਾ ਰਿਹਾ ਹਾਂ। ਮੈਂ ਆਪਣੀ ਨਿਰਮਲਾ ਦੀ ਮੁਹੱਬਤ ਦੀ ਸਾਰੀ ਕਹਾਣੀ ਸੁਣਾ ਦਿੱਤੀ ਹੈ।

"ਇਹ ਕੀ ਏ?" ਉਹਨੇ ਡੱਬੀ ਮੇਰੇ ਮੋਹਰੇ ਕੀਤੀ ਹੈ।

"ਇਹ ਮੇਰੀ ਨਿਰਮਲਾ ਦਾ ਵਜੂਦ।" ਮੇਰੀਆਂ ਅੱਖਾਂ ਵਿੱਚੋਂ ਅੱਥਰੂ ਡਿੱਗੇ ਹਨ।

"....ਤੇ ਇਹ ਡਾਕੂਮੈਂਟਸ?" ਉਸ ਖ਼ਤਾਂ ਵੱਲ ਇਸ਼ਾਰਾ ਕੀਤਾ ਹੈ।

"ਮੇਰੀ ਨਿਰਮਲਾ ਦੇ ਖ਼ਤ। ਉਹਦੀ ਰੂਹ...।"

ਇਕ ਹੋਰ ਅਫ਼ਸਰ ਆਇਆ ਹੈ। ਉਹਨੇ ਬੜੇ ਸਾਹਿਬ ਨੂੰ ਓ. ਕੇ. ਕਿਹਾ ਹੈ। ਫੋਨ 'ਤੇ ਮੇਰੇ ਪਿੰਡੋਂ ਥਾਣੇ ਰਾਹੀਂ ਇਨਕੁਆਰੀ ਕਰਕੇ ਦੱਸ ਰਿਹਾ ਹੈ। ਵੱਡਾ ਅਫ਼ਸਰ ਫ਼ਿਰ ਮੁਸਕਰਾਇਆ ਹੈ।

"ਰਿਆਜ਼ ਅਹਿਮਦ ਨੂੰ ਜਾਣ ਦਿਓ। ਮੇਰੇ ਅੱਬਾ ਜੀ ਦੀ ਵੀ ਡੱਬੀ ਉਧਰ ਰਹਿ ਗਈ ਸੀ। ਉਹ ਸਿਸਕਦੇ ਜਹਾਨੋਂ ਤੁਰ ਗਏ। ਪਤਾ ਨਈਂ ਕਿੰਨਿਆਂ ਦੀਆਂ ਡੱਬੀਆਂ ਉਧਰ ਰਹਿ ਗਈਆਂ। ਮੁਹੱਬਤਾਂ ਦਮ ਤੋੜ ਗਈਆਂ। ਹੋ ਸਕਦਾ ਉਧਰ ਵਾਲਿਆਂ ਦੀਆਂ ਵੀ ਇਧਰ ਰਹਿ ਗਈਆਂ ਹੋਣ।"

ਜਦੋਂ ਮੈਨੂੰ ਮੋਹਣੇ ਨੇ ਖ਼ਤ ਤੇ ਡੱਬੀ ਦਿੱਤੇ ਸਨ। ਮੈਨੂੰ ਲੱਗਿਆ ਸੀ, ਨਿਰਮਲਾ ਨੇ ਮੇਰਾ ਹੱਥ ਘੁੱਟਿਆ ਹੈ। ਅੱਜ ਦੂਜੀ ਵਾਰ ਅਫ਼ਸਰ ਘੁੱਟ ਰਿਹਾ ਹੈ। ਸ਼ਾਮ ਉਤਰਨ ਲੱਗੀ ਹੈ। ਬੱਤੀਆਂ ਜਗ ਪਈਆਂ ਹਨ। ਰੋਸ਼ਨੀ ਚਾਰ–ਚੁਫ਼ੇਰੇ ਫ਼ੈਲ ਗਈ ਹੈ।

(2005)

# ਖੁਸ਼ਕ ਅੱਖ ਦਾ ਖ਼ਾਬ

ਆਹ ਐਡੀ ਰਾਤ ਗਈ ਕੀਹਦਾ ਫ਼ੋਨ ਆ ਗਿਆ? ਮਸੀਂ ਅੱਖ ਲੱਗੀ ਸੀ। ਇਕ ਤਾਂ ਸਹੁਰੀ ਦਾ ਬਲੱਡ ਪ੍ਰੈਸ਼ਰ ਉਤਾਂਹ ਚੜ੍ਹਿਆ ਰਹਿੰਦਾ ਏ। ਇਹਨੂੰ ਥੱਲੇ ਲਾਹੁਣ ਲਈ ਗੋਲੀ ਵੀ ਖਾਧੀ। ਨੀਂਦ ਫਿਰ ਵੀ ਨਾ ਆਈ। ਜੋਧਿਕਾ ਕਹਿੰਦੀ ਵੀ ਰਹੀ– 'ਡੈਡੀ ਨੀਂਦ ਵਾਲੀ ਗੋਲੀ ਖਾ ਲਓ।' ਕਿੰਨਾ ਚਿਰ ਪਾਣੀ ਦਾ ਗਲਾਸ ਫ਼ੜੀ ਖੜ੍ਹੀ ਰਹੀ। ਮੈਂ ਸੋਚਿਆ ਬਲੱਡ ਪ੍ਰੈਸ਼ਰ ਦੀ ਗੋਲੀ ਤਾਂ ਲੱਗ ਈ ਗਈ ਹੈ। ਨੀਂਦ ਵੀ ਕਾਹਨੂੰ ਗੋਲੀ 'ਤੇ ਗਝਾਉਣੀ ਏ। ... ਉਹ ਉੱਠਦਾ ਭਾਈ। ਇਸ ਟਰਨ ... ਟਰਨ ਨੇ ਸਿਰ ਖਾ ਲਿਆ ਕਾਲਾ ਸੂੰਹ ਦਾ।

"ਭਾਅ ਜੀ ਜੌਹਲ? ... ਹੈਂਅ! ਇਹ ਤਾਂ ਕਹਿਰ ਢਾਹ ਰਿਹਾ ਸਹੁਰੀ ਦਾ। ਦੇਖਿਓ, ਨੁਕਸਾਨ ਨਾ ਕਰ ਦੇਵੇ।... ਮੈਂ ਆਉਨਾ।... ਕਿਸੇ ਨੂੰ ਨਾਲ ਲੈ ਕੇ ਆਊਂਗਾ।" ਮੈਂ ਫ਼ੋਨ ਬੰਦ ਕੀਤਾ ਹੈ।

ਮੈਂ ਕਲਾਕ ਵੱਲ ਨਿਗ੍ਹਾ ਮਾਰੀ। ਇਹ ਸਾਢੇ ਗਿਆਰ੍ਹਾਂ ਵਜਾ ਰਿਹਾ। ਬਾਹਰ ਆਇਆ ਹਾਂ। ਕਾਲੀ ਸ਼ਾਹ ਰਾਤ ਹੈ। ਸਾਡੇ ਘਰਾਂ ਦੇ ਆਲੇ ਦੁਆਲੇ ਸਮਾਧਾਂ ਹਨ। ਦੋ ਕੁ ਵਿੱਚ ਅਜੇ ਵੀ ਦੀਵੇ ਜਗ ਰਹੇ ਹਨ। ਬਾਕੀਆਂ ਵਿੱਚ ਲਗਦੈ ਬੁੱਝ ਗਏ ਨੇ। ਕੁੱਤਿਆਂ ਦੇ ਰੋਣ ਦੀ ਆਵਾਜ਼ ਆ ਰਹੀ ਹੈ। ਇਨ੍ਹਾਂ ਦਿਲ ਚੀਰਵੀਆਂ ਆਵਾਜ਼ਾਂ ਨਾਲ ਡਰ ਲੱਗਣ ਲੱਗਾ ਹੈ। ਮੈਂ ਦਾੜ੍ਹੀ 'ਤੇ ਹੱਥ ਫੇਰਿਆ ਤੇ ਬੈਠਕ ਵਿੱਚ ਆ ਕੇ ਬੱਤੀ ਜਗਾਈ ਹੈ। ਮੈਂ ਉਚੇਚਾ ਕੰਧ ਵੱਲ ਦੇਖਿਆ ਹੈ। ਕੰਧ ਤੇ ਤਿੰਨ ਤਸਵੀਰਾਂ ਹਨ। ਬੰਦਾ ਸਿੰਘ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਸ਼ਹੀਦ ਊਧਮ ਸਿੰਘ। ਸਿਰ ਨਿਵ ਗਿਆ ਹੈ। ... ਰਸੋਈ ਵਿਚੋਂ ਪਾਣੀ ਦਾ ਗਲਾਸ ਪੀਤਾ ਹੈ।

ਮੈਂ ਕਮਰੇ ਅੰਦਰ ਵੜਿਆ ਹਾਂ। ਗੁੱਟੀ ਠੀਕ ਕਰਕੇ ਪੱਗ ਬੰਨ੍ਹ ਲਈ ਹੈ। ... ਨਾਲ ਦੇ ਕਮਰੇ ਵਿੱਚ ਆਇਆ ਹਾਂ। ਜੋਧਿਕਾ ਕਿਤਾਬ ਲਈ ਬੈਠੀ ਆ।

ਇੱਕ ਗੱਲੋਂ ਮੈਂ ਖੁਸ਼ ਹਾਂ। ਇਸ ਕੁੜੀ ਨੇ ਕਹਿਣਾ ਮੰਨ ਲਿਆ। ਨਹੀਂ ਤਾਂ ਇਹ ਮੈਨੂੰ ਮਾਰਨ ਲੱਗੀ ਸੀ। ਬਲੱਡ ਪ੍ਰੈਸ਼ਰ ਦੀ ਬਿਮਾਰੀ ਇਹਦੀ ਹੀ ਲਾਈ ਹੋਈ ਏ। ਇਹਦੇ ਜੁਆਨ ਹੋਣ ਤੋਂ ਪਹਿਲਾਂ, ਜਿਉਂ ਸੂਰਜ ਛਿਪਣਾ। ਅਸੀਂ ਸੌਂ ਜਾਂਦੇ ਸਾਂ। ਇਹਦੀ ਮੰਮੀ ਜਸਪਾਲ ਤਾਂ ਹੁਣ ਵੀ ਅੱਠ ਵਜੇ ਘੁਰਾੜੇ ਮਾਰਨ ਲੱਗ ਪੈਂਦੀ ਏ। ਬੱਸ ਮੈਨੂੰ ਈ ਨੀਂਦ ਨਾ ਆਉਣ ਦਾ ਰੋਗ ਲੱਗ ਗਿਆ। ਜੋਧਿਕਾ ਕਿਤਾਬ ਛੱਡ ਕੇ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖਣ ਲੱਗ ਪਈ ਹੈ। ਮੈਂ ਦੂਜੇ ਕਮਰੇ ਵੱਲ ਆਉਣ ਦਾ ਇਸ਼ਾਰਾ ਕੀਤਾ ਹੈ।

"ਬੇਟਾ, ਤੇਰੇ ਜੌਹਲ ਅੰਕਲ ਦਾ ਫ਼ੋਨ ਆਇਆ। ਤੇਰੇ ਆਂਟੀ ਅੰਕਲ ਮੁਸੀਬਤ ਵਿੱਚ ਹਨ। ਅੱਜ ਫਿਰ ਪਰਮਵੀਰ ਦਾ ਦਿਮਾਗ ਖ਼ਰਾਬ ਹੋ ਗਿਆ। ਨਸ਼ੇ ਵਿੱਚ ਅੰਨ੍ਹਾ ਹੋਇਆ ਆਪਣੇ ਮਾਂ ਪਿਓ ਨੂੰ ਮਾਰਨ ਲਈ ਬਜ਼ਿੱਦ ਆ। ਦੋਨੋਂ ਅੰਦਰ ਬੰਦ ਨੇ। ਉਹ ਬੂਹੇ ਭੰਨ ਰਿਹਾ। ਮੈਂ ਉਨ੍ਹਾਂ ਨੂੰ ਬਚਾਉਣ ਲਈ ਨੂਰਪੁਰ ਚੱਲਿਆਂ। ਆਪਣੀ ਮੰਮੀ ਨੂੰ ਜਗਾਈ ਨਾ।"

"ਡੈਡੀ, ਨਾ ਜਾਇਓ। ਰਾਤ ਬਹੁਤ ਹੋ ਗਈ, ਪੁਲਿਸ ਚੌਂਕੀ ਫ਼ੋਨ ਕਰ

ਲਉ।"

ਮੈਂ ਅਣਸੁਣਾ ਕਰਕੇ ਰੇਵਲ ਸਿੰਘ ਨੂੰ ਫ਼ੋਨ ਲਾਇਆ ਹੈ। ਹੈਂਅ! ਨੇਤਾ ਜੀ ਫ਼ੋਨ ਈ ਨਈਂ ਚੁੱਕ ਰਹੇ। ਦੁਬਾਰਾ ਟਰਾਈ ਮਾਰਦਾਂ। ... ਸ਼ੁਕਰ ਹੈ। ਲੀਡਰਾਂ ਦੀ ਵੀ ਅੱਖ ਖੁੱਲ੍ਹ ਗਈ। ... ਮੈਂ ਸਾਰੀ ਸਮੱਸਿਆ ਰੇਵਲ ਸਿੰਘ ਨੂੰ ਦੱਸ ਦਿੱਤੀ ਹੈ। ਉਹ ਜੀਪ ਲੈ ਕੇ ਆਉਣ ਲੱਗਾ। ਮੈਂ ਚਾਹੁੰਦਾ ਸੀ ਸੱਤ-ਅੱਠ ਬੰਦੇ ਨਾਲ ਹੁੰਦੇ। ਰੇਵਲ ਕਹਿ ਤਾਂ ਰਿਹਾ ਸੀ, ਉਹ ਕਿਸੇ ਨੂੰ ਨਾਲ ਲੈ ਆਏਗਾ। ਉਸ ਮੂਰਖ ਮੁੰਡੇ ਦਾ ਦਿਮਾਗ ਹਿੱਲ ਗਿਆ। ਅੱਜ ਉਹਨੂੰ ਬੰਦੇ ਦਾ ਪੁੱਤ ਬਣਾ ਕੇ ਹੀ ਵਾਪਸ ਮੁੜਨਾ।

...ਰੇਵਲ ਸਿੰਘ ਜੀਪ ਲੈ ਕੇ ਆ ਤਾਂ ਗਿਆ। ਕੁੱਤਿਆਂ ਦੇ ਰੋਣ ਦੀ ਆਵਾਜ਼ ਹੋਰ ਉੱਚੀ ਹੋਈ ਹੈ। ਮੈਂ ਖਾਲੀ ਸੀਟ 'ਤੇ ਬੈਠ ਗਿਆ ਹਾਂ। ਜੀਪ ਨੇ ਰਫ਼ਤਾਰ ਫ਼ੜ ਲਈ ਹੈ।

"ਦੇਖ ਲੈ, ਕੁਲਵਿੰਦਰ ਸਿਆਂ, ਇਹ ਤਾਂ ਚਿੱਤ-ਚੇਤਾ ਵੀ ਨਹੀਂ ਸੀ ਬਈ ਸਾਨੂੰ ਘਰਾਂ ਵਿੱਚ ਵੀ ਜੰਗਾਂ ਲੜਨੀਆਂ ਪੈਣਗੀਆਂ।"

ਮੇਰੇ ਪਿੰਡ ਵਿੱਚੋਂ ਇਹ ਇਕੋ ਇਕ ਬੰਦਾ ਆ, ਜਿਹੜਾ ਮੇਰਾ ਅਸਲੀ ਨਾਂ ਲੈਂਦਾ ਆ। ਨਹੀਂ ਤਾਂ ਬਾਕੀ ਸਾਰੀ ਜਨਤਾ ਕਾਲਿਆ-ਕਾਲਿਆ ਕਰਦੀ ਫ਼ਿਰਦੀ ਹੈ। ਇਕ ਤਾਂ ਮੇਰਾ ਰੰਗ ਕਾਲਾ। ਉਤੋਂ ਦਾਦੀ ਨੇ ਨਾਂ ਵੀ ਰੱਖ ਦਿੱਤਾ ਕਾਲਾ। ਸੜਕ 'ਤੇ ਕੋਈ ਮੋਟਰ-ਗੱਡੀ ਨਹੀਂ ਟੱਕਰ ਰਹੇ। ਹਨੇਰਾ ਹੋਰ ਵਧੀ ਜਾ ਰਿਹਾ ਏ। ਪਰ ਜੀਪ ਦੀਆਂ ਲਾਈਟਾਂ ਹਨੇਰੇ ਨੂੰ ਚੀਰੀ ਜਾ ਰਹੀਆਂ ਹਨ।

ਵਿਚਾਰੇ ਜੌਹਲ ਹੁਰੀਂ ਪਤਾ ਨਹੀਂ ਕਿਹੜੇ ਹਾਲ ਵਿਚ ਹੋਣਗੇ। ਕੀ ਪਤਾ ਪਰਮਵੀਰ ਨੇ ਪਾਰ ਹੀ ਨਾ ਬੁਲਾ ਦਿੱਤੇ ਹੋਣ? ਉਥੇ ਕਿਹੜਾ ਕੋਈ ਉਨ੍ਹਾਂ ਦੀ ਮਦਦ 'ਤੇ ਆਇਆ ਹੋਣਾ। ਰੋਜ਼ ਦਾ ਤਾਂ ਮਾਰ ਮਰੱਈਆ ਤੇ ਕਲੇਸ਼ ਰਹਿੰਦਾ ਆ। ਨੌਕਰ ਗੁਲਾਬ ਵੀ ਬਿਹਾਰ ਗਿਆ ਹੋਇਆ। ਅੱਜ ਕੱਲ੍ਹ ਕੋਈ ਮਦਦ 'ਤੇ ਆਉਂਦਾ ਵੀ ਨਹੀਂ। ਇਹ ਤਾਂ ਰੇਵਲ ਸਿੰਘ ਵਰਗੇ ਟਾਂਵੇ ਬੰਦੇ ਹਨ। ਜਿਹੜਾ ਜਦ ਮਰਜ਼ੀ ਆਵਾਜ਼ ਮਾਰੇ, ਉੱਠ ਕੇ ਤੁਰ ਪੈਂਦਾ ਹੈ। ਸਾਡੇ ਨਾਲ ਤਾਂ ਪਰਿਵਾਰਕ ਸਬੰਧ ਹਨ। ਮੇਰਾ ਬਾਪੂ ਭਾੜੇ 'ਤੇ ਰੇੜ੍ਹੀ ਵਾਹੁੰਦਾ ਹੁੰਦਾ ਸੀ। ਉਹਨੇ ਰਾਹੋਂ ਦੇ ਭੱਠਿਆਂ ਤੋਂ ਇੱਟਾਂ ਦੀ ਰੇੜ੍ਹੀ ਲੱਦਣੀ। ਨਵਾਂ ਸ਼ਹਿਰ ਜਾ ਲਾਹੁਣੀ। ਉਸ ਗਰੀਬ ਦਾ ਸੁਪਨਾ ਸੀ, ਮੈਂ ਰੋਟੀ ਖਾਣ ਜੋਗੇ ਕਿਤੇ ਕਿੱਤੇ ਲੱਗ ਜਾਂ। ਉਸ ਰੇਵਲ ਸਿੰਘ ਪਾਸ ਜਾਣਾ।

"ਕਾਕਾ, ਸਾਡੇ ਗਰੀਬਾਂ ਦਾ ਤੂੰ ਹੀ ਲੀਡਰ ਏ। ਕਾਲੇ ਦਾ ਦਸ ਕੀ ਕਰੀਏ?"

ਰੇਵਲ ਸਿੰਘ ਕਿਸਾਨ ਯੂਨੀਅਨ ਦਾ ਸੂਬਾ ਪੱਧਰ ਦਾ ਆਗੂ ਹੈ। ਸਾਡੇ ਹਰ ਦੁੱਖ ਸੁੱਖ ਵਿਚ ਖੜ੍ਹਦਾ ਹੈ। ਜਿਉਂ ਹੀ ਮੈਂ ਦਸਵੀਂ ਕੀਤੀ। ਇਹਦੇ ਕਹਿਣ 'ਤੇ ਹੀ ਮੈਂ ਸ਼ਹਿਰ ਆਈ ਟੀ ਆਈ ਦਾਖ਼ਲਾ ਲਿਆ। ਇਲੈਕਟ੍ਰੀਸ਼ਨ ਦਾ ਦੋ ਸਾਲ ਦਾ ਡਿਪਲੋਮਾ ਵੀ ਕੀਤਾ। ਮੇਰੀ ਨੌਕਰੀ ਲਈ ਵੀ ਨੱਠਾ ਭੱਜਾ ਫ਼ਿਰਦਾ ਰਿਹਾ ਪਰ ਨੌਕਰੀ ਨਾ ਮਿਲੀ। ਫ਼ਿਰ ਮੈਨੂੰ ਬਿਜਲੀ ਦੀ ਦੁਕਾਨ ਪੁਆ ਕੇ ਦਿੱਤੀ। ਮੇਰੇ ਵਿਆਹ ਵੇਲੇ ਵੀ ਬਹੁਤੇ ਕੰਮ ਇਹਨੇ ਮੋਹਰੇ ਹੋ ਕੇ ਕੀਤੇ।

ਇਹ ਜੀਪ ਤਾਂ ਪੁਰਾਣੀ ਹੈ। ਪਰ ਮਜ਼ਬੂਤ ਹੈ। ਭੱਜੀ ਜਾਂਦੀ ਹੈ। ਪਰਮਵੀਰ ਨੂੰ ਕਾਬੂ ਕਰਨ ਬਾਰੇ ਨੇਤਾ ਜੀ ਡਿਸ਼ਕਸ਼ਨ ਕਰਨ ਲੱਗ ਪਏ ਹਨ। ਇਹ ਨੇਤਾ ਜੀ

ਨੂੰ ਪਤਾ ਆ ਕਿ ਕਿਹੜਾ ਕੰਮ ਕਿਹਤੋਂ ਲੈਣਾ ਹੈ। ਮੱਖਣ ਤੇ ਉਹਦਾ ਭਾਈ ਨਾਲ ਹਨ। ਮੱਖਣ ਤਾਂ ਨੇਤਾ ਜੀ ਵਾਲੀ ਰਫ਼ਲ ਪੱਟਾਂ 'ਤੇ ਰੱਖੀ ਬੈਠਾ। ਇਹ ਰਫ਼ਲ ਤਾਂ ਮੈਂ ਵੀ ਚਲਾ ਲੈਂਦਾ। ਰੇਵਲ ਸੁੰਹ ਆਪਣੇ ਘੇਰੇ ਵਾਲਿਆਂ ਨੂੰ ਟ੍ਰੇਨਿੰਗ ਦੇ ਕੇ ਰੱਖਦਾ। ਪਰਮਵੀਰ ਨੇ ਰਫ਼ਲ ਨਾਲ ਹੀ ਸੂਤ ਆਉਣਾ। ਉਂਝ ਉਹ ਕਾਬੂ ਆਉਣ ਵਾਲਾ ਨਹੀਂ।

ਨੇਤਾ ਜੀ ਕਿਸਾਨ ਯੂਨੀਅਨ ਤੋਂ ਪਹਿਲਾਂ ਸਟੂਡੈਂਟ ਯੂਨੀਅਨ ਵਿਚ ਕੰਮ ਕਰਦੇ ਹੁੰਦੇ ਸਨ। ਇਹ ਆਪਣੇ ਵਿਦਿਆਰਥੀ ਜੀਵਨ ਦੀਆਂ ਗੱਲਾਂ ਸੁਣਾਉਣ ਲੱਗ ਪਏ ਹਨ।

"ਆਹ ਤਾਂ ਕਦੇ ਸੋਚਿਆ ਵੀ ਨ੍ਹੀਂ ਸੀ। ਜਿਨ੍ਹਾਂ ਔਲਾਦਾਂ ਦੇ ਭਵਿੱਖ ਲਈ ਲੜ ਰਹੇ ਸਾਂ, ਉਹ ਇਥੋਂ ਤੱਕ ਗਰਕ ਜਾਣਗੀਆਂ। ਇਕ ਸਾਡੀ ਪੀੜ੍ਹੀ ਸੀ ਜੋ ਚੰਗੇਰੇ ਭਵਿੱਖ ਲਈ ਲੜ ਰਹੀ ਸੀ। ਇਕ ਆਹ ਨਵੀਂ ਪੀੜ੍ਹੀ ਆ। ਜਿਹੜੀ ਨਿੱਜੀ ਜ਼ਿੰਦਗੀ ਦੀ ਦੌੜ ਵਿਚ ਸ਼ਾਮਿਲ ਹੋ ਗਈ ਹੈ।"

ਜੁਆਨ ਕੁੜੀਆਂ ਮੁੰਡਿਆਂ ਦੀਆਂ ਗੱਲਾਂ ਕਰਦੇ-ਕਰਦੇ ਪਿੰਡ ਕਾਹਮੀ ਕੋਲ ਪੁੱਜ ਗਏ ਹਾਂ। ਪਿੰਡ ਨੂੰ ਜਗ-ਮਗ ਹੋਇਆ ਦੇਖ ਨੇਤਾ ਜੀ ਬੋਲੇ ਹਨ।

"ਆਹ ਕਾਹਮੀ ਵਾਲਿਆਂ ਨੇ ਅੱਜ ਬੜੀਆਂ ਲਾਈਟਾਂ ਲਾਈਆਂ ਹੋਈਆਂ ਨੇ?"

"ਮਾਤਾ ਸੱਤਿਆ ਦੇਵੀ ਦੀ ਯਾਦ ਵਿੱਚ ਮੇਲਾ ਲੱਗਾ ਹੋਇਆ, ਭਾਅ ਜੀ।" ਅੱਡੇ ਵਿਚ ਲੱਗਾ ਬੈਨਰ ਪੜ੍ਹ ਕੇ ਮੈਂ ਬੋਲਿਆ ਹਾਂ।

ਪੁਰਾਣੀਆਂ ਯਾਦਾਂ ਤਾਜ਼ਾਂ ਹੋ ਗਈਆਂ ਹਨ।

ਸਾਡਾ ਵਿਆਹ ਹੋਏ ਨੂੰ ਛੇ-ਸੱਤ ਸਾਲ ਹੋ ਗਏ ਸਨ। ਜਸਪਾਲ ਦੀ ਕੁੱਖ ਹਰੀ ਨਾ ਹੋਈ। ਉਹ ਔਲਾਦ ਲਈ ਮੇਰੇ ਨਾਲੋਂ ਵੀ ਵੱਧ ਝੂਰਦੀ ਸੀ। ਲੋਕ ਵੀ ਟਿਕਣ ਨਾ ਦਿੰਦੇ। ਉਹ ਸਿਆਣਿਆਂ ਕੋਲੋਂ ਇਲਾਜ ਕਰਾਉਣ ਦੀਆਂ ਮੱਤਾਂ ਦਿੰਦੇ ਰਹਿੰਦੇ। ਉਹ ਵੀ ਹਾਂ ਵਿੱਚ ਹਾਂ ਮਿਲਾਉਂਦੀ ਰਹਿੰਦੀ। ਇਕ ਵਾਰ ਉਹ ਇਥੇ ਮਾਤਾ ਸੱਤਿਆ ਦੇ ਆਉਣ ਲਈ ਜ਼ੋਰ ਪਾਉਣ ਲੱਗੀ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਨਾਲ ਆ ਗਿਆ। ਇਥੇ ਈ ਪਰਮਵੀਰ ਦਾ ਡੈਡੀ ਬਲਦੇਵ ਸਿੰਘ ਜੌਹਲ ਆਪਣੀ ਪਤਨੀ ਦਵਿੰਦਰ ਕੌਰ ਦੀ ਸੁੱਕੀ ਕੁੱਖ ਹਰੀ ਕਰਾਉਣ ਲਈ ਲੈ ਕੇ ਆਇਆ ਹੋਇਆ ਸੀ। ਇਹ ਸਾਡੀ ਪਹਿਲੀ ਮਿਲਣੀ ਸੀ। ਸਪੀਕਰ 'ਤੇ ਗੀਤ ਵੱਜ ਰਿਹਾ ਸੀ।

"ਇਹ ਪੁੱਤਰ ਹੱਟਾਂ 'ਤੇ ਨਈਂ ਵਿਕਦੇ। ਤੂੰ ਲੱਭਦੀ ਫਿਰੇ ਉਧਾਰ ਕੁੜੇ।"

ਇਥੇ ਢੋਲਕੀਆਂ ਛੈਣੇ ਵੱਜ ਰਹੇ ਸਨ। ਡੋਲੀਆਂ ਖੇਡ ਰਹੀਆਂ ਸਨ। ਅਸੀਂ ਵੀ ਚਾਰੋਂ ਜਣੇ ਅੱਗੇ ਬੈਠ ਗਏ ਸਾਂ। ਜਿਉਂ ਹੀ ਢੋਲਕੀਆਂ ਛੈਣਿਆਂ ਦੀ ਆਵਾਜ਼ ਉੱਚੀ ਹੋਈ। ਜਸਪਾਲ ਨੂੰ ਤਾਂ ਖੇਡ ਨਾ ਚੜ੍ਹੀ। ਦਵਿੰਦਰ ਕੌਰ ਨੇ ਸਿਰ ਘੁਮਾਉਣਾ ਸ਼ੁਰੂ ਕਰ ਦਿੱਤਾ। ਉਹਦੇ ਵਾਲ਼ ਖੁੱਲ੍ਹ ਗਏ। ਡਰਾਉਣੀਆਂ ਆਵਾਜ਼ਾਂ ਕੱਢਣ ਲੱਗ ਪਈ। ਇਕ ਚੇਲੇ ਨੇ ਉਹਦੀਆਂ ਨਾਸਾਂ ਅੱਗੇ ਧੂਫ਼ ਵਾਲੀ ਚੱਪਣੀ ਕੀਤੀ। ਮਾਤਾ ਵੀ ਆਪਣੇ ਰੰਗ ਵਿਚ ਆ ਗਈ ਸੀ।

"ਤੈਨੂੰ ਔਰਤਾਂ ਦਿਹਦੀਆਂ ? ... ਉਹੀ ਜਿਹਨੀਂ ਤੇਰੀ ਕੁੱਖ ਬੰਨ੍ਹੀ ਹੋਈ ਆ। ... ਹਾਂ, ਹਾਂ ਬੋਲ। ... ਇਹ ਸਹੁਰਿਆਂ ਵੱਲ ਦੀਆਂ ਜਾਂ ਪੇਕਿਆਂ ਵੱਲ ਦੀਆਂ?"

ਦਵਿੰਦਰ ਕੌਰ ਬੋਲੇ ਕੁਝ ਨਾ। ਮਾਤਾ ਨੇ ਲਲਕਾਰਾ ਮਾਰਿਆ। ਢੋਲਕੀ ਛੈਣੇ

ਤੇਜ਼ ਹੋ ਗਏ ਪਰ ਉਹਦੀ ਆਵਾਜ਼ ਨਾ ਨਿਕਲੇ। ਮਾਤਾ ਨੇ ਬਲ਼ਦਾ-ਬਲ਼ਦਾ ਧੂਫ਼ ਉਹਦੀ ਗਰਦਨ 'ਤੇ ਲਾ ਦਿੱਤਾ। ਦਵਿੰਦਰ ਕੌਰ ਨੇ ਚੀਕ ਚਿਹਾੜਾ ਪਾ ਦਿੱਤਾ। ਫ਼ੇਰ ਮਾਤਾ ਸਵਾਲ ਪੁੱਛਣ ਲੱਗੀ। ਜੋ ਮੂੰਹ ਆਵੇ, ਉਹ ਬੋਲੀ ਜਾਵੇ। ਮਾਤਾ ਨੇ ਗੇਟ ਤੱਕ ਲੰਮੀ ਪੈ ਕੇ ਜਾਣ ਤੇ ਆਉਣ ਦਾ ਹੁਕਮ ਸੁਣਾਇਆ। ਇਹ ਕੁਝ ਵੀ ਉਹਨੂੰ ਕਰਨਾ ਪਿਆ। ਮਾਤਾ ਗਰਜੀ।

"ਪੰਜ ਚੌਂਕੀਆਂ ਭਰ। ਲਾਲ ਅਵੱਸ਼ ਹੋਏਗਾ। ਅੱਜ ਤੱਕ ਇਸ ਦਰ ਤੋਂ ਕੋਈ ਖਾਲ਼ੀ ਨਹੀਂ ਗਿਆ।"

ਅਸੀਂ ਚਾਰੇ ਜਣੇ ਡੇਰੇ ਤੋਂ ਬਾਹਰ ਆ ਗਏ। ਅੱਡੇ ਵਿਚ ਆ ਕੇ ਚਾਹ ਪਾਣੀ ਪੀਤਾ। ਅਗਾਂਹ ਤੋਂ ਉਥੇ ਨਾ ਜਾਣ ਦਾ ਫ਼ੈਸਲਾ ਕਰ ਲਿਆ।

ਫਿਰ ਉਹ ਅੱਪਰੇ ਵਾਲੇ ਪੰਡਤ ਕੋਲ ਜਾਣ ਲੱਗ ਪਏ। ਸਾਨੂੰ ਵੀ ਧੱਕੇ ਨਾਲ ਲੈ ਜਾਂਦੇ। ਪਹਿਲਾਂ ਤਾਂ ਸਵਾ ਮਹੀਨਾ ਪੰਡਤ ਕੀੜੀਆਂ ਦੇ ਭੌਣ 'ਤੇ ਤਿਲ-ਚੌਲੀ ਪੁਆਉਂਦਾ ਰਿਹਾ। ਫਿਰ ਉਹਨੇ ਪੂਜਾ ਪਾਠ ਕੀਤਾ। ਹਜ਼ਾਰਾਂ ਰੁਪਈਏ ਗੁਲ ਹੋ ਗਏ। ਫ਼ਲ ਫਿਰ ਵੀ ਨਾ ਮਿਲਿਆ।

ਇਕ ਦਿਨ ਅਸੀਂ ਦੋਨੋਂ ਜੀਅ ਜੌਹਲ ਦੀ ਕੋਠੀ ਬੈਠੇ ਸੀ। ਉਹਦੀ ਪੈਂਤੀ ਖੇਤਾਂ ਦੀ ਮਾਲਕੀ ਹੈ। ਦਵਿੰਦਰ ਕੌਰ ਭੁੱਬਾਂ ਮਾਰ ਕੇ ਰੋ ਪਈ।

"ਸਭ ਕੁਸ਼ ਹੈਗਾ ਘਰ ਵਿੱਚ। ਪਰ ਕੁੱਖ ਸੁਲੱਖਣੀ ਬਿਨਾਂ ਘਰ ਵਿੱਚ ਵੁੱਕਤ ਨਹੀਂ ਹੁੰਦੀ ਔਰਤ ਦੀ।"

ਇਸ ਤੋਂ ਬਾਅਦ ਉਹ ਦੇਹਰੇ ਚੌਂਕੀਆਂ ਭਰਨ ਲੱਗ ਪਏ। ਉਨ੍ਹਾਂ ਦਿਨਾਂ ਵਿੱਚ ਠੰਢ ਬੜੀ ਸੀ। ਸ਼ਾਇਦ ਦੂਜੀ ਚੌਂਕੀ ਭਰਨ ਗਏ ਸੀ। ਜਸਪਾਲ ਨੂੰ ਵੀ ਨਾਲ ਲੈ ਗਏ। ਮੈਂ ਤਾਂ ਨਾ ਮੰਨਿਆ। ਦਵਿੰਦਰ ਤੇ ਜਸਪਾਲ ਨੂੰ ਧੌਲੀ ਧਾਰ ਥੱਲੇ ਕੀਤਾ ਹੋਣਾ। ਦਵਿੰਦਰ ਨੂੰ ਤਾਂ ਕੁਝ ਨਾ ਹੋਇਆ। ਪਿੰਡ ਆਈ ਜਸਪਾਲ ਨੂੰ ਨਮੂਨੀਆ ਹੋ ਗਿਆ ਸੀ। ਰੇਵਲ ਸੂੰਹ ਖ਼ਬਰ ਨੂੰ ਆਇਆ ਸੀ। ਬੱਚਾ ਪ੍ਰਾਪਤੀ ਲਈ ਕੀ-ਕੀ ਉਪਾਅ ਕੀਤੇ, ਸਾਰੇ ਜਸਪਾਲ ਨੇ ਉਹਨੂੰ ਦੱਸ ਦਿੱਤੇ।

"ਸਹੁਰੀ ਦਿਓ, ਦੁਨੀਆਂ ਤਾਂ ਕਲੋਨ ਰਾਹੀਂ ਬੱਚੇ ਪੈਦਾ ਕਰਨ ਬਾਰੇ ਸੋਚ ਰਹੀ ਐ ਤੇ ਤੁਸੀਂ ਬੱਚਾ ਲੈਣ ਲਈ ਸਾਧਾਂ ਚੇਲਿਆਂ ਕੋਲ ਤੁਰੀ ਫਿਰਦੇ ਓ। ਕੋਈ ਸੰਗ ਕਰੋ। ਸਾਡੇ ਨਾਲ ਰਹਿ ਕੇ ਵੀ...।"

ਉਹਨੂੰ ਕੀ ਜਵਾਬ ਦਿੰਦੇ। ਜਸਪਾਲ ਤਾਂ ਗਲਤ ਰਾਹ ਪਈ ਹੀ ਹੋਈ ਸੀ, ਮੈਂ ਵੀ ਦੋਸ਼ੀ ਗਿਣ ਹੋਣ ਲੱਗਿਆ। ਬੰਦਾ ਔਲਾਦ ਲਈ ਕੀ ਕੀ ਨਹੀਂ ਕਰਦਾ। ਬਲਦੇਵ ਸਿੰਘ ਜੌਹਲ ਕਹਿੰਦਾ ਹੁੰਦਾ,

"ਔਲਾਦ ਦੀ ਖ਼ਾਤਿਰ ਲੋਕੀਂ ਖੂਹੀਂ ਜਾਲ਼ ਪਾਉਂਦੇ ਆ।"

ਰੇਵਲ ਸੂੰਹ ਦੋਨੋਂ ਪਰਿਵਾਰਾਂ ਨੂੰ ਲੈ ਕੇ ਡਾਕਟਰਾਂ ਕੋਲ ਘੁੰਮਣ ਲੱਗਾ। ਜੌਹਲ ਸਾਡੇ ਰਾਹੀਂ ਰੇਵਲ ਸੂੰਹ ਦੇ ਨੇੜੇ ਹੋ ਗਿਆ ਸੀ। ਡਾਕਟਰੀ ਰਿਪੋਰਟਾਂ ਤੋਂ ਪਤਾ ਲੱਗਾ। ਦਵਿੰਦਰ ਦੀਆਂ ਟਿਊਬਾਂ ਬੰਦ ਸਨ। ਜਸਪਾਲ ਦੇ ਅੰਡਕੋਸ਼ ਕਮਜ਼ੋਰ ਸਨ। ਸਾਡੀਆਂ ਪਤਨੀਆਂ ਬ੍ਰੇਕਫਾਸਟ, ਲੰਚ ਤੇ ਡਿਨਰ ਵੀ ਗੋਲੀਆਂ ਕੈਪਸੂਲਾਂ ਨਾਲ ਈ ਕਰਦੀਆਂ। ਬਥੇਰਾ ਇਲਾਜ ਕਰਵਾਇਆ। ਜਿੰਨੇ ਜੋਗੇ ਸੀਗੇ। ਚਲੋ ਮੈਂ ਤਾਂ ਮਾੜ੍ਹਕੜ ਬੰਦਾ ਹਾਂ। ਜੌਹਲ ਕੋਲ ਤਾਂ ਕੋਈ ਘਾਟਾ ਨਹੀਂ, ਨਾ ਪੈਸੇ ਦਾ ਤੇ ਨਾ ਜਾਇਦਾਦ ਦਾ।

ਹੁਣ ਉਸ ਜਾਇਦਾਦ ਦਾ ਈ ਪੰਗਾ ਪਿਆ ਹੋਇਆ। ਪਰਮਵੀਰ ਕਹਿੰਦਾ– ਜ਼ਮੀਨ ਉਹਦੇ ਨਾਂ ਕਰਵਾਓ। ਤਾਂ ਕਿ ਉਹ ਮਨ ਆਈਆਂ ਕਰ ਸਕੇ। ਸਾਰੀ ਜ਼ਮੀਨ ਨਸ਼ਿਆਂ ਦੇ ਮੂੰਹ ਧੱਕ ਦੇਵੇ। ਪਰਮਵੀਰ ਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ, ਉਹਨੂੰ ਕਿੱਦਾਂ ਪ੍ਰਾਪਤ ਕੀਤਾ। ਸਾਧਾਂ ਚੇਲਿਆਂ ਤੇ ਡਾਕਟਰਾਂ ਦੇ ਚੱਕਰ ਕੱਟ-ਕੱਟ ਕੇ ਥੱਕ ਗਏ ਸੀ ਪਰ ਕਿਤੇ ਪੈਰ ਨਾ ਲੱਗੇ।

ਬੰਗਾ ਸ਼ਹਿਰ ਆ ਗਿਆ। 'ਟੈਸਟ ਟਿਊਬ ਬੇਬੀ (ਆਈ ਵੀ ਐਫ) ਅਤੇ ਫਰਟੀਲਿਟੀ ਸੈਂਟਰ ਸੂਦਨ ਹਸਪਤਾਲ ਬੰਗਾ' ਬੋਰਡ 'ਤੇ ਮੇਰੀ ਨਿਗ੍ਹਾ ਗਈ ਹੈ। ਇਸ ਹਸਪਤਾਲ ਵਿੱਚ ਵੀ ਇਹ ਤਕਨੀਕ ਆ ਗਈ? ਛੋਟਾ ਜਿਹਾ ਸ਼ਹਿਰ ਹੈਗਾ। ਸਾਡੇ ਵੇਲੇ ਤਾਂ ਪੰਜਾਬ ਵਿੱਚ ਕਾਲ ਪਿਆ ਹੋਇਆ ਸੀ। ਉਦੋਂ ਇਹ ਤਕਨੀਕ ਪੰਜਾਬ ਵਿਚ ਸਿਰਫ਼ ਲੁਧਿਆਣੇ ਸ਼ਹਿਰ ਦੇ ਇਕ ਹਸਪਤਾਲ ਵਿਚ ਸੀ ਜਾਂ ਫਿਰ ਬੰਬੇ-ਦਿੱਲੀ। ਉਨ੍ਹਾਂ ਸ਼ਹਿਰਾਂ ਵਿਚ ਤਾਂ ਬਥੇਰੇ ਹਸਪਤਾਲ ਹੋਣਗੇ। ਸਾਡੇ ਦੋਨਾਂ ਪਰਿਵਾਰਾਂ ਦੇ ਪੱਲੇ ਡਾਕਟਰਾਂ ਕੁਝ ਨਾ ਪਾਇਆ। ਰੇਵਲ ਸੁੰਹ ਨੇ ਟੈਸਟ ਟਿਊਬ ਬੇਬੀ ਲੈਣ ਲਈ ਜ਼ੋਰ ਪਾਇਆ ਸੀ। ਅਸੀਂ ਲੁਧਿਆਣੇ ਵਾਲੇ ਹਸਪਤਾਲ ਗਏ ਸਾਂ। ਉਨ੍ਹਾਂ ਟੈਸਟ ਟਿਊਬ ਬੇਬੀ ਦੇ ਸਾਰੇ ਪ੍ਰੋਸੈੱਸ ਦਾ ਇਕ ਲੱਖ ਰੁਪਈਆ ਮੰਗਿਆ ਸੀ। ਅਸੀਂ ਤਾਂ ਦੋਨੋਂ ਜੀਅ ਐਨੀ ਰਕਮ ਸੁਣ ਕੇ ਸੁੰਨ ਹੋ ਗਏ ਸਾਂ। ...ਤੇ ਮੂੰਹ ਲਟਕਾ ਕੇ ਵਾਪਸ ਘਰ ਆ ਗਏ ਸਾਂ।

ਜੌਹਲ ਹੁਰੀਂ ਪੂਰੇ ਪ੍ਰੋਸੈੱਸ ਵਿੱਚੋਂ ਲੰਘੇ ਸਨ। ਸਫ਼ਲਤਾ ਉਨ੍ਹਾਂ ਦੇ ਵੀ ਹੱਥ ਨਹੀਂ ਸੀ ਲੱਗੀ ਪਰ ਉਹਨਾਂ ਪਿੱਛਾ ਮੁੜ ਕੇ ਵੀ ਨਹੀਂ ਦੇਖਿਆ। ਉਹ ਬੰਬੇ ਜਾ ਪੁੱਜੇ ਸਨ। ਉਥੇ ਉਨ੍ਹਾਂ ਨੂੰ ਟੈਸਟ ਟਿਊਬ ਬੇਬੀ ਨਹੀਂ ਲੈਣਾ ਪਿਆ। ਇਕ ਮਹਿੰਗਾ ਪਰ ਕਾਬਲ ਡਾਕਟਰ ਮਿਲ ਗਿਆ। ਜਿਹਨੇ ਦਵਿੰਦਰ ਕੌਰ ਦੀਆਂ ਬੰਦ ਟਿਊਬਾਂ ਖੋਲ੍ਹ ਦਿੱਤੀਆਂ ਸਨ। ਡਾਕਟਰ ਦੀ ਕਿਰਪਾ ਨਾਲ ਦਵਿੰਦਰ ਦੀ ਗੋਦ ਵਿਚ ਇਕ ਸੋਹਣਾ ਜਿਹਾ ਗੋਭਲਾ ਬਾਲ ਪਰਮਵੀਰ ਖੇਡਣ ਲੱਗ ਪਿਆ ਸੀ। ਅਸੀਂ ਨੂਰਪੁਰ ਗਏ ਤਾਂ ਖੁਸ਼ੀ ਦੇ ਢੋਲ ਵੱਜ ਰਹੇ ਸਨ। ਖੁਸ਼ੀ ਤਾਂ ਅਸੀਂ ਵੀ ਮਨਾਈ ਪਰ ਵਾਪਸੀ 'ਤੇ ਸਾਨੂੰ ਮਾਯੂਸ ਦੇਖ ਕੇ ਨੇਤਾ ਜੀ ਨੇ ਸਲਾਹ ਦਿੱਤੀ ਸੀ।

"ਮੇਰਾ ਕਹਿਣਾ ਮੰਨੋ। ਤੁਸੀਂ ਬੱਚਾ ਗੋਦ ਲੈ ਲਓ।"

ਪਿੰਡ ਤੱਕ ਆਉਂਦਿਆਂ ਇਹ ਸਾਨੂੰ ਬੱਚਾ ਗੋਦ ਲੈਣ ਬਾਰੇ ਮਨਾਉਂਦਾ ਰਿਹਾ। ਘਰ ਆ ਕੇ ਮੈਂ ਵੀ ਏਹੀ ਮਨ ਬਣਾ ਲਿਆ ਸੀ। ਪਰ ਜਸਪਾਲ ਨੂੰ ਕੌਣ ਸਮਝਾਵੇ। ਜਦੋਂ ਜੌਹਲ ਹੁਰੀਂ ਬੰਬੇ ਜਾਣਾ ਸੀ। ਉਦੋਂ ਵੀ ਨੇਤਾ ਜੀ ਨੇ ਉਨ੍ਹਾਂ ਅੱਗੇ ਇਹ ਪ੍ਰਪੋਜਲ ਰੱਖੀ ਸੀ।

"ਬਲੱਡ ਇਜ਼ ਥਿਕਰ ਦੈਨ ਵਾਟਰ।" ਜੌਹਲ ਨੇ ਇਹ ਕਹਿ ਕੇ ਬੰਬੇ ਲਈ ਟ੍ਰੇਨ ਫ਼ੜ ਲਈ ਸੀ।

ਏਹੀ ਜ਼ਿੱਦ ਜਸਪਾਲ ਲੈ ਕੇ ਬੈਠੀ ਸੀ। ਇਹਨੂੰ ਕਮਲੀ ਨੂੰ ਕੌਣ ਸਮਝਾਵੇ। ਬੱਚੇ ਦੀ ਪੈਦਾਇਸ਼ ਬਿਜਨਿਸ ਬਣ ਗਈ ਹੈ। ਬਾਕੀ ਆਪਣੀ ਔਲਾਦ ਨੇ ਸੁੱਖ ਦੇਣਾ ਹੈ ਜਾਂ ਨਹੀਂ, ਇਹਦੇ ਬਾਰੇ ਕੋਈ ਹਿੱਕ ਠੋਕ ਕੇ ਨਹੀਂ ਕਹਿ ਸਕਦਾ। ਬੱਚਾ ਗੋਦ ਲੈਣ ਬਾਰੇ ਜਸਪਾਲ ਕਦੇ ਮੰਨ ਜਾਂਦੀ। ਕਦੇ ਨਾਂਹ ਨੁੱਕਰ ਕਰਨ ਲੱਗ ਪੈਂਦੀ। ਖ਼ੈਰ... ਇਕ ਦਿਨ ਸਾਡਾ ਇਕ ਮਿੱਤਰ ਨੇਤਾ ਜੀ ਦਾ ਸੁਨੇਹਾ ਲੈ ਕੇ ਆਇਆ।

“ਕਪੂਰਥਲੇ ਵੱਲ ਕਿਸਾਨ ਯੂਨੀਅਨ ਦੀ ਮੀਟਿੰਗ ਚਲ ਰਹੀ ਏ। ਖੇਤਾਂ ਵਿਚ ਜੰਗਲ ਪਾਣੀ ਗਏ ਸੀ। ਉਥੇ ਨਵਜੰਮੀ ਬੱਚੀ ਮਿਲੀ ਆ। ਰੇਵਲ ਸਿੰਘ ਕਹਿੰਦਾ ਆ ਕੇ ਲੈ ਜਾਓ।”

ਅਸੀਂ ਦੋਹਾਂ ਜੀਆਂ ਨੇ ਘੁਸਰ ਮੁਸਰ ਕੀਤੀ ਤੇ ਬੱਚੀ ਅਡੋਪਟ ਕਰਨ ਦਾ ਮਨ ਬਣਾ ਲਿਆ। ਉਂਝ ਅਸੀਂ ਮੁੰਡਾ ਚਾਹੁੰਦੇ ਸਾਂ। ਖ਼ੈਰ...। ਜਸਪਾਲ ਕਹਿਣ ਲੱਗੀ- ਜੇ ਲੋਕਾਂ ਨੂੰ ਪਤਾ ਲੱਗ ਗਿਆ? ਸਾਡੇ ਆਲੇ ਦੁਆਲੇ ਦੇ ਘਰਾਂ ਵਾਲਿਆਂ ਨੂੰ ਇਹ ਤਾਂ ਪਤਾ ਸੀ ਕਿ ਅਸੀਂ ਜਲੰਧਰ ਤੋਂ ਇਲਾਜ ਕਰਵਾ ਰਹੇ ਹਾਂ। ਉਂਝ ਵੀ ਜਸਪਾਲ ਦਵਾਈਆਂ ਖਾ ਖਾ ਮੋਟੀ ਠੁੱਲ ਹੋ ਗਈ ਸੀ। ਪੇਟ ਤਾਂ ਕਾਫ਼ੀ ਵਧਿਆ ਹੋਇਆ ਸੀ। ਉਹ ਝੂਠੀ ਮੂਠੀ ਦੀਆਂ ਪੀੜਾਂ ਨਾਲ ਕਰਾਹੁਣ ਲੱਗ ਪਈ। ਆਂਢ-ਗੁਆਂਢ ਵੀ ਖ਼ਬਰ ਹੋ ਗਈ। ਮੈਂ ਜਲੰਧਰ ਹਸਪਤਾਲ ਲੈ ਕੇ ਜਾਣ ਦਾ ਬਹਾਨਾ ਲਾ ਕੇ ਚੱਲ ਪਿਆ।

... ਨੇਤਾ ਜੀ ਨੇ ਜੋਧਿਕਾ ਸਾਡੀ ਝੋਲੀ ਪਾਈ। ਫਜਲਾਬਾਦ ਪਿੰਡ ਵਿਚ ਆਪਣੇ ਕਿਸੇ ਵਰਕਰ ਦੇ ਘਰ ਸਾਨੂੰ ਛੱਡ ਦਿੱਤਾ। ਆਪ ਪਿੰਡ ਆ ਕੇ ਕੁੜੀ ਦੇ ਲੱਡੂ ਵੰਡ ਦਿੱਤੇ। ਕੁਝ ਦਿਨਾਂ ਬਾਅਦ ਅਸੀਂ ਪਿੰਡ ਮੁੜੇ ਸੀ।

ਅਸੀਂ ਪਰਮਵੀਰ ਦੇ ਜਨਮ ਵਰਗੇ ਜਸ਼ਨ ਤਾਂ ਨ੍ਹੀਂ ਮਨਾ ਸਕੇ। ਪਰ ਧੀ ਜੰਮਣ ਦੀ ਖ਼ਬਰ ਸਾਰੇ ਪਿੰਡ ਨੂੰ ਕਰ ਦਿੱਤੀ ਸੀ। ਜੌਹਲ ਹੁਰੀਂ ਕੱਪੜਾ ਲੀੜਾ ਲੈ ਕੇ ਆਏ ਸਨ। ...ਤੇ ਅਸੀਂ ਦੋਸਤਾਂ ਮਿੱਤਰਾਂ ਨੂੰ ਛੋਟੀ ਜਿਹੀ ਪਾਰਟੀ ਵੀ ਕਰ ਦਿੱਤੀ ਸੀ। ਜਦੋਂ ਦੋਨੋਂ ਬੱਚੇ ਵੱਡੇ ਹੋਏ। ਜੌਹਲ ਕਹਿਣ ਲੱਗਾ :-

“ਜੋਧਿਕਾ ਨੂੰ ਵੀ ਕਿਸੇ ਚੰਗੇ ਪ੍ਰਾਈਵੇਟ ਸਕੂਲ ਪੜ੍ਹਨੇ ਪਾਓ। ਬੇਟੀ ਚਾਰ ਅੱਖਰ ਪੜ੍ਹ ਜਾਏਗੀ। ਕੁੜੀ ਦੀ ਜੂਨ ਸੁਧਰ ਜਾਊ।”

ਪਰ ਮੈਂ ਧੀ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਇਆ। ਨਰਸਿੰਗ ਜ਼ਰੂਰ ਪ੍ਰਾਈਵੇਟ ਕਰਵਾਈ। ਸਰਕਾਰੀ ਕਾਲਜ ਤਾਂ ਲੱਭਦੇ ਨਹੀਂ। ਬੰਦਾ ਕਿੱਥੇ ਪੜ੍ਹਾ ਲਵੇ?

ਜਦੋਂ ਇਹ ਨਰਸਿੰਗ ਕਰਦੀ ਸੀ, ਉਦੋਂ ਹਰ ਛੇ ਮਹੀਨੇ ਬਾਅਦ ਨੋਟਾਂ ਦੇ ਬੁਕਾਂ ਦੇ ਬੁਕ ਗੁਰੂ ਨਾਨਕ ਨਰਸਿੰਗ ਇੰਸਟੀਚਿਊਟ ਨੂੰ ਦੇਣੇ ਪੈਂਦੇ ਸਨ। ਨੋਟ ਦੇਣ ਵੇਲੇ ਧਾਹ ਨਿਕਲਦੀ ਸੀ। ਮੇਰੀ ਸਾਰੀ ਉਮਰ ਦੀ ਕਮਾਈ ਜੋਧਿਕਾ ਦੀ ਪੜ੍ਹਾਈ ਦੇ ਲੇਖੇ ਲੱਗ ਗਈ। ਇਕ ਵਾਰ ਫ਼ੀਸ ਦੇਣ ਗਏ ਤੋਂ ਰਹਿ ਨਾ ਹੋਇਆ। ਉਨ੍ਹਾਂ ਨੂੰ ਕਹਿ ਦਿੱਤਾ।

“ਆਪਣੀ ਇੰਸਟੀਚਿਊਟ ਦਾ ਨਾਂ ਬਦਲ ਕੇ ਕੌਡੇ ਰਾਖ਼ਸ਼ ਰੱਖ ਲਓ। ਕਿਉਂ ਸਾਡੇ ਬਾਬੇ ਨਾਨਕ ਦਾ ਨਾਂ ਬਦਨਾਮ ਕਰਨ ਲੱਗੇ ਓ।”

ਖ਼ੈਰ... ਹੁਣ ਜੋਧਿਕਾ ਆਪਣੇ ਕੱਪੜੇ ਲੈਣ ਜੋਗੇ ਪੈਸੇ ਕਮਾ ਲੈਂਦੀ ਹੈ। ਜਿਥੇ ਪੜ੍ਹਦੀ ਸੀ, ਉਥੇ ਈ ਨੌਕਰੀ ਮਿਲ ਗਈ। ਨਾਲ-ਨਾਲ ਆਈਇਲਿਟਸ ਦੇ ਟੈਸਟ ਦੀ ਤਿਆਰੀ ਵੀ ਕਰ ਰਹੀ ਹੈ।

ਚੰਗਾ ਹੋਇਆ ਮੈਂ ਜੌਹਲ ਦਾ ਕਹਿਣਾ ਨਹੀਂ ਮੰਨਿਆ। ਉਹਨੇ ਪੰਜਵੀਂ ਤੱਕ ਪਰਮਵੀਰ ਨੂੰ ਇਥੇ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਾਇਆ। ਫਿਰ ਉਹਦਾ ਸਟੈਂਡਰਡ ਹੋਰ ਵੱਧ ਗਿਆ। ਛੇਵੀਂ ਵਿਚ ਬੇਟੇ ਨੂੰ ਮਾਸੂਰੀ ਦੇ ਇਕ ਕਾਨਵੈਂਟ ਸਕੂਲ ਵਿੱਚ ਪੜ੍ਹਨ ਲਾ ਦਿੱਤਾ। ਚਲੋ ਮੈਨੂੰ ਤਾਂ ਸਕੂਲਾਂ ਬਾਰੇ ਬਹੁਤਾ ਗਿਆਨ ਨਹੀਂ। ਪਰ ਰੇਵਲ ਸੁੰਹ ਨੇ ਉਥੇ ਨਾ ਪੜ੍ਹਾਉਣ ਦੀ ਸਲਾਹ ਦਿੱਤੀ ਸੀ। ਬਲਦੇਵ ਸਿੰਘ ਜੌਹਲ ਦੀਆਂ

ਰਿਸ਼ਤੇਦਾਰੀਆਂ ਅਤੇ ਦੋਸਤੀਆਂ ਅਮੀਰ ਲੋਕਾਂ ਨਾਲ ਹਨ। ਇਹ ਤਾਂ ਬੱਚਾ ਪੈਦਾ ਕਰਨ ਦੇ ਚੱਕਰ ਵਿਚ ਮੇਰੇ ਨਾਲ ਜਾਂ ਰੇਵਲ ਸੁੰਹ ਨਾਲ ਸਾਂਝ ਬਣ ਗਈ। ਵਰਨਾ ਉਹਦਾ ਰਹਿਣ ਸਹਿਣ ਤੇ ਸੋਚਣ ਢੰਗ ਅਮੀਰ ਲੋਕਾਂ ਵਾਲਾ ਹੈ। ਪਹਾੜ, ਠੰਡੀਆਂ ਥਾਵਾਂ ਤੇ ਰੰਗੀਨੀਆਂ ਉਹਨੂੰ ਚੰਗੀਆਂ ਲੱਗਦੀਆਂ ਹਨ।

ਮਸੂਰੀ ਬੜਾ ਮਨਮੋਹਣਾ ਦ੍ਰਿਸ਼ ਸੀ। ਪਰਮਵੀਰ ਨੂੰ ਮਿਲਣ ਦੇ ਬਹਾਨੇ ਹਰ ਮਹੀਨੇ ਮਸੂਰੀ ਤੁਰੇ ਰਹਿੰਦੇ। ਮੈਨੂੰ ਵੀ ਨਾਲ ਲੈ ਜਾਂਦੇ। ਇਕ ਤੇ ਮੇਰੇ ਕੋਲੋਂ ਕਾਰ ਚਲਾਉਣੀ ਹੁੰਦੀ ਸੀ। ਜੌਹਲ ਪਹਾੜਾਂ ਵਿਚ ਕਾਰ ਚਲਾਉਣ ਤੋਂ ਡਰਦਾ ਹੈ। ਦੂਸਰਾ ਪਰਮਵੀਰ ਨੂੰ ਰਾਈਫ਼ਲ ਦੇ ਨਿਸ਼ਾਨੇ ਲਾਉਣੇ ਸਿਖਾਉਣ ਦਾ ਜ਼ੁੰਮਾ ਵੀ ਮੇਰਾ ਸੀ। ਮੈਂ ਇਕ ਗੋਲੀ ਨਾਲ ਸ਼ਿਕਾਰ ਕਰ ਲੈਂਦਾ ਸੀ। ਪਰਮਵੀਰ ਦੇ ਹੱਥ ਕੰਬਦੇ ਹੁੰਦੇ ਸਨ। ਰੱਜ ਕੇ ਡਰਪੋਕ ਸੀ। ਅੱਜ ਤੇ 'ਬਹਾਦਰ' ਬਣੀ ਫ਼ਿਰਦਾ ਹੋਣਾ।

ਇਹ 'ਬਹਾਦਰੀ' ਪਹਿਲੀ ਵਾਰ ਉਹਨੇ ਨੌਵੀਂ ਜਮਾਤ ਵਿਚ ਦਿਖਾਈ ਸੀ। ਸ਼ਰਾਬ ਪੀ ਕੇ ਸਕੂਲ ਚਲਾ ਗਿਆ ਸੀ। ਛੁੱਟੀ ਹੋਣ ਵੇਲੇ ਆਪਣੇ ਜਮਾਤੀਆਂ ਨਾਲ ਲੜ ਪਿਆ ਸੀ। ਫਿਜੀਕਲ ਵਾਲੇ ਸਰ ਨੇ ਇਨ੍ਹਾਂ ਨੂੰ ਲੜਨ ਤੋਂ ਰੋਕਿਆ ਸੀ। ਪਰਮਵੀਰ ਨੇ ਆਪਣੇ ਸਰ ਦੇ ਥੱਪੜ ਮਾਰ ਦਿੱਤਾ ਸੀ। ਮਾਪਿਆਂ ਦੀ ਪੇਸ਼ੀ ਹੋਈ ਸੀ। ਇਹਨੇ 'ਸੌਰੀ' ਮੰਗ ਲਈ ਸੀ ਪਰ ਮਗਰੋਂ ਇਹਦੇ ਕਾਰਨਾਮੇ ਵੱਧ ਗਏ ਸਨ।

ਇਹ ਚਾਰ-ਪੰਜ ਮੁੰਡੇ ਸਨ। ਪਹਾੜੀ ਪਿੰਡਾਂ ਵਿਚ ਨਿਕਲ ਜਾਂਦੇ। ਨਸ਼ੇ ਵਿਚ ਧੁਤ ਹੋਇਆਂ ਨੇ ਖਰੂਦ ਕਰਨਾ। ਪਹਾੜੀਆਂ ਨੂੰ ਕੁੱਟ ਆਉਣਾ। ਇਕ ਵਾਰੀ ਉਹਨਾਂ ਇਹ ਬੰਨ੍ਹ ਲਏ ਸਨ। ਖ਼ੂਬ ਕੁਟਾਪਾ ਕੀਤਾ ਸੀ। ਇਨ੍ਹਾਂ ਦੀ ਜੁੰਡਲੀ ਵਿਚ ਦੋ ਅਮੀਰਜਾਦੇ ਉਨ੍ਹਾਂ ਪਿੰਡਾਂ ਦੇ ਹੀ ਸਨ। ਉਹਨਾਂ ਨੇ ਇਨ੍ਹਾਂ ਨੂੰ ਛੁਡਾ ਲਿਆ ਸੀ। ਸਕੂਲ ਖ਼ਬਰ ਪੁੱਜਣ ਨਹੀਂ ਦਿੱਤੀ ਸੀ। ਹੁਣ ਜਦੋਂ ਇਹਨੂੰ ਸਮੈਕ ਨਹੀਂ ਮਿਲਦੀ। ਇਹ ਭੰਗ ਪੀਣ ਲੱਗ ਪੈਂਦਾ ਹੈ। ਭੰਗ ਪੀ ਕੇ ਫਿਰ ਆਪਣੇ ਦੋਸਤਾਂ ਮਿੱਤਰਾਂ ਨੂੰ ਇਹੋ ਜਿਹੇ ਕਾਰਨਾਮੇ ਸੁਣਾਉਂਦਾ ਹੈ।

ਦੂਜੀ ਵਾਰ ਫੇਰ ਜੌਹਲ ਸਾਹਿਬ ਨੂੰ ਸਕੂਲ ਪੁੱਜਣ ਦਾ ਸੁਨੇਹਾ ਮਿਲਿਆ ਸੀ।

ਪਰਮਵੀਰ ਨੇ ਫੇਸਬੁੱਕ 'ਤੇ ਪ੍ਰਿੰਸੀਪਲ ਦਾ ਅਕਾਊਂਟ ਖੋਲ੍ਹਿਆ ਹੋਇਆ ਸੀ। ਉਨ੍ਹਾਂ ਦੀ ਫੋਟੋ ਲਾ ਕੇ ਪੂਰੀ ਜਾਣਕਾਰੀ ਦਿੱਤੀ ਸੀ। ਪ੍ਰਿੰਸੀਪਲ ਵਲੋਂ ਐਲਾਨ ਕੀਤਾ ਕਿ ਵਿਦਿਆਰਥੀ ਆਪਣੀਆਂ ਸਮੱਸਿਆਵਾਂ ਫੇਸਬੁੱਕ 'ਤੇ ਵੀ ਸਾਂਝੀਆਂ ਕਰ ਸਕਦੇ ਹਨ। ਪਹਿਲਾਂ ਪਹਿਲ ਤਾਂ ਪਰਮਵੀਰ ਨੇ ਵਿਦਿਆਰਥੀਆਂ ਦੀਆਂ ਜਾਇਜ਼ ਸਮੱਸਿਆਵਾਂ ਪਾਈਆਂ ਤੇ ਪ੍ਰਿੰਸੀਪਲ ਵਲੋਂ ਉਨ੍ਹਾਂ ਦੇ ਜਵਾਬ ਵੀ ਠੀਕ ਦਿੱਤੇ। ਫ਼ਿਰ ਉਹਨੇ ਸਵਾਲ ਵੀ ਪੁੱਠੇ ਤੇ ਜਵਾਬ ਵੀ ਪੁੱਠੇ ਦੇਣੇ ਸ਼ੁਰੂ ਕਰ ਦਿੱਤੇ। ਮਸਲਨ :

ਸਵਾਲ : ਸਰ, ਮੇਰੇ ਨਾਲ ਕਿਸੇ ਕੁੜੀ ਦੀ ਗੱਲਬਾਤ ਕਰਵਾ ਦਿਓ।

ਜਵਾਬ : ਮੈਂ ਤਾਂ ਆਪ ਕੁੜੀ ਦੀ ਭਾਲ ਵਿਚ ਹਾਂ।

ਪਰਮਵੀਰ ਨੇ ਬਹੁਤ ਸਾਰੀਆਂ ਬੌਗਸ ਆਈਡੀਆਂ ਬਣਾਈਆਂ ਹੋਈਆਂ ਸਨ। ਉਹ ਉਨ੍ਹਾਂ ਦੀ ਵਰਤੋਂ ਕਰਦਾ। ਹਰ ਰੋਜ਼ ਕੋਈ ਨਾ ਕੋਈ ਧਮਾਕੇ ਵਾਲਾ ਕੰਮ ਕੀਤਾ ਹੁੰਦਾ। ਸਕੂਲ ਦੇ ਕੰਪਿਊਟਰ ਟੀਚਰ ਨੇ ਜਿਉਂ ਹੀ ਫੇਸਬੁੱਕ 'ਤੇ ਪੜ੍ਹਨਾ ਸ਼ੁਰੂ ਕੀਤਾ। ਉਹ ਪ੍ਰਿੰਸੀਪਲ ਸਾਹਿਬ ਦੇ ਜਵਾਬ ਸੁਣਕੇ ਹੈਰਾਨ ਹੋਣ ਲੱਗਾ। ਇਕ ਦਿਨ

ਉਹ ਪ੍ਰਿੰਸੀਪਲ ਕੋਲ ਗਿਆ।

"ਸਰ, ਇਹ ਤੁਸੀਂ ਫੇਸਬੁੱਕ 'ਤੇ ਕੀ ਕਰਦੇ ਰਹਿੰਦੇ ਓ?"

ਪ੍ਰਿੰਸੀਪਲ ਨੂੰ ਪਹਿਲਾਂ ਤਾਂ ਗੱਲ ਨਾ ਸਮਝ ਲੱਗੀ। ਜਦੋਂ ਕੰਪਿਊਟਰ ਟੀਚਰ ਨੇ ਉਨ੍ਹਾਂ ਨੂੰ ਕੰਪਿਊਟਰ ਮੋਹਰੇ ਬਿਠਾਇਆ। ਉਹ ਪੜ੍ਹ ਕੇ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਦੇ ਹੱਥ ਕੰਬਣ ਲੱਗੇ। ਸਿਰ ਚਕਰਾਉਣ ਲੱਗਾ। ਉਨ੍ਹਾਂ ਪੁਲੀਸ ਕੋਲ ਸ਼ਿਕਾਇਤ ਕਰ ਦਿੱਤੀ। ਪੁਲੀਸ ਵਿਭਾਗ ਨੇ ਦੋਸ਼ੀ ਪਰਮਵੀਰ ਨੂੰ ਪਾਇਆ। ਮੈਂ ਤੇ ਜੌਹਲ ਅਗਲੇ ਦਿਨ ਸਕੂਲ ਪੁੱਜੇ। ਸਾਰੀ ਗੱਲਬਾਤ ਸੁਣ ਕੇ ਜੌਹਲ ਨੂੰ ਸੁੱਝੇ ਕੁਝ ਨਾ। ਪ੍ਰਿੰਸੀਪਲ ਪੁਲੀਸ ਕੇਸ ਪਵਾਉਣ 'ਤੇ ਤੁਲਿਆ ਹੋਇਆ ਸੀ। ਸਜ਼ਾ ਮਿਲਣ ਦੇ ਹੱਕ ਵਿਚ ਸੀ। ਬਲਦੇਵ ਸਿੰਘ ਉਹਦੇ ਪੈਰਾਂ ਵਿਚ ਬੈਠ ਗਿਆ ਸੀ। ਉਹ ਉਦੋਂ ਉੱਠਿਆ ਸੀ, ਜਦੋਂ ਪ੍ਰਿੰਸੀਪਲ ਨੇ ਪਰਮਵੀਰ ਨੂੰ ਮਾਫ਼ ਕਰ ਦਿੱਤਾ ਸੀ।

ਪਰਮਵੀਰ ਨੂੰ ਲੈ ਕੇ ਅਸੀਂ ਪਿੰਡ ਆ ਗਏ ਸੀ। ਅਸੀਂ ਦੋਨੋਂ ਉਹਨੂੰ ਸਮਝਾਉਣ 'ਤੇ ਲੱਗੇ ਹੋਏ ਸਾਂ। ਉਹਦੀਆਂ ਅੱਖਾਂ ਸਾਡੇ ਵੱਲ ਸਨ ਪਰ ਧਿਆਨ ਕਿਧਰੇ ਹੋਰ ਸੀ। ਜਿਵੇਂ ਹੋਸ਼ ਵਿਚ ਹੀ ਨਾ ਹੋਵੇ। ਸਮੈਕ ਨੇ ਭੰਨਿਆ ਪਿਆ ਸੀ। ਚਿਹਰੇ 'ਤੇ ਕੋਈ ਰੌਣਕ ਨਹੀਂ ਸੀ। ਉੱਜੜਿਆ-ਉੱਜੜਿਆ ਪਿਆ ਸੀ। ਇਹਦੀ ਮਾਂ ਦਵਿੰਦਰ ਤਾਂ ਪੁੱਤ ਦੀ ਸ਼ਕਲ ਦੇਖ ਕੇ ਭੁੱਬੀਂ ਰੋ ਪਈ ਸੀ।

ਉਨ੍ਹਾਂ ਦਿਨਾਂ ਵਿਚ ਪਰਮਵੀਰ ਦੇ ਮਾਮੇ ਦੇ ਮੁੰਡੇ ਦਾ ਵਿਆਹ ਸੀ। ਸਾਰੀ ਰਾਤ ਦਾਰੂ ਪੀ ਕੇ ਮੁੰਡੇ ਨੱਚਦੇ ਰਹੇ। ਸਵੇਰੇ ਬਰਾਤ ਤੁਰਨ ਲੱਗੀ। ਪਰਮਵੀਰ ਨੂੰ ਪਤਾ ਨਹੀਂ ਕੀ ਹੋ ਗਿਆ ਸੀ। ਸ਼ੈਦਾਈਆਂ ਵਾਂਗ ਕਰਨ ਲੱਗ ਪਿਆ ਸੀ। ਸਵੇਰੇ ਉੱਠਕੇ ਪਤਾ ਨਹੀਂ ਕੀ ਖਾ ਲਿਆ ਸੀ। ਕਈ ਓਹੜ-ਪੋਹੜ ਕੀਤੇ। ਪਿੰਡ ਵਾਲਾ ਡਾਕਟਰ ਟੀਕਾ ਵੀ ਲਾ ਗਿਆ ਸੀ। ਉਹਨੂੰ ਕੋਈ ਫ਼ਰਕ ਨਹੀਂ ਸੀ ਪਿਆ। ਦੋ ਘੰਟੇ ਲੇਟ ਬਰਾਤ ਤੁਰੀ ਸੀ। ਇਹ ਪੈਲੇਸ ਪਹੁੰਚ ਕੇ ਵੀ ਸਵੇਰ ਵਾਂਗ ਕਰੀ ਜਾਵੇ। ਇਹ ਤੋਂ ਖੜ੍ਹ ਨਾ ਹੋਵੇ। ਕਦੇ ਕਿਸੇ ਨੂੰ ਜੱਫ਼ੀ ਪਾ ਲਿਆ ਕਰੇ, ਕਦੇ ਕਿਸੇ ਹੋਰ ਨੂੰ। ਝੂਲਦਾ ਫ਼ਿਰੇ।

"ਓਏ, ਮੈਂ ਤੈਨੂੰ ਮਾਰ ਦੇਣਾ। ਮੈਨੂੰ ਅਫੀਮ ਲਿਆ ਕੇ ਦੇ।" ਇਹ ਆਹੀ ਦੋ ਲਾਈਨਾਂ ਬੋਲੀ ਜਾਵੇ।

ਇਹਨੂੰ ਹੋਸ਼ ਕੋਈ ਨਹੀਂ ਸੀ। ਵਿਆਹ ਨਾ ਪ੍ਰਭਾਵਤ ਹੋਵੇ। ਇਹ ਸੋਚ ਕੇ ਅਸੀਂ ਇਹਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਸੀ। ਇਹ ਦੋ ਦਿਨ ਹਸਪਤਾਲ ਵਿਚ ਕਮਲੀਆਂ ਮਾਰਦਾ ਰਿਹਾ। ਡਾਕਟਰ ਇਹ ਪਤਾ ਨਹੀਂ ਸੀ ਲਾ ਸਕੇ ਕਿ ਇਹਨੇ ਕਿਹੜਾ ਨਸ਼ਾ ਕੀਤਾ ਹੋਇਆ ਸੀ। ਮਾਸੂਰੀ ਤਕੜੇ ਘਰਾਂ ਦੇ ਕਾਕੇ ਕਾਕੀਆਂ ਪੜ੍ਹਦੇ ਸਨ। ਉਥੇ ਮਾਹੌਲ ਵਿਗੜਿਆ ਹੋਇਆ ਸੀ। ਮਾਪਿਆਂ ਦੀਆਂ ਅੱਖਾਂ ਤੋਂ ਦੂਰ ਰਹੇ ਕਈ ਬੱਚੇ ਵਿਗੜ ਵੀ ਤਾਂ ਜਾਂਦੇ ਹਨ। ਇਹ ਨਸ਼ੇ ਤੇ ਰੰਡੀਬਾਜੀ ਦਾ ਆਦੀ ਉਥੋਂ ਹੀ ਹੋਇਆ। ਜਦੋਂ ਇਹਨੂੰ ਚੰਡੀਗੜ੍ਹ ਦੇ ਕਾਲਜ ਪੜ੍ਹਨ ਲਾਇਆ, ਉਦੋਂ ਨੇਤਾ ਜੀ ਨੇ ਕਿਹਾ ਵੀ।

"ਬਲਦੇਵ, ਮੁੰਡਾ ਹੱਥੋਂ ਨਿਕਲਣ ਲੱਗਾ। ਕੋਲ ਰੱਖ ਕੇ ਪੜ੍ਹਾਓ। ਸ਼ਾਇਦ ਸੰਭਾਲ ਹੋ ਜਾਵੇ।"

ਸਾਲ ਪਹਿਲੀ ਗੱਲ ਹੋਣੀ ਹੈ। ਮੈਂ ਤੇ ਜਸਪਾਲ ਨੂਰਪੁਰ ਗਏ ਹੋਏ ਸਾਂ। ਰਾਤ ਨੂੰ ਨੌਂ ਕੁ ਵਜੇ ਗੱਡੀ ਦੇ ਹੌਰਨ ਵੱਜਣੇ ਸ਼ੁਰੂ ਹੋ ਗਏ। ਨੌਕਰ ਨੇ ਗੇਟ ਖੋਲ੍ਹ ਦਿੱਤਾ

ਸੀ। ਪਰਮਵੀਰ ਵਲੋਂ ਹੌਰਨ ਵਜਾਉਣੇ ਜਾਰੀ ਰਹੇ। ਕੋਈ ਬਾਹਰ ਨਾ ਗਿਆ। ਉਹ ਗੁੱਸੇ ਵਿੱਚ ਦਗੜ-ਦਗੜ ਕਰਦਾ ਅੰਦਰ ਆਇਆ। ਜੌਹਲ ਨਾਲ ਧੱਕਾ ਮੁੱਕੀ ਹੋ ਗਿਆ। ਬਲਦੇਵ ਦੀ ਪੱਗ ਲੱਥ ਗਈ। ਮੈਨੂੰ ਲੱਗਾ ਉਹਦੇ ਨਾਲ ਦੋ ਹੱਥ ਕਰਨੇ ਪੈਣੇ ਹਨ। ਮੈਂ ਆਪਣੀ ਪੱਗ ਆਪੇ ਲਾਹ ਕੇ ਬੈੱਡ 'ਤੇ ਰੱਖ ਲਈ। ਉਹ ਕਿਤੇ ਮਹਿਫ਼ਿਲ ਸਜਾ ਕੇ ਬੈਠੇ ਸਨ। ਪੈਸੇ ਮੁੱਕ ਗਏ ਸੀ। ਉਹ ਲੈਣ ਆਇਆ ਸੀ। ਜੌਹਲ ਪੈਸੇ ਦੇ ਨਹੀਂ ਸੀ ਰਿਹਾ। ਉਹ ਕਹਿ ਰਿਹਾ ਸੀ।

"ਨਸ਼ਿਆਂ ਨਾਲ ਤਾਂ ਕੁੱਲਾਂ ਡੁੱਬ ਜਾਂਦੀਆਂ ਨੇ।"

ਪਰਮਵੀਰ ਨੇ ਆਪਣੇ ਡੈਡੀ ਦੇ ਜੂੜੇ ਨੂੰ ਹੱਥ ਪਾ ਲਿਆ ਸੀ। ਮੈਂ ਆਪਣੇ ਰੰਗ ਵਿਚ ਆਉਣ ਲੱਗਾ ਸੀ। ਦਵਿੰਦਰ ਕੌਰ ਨੇ ਮੌਕਾ ਸਾਂਭ ਲਿਆ ਸੀ। ਨੋਟ ਉਹਦੇ ਮੱਥੇ ਮਾਰੇ ਸੀ। ਉਹ ਉਸੇ ਵੇਲੇ ਹਵਾ ਹੋ ਗਿਆ ਸੀ। ਅਸੀਂ ਅੱਧੀ ਰਾਤ ਤੱਕ ਉਡੀਕਦੇ ਰਹੇ। ਉਹ ਨਾ ਆਇਆ।

"ਅੱਜ ਤਾਂ ਮਰਨ ਮਰਾਣ ਤੇ ਉਤਰਿਆ ਹੋਇਆ।" ਜੌਹਲ ਫ਼ੋਨ 'ਤੇ ਦਸ ਰਿਹਾ ਸੀ। ਕਿਤੇ ਸਾਡੇ ਨੂਰਪੁਰ ਪੁੱਜਦਿਆਂ ਤੱਕ ਜਾਹ ਜਾਂਦੀ ਨਾ ਕਰ ਦਏ। ਉਂਞ ਤਾਂ ਰੇਵਲ ਸੂੰਹ ਜੀਪ ਭਜਾਈ ਜਾਂਦਾ ਹੈ।

ਹੁਣ ਕੀਹਦਾ ਫ਼ੋਨ ਆ ਗਿਆ। "... ਕੁੜੀਏ ਤੂੰ ਅਜੇ ਸੁੱਤੀ ਨਹੀਂ। ਬਈ ਤੂੰ ਅਰਾਮ ਨਾਲ ਪੈ ਜਾਹ।" ... ਮੈਂ ਜੋਧਿਕਾ ਨੂੰ ਝਿੜਕ ਕੇ ਫ਼ੋਨ ਬੰਦ ਕੀਤਾ ਹੈ। ਇਹ ਬੱਚੇ ਨਵੀਆਂ ਵਰੈਟੀਆਂ ਜੰਮ ਪਏ। ਤਿੰਨ ਕੁ ਸਾਲ ਪਹਿਲਾਂ ਦੀ ਗੱਲ ਏ। ਨੇਤਾ ਜੀ ਨੇ ਪਿੰਡ ਦੇ ਪਤਵੰਤੇ ਸੱਜਣਾਂ ਨੂੰ ਲੈ ਕੇ ਕੁੜੀਆਂ ਦੀ ਲੋਹੜੀ ਪੁਆਈ। ਉਸ ਦਿਨ ਨਾਟਕ ਸਮਾਗਮ ਵੀ ਕਰਵਾਇਆ। ਇਕ ਨਾਟਕ ਧੀਆਂ ਨੂੰ ਬਚਾਉਣ ਦਾ ਹੋਕਾ ਦਿੰਦਾ ਸੀ। ਅਗਲੇ ਦਿਨ ਰੇਵਲ ਸੂੰਹ ਘਰ ਆਇਆ ਤਾਂ ਜੋਧਿਕਾ ਕਹਿਣ ਲੱਗੀ।

"ਤਾਇਆ ਜੀ, ਤੁਹਾਡੇ ਲੋਕਾਂ ਤੋਂ, ਸਮਾਜ ਸੇਵੀ ਸੰਸਥਾਵਾਂ ਜਾਂ ਸਰਕਾਰਾਂ ਤੋਂ ਭਰੂਣ ਹੱਤਿਆ ਰੋਕ ਨਹੀਂ ਹੋਣੀ। ਭਰੂਣ ਹੱਤਿਆ ਤਾਂ ਕੁੜੀਆਂ ਆਪ ਰੋਕ ਰਹੀਆਂ ਹਨ। ਪੜ੍ਹ ਲਿਖ ਕੇ, ਮੁੰਡਿਆਂ ਨੂੰ ਪਛਾੜ ਕੇ ਤੇ ਕੰਮੀਂ ਕਾਰੀਂ ਲੱਗ ਕੇ।" ਇਹਨੇ ਬੜਾ ਲੰਬਾ ਚੌੜਾ ਭਾਸ਼ਣ ਦਿੱਤਾ।

ਇਹ ਉਸ ਦਿਨ ਗੱਲਾਂ ਬੜੀਆਂ ਬੜੀਆਂ ਕਰੇ। ਮੈਨੂੰ ਚੰਗੀਆਂ ਵੀ ਲੱਗੀਆਂ। ਇਹਦੀ ਮੰਮੀ ਖਿੱਝੇ। ਅਖੇ ਕੁੜੀਆਂ ਨੂੰ ਬਹੁਤੀ ਜ਼ੁਬਾਨ ਨਹੀਂ ਚਲਾਉਣੀ ਚਾਹੀਦੀ।

ਜੋਧਿਕਾ ਤੋਂ ਮੋਹਰੇ ਲੰਬੜਾਂ ਦੀ ਸਿਮਰਨ ਪੜ੍ਹਦੀ ਸੀ। ਉਨ੍ਹਾਂ ਦੇ ਸਾਹਮਣੇ ਦਲੀਪੇ ਦਾ ਘਰ ਸੀ। ਉਹਦਾ ਮੁੰਡਾ ਤੇ ਸਿਮਰਨ ਘਰੋਂ ਭੱਜ ਗਏ। ਹਾਈ ਕੋਰਟ ਜਾ ਕੇ ਵਿਆਹ ਕਰਵਾ ਲਿਆ। ਫਿਰ ਜੱਜ ਨੂੰ ਅਰਜ਼ੀ ਦੇ ਕੇ ਸਿਮਰਨ ਕਹਿਣ ਲੱਗੀ।

"ਜੱਜ ਸਾਹਿਬ, ਮੈਨੂੰ ਤੇ ਮੇਰੇ ਪਤੀ ਨੂੰ ਮੇਰੇ ਘਰਦਿਆਂ ਨੇ ਮਾਰ ਦੇਣਾ। ਸਾਨੂੰ ਸੁਰੱਖਿਆ ਮੁਹੱਈਆ ਕਰੋ।"

"ਜੇ ਮੈਨੂੰ ਪਤਾ ਹੁੰਦਾ। ਇਹਨੇ ਇਹ ਚੱਜ ਕਰਨੇ ਆ। ਮੈਂ ਜੰਮਣ ਤੋਂ ਪਹਿਲਾਂ ਹੀ ਮਾਰ ਦੇਣੀ ਸੀ।" ਸਿਮਰਨ ਦੀ ਮੰਮੀ ਰੋਂਦੀ ਕੁਰਲਾਉਂਦੀ ਕਹੀ ਜਾਵੇ।

ਪਰ ਜੋਧਿਕਾ ਕਹੇ ਸਹੇ ਨੂੰ ਲੱਤਾਂ ਤਿੰਨ ਹਨ। ਚੌਥੀ ਹੈਈ ਨਹੀਂ। ਰੇਵਲ ਸੂੰਹ ਵੀ ਇਹਨੂੰ ਹੱਲਾਸ਼ੇਰੀ ਦੇਈ ਜਾਵੇ। ਉਹ ਕਹੇ ਕੁੜੀ ਨੂੰ ਸਟੇਜ 'ਤੇ ਬੁਲਾਉਣਾ ਚਾਹੀਦਾ

ਸੀ। ਥੋੜ੍ਹੇ ਦਿਨਾਂ ਬਾਅਦ ਇਸ ਕੁੜੀ ਨੇ ਵੀ ਖੇਹ ਕਰ ਦਿੱਤੀ। ਇਹਨੇ ਘਰ ਵਿਚ ਐਲਾਨ ਕਰ ਮਾਰਿਆ ਕਿ ਗਾਇਕ ਪ੍ਰੀਤ ਅਰਮਾਨ ਨਾਲ ਵਿਆਹ ਕਰਵਾਉਣਾ। ਉਦੋਂ ਇਹਨੂੰ ਨੌਕਰੀ ਮਿਲੀ ਨੂੰ ਤਿੰਨ-ਚਾਰ ਮਹੀਨੇ ਹੋਏ ਸੀ। ਉਸ ਗਾਇਕ ਦੀਆਂ ਗੱਲਾਂ ਵਿਚ ਆ ਗਈ। ਮੈਂ ਇਹਦੇ ਕਹਿਣ 'ਤੇ ਉਹਨੂੰ ਦੇਖਣ ਚਲਾ ਗਿਆ। ਬੱਸ ਸਟੈਂਡ ਦੇ ਸਾਹਮਣੇ ਗਾਇਕਾਂ ਦੇ ਦਫ਼ਤਰ ਸਨ।

ਮੈਂ ਚੁਬਾਰੇ ਦੀਆਂ ਪੌੜੀਆਂ ਚੜ੍ਹ ਕੇ ਅੰਦਰ ਵੜਿਆ ਤਾਂ ਉਹ ਹਰਮੋਨੀਅਮ ਨਾਲ ਰਿਆਜ਼ ਕਰ ਰਿਹਾ ਸੀ। ਸਿਰ ਦੇ ਲੰਬੇ-ਲੰਬੇ ਵਾਲ਼ ਦੋਹਰੇ ਅਰਥਾਂ ਵਾਲੇ ਗੀਤ ਦੇ ਬੋਲਾਂ 'ਤੇ ਛੰਡ ਰਿਹਾ ਸੀ। ਉਹਨੇ ਕੰਨਾਂ ਵਿੱਚ ਜੋ ਖੇਹ ਸੁਆਹ ਜਿਹਾ ਪਾਇਆ ਹੋਇਆ ਸੀ, ਦੇਖ ਕੇ ਕਚਿਆਣ ਆਈ। ਠੋਡੀ 'ਤੇ ਚਾਰ ਕੁ ਵਾਲ ਬੜੇ ਭੈੜੇ ਲੱਗੇ। ਕਲਮਾਂ ਤੇ ਭਰਵੱਟੇ ਵਿਗੜੇ ਹੋਏ ਗੋਰਿਆਂ ਦੇ ਲੱਗੇ। ਮੈਂ ਇਹ ਸਾਰਾ ਕੁਝ ਦੇਖ ਕੇ ਸੜ ਬੁਝ ਗਿਆ ਸੀ। ਪਤਾ ਨ੍ਹੀਂ ਇੰਦਾਂ ਦੇ ਗਾਇਕਾਂ ਨੇ ਪੰਜਾਬ ਵਿਚ ਕਿੰਨੇ ਪਰਮਵੀਰ ਤੇ ਜੋਧਿਕਾ ਪੈਦਾ ਕਰਨੇ ਹਨ। ਮੈਂ ਘਰੋਂ ਤੁਰਨ ਵੇਲੇ ਜੋਧਿਕਾ ਨੂੰ ਕਿਹਾ ਸੀ।

"ਮੁੰਡੇ ਦੀ ਚੱਜ ਦੀ ਸ਼ਕਲ ਸੂਰਤ ਹੋਣੀ ਚਾਹੀਦੀ ਹੈ। ਦੇਖਣ ਨੂੰ ਆਮ ਬੰਦਿਆਂ ਵਰਗਾ ਲੱਗੇ। ਤੈਨੂੰ ਰੋਟੀ ਦੇਣ ਜੋਗਾ ਹੋਵੇ। ਫੁਕਰੇ ਬੰਦੇ ਮੈਨੂੰ ਪਸੰਦ ਨਈਂ।"

ਪ੍ਰੀਤ ਅਰਮਾਨ ਨੂੰ ਦੇਖ ਕੇ ਤਾਂ ਮੇਰਾ ਸਿਰ ਘੁੰਮਣ ਲੱਗ ਪਿਆ ਸੀ। ਮੇਰੀ ਪਿਆਰੀ ਧੀ ਇਹੋ ਜਿਹੇ ਬੰਦੇ ਨਾਲ ਜੀਵਨ ਬਸਰ ਕਰੇਗੀ? ਮੈਨੂੰ ਆਪਣੀ ਧੀ ਦੀ ਪਸੰਦ ਤੇ ਹੈਰਾਨੀ ਵੀ ਹੋਈ ਤੇ ਗੁੱਸਾ ਵੀ ਆਇਆ।

ਮੈਂ ਮਸੀਂ ਪੌੜੀ ਉਤਰਿਆ ਸੀ। ਘਰ ਆ ਕੇ ਮੈਂ ਸਾਫ਼ ਨਾਂਹ ਕਰ ਦਿੱਤੀ ਸੀ। ਬੱਸ ਫ਼ਿਰ ਕੀ ਸੀ? ਇਸ ਕੁੜੀ ਨੇ ਘਰ ਵਿੱਚ ਭੂਚਾਲ ਲੈ ਆਂਦਾ। ਕਹੇ ਵਿਆਹ ਕਰਵਾਉਣਾ ਤਾਂ ਪ੍ਰੀਤ ਅਰਮਾਨ ਨਾਲ ਕਰਵਾਉਣਾ, ਨਹੀਂ ਤਾਂ ਮਰਨਾ ਮੰਜ਼ੂਰ। ਸਾਡੀ ਤਾਂ ਇਹ ਇਕ ਨਾ ਸੁਣੇ। ਦੋ-ਤਿੰਨ ਸਾਲ ਘਰ ਵਿੱਚ ਕਲੇਸ਼ ਪਿਆ ਰਿਹਾ। ਪਹਿਲੀ ਵਾਰ ਇਸ ਕੁੜੀ ਨੇ ਉਦੋਂ ਹੰਗਾਮਾ ਕੀਤਾ ਸੀ, ਜਦੋਂ ਮੈਂ ਇਹਨੂੰ ਸਿਰ ਦੇ ਵਾਲ ਕਟਵਾਉਣ ਤੋਂ ਵਰਜਿਆ ਸੀ। ਉਨ੍ਹਾਂ ਦਿਨਾਂ ਵਿਚ ਇਹ ਨਰਸਿੰਗ ਕਰਨ ਲੱਗੀ ਸੀ। ਨੇਤਾ ਜੀ ਕਹਿਣ ਲੱਗੇ,

"ਚੱਲ ਛੱਡ, ਕੁਲਵਿੰਦਰ ਸਿਆਂ। ਨਿਆਣੀ ਦੀ ਚਾਰ ਦਿਨ ਦੀ ਰੀਝ ਐ। ਪੂਰੀ ਕਰਕੇ ਵਾਲ਼ ਦੁਬਾਰਾ ਰੱਖ ਲਏਗੀ।"

ਰੇਵਲ ਸੁੰਹ ਦਾ ਹਰਮਨ ਜਦੋਂ ਦਾ ਮੁੱਕਿਆ। ਇਹ ਬੱਚਿਆਂ ਪ੍ਰਤੀ ਥੋੜ੍ਹਾ ਢੈਲਾ ਪੈ ਗਿਆ। ਇਹਦਾ ਹਰਮਨ ਮੋਟਰ 'ਤੇ ਪਿਆ ਰਹਿ ਗਿਆ ਸੀ। ਇਨ੍ਹਾਂ ਲਈ ਤਾਂ ਉਹਦੀ ਮੌਤ ਰਹੱਸ ਸੀ ਪਰ ਲੋਕ ਕਹਿੰਦੇ ਸਨ :-

"ਰੇਵਲ ਸੁੰਹ ਨੇ ਸਾਰੀ ਉਮਰ ਯੂਨੀਅਨਾਂ ਵਿਚ ਕੱਢ ਦਿੱਤੀ। ਘਰ ਬੱਚਿਆਂ ਤੇ ਵਾਈਫ਼ ਨੂੰ ਟਾਇਮ ਨਈਂ ਦਿੱਤਾ। ਮੁੰਡੇ ਵਿਗੜ ਗਏ। ਵੱਧ ਡੋਜ ਨੇ ਹਰਮਨ ਦੀ ਜਾਨ ਲੈ ਲਈ। ਨਸ਼ੇ ਜੂ ਕਰਦੇ ਸੀ। ਵੱਡੇ ਦਾ ਵੀ ਏਹੀ ਹਸ਼ਰ ਹੋਣਾ ਸੀ। ਜੇ ਇਹ ਉਹਨੂੰ ਵਿਦੇਸ਼ ਨਾ ਭੇਜਦਾ।"

ਜੋਧਿਕਾ ਵਾਲੇ ਮਸਲੇ 'ਤੇ ਵੀ ਨੇਤਾ ਜੀ ਵਿਆਹ ਕਰਨ ਦੇ ਹੱਕ ਵਿਚ ਸਨ। ਮੈਂ ਨਹੀਂ ਸੀ ਮੰਨਿਆ। ਭਾਵੇਂ ਮੈਂ ਦਿਲ ਦੀ ਬਿਮਾਰੀ ਲਾ ਲਈ ਸੀ। ਜਦੋਂ ਇਹ ਮਸਲਾ ਸਿਖ਼ਰ 'ਤੇ ਪੁੱਜਾ। ਮੈਂ ਹਾਈਪਰ ਟੈਨਸ਼ਨ ਦਾ ਮਰੀਜ਼ ਹੋ ਗਿਆ। ਮੈਨੂੰ

ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ। ਬਲੱਡ ਪ੍ਰੈਸ਼ਰ ਕੰਟਰੋਲ ਹੀ ਨਹੀਂ ਸੀ ਹੋ ਰਿਹਾ।

"ਅਸੀਂ ਪਤਾ ਨਈਂ ਕਿਹੜੇ ਦੈਰਮਾਂ ਨਾਲ ਤੈਨੂੰ ਪਾਲਿਆ, ਕੁਲੱਛਣੀਏ। ਤੂੰ ਸਾਡੇ ਤੋਂ ਜੀਵਨ ਖੋਹ ਰਹੀ ਏ। ਤੇਰਾ ਡੈਡੀ ਪਤਾ ਨਈਂ ਕਿਹੜੇ ਵੇਲੇ ਸਾਹ ਛੱਡ ਦੇਵੇ। ਆਪਣੇ ਪਿਓ ਨੂੰ ਮਰਨੇ ਤੋਂ ਬਚਾਅ ਲੈ।" ਜਸਪਾਲ ਉਹਦੇ ਅੱਗੇ ਹੱਥ ਜੋੜ ਕੇ ਧਾਹੀਂ ਰੋ ਪਈ ਸੀ।

ਮੈਨੂੰ ਸਾਹ ਆਉਣੇ ਔਖੇ ਹੋ ਗਏ ਸਨ। ਫਿਰ ਪਤਾ ਨ੍ਹੀਂ ਇਹਦੇ ਮਨ 'ਚ ਕੀ ਆਈ। ਮਾਂ ਦੇ ਕੀਰਨੇ ਸੁਣ ਕੇ ਪਿਘਲ ਗਈ ਜਾਂ ਮੇਰੀ ਵਿਗੜਦੀ ਹਾਲਤ ਦੇਖ ਕੇ। ਉਸੇ ਵੇਲੇ ਬੈੱਡ 'ਤੇ ਮੇਰੇ ਨਾਲ ਲਿਪਟ ਗਈ। ਬਹੁਤ ਰੋਈ। ਮੈਂ ਵੀ ਪਿਛਲੇ ਤਿੰਨ ਸਾਲ ਦਾ ਗੁੱਸਾ ਥੁੱਕ ਦਿੱਤਾ ਸੀ। ...ਤੇ ਘਰ ਮੁੜ ਆਇਆ ਸੀ। ਮੈਂ ਤੇ ਗੋਲੀ ਖਾ ਕੇ ਸੈੱਟ ਹੋ ਜਾਂਦਾ ਹਾਂ ਤੇ ਇਹ ਵਿਚਾਰਾ ਜੌਹਲ...।

ਰੇਵਲ ਸੁੰਹ ਨੇ ਜੌਹਲ ਦੀ ਕੋਠੀ ਅੱਗੇ ਜੀਪ ਖੜ੍ਹੀ ਕੀਤੀ ਹੈ। ਅੰਦਰ ਪਰਮਵੀਰ ਖੌਰੂ ਪਾ ਰਿਹਾ ਏ। ਹੱਥ ਵਿਚ ਕਿਰਪਾਨ ਏ।

"ਓਏ ਬੁੱਢਿਓ, ਅੱਜ ਤੁਹਾਨੂੰ ਮਾਰਨਾ ਈ ਮਾਰਨਾ ਆ। ਮੇਰੀ ਜ਼ਿੰਦਗੀ ਬਰਬਾਦ ਕਰਨ ਵਾਲਿਓ ਬਾਹਰ ਨਿਕਲੋ। ਤੁਹਾਨੂੰ ਕੋਈ ਨਈਂ ਬਚਾਅ ਸਕਦਾ। ਉਹ ਦੂਆ...ਤ।"

ਰੇਵਲ ਸੁੰਹ ਨੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਹੈ। ਅਸੀਂ ਬਗਲ ਵਾਲੀ ਕੰਧ ਟੱਪ ਕੇ ਅੰਦਰ ਜਾ ਵੜੇ ਹਾਂ। ਪਰਮਵੀਰ ਭੱਜ ਕੇ ਦੂਜੀ ਮੰਜ਼ਿਲ 'ਤੇ ਚਲਾ ਗਿਆ ਹੈ। ਅਸੀਂ ਇਹਨੂੰ ਕਾਬੂ ਕਰਨ ਬਾਰੇ ਸੋਚ ਰਹੇ ਹਾਂ ਪਰ ਡਰਦੇ ਵੀ ਹਾਂ ਕਿਤੇ ਕੋਈ ਨੁਕਸਾਨ ਨਾ ਹੋ ਜਾਵੇ। ਮੈਂ ਉਹਨੂੰ ਆਵਾਜ਼ ਮਾਰੀ ਹੈ। ਉਹਨੇ ਇਕ ਪੈਰ ਰੇਲਿੰਗ 'ਤੇ ਟਿਕਾਅ ਲਿਆ ਹੈ। ਕਿਰਪਾਨ ਸਾਡੇ ਵੱਲ ਕਰ ਲਈ ਹੈ।

"ਜੇ ਕਿਸੇ ਮਾਈ ਦੇ ਲਾਲ ਨੇ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ। ਮੈਂ ਉਹਦੀ ਧੌਣ ਲਾਹ ਦਿਆਂਗਾ। ਉਹ ਤੁਹਾਡੀ ਭੈ... ਦੀ।" ਉਹ ਗਰਜਿਆ ਹੈ।

"ਕੁਲਵਿੰਦਰ ਸਿਆਂ, ਇਹ ਦੱਸ ਉੱਤੇ ਤੂੰ ਜਾਏਂਗਾ ਕਿ ਮੈਂ ਜਾਵਾਂ? ਚੱਲ ਮੈਂ ਜਾਨਾਂ। ਮੱਖਣਾ, ਉਸ ਖੂੰਜੇ ਖੜ੍ਹ ਜਾਹ। ... ਤੂੰ ਛੋਟੇ, ਉਥੇ ਪੌੜੀਆਂ 'ਚ ਚਲੇ ਜਾਹ। ਕੁਲਵਿੰਦਰ ਗੈਰਜ 'ਤੇ ਚੜ੍ਹ ਜਾਹ।" ਰੇਵਲ ਸਿੰਘ ਨੇ ਨਿਰਦੇਸ਼ ਦਿੱਤੇ ਹਨ।

"ਓਏ ਪਰਮਵੀਰ, ਮੈਂ ਆਉਣ ਲੱਗਿਆਂ ਖਾਲੀ ਹੱਥ। ਬੰਦੇ ਦਾ ਪੁੱਤ ਬਣ ਕੇ ਸਿੱਧਾ ਖੜ੍ਹਾ ਹੋ ਜਾਹ, ਤੂੰ ਭਾਈ ਕੁਲਵਿੰਦਰ ਸਿਆਂ, ਧਿਆਨ ਨਾਲ ਸੁਣ। ਜੇ ਇਹਨੇ ਮਾੜੀ ਜਿਹੀ ਵੀ ਹਿਲਜੁਲ ਕੀਤੀ। ਗੋਲੀ ਸਿੱਧੀ ਇਹਦੀ ਛਾਤੀ 'ਚ ਮਾਰਨੀ ਆ। ... ਨਾਲੇ ਪਰਮਵੀਰ ਤੈਨੂੰ ਕੁਲਵਿੰਦਰ ਦੇ ਨਿਸ਼ਾਨੇ ਦਾ ਪਤਾ ਈ ਆ। ... ਮੈਂ ਚੱਲਿਆ ਬਈ। ਨਿਸ਼ਾਨਾ ਸੇਧ ਲਓ।" ਰੇਵਲ ਸੁੰਹ ਏਨਾ ਕਹਿ ਕੇ ਫੁਰਤੀ ਨਾਲ ਪੌੜੀ ਜਾ ਚੜ੍ਹਿਆ ਹੈ।

ਮੈਂ ਰਫ਼ਲ ਉਹਦੇ ਵੱਲ ਤਾਣ ਲਈ ਹੈ। ਇਸ ਮੂਰਖ ਮੁੰਡੇ ਦਾ ਕੋਈ ਵਸਾਹ ਨਹੀਂ, ਇਹਨੇ ਕੀ ਕਰ ਬਹਿਣਾ ਏ? ਇਕ ਰੇਵਲ ਸੁੰਹ ਆ। ਬੇਧੜਕ ਹੋ ਕੇ ਪੌੜੀਆਂ ਚੜ੍ਹ ਰਿਹਾ। ... ਜਾਂਦੇ ਨੇ ਪਰਮਵੀਰ ਦੇ ਧੌਲ ਮਾਰੀ ਹੈ। ਕਿਰਪਾਨ ਡਿੱਗਣ ਦਾ ਖੜਾਕ ਹੋਇਆ ਹੈ। ਉਹਨੂੰ ਵੀ ਸੁੱਟ ਲਿਆ ਏ। ਰੇਵਲ ਸੁੰਹ ਨੇ ਕਿਰਪਾਨ ਚੁੱਕੀ ਹੈ। ਪੁੱਠੀ

ਕਿਰਪਾਨ ਦੇ ਤਿੰਨ-ਚਾਰ ਵਾਰ ਕੀਤੇ ਹਨ। ਧੂਹਦਾ ਹੋਇਆ ਥੱਲੇ ਲੈ ਆਇਆ ਹੈ। ਸਾਡੇ ਨਾਲਦਿਆਂ ਨੇ ਪਰਮਵੀਰ ਦਾ ਕੁਟਾਪਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਮੇਰੇ ਆਵਾਜ਼ ਮਾਰਨ 'ਤੇ ਦਰਵਾਜ਼ਾ ਖੁੱਲ੍ਹਿਆ ਹੈ। ਬਲਦੇਵ ਤੇ ਦਵਿੰਦਰ ਬਾਹਰ ਆਏ ਹਨ। ਸਾਹੋ ਸਾਹ ਹੋਏ। ਡਰੇ ਹੋਏ ਤੇ ਸਹਿਮੇ ਹੋਏ ਵੀ। ਮੇਰੇ ਤੇ ਰੇਵਲ ਸੁੰਹ ਦੇ ਗਲ ਲੱਗ ਕੇ ਰੋਣ ਲੱਗ ਪਏ ਹਨ।

ਬਲਦੇਵ ਸਿੰਘ ਜੌਹਲ ਦੇ ਕਹਿਣ 'ਤੇ ਮੈਂ ਤੇ ਰੇਵਲ ਉਹਦੇ ਨਾਲ ਪੁਲਿਸ ਚੌਂਕੀ ਨੂੰ ਚੱਲ ਪਏ ਹਾਂ। ਬਾਕੀਆਂ ਨੇ ਪਰਮਵੀਰ ਨੂੰ ਕਾਬੂ ਕੀਤਾ ਹੋਇਆ। ਮੈਂ ਜੀਪ ਵਿਚ ਬੈਠਣ ਲੱਗੇ ਨੇ ਆਲੇ ਦੁਆਲੇ ਦੇਖਿਆ ਹੈ। ਬੜੀਆਂ ਵੱਡੀਆਂ-ਵੱਡੀਆਂ ਕੋਠੀਆਂ ਹਨ। ਚੁੱਪ ਪਸਰੀ ਹੋਈ ਹੈ। ਕੋਈ ਛੁਡਵਾਉਣ ਵਾਲਾ ਤਾਂ ਕੀ, ਜੰਗਲਿਆਂ ਤੋਂ ਝਾਤੀ ਮਾਰਨ ਵਾਲਾ ਵੀ ਦਿਸ ਨਹੀਂ ਰਿਹਾ। ਮੈਨੂੰ ਇਕ ਘਟਨਾ ਯਾਦ ਆਈ ਹੈ।

'ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ। ਉਦੋਂ ਗਰੀਬ ਘਰਾਂ ਵਿਚ ਬਿਜਲੀ ਨਹੀਂ ਸੀ ਹੁੰਦੀ। ਮਿੱਟੀ ਦੇ ਤੇਲ ਵਾਲੇ ਦੀਵੇ ਬਾਲ਼ਦੇ ਹੁੰਦੇ ਸਨ। ਪ੍ਰਤਾਪੇ ਬੇਲਦਾਰ ਦੇ ਵੀ ਬੱਤੀ ਨਹੀਂ ਸੀ ਹੁੰਦੀ। ਉਹਦੀ ਡਿਊਟੀ ਤਾਂ ਸੜਕਾਂ 'ਤੇ ਮਿੱਟੀ ਪਾਉਣ ਜਾਂ ਦਰਖ਼ਤਾਂ ਦੀ ਸਾਂਭ ਸੰਭਾਲ ਕਰਨ ਦੀ ਹੁੰਦੀ ਸੀ ਪਰ ਉਹਨੂੰ ਐਸ ਡੀ ਓ ਸਾਹਿਬ ਦੇ ਘਰ ਦੇ ਕੰਮ ਕਰਨੇ ਪੈਂਦੇ ਸਨ। ਸਾਹਿਬ ਉਹਨੂੰ ਤਿੰਨ ਕੁ ਮਹੀਨੇ ਬਾਅਦ ਇਕ ਸ਼ਰਾਬ ਦੀ ਬੋਤਲ ਦੇ ਦਿੰਦਾ। ਇਕ ਬੋਤਲ ਉਹਦਾ ਤਿੰਨ ਮਹੀਨੇ ਦਾ ਕੋਟਾ ਹੁੰਦੀ ਸੀ।

ਉਸ ਦਿਨ ਵੀ ਉਹਨੂੰ ਬੋਤਲ ਮਿਲੀ ਸੀ। ਦੋ ਕੁ ਪੈੱਗ ਤਾਂ ਰਾਹ ਵਿਚ ਹੀ ਲਾ ਆਇਆ ਸੀ। ਬਚੀ ਬੋਤਲ ਸੰਦੂਕ ਦੇ ਪਿੱਛੇ ਲੁਕਾ ਦਿੱਤੀ ਸੀ। ਜਦੋਂ ਸ਼ਾਮ ਦਾ ਝੁਸਮੁਸਾ ਹੋਇਆ, ਉਹਨੇ ਸੰਦੂਕ ਪਿੱਛੇ ਹੀ ਪੈੱਗ ਪਾ ਕੇ ਚਾੜ੍ਹ ਲਿਆ। ਉਹਨੂੰ ਨਸ਼ਾ ਨਾ ਹੋਇਆ। ਅੱਗੇ ਤਾਂ ਤਿੰਨ ਕੁ ਪੈੱਗ ਹੀ ਸਰੂਰ 'ਚ ਲਿਆ ਦਿੰਦੇ ਸਨ। ਉਹਨੇ ਸੋਚਿਆ ਸ਼ਰਾਬ ਹਲਕੀ ਆ। ਉਹ ਸੰਦੂਕ ਓਹਲੇ ਜਾਂਦਾ। ਪੈੱਗ ਚਾੜ੍ਹ ਆਉਂਦਾ। ਹੌਲੀ ਹੌਲੀ ਉਹਦੀ ਬੋਤਲ ਖਾਲੀ ਹੋ ਗਈ। ਜਦੋਂ ਦੀਵੇ ਦੀ ਰੌਸ਼ਨੀ ਘਟਣ ਲੱਗੀ, ਉਹਦੀ ਪਤਨੀ ਦੇਬੋ ਮਿੱਟੀ ਦਾ ਤੇਲ ਦੀਵੇ ਵਿੱਚ ਪਾਉਣ ਲਈ ਉੱਠੀ। ਉਹਨੇ ਸੰਦੂਕ ਪਿੱਛੇ ਤੇਲ ਵਾਲੀ ਖਾਲੀ ਬੋਤਲ ਤੇ ਸ਼ਰਾਬ ਦੀ ਊਣੀ ਦੇਖੀ ਤਾਂ ਉਹਦੀ ਭੁੱਬ ਨਿਕਲ ਗਈ।

"ਹੈਅ ਵੇ ਅੰਨ੍ਹਿਆ! ਤੂੰ ਮਰ ਜਾਣਾ। ਮਿੱਟੀ ਦੇ ਤੇਲ ਦੀ ਬੋਤਲ ਡੱਫ਼ ਗਿਆ।"

ਇਹ ਸੁਣ ਕੇ ਪ੍ਰਤਾਪਾ ਤਾਂ ਪਾਗਲ ਹੋ ਗਿਆ। ਉਸੇ ਵੇਲੇ ਉਹ ਰਾਹੋਂ-ਨਵਾਂ ਸ਼ਹਿਰ ਵਾਲੀ ਸੜਕ 'ਤੇ ਚਲਾ ਗਿਆ। ਟਰੱਕਾਂ ਵਾਲਿਆਂ ਡਰਾਇਵਰਾਂ ਨੂੰ ਹੱਥ ਦੇ ਦੇ ਕੇ ਰੋਕਣ ਲੱਗ ਪਿਆ,

"ਯਾਰੋ, ਮੈਂ ਮਿੱਟੀ ਦੇ ਤੇਲ ਦੀ ਬੋਤਲ ਪੀ ਲਈ। ਮਰ ਤਾਂ ਨਈਂ ਜਾਊਂ?"

ਡਰਾਇਵਰ ਉਹਨੂੰ ਹੌਂਸਲਾ ਦੇ ਕੇ ਟਰੱਕ ਤੋਰ ਲੈਂਦੇ। ਉਧਰ ਦੇਬੋ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ। ਸਾਰਾ ਪਿੰਡ ਸੜਕ ਉੱਤੇ ਚਲਾ ਗਿਆ ਸੀ। ਪ੍ਰਤਾਪੇ ਨੂੰ ਪਤਿਆ ਕੇ ਘਰ ਲੈ ਆਏ। ਉਹਨੂੰ ਉਲਟੀਆਂ ਕਰਵਾਈਆਂ ਤੇ ਓਹੜ ਪੋਹੜ ਵੀ

ਕੀਤਾ।'

ਅੱਜ ਸਾਰਾ ਪਿੰਡ ਘੂਕ ਸੁੱਤਾ ਪਿਆ ਹੈ। ਜੌਹਲ ਦੀ ਮਦਦ 'ਤੇ ਕੋਈ ਨਹੀਂ ਆਇਆ। ਮੇਰੀ ਗੱਲ ਸੁਣ ਕੇ ਰੇਵਲ ਸੁੰਹ ਬੋਲਿਆ ਹੈ।

"ਕੋਈ ਸੋਫ਼ੀ ਹਊ ਤਾਂ ਆਊ। ਸਾਰਾ ਪਿੰਡ ਤਾਂ ਰੱਜ ਕੇ ਪਿਆ ਹੋਣਾ।"

ਚੌਂਕੀ ਵਾਲੇ ਪੁਲਿਸ ਮੁਲਾਜ਼ਮ ਸਾਡੇ ਨਾਲ ਈ ਤੁਰ ਪਏ ਹਨ।...ਉਨ੍ਹਾਂ ਨੂਰਪੁਰ ਪੁੱਜ ਕੇ ਪਰਮਵੀਰ ਨੂੰ ਗ੍ਰਿਫਤਾਰ ਕੀਤਾ ਹੈ। ਉਹਦੇ ਕਮਰੇ ਦੀ ਤਲਾਸ਼ੀ ਵੀ ਲਈ ਹੈ। ਕਮਰੇ ਵਿੱਚੋਂ ਰਵਾਇਤੀ ਹਥਿਆਰ, ਨਸ਼ੀਲੇ ਪਦਾਰਥ ਅਤੇ ਕੁਝ ਕੈਮੀਕਲ ਮਿਲੇ ਹਨ। ਉਹ ਪਰਮਵੀਰ ਨੂੰ ਅਤੇ ਸਾਰਾ ਸਮਾਨ ਲੈ ਕੇ ਚੌਂਕੀ ਵੱਲ ਨੂੰ ਚੱਲ ਪਏ ਹਨ। ਅਸੀਂ ਜੌਹਲ ਹੁਰਾਂ ਨੂੰ ਹੌਂਸਲਾ ਦੇ ਕੇ ਜੀਪ ਆਪਣੇ ਪਿੰਡ ਵੱਲ ਨੂੰ ਤੋਰ ਲਈ ਹੈ।

... ਅੱਜ ਤਿੰਨ ਦਿਨ ਹੋ ਗਏ ਪਰਮਵੀਰ ਨੂੰ ਪੁਲਿਸ ਚੌਂਕੀ ਰੱਖੇ ਨੂੰ। ਅੱਜ ਉਥੇ ਵੀ ਜਾਣਾ ਪੈਣਾ। ਮੈਂ ਤਿਆਰ ਵੀ ਹੋਈ ਜਾ ਰਿਹਾ ਹਾਂ। ਜੋਧਿਕਾ ਤੇ ਇਹਦੀ ਮੰਮੀ ਨੂੰ ਉਸ ਰਾਤ ਦਾ ਵਾਕਿਆ ਵੀ ਦੁਬਾਰਾ ਸੁਣਾਈ ਜਾ ਰਿਹਾ ਹਾਂ। ਰੇਵਲ ਸੁੰਹ ਨੂੰ ਘੰਟੀ ਵੀ ਮਾਰ ਦਿੱਤੀ ਹੈ। ਪੱਗ ਦੇ ਲੜ ਮਸਾਂ ਸੂਤ ਆਏ ਹਨ।

...ਅਸੀਂ ਪੁਲਿਸ ਚੌਂਕੀ ਪੁੱਜ ਗਏ ਹਾਂ। ਜੌਹਲ ਨਾਲ ਵੀ ਚਾਰ ਪੰਜ ਬੰਦੇ ਨੂਰਪੁਰ ਤੋਂ ਆਏ ਬੈਠੇ ਹਨ। ਚੌਂਕੀ ਇੰਚਾਰਜ ਜੌਹਲ ਦਾ ਮਿੱਤਰ ਈ ਆ। ਉਹਨੇ ਗੱਲ ਤੋਰੀ ਏ।

"ਇਹ 'ਤੇ ਇਰਾਦਾ ਕਤਲ ਦਾ ਕੇਸ ਬਣਦਾ। ਅੱਜ ਕੱਲ੍ਹ ਸਾਰੀ ਦੁਨੀਆਂ ਨਸ਼ਾ ਕਰਦੀ ਆ। ਮੈਂ ਵੀ ਕਰਦਾ ਪਰ ਸਰਦਾਰੋ ਜੋ ਇਸ ਮੁੰਡੇ ਨੇ ਕੀਤਾ ਜਾਂ ਕਰਨ ਜਾ ਰਿਹਾ ਸੀ। ਮੈਂ ਤਾਂ ਸੋਚ ਵੀ ਨਹੀਂ ਸਕਦਾ।"

ਉਹਨੇ ਉੱਠ ਕੇ ਫਾਈਲ ਚੁੱਕੀ ਹੈ। ਫਾਈਲ ਖੋਲ੍ਹ ਕੇ ਮੁੜ ਸੰਬੋਧਨ ਹੋਇਆ ਏ।

"ਇਹਨੇ ਪੁੱਛ-ਗਿੱਛ ਦੌਰਾਨ ਮੰਨਿਆ ਇਹ ਆਪਣੇ ਮੰਮੀ ਡੈਡੀ ਦਾ ਕਤਲ ਕਰਨਾ ਚਾਹੁੰਦਾ ਸੀ। ਇਹ ਚਾਹੁੰਦਾ ਸੀ ਜ਼ਮੀਨ ਦਾ ਮਾਲਕ ਬਣਾਂ ਤੇ ਵੇਚ ਕੇ ਗੁਲਛਰੇ ਉਡਾਵਾਂ।"

"ਇਹਦੇ ਕੰਪਿਊਟਰ ਰੂਮ ਦੇ ਡਰਾਅ ਵਿੱਚੋਂ ਇਲੈਕਟ੍ਰੋਨਿਕ ਰੇਅਜ਼ ਵਾਲਾ ਯੰਤਰ ਮਿਲਿਆ। ਇਹ ਤੁਹਾਡਾ ਸ਼ਹਿਜ਼ਾਦਾ ਉਨ੍ਹਾਂ ਰੇਅਜ਼ ਨਾਲ ਤੁਹਾਨੂੰ ਮਾਰ ਰਿਹਾ ਸੀ। ਸੁੱਤਿਆ ਪਿਆਂ 'ਤੇ ਰੇਅਜ਼ ਪਾਉਂਦਾ ਰਹਿੰਦਾ ਸੀ।" ਉਹਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ ਹੈ।

"ਜੇ ਕਿਸੇ ਦੇ ਸਰੀਰ ਅੰਦਰ ਇਹ ਰੇਅਜ਼ ਚਲੀਆਂ ਜਾਣ। ਲਗਭਗ ਛੇ ਕੁ ਮਹੀਨੇ ਵਿੱਚ ਬੰਦੇ ਦੀ ਮੌਤ ਹੋ ਜਾਂਦੀ ਆ। ਇਵੇਂ ਲਗਦਾ ਆ ਜਿਵੇਂ ਮੌਤ ਕੁਦਰਤੀ ਹੋਈ ਹੋਵੇ ਪਰ ਬਲਦੇਵ ਸਿੰਘ ਤੇ ਇਹਦੀ ਪਤਨੀ ਤਕੜੇ ਨਿਕਲੇ। ਜਦੋਂ ਇਨ੍ਹਾਂ ਦਾ ਕੁਝ ਨਾ ਵਿਗੜਿਆ, ਇਹਨੇ ਅੱਕ ਕੇ ਸ਼ਰੇਆਮ ਮਾਰਨ ਦਾ ਫ਼ੈਸਲਾ ਕਰ ਲਿਆ।" ਚੌਂਕੀ ਇੰਚਾਰਜ ਨੇ ਫਾਈਲ ਮੋਹਰੇ ਕੀਤੀ ਏ।

ਡੇਢ ਦੋ ਘੰਟੇ ਹੋ ਚੱਲੇ ਹਨ, ਸਾਨੂੰ ਚੌਂਕੀ ਵਿੱਚ ਬੈਠਿਆਂ ਨੂੰ। ਰੇਵਲ ਸੁੰਹ ਤੇ ਜੌਹਲ ਹੁਰੀਂ ਕਾਗਜ਼ੀ ਕਾਰਵਾਈ ਵਿਚ ਉਲਝੇ ਹੋਏ ਹਨ। ਮੈਂ ਸੋਚੀ ਜਾ ਰਿਹਾ-

ਮਨੁੱਖ ਦਾ ਖ਼ੂਨ ਐਨਾ ਚਿੱਟਾ ਹੋ ਗਿਆ। ਆਪਣਿਆਂ ਨੂੰ ਮਰਨ-ਮਾਰਨ 'ਤੇ ਉਤਾਰੂ ਹੋ ਗਿਆ। ਮੇਰਾ ਸਿਰ ਚਕਰਾਉਣ ਲੱਗ ਪਿਆ। ਮੇਰੇ ਅੱਗੇ ਉਸ ਰਾਤ ਵਾਲਾ ਦ੍ਰਿਸ਼ ਆ ਗਿਆ ਹੈ। ਇਕ ਪੁੱਤ ਮਾਂ-ਬਾਪ ਨੂੰ ਮਾਰ ਰਿਹਾ ਹੈ। ਰੇਅਜ਼ ਨਾਲ ਮਾਰਨ ਵਾਲਾ ਦ੍ਰਿਸ਼ ਦੈਂਤ ਬਣ ਗਿਆ ਹੈ। ਸਵੇਰੇ ਜਦੋਂ ਮੈਂ ਘਰੋਂ ਤੁਰਨ ਲੱਗਾ। ਜੋਧਿਕਾ ਬੋਲੀ ਸੀ।

"ਡੈਡੀ, ਜਦੋਂ ਮੈਂ ਪਹਿਲਾ ਆਈਲਿਟਸ ਦਾ ਟੈਸਟ ਦਿੱਤਾ ਸੀ। ਮੈਂ ਆਸਟ੍ਰੇਲੀਆ ਜਾਂ ਇੰਗਲੈਂਡ ਜਾ ਸਕਦੀ ਸੀ ਪਰ ਮੈਂ ਅਪਲਾਈ ਨਈਂ ਕੀਤਾ। ਕਿਉਂਕਿ ਤੁਸੀਂ ਨਈਂ ਸੀ ਜਾ ਸਕਦੇ। ਜੇ ਹੁਣ ਮੇਰੇ ਬੈਂਡ ਵੱਧ ਆ ਜਾਣ। ਮੈਂ ਕੈਨੇਡਾ ਚਲੇ ਜਾਊਂਗੀ। ...ਪੀ. ਆਰ. ਲੈ ਕੇ ਸੈੱਟ ਹੋ ਜਾਊਂਗੀ। ਆਪਣੀ ਮਨ ਮਰਜ਼ੀ ਦਾ ਵਰ ਲੱਭਾਂਗੀ। ਹੌਲੀ ਹੌਲੀ ਮੰਮੀ ਤੇ ਤੁਹਾਨੂੰ ਵੀ ਮੰਗਵਾ ਲਵਾਂਗੀ। ਸਾਰਾ ਟੱਬਰ ਇਕੱਠਾ ਰਹੂਗਾ।"

ਇਹ ਤਿੰਨ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਫ਼ਿਲਮ ਦੀ ਤਰ੍ਹਾਂ ਚੱਲ ਰਹੇ ਹਨ। ਤੀਜਾ ਜੋਧਿਕਾ ਵਾਲਾ ਦ੍ਰਿਸ਼ ਜ਼ੋਰ ਫ਼ੜ ਗਿਆ ਹੈ। ਮੈਨੂੰ ਉਹ ਦੋ ਤਿੰਨ ਸਾਲ ਦਾ ਵਿਆਹ ਵਾਲਾ ਕਲੇਸ਼ ਵੀ ਯਾਦ ਆਇਆ ਹੈ। ਰੇਵਲ ਸਿੰਘ ਪਰਮਵੀਰ 'ਤੇ ਇਰਾਦਾ ਕਤਲ ਦਾ ਕੇਸ ਰੁਕਵਾਉਣਾ ਚਾਹੁੰਦਾ ਹੈ। ਕੇਸ ਪਿਆ ਰਹਿਣ ਦਿੱਤਾ ਜਾਵੇ ਜਾਂ ਰੋਕਿਆ ਜਾਵੇ, ਬਾਰੇ ਉਹ ਮੈਥੋਂ ਸਲਾਹ ਮੰਗ ਰਹੇ ਹਨ। ਮੈਨੂੰ ਸੁਝ ਕੁਝ ਨਹੀਂ ਰਿਹਾ। ਜੌਹਲ ਕੇਸ ਪੈ ਜਾਣ ਦੇ ਹੱਕ ਵਿਚ ਹੈ।

ਜੌਹਲ ਹੁਰੀਂ ਨੂਰਪੁਰ ਨੂੰ ਜਾਣ ਲਈ ਕਾਰ ਸਟਾਰਟ ਕੀਤੀ ਹੈ। ਉਹ ਨੂਰਪੁਰ ਜਾਣ ਲਈ ਸਾਡੇ 'ਤੇ ਜ਼ੋਰ ਪਾ ਰਿਹਾ ਹੈ। ਮੇਰਾ ਮਨ ਨਹੀਂ ਮੰਨਿਆ। ਮੈਂ ਚਾਹੁੰਦਾ ਕਿਹੜੀ ਘੜੀ ਆਵੇ, ਇਥੋਂ ਭੱਜ ਚਲਾਂ। ਖ਼ੈਰ... ਨੇਤਾ ਜੀ ਨੇ ਜੀਪ ਤੋਰ ਲਈ ਹੈ।

... ਅੱਜ ਸਤਾਈ ਅਠਾਈ ਕਿਲੋਮੀਟਰ ਦਾ ਸਫ਼ਰ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਮੈਂ ਪਰਮਵੀਰ ਵਲੋਂ ਦਰਵਾਜ਼ਿਆਂ ਤਾਕੀਆਂ 'ਤੇ ਕਿਰਪਾਨ ਨਾਲ ਲਾਇਓ ਟੱਕ ਯਾਦ ਕਰਕੇ ਕੰਬ ਗਿਆ ਹਾਂ। ਮੇਰਾ ਬਾਪੂ ਕਹਿੰਦਾ ਹੁੰਦਾ ਸੀ।

"ਲੱਕੜੀ ਕਦੇ ਵਿੰਗੀ ਨਈਂ ਹੁੰਦੀ। ਤਰਖਾਣ 'ਚ ਨੁਕਸ ਹੁੰਦਾ।"

ਮੇਰੀ ਨਿਗ੍ਹਾ ਸਭ ਘਰਾਂ 'ਤੇ ਗਈ ਹੈ। ਇਥੇ ਤਾਂ ਹਵਾ ਈ ਪੁੱਠੀ ਵਗਣ ਲੱਗ ਪਈ। ਤਰਖਾਣ ਕੀ ਕਰੂ? ਜੀਪ ਦੇ ਨਾਲ ਨਾਲ ਦਰਖ਼ਤ ਦੌੜੇ ਜਾ ਰਹੇ ਹਨ। ਦਰਖ਼ਤਾਂ 'ਤੇ ਮੇਰੀ ਨਿਗ੍ਹਾ ਗੱਡੀਓ ਦੇਖ ਕੇ ਰੇਵਲ ਸੁੰਹ ਬੋਲਿਆ ਹੈ।

"ਕੁਲਵਿੰਦਰ ਸਿਆਂ, ਜਿਹੜੇ ਬੂਟੇ ਲਾਏ ਸੀ। ਇਨ੍ਹਾਂ ਦੇ ਪ੍ਰਛਾਵੇਂ ਕਿਵੇਂ ਅੱਡ-ਅੱਡ ਹੋ ਗਏ?"

ਮੈਂ ਜਵਾਬ ਨਹੀਂ ਦਿੱਤਾ। ਮੈਂ ਘਰ ਪੁੱਜਣਾ ਚਾਹੁੰਨਾ। ... ਘਰ ਦੇ ਦਰਵਾਜ਼ੇ ਮੋਹਰੇ ਜੀਪ ਖੜ੍ਹੀ ਕਰਦਿਆਂ ਰੇਵਲ ਸੁੰਹ ਨੇ ਹੌਰਨ ਵਜਾਇਆ ਹੈ। ਜੋਧਿਕਾ ਨੇ ਦਰਵਾਜ਼ਾ ਖੋਲ੍ਹਿਆ ਹੈ।

ਮੈਂ ਤੇਜ਼ ਕਦਮਾਂ ਨਾਲ ਉਹਦੇ ਵੱਲ ਵਧਿਆ ਹਾਂ। ਉਹ ਮੁਸਕਰਾ ਰਹੀ ਹੈ।

"ਧੀਏ, ਤੂੰ ਸਾਡੇ ਲਈ ਸਾਹ ਬਣੀ ਏਂ।... ਪਰਮਵੀਰ ਨ੍ਹੀਂ।" ਮੈਂ ਜੋਧਿਕਾ ਨੂੰ ਗਲਵਕੜੀ ਵਿਚ ਲੈ ਲਿਆ ਹੈ।

(2011)

✪✪✪

## ਟਾਇਟਲ ਪੇਜ਼

ਅਜਮੇਰ ਸਿੱਧੂ ਪੰਜਾਬੀ ਦਾ ਸਮਰੱਥ ਤੇ ਪ੍ਰਤੀਬੱਧ ਕਥਾਕਾਰ ਹੈ। ਉਸ ਦੀ ਕਹਾਣੀ ਨੇ ਚੌਥੇ ਪੜਾਅ ਦੀ ਕਥਾ ਪਰੰਪਰਾ ਦਾ ਮੂੰਹ-ਮੁਹਾਂਦਰਾ ਘੜਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਸਿੱਧੂ ਦੀਆਂ ਕਹਾਣੀਆਂ ਦਾ ਕੇਂਦਰ ਵਰਗੀ-ਸਮਾਜ ਦਾ ਉਹ ਪੇਚੀਦਾ ਪ੍ਰਬੰਧ ਹੈ ਜਿੱਥੇ ਮਨੁੱਖ ਦੀ ਵਿਅਕਤੀਗਤ ਤੇ ਸੁਤੰਤਰ ਪਛਾਣ ਅਨੇਕਾਂ ਸੰਕਟਾਂ ਵਿੱਚ ਘਿਰੀ ਰਹਿੰਦੀ ਹੈ। ਧਰਮ, ਸਭਿਆਚਾਰ, ਸਮਾਜ, ਰਿਸ਼ਤਾ-ਪ੍ਰਬੰਧ ਤੇ ਸੱਤਾ ਦੇ ਹੋਰ ਕੇਂਦਰਾਂ ’ਤੇ ਕਾਬਜ਼ ਧਿਰਾਂ ਸਧਾਰਨ ਮਨੁੱਖ ਦੀ ਸਧਾਰਨਤਾ ਨੂੰ ਅਨੇਕਾਂ ਮਿੱਥਾਂ ਤੇ ਅਖੌਤੀ ਮੁੱਲਾਂ ਦੀ ਗਹਿਰ ਵਿੱਚ ਲਿਪਟਾ ਰੱਖਦੀਆਂ ਹਨ। ਅਜਮੇਰ ਸਿੱਧੂ ਦੇ ਕਥਾ ਬਿਰਤਾਂਤ ਅਜਿਹੀ ਵਿਵਸਥਾ ਦਾ ਸਿੱਧਾ ਵਿਰੋਧ ਕਰਨ ਦੀ ਥਾਂ ਸੰਵਾਦ ਦੀਆਂ ਸਥਿਤੀਆਂ ਪੈਦਾ ਕਰਦੇ ਹਨ। ਇਸ ਕਾਰਜ ਸਿੱਧੀ ਲਈ ਉਹ ਸਭਿਆਚਾਰ ਦੇ ਵਰਤਮਾਨ ਦੌਰ ਦੀ ਤੇਜ਼ ਤਬਦੀਲੀ ਨੂੰ ਵੀ ਕਈ ਕੋਣਾਂ ਤੋਂ ਵੇਖਦਾ ਹੈ। ਪੂੰਜੀਵਾਦੀ ਵਿਵਸਥਾ ਦੇ ਵਰਤਮਾਨ ਦੌਰ ਵਿੱਚ ਹਾਸ਼ੀਏ ’ਤੇ ਵਿਚਰਦੀ ਪੰਜਾਬੀ ਮਾਨਸਿਕਤਾ ਦੀਆਂ ਕਹਾਣੀਆਂ ਦਾ ਕੇਂਦਰ ਹੈ।

ਅਜਮੇਰ ਸਿੱਧੂ ਪੰਜਾਬ ਦੇ ਸਾਂਝੇ ਫਿਕਰਾਂ ’ਤੇ ਸਰੋਕਾਰਾਂ ਦਾ ਘਾੜ੍ਹਾ ਹੈ। ਉਸਦੇ ਕਥਾ-ਪ੍ਰਬੰਧ ਵਿੱਚ ਸਮਕਾਲੀ ਦੌਰ ਦੀਆਂ ਤੇਜ਼-ਤਰਾਰ ਤਬਦੀਲੀਆਂ ਤੋਂ ਉਪਜੇ ਸੰਕਟਾਂ ਨੂੰ ਭਰਵੀਂ ਸਪੇਸ ਮਿਲਦੀ ਹੈ। ਪੂੰਜੀਵਾਦ ਦੇ ਨਵੇਂ ਵਿਸਤਾਰ, ਵਿੱਤੀ ਪੂੰਜੀ ਦੇ ਬੇਰੋਕ ਦਖ਼ਲ, ਸੂਚਨਾ ਸੰਚਾਰ ਦੇ ਅੱਥਰੇ ਵੇਗ ਤੇ ਕੁਲ ਮਿਲਾ ਕੇ ਕਾਰਪੋਰੇਟ ਸੈਕਟਰ ਦੇ ਅੰਨ੍ਹੇ ਦਖ਼ਲ, ਨਾਲ ਪੰਜਾਬੀ ਬੰਦੇ ਦੀ ਸੰਵੇਦਨਾ ਜਿਹਨਾਂ ਸੰਕਟਾਂ ਦੇ ਸਨਮੁੱਖ ਹੈ, ਅਜਮੇਰ ਸਿੱਧੂ ਦੀ ਕਹਾਣੀ ਉਸੇ ਨੂੰ ਮੁਖਾਤਿਬ ਹੈ। ਉਹ ਤਰੱਕੀ ਪਸੰਦ ਕਥਾ ਦ੍ਰਿਸ਼ਟੀ ਵਾਲਾ ਕਥਾਕਾਰ ਹੈ। ਜਿਸ ਦੀ ਕਹਾਣੀ ਮਨੁੱਖ ਵਿਰੋਧੀ ਪ੍ਰਬੰਧ ਤੋਂ ਨਾਬਰ ਹੈ। ਇਸੇ ਕਾਰਜ ਲਈ ਉਹ ਨਿਰਾ ‘ਵਿਰੋਧ’ ਹੀ ਨਹੀਂ ਸਿਰਜਦਾ ਸਗੋਂ ਘਿਣਾਉਣੇ ਵਸਤੂ ਯਥਾਰਥ ਦੀ ਤਾਰਕਿਕ, ਵਿਗਿਆਨਿਕ ਕਥਾ ਸਿਰਜਣਾ ਕਰਦਾ ਹੈ ਤੇ ਇਸ ਸੰਬੰਧੀ ਸੰਵਾਦ ਦਾ ਮਾਹੌਲ ਪੈਦਾ ਕਰਕੇ ਮਾਨਵ ਵਿਰੋਧੀ ਵਿਵਸਥਾ ਨੂੰ ਚਲਾ ਕੇ ਮਾਰਦਾ ਹੈ।

**-ਪ੍ਰੋ.ਜ਼ੇ.ਬੀ. ਸੇਖੋਂ**
ਮੁੱਖੀ ਪੰਜਾਬੀ ਵਿਭਾਗ,
ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ
ਕਾਲਜ ਮਾਹਿਬਪੁਰ